# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਦੀ ਅਭਿਵਿਅਕਤੀ

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ**

**ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ**

**ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ**

**ਖੋਜ-ਪ੍ਰਬੰਧ**

**(2020)**


**ਨਿਗਰਾਨ**

ਡਾ. ਮੁਹੰਮਦ ਹਬੀਬ
ਮੁਖੀ,
ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਹਿ ਨਿਗਰਾਨ:**

ਡਾ. ਗੁਰਨਾਇਬ ਸਿੰਘ
ਪ੍ਰੋਫ਼ੈਸਰ (ਰਿਟਾ),
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ**

ਸੰਦੀਪ ਸਿੰਘ



**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**



Scanned with CamScanner

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸੰਦੀਪ ਸਿੰਘ ਨੇ ਪ੍ਰਸਤੁਤ ਖੋਜ-ਪ੍ਰਬੰਧ **'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਦੀ ਅਭਿਵਿਅਕਤੀ'** ਸਾਡੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫ਼ਲ ਹੈ। ਅਸੀਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ, ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦੇ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਮਿਤੀ: 17/03/2020 ਸਹਿ-ਨਿਗਰਾਨ ਨਿਗਰਾਨ

Scanned with CamScanner

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਇਕ ਵਡਅਕਾਰੀ ਇਤਿਹਾਸਿਕ ਕਾਵਿ ਹੈ ਜਿਸ ਨੂੰ ਵਿਦਵਾਨਾਂ ਨੇ ਮਹਾਂਕਾਵਿ ਦਾ ਦਰਜਾ ਪ੍ਰਦਾਨ ਕੀਤਾ ਹੈ। ਇਹ ਮਹਾਂਕਾਵਿ ਆਪਣੀ ਵਿਭਿੰਨ ਪ੍ਰਕਾਰ ਦੀ ਵਿਸ਼ੇਗਤ ਵਿਸ਼ਾਲਤਾ ਕਾਰਨ, ਧਾਰਮਿਕ ਗ੍ਰੰਥਾਂ ਦੀ ਗੌਣ ਸ੍ਰੋਤ ਵਜੋਂ ਵਿਆਖਿਆ ਕਰਨ ਵਾਲੇ ਗ੍ਰੰਥਾਂ ਦੀ ਲੜੀ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਗੁਰ ਇਤਿਹਾਸ ਨੂੰ ਪ੍ਰਗਟ ਕਰਨ ਦੇ ਉਦੇਸ਼ ਦੀ ਪੂਰਤੀ ਵਜੋਂ ਇਸ ਵਿਚ ਅਧਿਆਤਮਿਕ, ਕਾਵਿਕ, ਦਾਰਸ਼ਨਿਕ, ਸਮਾਜਿਕ, ਸੰਸਕ੍ਰਿਤਿਕ, ਰਾਜਨੀਤਿਕ, ਮਨੋਵਿਗਿਆਨਿਕ ਆਦਿ ਪੱਖਾਂ ਦਾ ਵੀ ਬਾਖ਼ੂਬੀ ਢੰਗ ਨਾਲ ਪ੍ਰਗਟਾਅ ਹੋਇਆ ਹੈ। ਇਨ੍ਹਾਂ ਪੱਖਾਂ ਵਿਚੋਂ ਕੇਵਲ ਕਿਸੇ ਇਕ ਪੱਖ ’ਤੇ ਹੀ ਅਨੇਕਾਂ ਪੁਸਤਕਾਂ ਅਤੇ ਖੋਜ ਕਾਰਜ ਹੋ ਸਕਦੇ ਹਨ। ਬਿਨਾਂ ਸ਼ੱਕ ਇਸ ਗ੍ਰੰਥ ਦੇ ਕਦਰਦਾਨਾਂ ਦੁਆਰਾ ਸਮੇਂ-ਸਮੇਂ ’ਤੇ ਇਹ ਕਾਰਜ ਕੀਤੇ ਵੀ ਜਾਂਦੇ ਰਹੇ ਹਨ ਪਰੰਤੂ ਇਸ ਗ੍ਰੰਥ ਦੀ ਵਿਸ਼ਾਲਤਾ ਅਤੇ ਪੱਧਰ ਸਾਹਮਣੇ ਇਹ ਕਾਰਜ ਨਾ ਕਾਫ਼ੀ ਜਾਪਦੇ ਹਨ। ਅਕਾਦਮਿਕ ਪੱਧਰ ’ਤੇ ਇਸ ਗ੍ਰੰਥ ਦੀ ਰਚਨਾ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਇਸ ਨਾਲ ਸੰਬੰਧਿਤ ਗਿਣਤੀ ਦੇ ਖੋਜ ਕਾਰਜਾਂ ਦਾ ਹੋਣਾ, ਸਾਡੀ ਇਸ ਗ੍ਰੰਥ ਪ੍ਰਤੀ ਅਣਗਹਿਲੀ ਨੂੰ ਦਰਸਾਉਂਦਾ ਹੈ। ਜੇਕਰ ਭਾਈ ਵੀਰ ਸਿੰਘ ਇਸ ਗ੍ਰੰਥ ਦੀ ਸੰਪਾਦਨਾ ਰਾਹੀਂ ਇਸ ਨੂੰ ਸਾਹਮਣੇ ਨਾ ਲੈ ਕੇ ਆਉਂਦੇ ਤਾਂ ਸ਼ਾਇਦ ਅਸੀਂ ਹੁਣ ਤੱਕ ਇਸ ਗ੍ਰੰਥ ਅਤੇ ਇਸ ਦੇ ਰਚਨਾਕਾਰ ਨੂੰ ਸਾਡੇ ਬੌਧਿਕ ਮੰਡਲ ਵਿਚੋਂ ਭੁਲਾ ਦੇਣਾ ਸੀ। ਭਾਈ ਵੀਰ ਸਿੰਘ ਤੋਂ ਬਾਅਦ ਇਸ ਗ੍ਰੰਥ ਦੇ ਕਦਰਦਾਨਾਂ ਵਿਚ ਅਸੀਂ ਗਿਆਨੀ ਖਜ਼ਾਨ ਸਿੰਘ, ਡਾ. ਜੈ ਭਗਵਾਨ ਗੋਇਲ, ਸ. ਰਣਜੀਤ ਸਿੰਘ ਖੜਗ, ਪਿਆਰਾ ਸਿੰਘ ਪਦਮ, ਡਾ. ਹਰਮੀਤ ਸਿੰਘ ਦਾ ਨਾਂ ਲੈ ਸਕਦੇ ਹਾਂ ਜਿਨ੍ਹਾਂ ਨੇ ਇਸ ਗ੍ਰੰਥ ਸੰਬੰਧੀ ਕਾਰਜ ਕੀਤੇ। ਇਸ ਅਧਿਆਇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਉਪਾਧੀ ਸਾਪੇਖ ਕਾਰਜਾਂ ਦਾ ਸਰਵੇਖਣ ਅਤੇ ਮੁਲੰਕਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਭਾਵ ਕਿ ਅਜਿਹੇ ਕਾਰਜ ਜੋ ਪੀਐੱਚ.ਡੀ. ਜਾਂ ਐਮ.ਫਿੱਲ ਵਰਗੀ ਅਕਾਦਮਿਕ ਡਿਗਰੀ ਦੀ ਪ੍ਰਾਪਤੀ ਲਈ ਕੀਤੇ ਗਏ ਹਨ। ਮੌਜੂਦਾ ਸਮੇਂ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਪੀਐੱਚ.ਡੀ. ਦੇ ਅਕਾਦਮਿਕ ਪੱਧਰ ਦੇ 11 ਖੋਜ ਕਾਰਜ (04 ਪੰਜਾਬੀ ਯੂਨੀਵਰਸਿਟੀ, ਪਟਿਆਲਾ; 04 ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 01 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; 02 ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ) ਪ੍ਰਾਪਤ ਹੋਏ ਹਨ। ਇਨ੍ਹਾਂ ਵਿਚੋਂ 04 ਖੋਜ ਪ੍ਰਬੰਧ ਪੰਜਾਬੀ, 04 ਹਿੰਦੀ ਅਤੇ

03 ਅੰਗਰੇਜ਼ੀ ਭਾਸ਼ਾ ਨਾਲ ਸੰਬੰਧਿਤ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**1.**

**ਖੋਜ ਕਾਰਜ ਦਾ ਨਾਮ- ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ (ਹਿੰਦੀ)***

**ਖੋਜਾਰਥੀ- ਜੈ ਭਗਵਾਨ ਗੋਇਲ**

**ਨਿਗਰਾਨ- ਡਾ. ਲਕਸ਼ਮੀ ਚੰਦ ਖੁਰਾਨਾ**

**ਵਿਭਾਗ ਦਾ ਨਾਮ- ਹਿੰਦੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1964**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ, ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ, 1966**

ਡਾ. ਜੈ ਭਗਵਾਨ ਗੋਇਲ ਦੁਆਰਾ ਕੀਤਾ ਗਿਆ ਇਹ ਖੋਜ ਕਾਰਜ, ਇਸ ਗ੍ਰੰਥ ਸੰਬੰਧੀ ਪਹਿਲਾ ਉਪਾਧੀ ਸਾਪੇਖ ਕਾਰਜ ਹੈ ਜੋ ਇਸ ਰਚਨਾ ਨੂੰ ਅਕਾਦਮਿਕ ਪੱਧਰ ’ਤੇ ਸਾਹਮਣੇ ਲਿਆਉਣ ਦਾ ਸਾਰਥਕ ਤੇ ਸੁਚੱਜਾ ਯਤਨ ਹੈ। ਇਸ ਖੋਜ ਪ੍ਰਬੰਧ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਗੁਰਮੁਖੀ ਲਿਪੀ ਵਾਲੀ ਹਿੰਦੀ ਸਾਹਿਤਕ ਰਚਨਾ ਵਿਚ ਸ਼ਾਮਿਲ ਕੀਤਾ ਗਿਆ ਹੈ।

ਖੋਜ ਕਾਰਜ ਦੇ ਆਰੰਭ ਵਿਚ ‘ਪ੍ਰਾਕਥਨ’ ਨਾਮ ਦੇ ਸਿਰਲੇਖ ਹੇਠ ਹਿੰਦੀ ਸਾਹਿਤ ਵਿਚ ਬ੍ਰਜ ਭਾਸ਼ਾ ਦੀਆਂ ਰਚਨਾਵਾਂ ਬਾਰੇ ਦੱਸਿਆ ਗਿਆ ਹੈ ਅਤੇ ਪੰਜਾਬ ਦੇ ਬ੍ਰਜ ਭਾਸ਼ਾਈ ਸਾਹਿਤ ਦੇ ਅਣਗੋਲਿਆਂ ਰਹਿਣ ਦੀ ਗੱਲ ਕੀਤੀ ਹੈ। ਡਾ. ਗੋਇਲ ਅਨੁਸਾਰ ਪੰਜਾਬ ਦੇ ਪੁਰਾਤਨ ਹਿੰਦੂ ਅਤੇ ਸਿੱਖਾਂ ਦੀ ਸਾਹਿਤਿਕ ਭਾਸ਼ਾ ਹਿੰਦੀ ਸੀ। ਇਸ ਖੋਜ ਕਾਰਜ ਦੀ ਜ਼ਰੂਰਤ ਵਾਲੇ ਪੱਖ ਬਾਰੇ ਪੰਜਾਬੀ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਦੁਆਰਾ ਭਾਈ ਸੰਤੋਖ ਸਿੰਘ ਅਤੇ ਉਨ੍ਹਾਂ ਦੀ ਰਚਨਾਵਾਂ ਪ੍ਰਤੀ ਅਣਗਹਿਲੀ ਸੰਬੰਧੀ ਲਿਖਿਆ

---

* ਡਾ. ਜੈ ਭਗਵਾਨ ਗੋਇਲ ਦੁਆਰਾ ਕੀਤੇ ਗਏ ਖੋਜ ਕਾਰਜ ਦੀ ਸੰਬੰਧਿਤ ਯੂਨੀਵਸਿਟੀ ਦੀ ਮੁੱਖ ਲਾਇਬ੍ਰੇਰੀ ਅਤੇ ਹਿੰਦੀ ਵਿਭਾਗ ਵਿਚ ਇਸ ਦੀ ਮੌਜੂਦਗੀ ਨਾ ਹੋਣ ਕਾਰਨ ਇਸ ਖੋਜ ਕਾਰਜ ਦੇ ਸਰਵੇਖਣ ਲਈ ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਦੁਆਰਾ 1966 ਈ. ਵਿਚ ਪ੍ਰਕਾਸ਼ਿਤ ਪੁਸਤਕ ਰੂਪ ਨੂੰ ਆਧਾਰ ਬਣਾਇਆ ਗਿਆ ਹੈ।

ਹੈ- *ਪੰਜਾਬੀ ਭਾਸ਼ਾ ਕੇ ਕੁੱਝ ਇਤਿਹਾਸਕਾਰੋਂ ਨੇ ਪੰਜਾਬ ਕੇ ਕੁੱਝ ਹਿੰਦੀ ਕਵੀਓਂ ਕਾ ਪਰੀਚਯ ਦੀਆ ਹੈ ਪਰੰਤੂ ਸੰਤੋਖ ਸਿੰਘ ਕੇ ਸੰਬੰਧ ਮੇਂ ਪਰਾਯ ਵੇ ਭੀ ਮੌਨ ਹੀ ਹੈ। ਪੰਜਾਬੀ ਕੇ ਅਧਿਕਾਂਸ਼ ਇਤਿਹਾਸਕਾਰੋਂ ਨੇ ਕਹੀਂ ਭੀ ਇਨਕੇ ਨਾਮ ਤਕ ਕਾ ਉਲੇਖ ਨਹੀਂ ਕੀਆ। ਭਾਈ ਕਾਨ੍ਹ ਸਿੰਘ, ਤੇਜਾ ਸਿੰਘ ਤਥਾ ਮੈਕਾਲਿਫ ਮਹੋਦਯ ਨੇ ਜੋ ਸੰਖਿਪਤ ਸਾ ਪਰਿਚਯ ਦੀਆ ਹੈ ਉਸ ਸੇ ਉਨਕੇ ਸੰਬੰਧ ਮੇਂ ਕੋਈ ਧਾਰਨਾ ਬਣਾ ਪਾਨਾ ਕਠਿਨ ਹੈ। ਗੁਰੂ ਪ੍ਰਤਾਪ ਸੂਰਜ ਕੇ ਕਥਾਨਕ ਮੇਂ ਅਲੌਕਿਕ ਏਵਮ ਪੌਰਾਣਿਕ ਤੱਤਵ ਕੇ ਸਮਾਵਿਸ਼ਟ ਕਰਨੇ ਕੇ ਉਦੇਸ਼ਯ ਕੋ ਨਾ ਸਮਝਦੇ ਹੁਏ ਹੀ ਮੈਕਾਲਿਫ ਮਹੋਦਯ ਐਸੀ ਧਾਰਨਾ ਪ੍ਰਗਟ ਕਰ ਬੈਠੇ ਹੈਂ ਕਿ ਭਾਈ ਸੰਤੋਖ ਸਿੰਘ ਭਾਂਗ ਕੇ ਨਸ਼ੇ ਮੇਂ ਬੈਠ ਕਰ ਕਾਵਯ ਰਚਨਾ ਕੀਆ ਕਰਤੇ ਥੇ। ਡਾ. ਮੋਹਨ ਸਿੰਘ ਤੋਂ ਉਨਹੇ ਪੰਜਾਬੀ ਕਾ ਕਵੀ ਮਾਨ ਬੈਠੇ ਹੈਂ। ਕਹਿਨੇ ਕਾ ਅਭਿਪਰਾਯ ਯਹੀ ਹੈ ਕਿ ਇਸ ਕਵੀ ਕੇ ਜੀਵਨ ਤਥਾ ਸਾਹਿਤਯ ਸੇ ਹਿੰਦੀ ਜਗਤ ਸਰਵਥਾ ਅਪ੍ਰੀਚਿਤ ਹੀ ਰਹਾ ਹੈ।*[1]

'ਪ੍ਰਾਕਥਨ' ਵਿਚ ਖੋਜ ਪ੍ਰਬੰਧ ਦੇ ਭਾਗਾਂ ਅਤੇ ਉਪ ਭਾਗਾਂ ਬਾਰੇ ਸੰਖੇਪ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ ਹੈ। ਸਮੁੱਚੇ ਖੋਜ ਪ੍ਰਬੰਧ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਦੇ ਤਿੰਨ ਉਪਭਾਗ ਹਨ।

ਪਹਿਲਾ ਉਪਭਾਗ ਭਾਈ ਸੰਤੋਖ ਸਿੰਘ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਹੈ ਜਿਸ ਵਿਚ ਕਵੀ ਜੀ ਦੇ ਜੀਵਨ ਸੰਬੰਧੀ ਆਧਾਰਭੂਤ ਸਮੱਗਰੀ, ਉਨ੍ਹਾਂ ਦੇ ਜੀਵਨ ਅਤੇ ਵਿਅਕਤਿਤਵ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਸੰਬੰਧੀ ਮੁੱਖ ਪੱਖ ਹੇਠ ਲਿਖੇ ਹਨ-

- ▶ਕਵੀ ਜੀ ਦੇ ਜੀਵਨ ਸੰਬੰਧੀ ਉਨ੍ਹਾਂ ਨਾਲ ਸੰਬੰਧਿਤ ਰਚਨਾਵਾਂ ਤੋਂ ਇਲਾਵਾ ਉਨ੍ਹਾਂ ਦੇ ਵੰਸ਼ਜਾਂ ਅਤੇ ਸੰਬੰਧਿਤ ਸਥਾਨਾਂ ਤੋਂ ਵੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ।
- ▶ਭਾਈ ਸੰਤੋਖ ਸਿੰਘ ਦੁਆਰਾ ਕੋਲ (ਕਰਨਾਲ) ਨਾਮਕ ਸਥਾਨ ਤੇ ਕਿਸੇ ਪੰਡਿਤ ਕੋਲ ਵਿੱਦਿਆ ਪ੍ਰਾਪਤ ਕਰਨ ਅਤੇ ਸੰਸਕ੍ਰਿਤ ਵਿੱਦਿਆ ਲਈ ਕਾਂਸ਼ੀ ਜਾਣ ਦੀ ਧਾਰਨਾ ਨੂੰ ਨਿਰਾਧਾਰ ਦੱਸਿਆ ਹੈ।
- ▶ਵਿੱਦਿਆ ਪ੍ਰਾਪਤੀ ਤੋਂ ਬਾਅਦ ਭਾਈ ਵੀਰ ਸਿੰਘ ਦੁਆਰਾ ਭਾਈ ਸੰਤੋਖ ਸਿੰਘ ਦੇ ਸਰਦਾਰ ਭਗਵਾਨ

---

[1] ਪੰਨਾ 'ਘ'

ਸਿੰਘ ਦਿਆਲਗੜ੍ਹ ਦੀ ਸਰਪ੍ਰਸਤੀ ਵਿਚ ਰਹਿਣ ਦੀ ਗੱਲ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਨਿਵਾਸ ਸਥਾਨ ਬੂੜੀਆ ਮੰਨਿਆ ਹੈ ਜਿੱਥੇ ਉਨ੍ਹਾਂ ਨੂੰ ਕੋਈ ਰਾਜ ਆਸਰਾ ਪ੍ਰਾਪਤ ਨਹੀਂ ਸੀ।

►ਪਟਿਆਲਾ ਨਿਵਾਸ ਦੌਰਾਨ ਵੀ ਕਵੀ ਜੀ ਨੂੰ ਕਿਸੇ ਪ੍ਰਕਾਰ ਦਾ ਰਾਜ ਆਸਰਾ ਪ੍ਰਾਪਤ ਨਹੀਂ ਸੀ।

ਦੂਸਰਾ ਉਪਭਾਗ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਸ ਵਿਚ ਛੇ ਰਚਨਾਵਾਂ (ਨਾਮ ਕੋਸ਼, ਸ੍ਰੀ ਗੁਰੂ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਟੀਕਾ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਨੂੰ ਪ੍ਰਮਾਣਿਕ ਰਚਨਾਵਾਂ ਮੰਨਦੇ ਹੋਏ ਇਨ੍ਹਾਂ ਵਿੱਚੋਂ- ਨਾਮ ਕੋਸ਼, ਸ੍ਰੀ ਗੁਰ ਨਾਨਕ ਪ੍ਰਕਾਸ਼, ਬਾਲਮੀਕੀ ਰਾਮਾਇਣ ਅਤੇ ਗਰਬ ਗੰਜਨੀ ਟੀਕੇ ਦੇ ਮੂਲ ਹਵਾਲਿਆਂ ਰਾਹੀਂ ਇਨ੍ਹਾਂ ਦੇ ਰਚਨਾ ਕਾਲ ਅਤੇ ਵਿਸ਼ਾ ਸਮੱਗਰੀ ਸੰਬੰਧੀ ਚਾਨਣਾ ਪਾਇਆ ਗਿਆ ਹੈ। ਆਤਮ ਪੁਰਾਣ ਟੀਕਾ ਉਪਲਬਧ ਨਾ ਹੋਣ ਕਾਰਨ ਇਸ ਬਾਰੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ ਸਿਰਫ ਸੰਖੇਪ ਗੱਲ ਕੀਤੀ ਹੈ।  ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਬਾਰੇ ਇਸ ਭਾਗ ਵਿਚ ਜਾਣਕਾਰੀ ਦੇਣ ਦੀ ਥਾਂ ਇਸ ਤੋਂ ਅਗਲੇ ਭਾਗ ਵਿਚ ਵਿਸਤਾਰ ਸਹਿਤ ਵਿਚਾਰ ਕੀਤੀ ਗਈ ਹੈ। ਭਾਈ ਵੀਰ ਸਿੰਘ ਦੁਆਰਾ ਪ੍ਰਸਤਾਵਨਾ ਵਾਲੀ ਪੋਥੀ ਵਿਚ ਵਰਣਿਤ ਰਚਨਾਵਾਂ- ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ, ਸ੍ਰੀ ਗੁਰ ਉਸਤਤ ਨੂੰ ਸੁਤੰਤਰ ਰਚਨਾਵਾਂ ਨਹੀਂ ਮੰਨਿਆ ਗਿਆ ਅਤੇ ਪੰਜਾਬੀ ਸੀਹਰਫ਼ੀ ਨੂੰ ਭਾਈ ਸੰਤੋਖ ਸਿੰਘ ਦੀ ਰਚਨਾ ਹੋਣ ਸੰਬੰਧੀ ਸੰਦੇਹ ਪ੍ਰਗਟ ਕੀਤਾ ਹੈ। ਇਸ ਉਪਭਾਗ ਦੀ ਇਹ ਬਹੁਤ ਵੱਡੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਉੱਪਰ ਵਰਣਿਤ ਚਾਰ ਰਚਨਾਵਾਂ ਦੇ ਹੱਥ ਲਿਖਤ ਖਰੜਿਆਂ ਦੀ ਪ੍ਰਾਪਤੀ ਵਾਲੇ ਸਥਾਨ ਦਾ ਵੇਰਵਾ ਵੀ ਪ੍ਰਦਾਨ ਕੀਤਾ ਗਿਆ ਹੈ ਜਿਸ ਤੋਂ ਇਹ ਗੱਲ ਪ੍ਰਮਾਣਿਤ ਹੁੰਦੀ ਹੈ ਕਿ ਡਾ. ਗੋਇਲ ਨੇ ਆਪਣੀ ਖੋਜ ਲਈ ਇਨ੍ਹਾਂ ਹੱਥ ਲਿਖਤ ਰਚਨਾਵਾਂ ਦਾ ਅਧਿਐਨ ਵੀ ਕੀਤਾ ਹੈ।

ਪਹਿਲੇ ਭਾਗ ਦੇ ਤੀਸਰੇ ਉਪਭਾਗ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਵਿਵੇਚਨਾਤਮਿਕ ਅਧਿਐਨ ਕੀਤਾ ਗਿਆ ਹੈ ਜਿਸ ਨੂੰ ਅੱਗੋਂ ਅੱਠ ਭਾਗਾਂ ਵਿਚ ਵੰਡਿਆ ਗਿਆ ਹੈ। ਇਹ ਅੱਠ ਭਾਗ ਇਸ ਗ੍ਰੰਥ ਦੇ ਪਿਛੋਕੜ, ਕਥਾਨਕ, ਚਰਿੱਤਰ ਚਿਤਰਨ, ਭਾਵ ਅਭਿਵਿਅੰਜਨਾ, ਪ੍ਰਕਿਰਤੀ ਚਿਤਰਨ, ਵਸਤੂ ਵਰਣਨ, ਅਧਿਆਤਮਿਕ ਵਿਚਾਰ ਅਤੇ ਭਾਸ਼ਾ ਸ਼ੈਲੀ ਵਾਲੇ ਪੱਖ ਨੂੰ ਪ੍ਰਗਟ ਕਰਦੇ ਹਨ। ਅਧਿਆਇ ਦੇ ਹਰ ਪੱਖ ਲਈ

ਗ੍ਰੰਥ ਵਿਚੋਂ ਥਾਂ-ਪੁਰ-ਥਾਂ ਹਵਾਲੇ ਦਿੱਤੇ ਗਏ ਹਨ ਜੋ ਇਸ ਗ੍ਰੰਥ ਦੇ ਕੀਤੇ ਗਏ ਕਾਵਿਕ ਅਧਿਐਨ ਨੂੰ ਦਰਸਾਉਂਦੇ ਹਨ।

ਖੋਜ ਕਾਰਜ ਦਾ ਦੂਸਰਾ ਭਾਗ ਇਸ ਗ੍ਰੰਥ ਦੇ ਕਾਵਿਕ ਪੱਖ ਨੂੰ ਰੂਪਮਾਨ ਕਰਦਾ ਹੈ ਜਿਸ ਦੇ ਛੇ ਉਪਭਾਗ ਹਨ।

ਪਹਿਲਾ ਉਪਭਾਗ ਕਾਵਿ ਅਤੇ ਛੰਦ ਦੇ ਸਿਧਾਂਤਿਕ ਵਿਵੇਚਨਾ ਬਾਰੇ ਹੈ ਜਿਸ ਵਿਚ ਛੰਦ ਦੇ ਸੰਗੀਤ, ਮਨੋਵਿਗਿਆਨ ਅਤੇ ਰਸ ਆਦਿ ਨਾਲ ਸੰਬੰਧਾਂ ਬਾਰੇ ਦੱਸਿਆ ਗਿਆ ਹੈ ਅਤੇ ਲੈਅ ਵਿਚ ਛੰਦ ਦੇ ਸਥਾਨ ਦੀ ਜਾਣਕਾਰੀ ਦਿੰਦੇ ਹੋਏ ਕਵਿਤਾ ਲਈ ਛੰਦ ਦੀ ਹੋਂਦ ਨੂੰ ਜ਼ਰੂਰੀ ਤੱਤ ਸਿੱਧ ਕੀਤਾ ਗਿਆ ਹੈ।

ਦੂਸਰੇ ਉਪਭਾਗ ਵਿਚ ਭਾਈ ਸੰਤੋਖ ਸਿੰਘ ਦੇ ਕਾਵਿ ਵਿਚ ਛੰਦ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਵਿਚ ਭਾਰਤੀ ਛੰਦ ਪਰੰਪਰਾ ਬਾਰੇ ਦੱਸਦੇ ਹੋਏ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਛੰਦ ਪੱਧਤੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਉਪਭਾਗ ਵਿਚ ਪੰਜਾਬ ਦੀਆਂ ਕਾਵਿ ਰਚਨਾਵਾਂ ਵਿੱਚੋਂ ਚੌਪਈ ਦੇ ਸਰੂਪ ਨੂੰ ਨਿਰੂਪਿਤ ਕਰਦੇ ਹੋਏ ਸ੍ਰੀ ਗੁਰ ਪ੍ਰਤਾਪ ਸੂਰਜ ਦੀ ਛੰਦ ਪੱਧਤੀ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਿਚ ਸ੍ਰੀ ਦਸਮ ਗ੍ਰੰਥ, ਮਹਿਮਾ ਪ੍ਰਕਾਸ਼, ਅਤੇ ਗੁਰ ਗੁਰ ਬਿਲਾਸ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚਾਰ ਨੂੰ ਚਾਰ ਤੱਥਾਂ ਰਾਹੀਂ ਪ੍ਰਮਾਣਿਤ[2] ਕੀਤਾ ਗਿਆ ਹੈ ਕਿ ਬੇਸ਼ੱਕ ਇਸ ਗ੍ਰੰਥ ਨੂੰ ਲਿਖਣ ਦੀ ਪ੍ਰੇਰਨਾ ਤੁਲਸੀ ਦਾਸ ਦੀ ਰਾਮ ਕਥਾ ਤੋਂ ਮਿਲੀ ਹੋਵੇ ਪਰ ਤੁਲਸੀ ਦੀ ਦੋਹਾ-ਚੌਪਈ ਪੱਧਤੀ ਦਾ ਇਸ ਗ੍ਰੰਥ ਤੇ ਕੋਈ ਸਿੱਧਾ ਪ੍ਰਭਾਵ ਨਹੀਂ।

ਤੀਸਰਾ ਉਪਭਾਗ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਛੰਦ ਪ੍ਰਬੰਧ ਬਾਰੇ ਹੈ ਜਿਸ ਦੇ ਆਰੰਭ ਵਿਚ ਕਵੀ ਜੀ ਦੁਆਰਾ ਪ੍ਰਯੋਗ ਕੀਤੀ ਦੋਹਾ-ਚੌਪਈ ਛੰਦ ਪੱਧਤੀ ਤੋਂ ਇਲਾਵਾ ਦੂਸਰੀਆਂ ਦਸ ਦੋਹਾ-ਪੱਧਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਪੱਧਤੀਆਂ ਦੇ ਪ੍ਰਯੋਗ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ, ਇਨ੍ਹਾਂ ਦਾ ਭਾਵ ਅਤੇ ਪ੍ਰਸੰਗ ਅਨੁਸਾਰ ਪ੍ਰਯੋਗ ਹੈ ਜਿਸ ਨਾਲ ਕਥਾ ਦੇ ਪ੍ਰਵਾਹ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ।

[2] ਪੰਨਾ 155

ਡਾ. ਗੋਇਲ ਅਨੁਸਾਰ[3] ਇਸ ਗ੍ਰੰਥ ਵਿਚ 33 ਪ੍ਰਕਾਰ ਦੇ ਛੰਦ ਵਰਤੇ ਗਏ ਹਨ ਜਿਨ੍ਹਾਂ ਵਿੱਚੋਂ 7 ਮਾਤ੍ਰਿਕ ਸਮ, 2 ਅਰਧ ਮਾਤ੍ਰਿਕ ਸਮ, 2 ਮਾਤ੍ਰਿਕ ਮਿਸ਼ਰਿਤ, 17 ਵਰਣਿਕ ਸਮ, 3 ਵਰਣਿਕ ਮੁਕਤ ਅਤੇ ਦੰਡਕ ਛੰਦ, 1 ਪੰਜਾਬੀ ਅਤੇ 1 ਅਰਬੀ ਫ਼ਾਰਸੀ ਛੰਦ ਹੈ। ਇਨ੍ਹਾਂ ਵੱਖ-ਵੱਖ ਛੰਦਾਂ ਦੇ ਸਰੂਪ ਨੂੰ ਇਨ੍ਹਾਂ ਦੀਆਂ ਮਾਤਰਾਵਾਂ, ਵਰਨ, ਚਾਲ ਅਤੇ ਇਨ੍ਹਾਂ ਦੁਆਰਾ ਪ੍ਰਗਟ ਹੋਣ ਵਾਲੇ ਰਸਾਂ ਸਾਹਿਤ ਇਸ ਗ੍ਰੰਥ ਦੀਆਂ ਵੱਖ-ਵੱਖ ਉਦਾਹਰਣਾਂ ਰਾਹੀਂ ਸੁੰਦਰ ਢੰਗ ਨਾਲ ਦਰਸਾਇਆ ਹੈ।

ਅੰਤ ਵਿਚ ਇਨ੍ਹਾਂ ਛੰਦਾਂ ਦੀ ਵਰਤੋਂ ਨੂੰ ਛੰਦ ਪ੍ਰਯੋਗ ਦੇ ਅੰਗਾਂ, ਭਾਸ਼ਾ, ਗਣ ਅਤੇ ਅੱਖਰ ਵਿਚਾਰ ਆਦਿ ਦੀ ਕਾਵਿ ਮਰਿਯਾਦਾ ਦੇ ਅਨੁਸਾਰੀ ਇਸ ਗ੍ਰੰਥ ਵਿਚ ਸਫਲਤਾ ਨਾਲ ਨਿਭਾਏ ਜਾਣ ਦੀ ਵਿਚਾਰ ਕੀਤੀ ਹੈ।

ਚੌਥਾ ਉਪਭਾਗ ਕਾਵਿ ਵਿਚ ਅਲੰਕਾਰ ਦੇ ਸਿਧਾਂਤਿਕ ਵਿਵੇਚਨ ਨਾਲ ਸੰਬੰਧਿਤ ਹੈ। ਮਨੁੱਖੀ ਭਾਵਾਂ ਦੀ ਅਨੁਭੂਤੀ ਲਈ ਅਲੰਕਾਰਾਂ ਦੇ ਮਹੱਤਵ ਨੂੰ ਵੈਦਿਕ ਸਾਹਿਤ ਰਾਹੀਂ ਦਰਸਾਇਆ ਗਿਆ ਹੈ ਜਿਸ ਸੰਬੰਧੀ ਰਿਗਵੇਦ ਦੇ ਹਵਾਲੇ ਦਿੱਤੇ ਗਏ ਹਨ। ਕਾਵਿ ਰਚਨਾ ਵਿਚ ਅਲੰਕਾਰਾਂ ਦੇ ਸਥਾਨ ਬਾਰੇ ਸੰਸਕ੍ਰਿਤ ਤੇ ਹਿੰਦੀ ਦੇ ਕਾਵਿ ਸ਼ਾਸਤਰੀਆਂ ਦੇ ਆਚਾਰੀਆਂ ਦੇ ਮੱਤ ਰਾਹੀਂ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਭਾਈ ਸੰਤੋਖ ਸਿੰਘ ਦੀਆਂ ਅਲੰਕਾਰ ਸੰਬੰਧੀ ਧਾਰਨਾਵਾਂ ਨੂੰ ਗਰਬ ਗੰਜਨੀ ਟੀਕੇ ਰਾਹੀਂ ਵਿਅਕਤ ਕੀਤਾ ਗਿਆ ਹੈ।

ਦੂਸਰੇ ਭਾਗ ਦੇ ਪੰਜਵੇਂ ਉਪਭਾਗ ਵਿਚ ਭਾਈ ਸੰਤੋਖ ਸਿੰਘ ਦੇ ਕਾਵਿ ਵਿਚ ਅਲੰਕਾਰਾਂ ਦੇ ਪਿਛੋਕੜ ਦਾ ਵਰਣਨ ਕੀਤਾ ਗਿਆ ਹੈ ਜਿਸ ਦੇ ਆਰੰਭ ਵਿਚ ਭਾਰਤੀ ਸਾਹਿਤ ਵਿਚ ਅਲੰਕਾਰਾਂ ਦੀ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ, ਹਿੰਦੀ ਅਤੇ ਪੰਜਾਬੀ ਦੇ ਸਾਹਿਤ ਵਿਚ ਅਲੰਕਾਰਾਂ ਦੀ ਪ੍ਰਵਿਰਤੀ ਬਾਰੇ ਚਾਨਣਾ ਪਾਇਆ ਗਿਆ ਹੈ। ਰੀਤੀ ਕਾਲ ਵਿਚ ਵੱਡੇ ਪੱਧਰ ਤੇ ਵਿਕਸਤ ਹੋਏ ਅਲੰਕਾਰ ਵਾਲੀਆਂ ਰਚਨਾਵਾਂ ਦੇ ਸਰੂਪ ਨੂੰ ਇਸ ਨਾਲ ਸੰਬੰਧਿਤ ਕਵੀਆਂ ਦੇ ਨਾਮ, ਰਚਨਾਵਾਂ, ਅਤੇ ਰਚਨਾ ਕਾਲ ਦੇ ਇਕ ਵਿਸਤਰਿਤ ਵੇਰਵੇ ਰਾਹੀਂ ਦਰਸਾਇਆ ਹੈ ਜਿਸ ਵਿਚ ਸੰਮਤ 1607 (1550 ਈ.)

[3] ਪੰਨੇ 160-161

ਤੋਂ ਲੈ ਕੇ ਸੰਮਤ 1647 (1590 ਈ.) ਤੱਕ ਦੇ ਕਵੀਆਂ ਦੀ ਸੂਚੀ ਹੈ। ਅੰਤ ਵਿਚ ਭਾਈ ਸੰਤੋਖ ਸਿੰਘ ਦੁਆਰਾ ਜਪੁ ਜੀ ਸਾਹਿਬ ਦੇ ਅਲੰਕਾਰੁਕਤ ਟੀਕੇ ਦਾ ਵਿਵੇਚਨ ਕੀਤਾ ਗਿਆ ਹੈ।

ਸਭ ਤੋਂ ਅਖੀਰਲਾ ਉਪਭਾਗ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਲੰਕਾਰ ਯੋਜਨਾ ਨਾਲ ਸੰਬੰਧਿਤ ਹੈ। ਇਸ ਦੇ ਆਰੰਭ ਵਿਚ ਇਸ ਗ੍ਰੰਥ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਗ੍ਰੰਥ ਦੀ ਅਲੰਕਾਰ ਸ਼ੈਲੀ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ- ਚਮਤਕਾਰ ਪੂਰਨ ਅਲੰਕ੍ਰਿਤ ਸ਼ੈਲੀ, ਜਿੱਥੇ ਅਲੰਕਾਰਾਂ ਦਾ ਪ੍ਰਯੋਗ ਵਿਦਵਤਾ ਪ੍ਰਦਰਸ਼ਨ ਲਈ ਕੀਤਾ ਗਿਆ ਹੈ। ਦੂਸਰੀ ਸੁਭਾਵਿਕ ਅਤੇ ਭਾਵ ਪ੍ਰਗਣਾ ਸ਼ੈਲੀ, ਜਿੱਥੇ ਅਲੰਕਾਰਾਂ ਦਾ ਪ੍ਰਯੋਗ ਰਸ ਦੇ ਸਹਾਇਕ ਜਾਂ ਉਪਕਾਰਕ ਰੂਪ ਵਿਚ ਹੋਇਆ ਹੈ। ਇਸ ਗ੍ਰੰਥ ਵਿਚ ਆਏ ਸ਼ਬਦ ਅਲੰਕਾਰ ਦੀਆਂ ਕਿਸਮਾਂ-ਅਨੁਪ੍ਰਾਸ, ਵੀਪਸਾ, ਪੁਨਰੁਕਤਿ ਪ੍ਰਕਾਸ਼, ਯਮਕ ਅਤੇ ਸਲੇਸ਼ ਦਾ ਉਦਾਹਰਨਾਂ ਸਹਿਤ ਵਰਣਨ ਕਰਦੇ ਹੋਏ ਕਵੀ ਜੀ ਦੁਆਰਾ ਇਸ ਗ੍ਰੰਥ ਲਈ ਅਰਥ ਅਲੰਕਾਰ ਦੀ ਵਰਤੋਂ ਕੀਤੇ ਜਾਣ ਦੇ ਕਾਰਨਾਂ ਵਿਚ ਹੇਠ ਲਿਖ ਪੱਖ ਸ਼ਾਮਿਲ ਕੀਤੇ ਹਨ[4]-

1. ਗੁਰੂਆਂ ਦੇ ਚਰਿੱਤਰ ਦੀ ਮਹੱਤਤਾ ਸਥਾਪਤ ਕਰਨ ਲਈ।
2. ਗੁਣ ਅਤੇ ਸੁਭਾਅ ਦੇ ਚਿਤਰਨ ਲਈ।
3. ਭਾਵ ਅਨੁਭਾਵ ਚਿਤਰਨ ਲਈ।
4. ਕਾਰਜ ਵਪਾਰ ਦੇ ਚਿਤਰਨ ਲਈ।
5. ਘਟਨਾ ਦੇ ਚਿਤਰਨ ਲਈ।
6. ਵਸਤੂ ਚਿਤਰਨ ਦੇ ਵਿਚ ਸਹਾਇਤਾ ਲਈ।
7. ਦਾਰਸ਼ਨਿਕ ਸਿਧਾਂਤਾਂ ਅਤੇ ਤੱਥਾਂ ਦੀ ਸਪਸ਼ਟਤਾ ਲਈ।

ਇਸ ਗ੍ਰੰਥ ਨਾਲ ਸੰਬੰਧਿਤ ਅਪ੍ਰਸਤੁਤ ਵਿਧਾਨ ਅਤੇ ਉਦੇਸ਼ਪੂਰਨ ਚਿੱਤਰ ਯੋਜਨਾ ਬਾਰੇ ਵਿਚਾਰ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਸਮੁੱਚੇ ਖੋਜ ਪ੍ਰਬੰਧ ਤੋਂ ਬਾਅਦ ਉਪਸੰਹਾਰ ਨਾਮਕ ਸਿਰਲੇਖ ਅਧੀਨ ਖੋਜ ਕਾਰਜ ਦਾ ਸਿੱਟਾ

---

[4] ਪੰਨਾ 257

ਕੱਢਿਆ ਗਿਆ ਹੈ ਜਿਸ ਵਿਚ ਇਸ ਗ੍ਰੰਥ ਨੂੰ ਹਿੰਦੂ-ਸਿੱਖ ਏਕਤਾ ਸਥਾਪਿਤ ਕਰਨ ਵਾਲੇ ਸਾਹਿਤਕ ਪੱਖ ਤੋਂ ਹਿੰਦੀ ਸਾਹਿਤ ਦੇ ਇਕ ਉੱਤਮ ਗ੍ਰੰਥ ਦਾ ਦਰਜਾ ਪ੍ਰਦਾਨ ਕੀਤਾ ਹੈ।

ਅੰਤ ਵਿਚ ਪੁਸਤਕ ਸੂਚੀ ਅਤੇ ਖੋਜ ਪ੍ਰਬੰਧ ਵਿਚ ਆਏ ਨਾਵਾਂ ਦੀ ਅਨੁਕ੍ਰਮਿਕਾ ਦੇ ਕੇ ਖੋਜ ਕਾਰਜ ਸੰਪੂਰਨ ਕੀਤਾ ਗਿਆ ਹੈ।

**2.**

**ਖੋਜ ਕਾਰਜ ਦਾ ਨਾਮ- ਗੁਰੂ ਪ੍ਰਤਾਪ ਸੂਰਜ ਕਾ ਏਤਿਹਾਸਿਕ ਏਵਮ ਸਾਂਸਕ੍ਰਿਤਿਕ ਅਧਿਐਨ (ਹਿੰਦੀ)**

**ਖੋਜਾਰਥੀ- ਆਸ਼ਾ ਨੰਦ ਵੋਹਰਾ**

**ਨਿਗਰਾਨ- ਡਾ. ਜੈ ਭਗਵਾਨ ਗੋਇਲ**

**ਵਿਭਾਗ ਦਾ ਨਾਮ- ਹਿੰਦੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1974**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਅਪ੍ਰਕਾਸ਼ਿਤ**

ਇਸ ਖੋਜ ਕਾਰਜ ਦੇ ਕੁੱਲ ਅੱਠ ਅਧਿਆਇ ਹਨ। ਅਧਿਆਇ ਦੀ ਸ਼ੁਰੂਆਤ ਤੋਂ ਪਹਿਲਾਂ 'ਆਮੁਖ' ਨਾਮ ਦੇ ਪ੍ਰਕਰਣ ਵਿਚ ਖੋਜ ਪ੍ਰਬੰਧ ਦੀ ਭੂਮਿਕਾ ਲਿਖੀ ਗਈ ਹੈ। ਭਾਈ ਵੀਰ ਸਿੰਘ ਦੁਆਰਾ 1934 ਈ. ਵਿਚ ਇਸ ਗ੍ਰੰਥ ਦੀ ਸੰਪਾਦਨਾ ਤੋਂ ਲੈ ਕੇ ਕਵੀ ਭਾਈ ਸੰਤੋਖ ਸਿੰਘ ਦੇ ਜਨਮ ਸਥਾਨ ਦੀ ਯਾਦਗਾਰ ਬਣਨ, ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ ਦੀ ਸਥਾਪਨਾ ਹੋਣ ਅਤੇ ਉਨ੍ਹਾਂ ਨਾਲ ਸੰਬੰਧਿਤ ਕੁੱਝ ਕਾਰਜਾਂ ਬਾਰੇ ਚਾਨਣਾ ਪਾ ਕੇ ਡਾ. ਜੈ ਭਗਵਾਨ ਗੋਇਲ ਦੇ ਇਸ ਗ੍ਰੰਥ ਉੱਪਰ ਕੀਤੇ ਗਏ ਖੋਜ ਕਾਰਜ ਬਾਰੇ ਦੱਸਿਆ ਗਿਆ ਹੈ ਜਿਸ ਦੀ ਪ੍ਰੇਰਣਾ ਦਾ ਆਧਾਰ ਡਾ. ਹਰਭਜਨ ਸਿੰਘ ਦੇ ਕਾਰਜ 'ਗੁਰਮੁਖੀ ਲਿਪੀ ਮੇਂ ਉਪਲਬਧ ਕਾਵਿ ਗ੍ਰੰਥੋਂ ਕਾ ਆਲੋਚਨਾਤਮਕ ਅਧਿਐਨ' ਨੂੰ ਮੰਨਿਆ ਹੈ। ਇਸ ਤੋਂ ਬਾਅਦ ਖੋਜਾਰਥੀ ਦੁਆਰਾ ਆਪਣੇ ਖੋਜ ਕਾਰਜ ਦੀ ਜ਼ਰੂਰਤ, ਵਿਸ਼ੇ ਦੀ ਸੀਮਾ ਅਤੇ ਮੌਲਿਕਤਾ ਸੰਬੰਧੀ ਚਾਨਣਾ ਪਾ ਕੇ ਖੋਜ ਪ੍ਰਬੰਧ ਤੇ ਅੱਠ ਅਧਿਆਇਆਂ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਪਹਿਲਾਂ ਅਧਿਆਇ 'ਪ੍ਰਸਤਾਵਨਾ' ਇਸ ਖੋਜ ਕਾਰਜ ਨਾਲ ਸੰਬੰਧਿਤ ਗ੍ਰੰਥ ਅਤੇ ਗ੍ਰੰਥ ਦੇ

ਰਚਨਾਕਾਰ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਅਧਿਆਇ ਦੇ ਆਰੰਭ ਵਿਚ ਕਾਵਿ, ਇਤਿਹਾਸ, ਸੰਸਕ੍ਰਿਤੀ ਬਾਰੇ ਜਾਣਕਾਰੀ ਦਿੰਦੇ ਹੋਏ ਕਾਵਿ ਦੇ ਸੰਸਕ੍ਰਿਤੀ ਅਤੇ ਇਤਿਹਾਸ ਚਿਤਰਨ ਨਾਲ ਸੰਬੰਧ ਬਾਰੇ ਵਿਚਾਰ ਕੀਤੀ ਗਈ ਹੈ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਕਾਵਿ, ਇਤਿਹਾਸ ਅਤੇ ਸੰਸਕ੍ਰਿਤੀ ਦਾ ਪਵਿੱਤਰ ਤੀਰਥ ਰਾਜ ਕਿਹਾ ਹੈ।[5] ਇਸ ਤੋਂ ਬਾਅਦ ਭਾਈ ਸੰਤੋਖ ਸਿੰਘ ਦਾ ਜੀਵਨ ਬਿਰਤਾਂਤ ਦਿੱਤਾ ਗਿਆ ਹੈ ਜਿਸ ਵਿਚ ਖੋਜਾਰਥੀ ਨੇ ਉਨ੍ਹਾਂ ਦੇ ਜਨਮ, ਮਾਤਾ-ਪਿਤਾ, ਵਿੱਦਿਅਕ ਗੁਰੂ, ਵਿਆਹ, ਬੂੜੀਆ, ਪਟਿਆਲ਼ੇ ਅਤੇ ਕੈਥਲ ਨਿਵਾਸ ਸੰਬੰਧੀ ਵਿਚਾਰ ਕੀਤੀ ਹੈ। ਭਾਈ ਸੰਤੋਖ ਸਿੰਘ ਦਾ ਜਨਮ 1788 ਈ. ਦਾ ਮੰਨਿਆ ਹੈ। ਕਵੀ ਜੀ ਦੇ ਜੀਵਨ ਤੋਂ ਬਾਅਦ ਉਨ੍ਹਾਂ ਦੇ ਵਿਅਕਤਿਤਵ ਅਤੇ ਉਨ੍ਹਾਂ ਦੀ ਰਚਨਾਵਾਂ ਬਾਰੇ ਚਾਨਣਾ ਪਾਇਆ ਗਿਆ ਹੈ। ਖੋਜਾਰਥੀ ਅਨੁਸਾਰ[6] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਇਤਿਹਾਸ ਦੇ ਨਾਲ-ਨਾਲ ਮੁਗ਼ਲ ਕਾਲ ਦੇ ਇਤਿਹਾਸ ਅਤੇ ਅੰਗਰੇਜ਼ਾਂ ਦੇ ਰਾਜ ਵਿਸਥਾਰ ਸੰਬੰਧੀ ਵੀ ਜਾਣਕਾਰੀ ਮਿਲਦੀ ਹੈ।

'ਗੁਰ ਪ੍ਰਤਾਪ ਸੂਰਜ ਕਾ ਏਤਿਹਾਸਿਕ ਅਧਿਐਨ' ਨਾਮਕ ਦੂਸਰੇ ਅਧਿਆਇ ਵਿਚ ਇਸ ਗ੍ਰੰਥ ਦੇ ਇਤਿਹਾਸਿਕ ਪੱਖ ਬਾਰੇ ਚਰਚਾ ਕੀਤੀ ਗਈ ਹੈ। ਅਧਿਆਇ ਦੇ ਆਰੰਭ ਵਿਚ ਇਤਿਹਾਸ ਸ਼ਬਦ ਦੀ ਉਤਪਤੀ, ਅਰਥ, ਇਸ ਦੇ ਖੇਤਰ, ਪਰਿਭਾਸ਼ਾ, ਸਰੂਪ ਆਦਿ ਬਾਰੇ ਜਾਣਕਾਰੀ ਦਿੰਦੇ ਹੋਏ ਭਾਰਤੀ ਇਤਿਹਾਸ ਪਰੰਪਰਾ ਦੇ ਵੱਖ-ਵੱਖ ਪੱਖਾਂ ਬਾਰੇ ਚਾਨਣਾ ਪਾ ਕੇ ਇਤਿਹਾਸ ਪ੍ਰਤੀ ਭਾਰਤੀ ਤੇ ਪੱਛਮੀ ਦ੍ਰਿਸ਼ਟੀਕੋਣ ਬਾਰੇ ਦੱਸਿਆ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਦੇ ਰਚਨਾਕਾਰ ਬਾਰੇ ਖੋਜਾਰਥੀ ਟਿੱਪਣੀ[7] ਹੈ ਕਿ ਭਾਈ ਸੰਤੋਖ ਸਿੰਘ ਸਾਂਸਕ੍ਰਿਤਿਕ ਚੇਤਨਾ ਨਾਲ ਭਰਪੂਰ ਕਵਿ ਇਤਿਹਾਸਕਾਰ ਹਨ ਜਿਨ੍ਹਾਂ ਦੀ ਇਤਿਹਾਸ ਲਿਖਣ ਦੀ ਸ਼ੈਲੀ ਪਰੰਪਰਾਗਤ ਪੁਰਾਣ ਇਤਿਹਾਸ ਸ਼ੈਲੀ ਹੈ। ਉਹ ਤੱਥਾਂ ਦੇ ਸੰਕਲਨ ਵਿਚ ਇਤਿਹਾਸਕਾਰ ਹਨ, ਵਰਣਨ ਵਿਚ ਕਵੀ ਹਨ। ਇਸ ਤੋਂ ਬਾਅਦ ਸ੍ਰੀ ਗੁਰ ਪ੍ਰਤਾਪ ਵਿਚ ਵਰਣਿਤ ਇਤਿਹਾਸ ਸੰਬੰਧੀ ਗੱਲ ਕੀਤੀ ਗਈ ਹੈ ਕਿ ਗੁਰ ਪ੍ਰਤਾਪ ਸੂਰਜ ਨੂੰ ਇਤਿਹਾਸ ਕਹਿਣ ਦਾ ਮੁੱਖ ਕਾਰਨ ਇਹ ਹੈ ਕਿ ਇਸ ਗ੍ਰੰਥ ਵਿਚ

[5] ਪੰਨਾ 12

[6] ਪੰਨਾ 30

[7] ਪੰਨਾ 48

ਗੁਰੂਆਂ ਦੀ ਵੰਸਾਵਲੀ ਦਾ ਕਾਵਿਕ ਵਰਣਨ ਹੈ। ਵੰਸ ਵਰਣਨ ਦੀ ਪ੍ਰਧਾਨਤਾ ਕਾਰਨ ਇਹ ਇਤਿਹਾਸ ਦੀ ਸ਼੍ਰੇਣੀ ਵਿਚ ਆਉਂਦਾ ਹੈ ਪਰੰਤੂ ਆਪਣੇ ਦੂਜੇ ਮਹੱਤਵਪੂਰਨ ਤੱਤਾਂ ਦੇ ਕਾਰਨ ਸਾਧਾਰਨ ਵਿਹਾਰ ਦੀ ਸ਼੍ਰੇਣੀ ਤੋਂ ਉੱਠ ਕੇ ਸੰਪੂਰਨ ਜੀਵਨ ਦਾ ਮਹਾਂਕਾਵਿ ਅਤੇ ਧਰਮ ਗ੍ਰੰਥ ਬਣ ਜਾਂਦਾ ਹੈ। ਇਸ ਦੀ ਵਰਣਨ ਸ਼ੈਲੀ ਇਸ ਨੂੰ ਪੁਰਾਣ ਪਰੰਪਰਾ ਦੇ ਇਤਿਹਾਸ ਵਿਚ ਸ਼ਾਮਿਲ ਕਰਦੀ ਹੈ। ਇਸ ਤੋਂ ਅੱਗੇ ਜਾ ਕੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਇਤਿਹਾਸਿਕ ਕ੍ਰਮ, ਇਸ ਵਿਚ ਵਰਣਿਤ ਇਤਿਹਾਸ ਦੀ ਪਿੱਠ ਭੂਮੀ, ਇਤਿਹਾਸ ਦੇ ਤੱਥਾਂ ਦਾ ਅਧਿਐਨ, ਸਿੱਖ ਧਰਮ ਵਿਚ ਇਤਿਹਾਸ ਦਾ ਸਰੂਪ ਤੇ ਸਥਾਨ ਬਾਰੇ ਦੱਸ ਕੇ ਗੁਰ ਪ੍ਰਤਾਪ ਵਿਚ ਵਰਣਿਤ ਇਤਿਹਾਸ ਦੇ ਸਰੂਪ ਬਾਰੇ ਵਿਚਾਰ ਦਿੱਤੇ ਗਏ ਹਨ। ਉਪਰੰਤ ਇਸ ਗ੍ਰੰਥ ਵਿਚ ਵਰਣਿਤ ਇਤਿਹਾਸਿਕ ਸਮੱਗਰੀ ਦੇ ਆਧਾਰ ’ਤੇ ਇਤਿਹਾਸਿਕ ਪ੍ਰਸਥਿਤੀਆਂ ਬਾਰੇ ਚਰਚਾ ਕਰਦਿਆਂ ਹੋਇਆਂ ਇਸ ਗ੍ਰੰਥ ਵਿਚ ਵਰਣਿਤ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦੇ ਜੀਵਨ ਅਤੇ ਵਿਅਕਤਿਤਵ ਬਾਰੇ ਚਾਨਣਾ ਪਾਇਆ ਗਿਆ ਹੈ। ਖੋਜਾਰਥੀ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੰਦਾ ਬੈਰਾਗੀ ਲਿਖਣਾ, ਉਸ ਦੀ ਧਾਰਮਿਕ ਅਤੇ ਇਤਿਹਾਸਿਕ ਅਸੰਤੁਲਤਾ ਦਾ ਸੰਕੇਤ ਦਿੰਦਾ ਹੈ ਕਿਉਂਕਿ 1974 ਈ. ਵਿਚ ਇਹ ਗੱਲ ਨਿਰਵਿਵਾਦ ਸੀ ਕਿ ਬੰਦਾ ਸਿੰਘ ਬਹਾਦਰ ਇਕ ਅੰਮ੍ਰਿਤਧਾਰੀ ਸਿੰਘ ਸੀ ਨਾ ਕਿ ਬੈਰਾਗੀ। ਅਧਿਆਇ ਦੇ ਅੰਤ ਵਿਚ ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰੀ ਦੀ ਸਮੁੱਚੇ ਰੂਪ ਵਿਚ ਸਮੀਖਿਆ ਕੀਤੀ ਗਈ ਹੈ।

ਤੀਸਰਾ ਅਧਿਆਇ ‘ਗੁਰ ਪ੍ਰਤਾਪ ਸੂਰਜ ਮੇਂ ਇਤਿਹਾਸਿਕ, ਕਾਲਪਨਿਕ ਏਵਮ ਪੌਰਾਣਿਕ ਤੱਤਵ ਔਰ ਉਸ ਕਾ ਸਵਰੂਪ’ ਇਸ ਗ੍ਰੰਥ ਦੇ ਇਤਿਹਾਸਿਕ, ਪੌਰਾਣਿਕ ਅਤੇ ਕਾਲਪਨਿਕ ਹਵਾਲਿਆਂ ਨਾਲ ਸੰਬੰਧਿਤ ਹੈ। ਅਧਿਆਇ ਦੇ ਆਰੰਭ ਵਿਚ ਭਾਰਤੀ ਕਾਵਿ ਵਿਚ ਪੌਰਾਣਿਕ ਹਵਾਲਿਆਂ ਬਾਰੇ ਦੱਸ ਕੇ ਪੁਰਾਣ ਸ਼ਬਦ ਦੀ ਉਤਪਤੀ, ਪਰਿਭਾਸ਼ਾ, ਗਿਣਤੀ, ਇਨ੍ਹਾਂ ਵਿਚ ਵਰਣਿਤ ਵਿਸ਼ਿਆਂ, ਪੁਰਾਣਾਂ ਦੀ ਉਤਪਤੀ ਆਦਿ ਬਾਰੇ ਜਾਣਕਾਰੀ ਦੇ ਕੇ ਪੁਰਾਣ ਸਾਹਿਤ ਦੀਆਂ ਪ੍ਰਵਿਰਤੀਆਂ ਤੇ ਪ੍ਰਚਾਰ ਬਾਰੇ ਵਿਚਾਰ ਕੀਤੀ ਗਈ ਹੈ। ਉਸ ਤੋਂ ਬਾਅਦ ਗੁਰ ਪ੍ਰਤਾਪ ਸੂਰਜ ਵਿਚ ਵਰਣਿਤ ਪੌਰਾਣਿਕ ਤੱਤਾਂ ਉੱਪਰ ਪੂਰਵਲੇ ਕਵੀਆਂ ਦੇ ਪਏ ਪ੍ਰਭਾਵ, ਇਸ ਵਿਚ ਇਤਿਹਾਸਿਕ ਤੱਥਾਂ ਦੇ ਮਿੱਥੀਕਰਨ ਬਾਰੇ ਗੱਲ ਕਰਦੇ ਹੋਏ ਦਸਮ ਗ੍ਰੰਥ, ਮਹਿਮਾ ਪ੍ਰਕਾਸ਼,

ਗੁਰਬਿਲਾਸ ਅਤੇ ਨਾਨਕ ਵਿਜੈ ਆਦਿ ਦੇ ਸੰਦਰਭ ਵਿਚ ਇਸ ਗ੍ਰੰਥ ਦੀ ਸਮੀਖਿਆ ਕੀਤੀ ਗਈ ਹੈ। ਗੁਰ ਪ੍ਰਤਾਪ ਸੂਰਜ ਵਿਚ ਪੌਰਾਣਿਕ ਪ੍ਰਵਿਰਤੀਆਂ ਦਾ ਚਿਤਰਨ ਕਰਦੇ ਹੋਏ ਵੱਖ-ਵੱਖ ਪੱਖਾਂ ਬਾਰੇ ਗੱਲ ਕੀਤੀ ਗਈ ਹੈ। ਅੰਤ ਵਿਚ ਇਸ ਗ੍ਰੰਥ ਵਿਚ ਹੋਣ ਵਾਲੀ ਪੌਰਾਣਿਕ ਕਥਾਵਾਂ ਦੀ ਪੁਨਰਾਵ੍ਰਿਤੀ ਬਾਰੇ ਦੱਸਿਆ ਗਿਆ ਹੈ ਜਿਨ੍ਹਾਂ ਨੂੰ ਖ਼ਾਸ- ਖ਼ਾਸ ਮੌਕਿਆਂ ’ਤੇ ਗੁਰੂ ਸਾਹਿਬਾਨ ਦੇ ਮੂੰਹੋਂ ਸੰਗਤਾਂ ਨੂੰ ਸੁਣਾਇਆ ਗਿਆ ਹੈ, ਜਿਵੇਂ[8]- ਕਾਲਿੰਦੀ ਨਦੀ ਦੇ ਤੱਟ ਤੇ ਸੰਗਤਾਂ ਦੀ ਇੱਛਾ ਪੂਰੀ ਕਰਨ ਲਈ ਗੁਰੂ ਅਮਰਦਾਸ ਜੀ ਦਾ ਸੰਗਤ ਨੂੰ ਜਮਨਾ ਦਾ ਪੁਰਾਤਨ ਇਤਿਹਾਸ ਸੁਣਾਉਣਾ। ਅੰਤ ਵਿਚ ਰੀਤੀ ਕਾਲ ਵਿਚ ਅਲੰਕਾਰ ਯੋਜਨਾ ਦੇ ਅਧੀਨ ਹੋਣ ਵਾਲੇ ਪੌਰਾਣਿਕ ਪੁਨਰ ਉਥਾਨ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਉਸ ਦੀ ਅਭਿਵਿਅਕਤੀ ਬਾਰੇ ਤੁਲਨਾਤਮਿਕ ਹਵਾਲੇ ਦੇ ਕੇ ਸਮੁੱਚੇ ਅਧਿਆਇ ਦੀ ਸਮੀਖਿਆ ਕੀਤੀ ਗਈ ਹੈ।

ਚੌਥਾ ਅਧਿਆਇ ‘ਗੁਰ ਪ੍ਰਤਾਪ ਸੂਰਜ ਕਾ ਸਾਂਸਕ੍ਰਿਤਿਕ ਅਧਿਐਨ’ ਇਸ ਗ੍ਰੰਥ ਦੇ ਸੰਸਕ੍ਰਿਤਕ ਅਧਿਐਨ ਨਾਲ ਸੰਬੰਧਿਤ ਹੈ। ਅਧਿਆਇ ਦੀ ਸ਼ੁਰੂਆਤ ਸੰਸਕ੍ਰਿਤੀ ਦੇ ਸਰੂਪ, ਖੇਤਰ, ਸ਼ਾਬਦਿਕ ਪੜਚੋਲ, ਇਸ ਦੇ ਅਰਥ, ਵਿਕਾਸ, ਕਲਚਰ ਦੇ ਅਰਥ, ਸੰਸਕ੍ਰਿਤੀ ਦੀ ਪਰਿਭਾਸ਼ਾਵਾਂ, ਪ੍ਰਮੁੱਖ ਭਾਰਤੀ ਅਤੇ ਪੱਛਮੀ ਪਰਿਭਾਸ਼ਾਵਾਂ ਬਾਰੇ ਦੱਸ ਕੇ ਕੀਤੀ ਗਈ ਹੈ। ਇਸ ਤੋਂ ਬਾਅਦ ਸੰਸਕ੍ਰਿਤੀ ਅਤੇ ਸਭਿਅਤਾ ਦੇ ਸੰਬੰਧ ਬਾਰੇ ਚਾਨਣਾ ਪਾ ਕੇ ਸੰਸਕ੍ਰਿਤੀ ਦੇ ਖੇਤਰ, ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦੇ ਕੇ ਭਾਰਤੀ ਸੰਸਕ੍ਰਿਤੀ ਦੇ ਵਿਭਿੰਨ ਪੱਖਾਂ ਬਾਰੇ ਵਿਚਾਰ ਦੇ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਦਾ ਅਧਿਐਨ ਕਰਦੇ ਹੋਏ ਇਸ ਦੇ ਵੱਖ-ਵੱਖ ਪੱਖ ਦੱਸੇ ਗਏ ਹਨ।

ਥੀਸਿਸ ਦਾ ਪੰਜਵਾਂ ਅਧਿਆਇ ‘ਗੁਰ ਪ੍ਰਤਾਪ ਸੂਰਜ ਮੇਂ ਅਭਿਵਿਅਕਤ ਧਾਰਮਿਕ ਔਰ ਅਧਿਆਤਮਿਕ ਜੀਵਨ’ ਹੈ। ਅਧਿਆਇ ਦਾ ਆਰੰਭ ਧਰਮ ਦੇ ਸਰੂਪ, ਪਰਿਭਾਸ਼ਾ, ਇਸਦੇ ਵਿਭਾਗ, ਉਪਯੋਗਤਾ, ਭਾਰਤ ਦੀ ਧਾਰਮਿਕ ਪਰੰਪਰਾ ਅਤੇ ਇਸਦੇ ਵਿਕਾਸ ਬਾਰੇ ਵਿਚਾਰ ਕਰਕੇ ਕੀਤਾ ਹੈ। ਗੁਰ ਪ੍ਰਤਾਪ ਸੂਰਜ ਵਿਚ ਵਰਣਿਤ ਧਰਮ ਦੇ ਸਰੂਪ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਵਿਚ ਵਰਣਿਤ ਹਿੰਦੂ ਧਰਮ (ਵੱਖ-ਵੱਖ ਸੰਪਰਦਾਵਾਂ ਤੇ ਇਸ ਦੇ ਵਿਸ਼ਵਾਸਾਂ) ਅਤੇ ਗੁਰੂ ਸਾਹਿਬਾਨ ਦੀਆਂ ਤੀਰਥ ਯਾਤਰਾਵਾਂ

---

[8] ਪੰਨਾ 205

ਬਾਰੇ ਦੱਸਿਆ ਗਿਆ ਹੈ। ਉਪਰੰਤ ਇਸ ਦੇ ਅਧਿਆਤਮਿਕ ਚਿੰਤਨ ਸੰਬੰਧੀ ਚਰਚਾ ਕੀਤੀ ਗਈ ਹੈ ਜਿਸ ਵਿਚ ਕਰਮ ਮਾਰਗ, ਯੋਗ ਮਾਰਗ, ਭਗਤੀ ਮਾਰਗ ਆਦਿ ਪ੍ਰਮੁੱਖ ਹਨ। ਅੰਤ ਵਿਚ ਸਿੱਖ ਧਰਮ ਨਾਲ ਸੰਬੰਧਿਤ ਇਸ ਗ੍ਰੰਥ ਵਿਚ ਵੱਖ-ਵੱਖ ਧਾਰਮਿਕ ਪੱਖਾਂ ਅਤੇ ਇਨ੍ਹਾਂ ਦੀ ਵਿਆਖਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ, ਜਿਵੇਂ- ਗੁਰੂ, ਨਾਮ, ਸਤਿਸੰਗਤ ਆਦਿ। ਅੰਤ ਵਿਚ ਸਮੁੱਚੀ ਵਿਚਾਰ ਦਾ ਸਿੱਟਾ ਕੱਢ ਕੇ ਇਸ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਛੇਵੇਂ ਅਧਿਆਇ 'ਗੁਰ ਪ੍ਰਤਾਪ ਮੇਂ ਵਰਣਿਤ ਦਾਰਸ਼ਨਿਕ ਵਿਚਾਰ' ਵਿਚ ਖੋਜਾਰਥੀ ਨੇ ਇਸ ਗ੍ਰੰਥ ਵਿਚ ਆਏ ਦਾਰਸ਼ਨਿਕ ਵਿਚਾਰਾਂ ਦੀ ਚਰਚਾ ਕੀਤੀ ਹੈ। ਸਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਤੋਂ ਪੂਰਵਲੇ ਦਰਸ਼ਨ ਬਾਰੇ ਜਾਣਕਾਰੀ ਦੇ ਕੇ ਭਾਰਤੀ ਦਰਸ਼ਨ ਦੀਆਂ ਛੇ ਸ਼ਾਸਤਰਾਂ 'ਤੇ ਅਧਾਰਿਤ ਛੇ ਸ਼ਾਖਾਵਾਂ ਬਾਰੇ ਦੱਸਿਆ ਹੈ। ਇਸ ਤੋਂ ਬਾਅਦ ਦਰਸ਼ਨ ਦੇ ਵਿਭਿੰਨ ਪੱਖਾਂ ਜਿਵੇਂ ਬ੍ਰਹਮ, ਸ੍ਰਿਸ਼ਟੀ ਰਚਨਾ, ਮਾਇਆ, ਹੰਕਾਰ, ਜੀਵ, ਮਨ, ਮੁਕਤੀ ਆਦਿ ਬਾਰੇ ਭਾਰਤੀ ਦਰਸ਼ਨ ਪਰੰਪਰਾ, ਉਪਨਿਸ਼ਦ ਸ਼ਾਸਤਰਾਂ, ਵੇਦਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਆਦਿ ਵਿਚੋਂ ਹਵਾਲਿਆਂ ਰਾਹੀਂ ਚਾਨਣਾ ਪਾ ਕੇ ਇਨ੍ਹਾਂ ਸੰਬੰਧੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਪੇਸ਼ ਕਰਕੇ ਇਨ੍ਹਾਂ ਦੇ ਵਿਭਿੰਨ ਪੱਖਾਂ ਤੇ ਵਿਚਾਰ ਕੀਤੀ ਹੈ। ਅੰਤ ਵਿਚ ਅਧਿਆਇ ਦਾ ਸਿੱਟਾ ਕੱਢਿਆ ਗਿਆ ਹੈ।

ਸੱਤਵਾਂ ਅਧਿਆਇ 'ਗੁਰ ਪ੍ਰਤਾਪ ਸੂਰਜ ਮੇਂ ਚਿਤ੍ਰਿਤ ਸਮਾਜਿਕ ਜੀਵਨ' ਇਸ ਗ੍ਰੰਥ ਵਿਚ ਵਰਣਿਤ ਸਮਾਜਿਕ ਜੀਵਨ ਨਾਲ ਸੰਬੰਧਿਤ ਹੈ। ਅਧਿਆਇ ਦੇ ਆਰੰਭ ਵਿਚ ਸਮਾਜਿਕ ਵਿਵਸਥਾ ਬਾਰੇ ਜਾਣਕਾਰੀ ਦੇ ਕੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਉਣ ਵਾਲੇ ਹਿੰਦੂ ਧਰਮ ਮੁਤਾਬਿਕ ਚਾਰ ਵਰਨਾਂ ਅਤੇ ਹੋਰ ਵੱਖ-ਵੱਖ ਜਾਤੀਆਂ ਦੇ ਹਵਾਲੇ ਪੇਸ਼ ਕੀਤੇ ਗਏ ਹਨ। ਇਸ ਤੋਂ ਬਾਅਦ ਆਸ਼ਰਮ ਵਿਵਸਥਾ ਬਾਰੇ ਗੁਰ ਪ੍ਰਤਾਪ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਇਸ ਗ੍ਰੰਥ ਵਿਚ ਔਰਤ ਦੇ ਚਿਤਰਨ, ਸਮਾਜ ਵਿਚ ਸਥਾਨ ਅਤੇ ਇਸ ਸੰਬੰਧੀ ਵੱਖ-ਵੱਖ ਪੱਖਾਂ ਤੇ ਚਾਨਣਾ ਪਾਉਣ ਉਪਰੰਤ ਇਸ ਗ੍ਰੰਥ ਵਿਚ ਵਰਣਿਤ ਮਨੋਰੰਜਨ ਦੇ ਸਾਧਨਾਂ, ਵਰਣਿਤ ਉਤਸਵਾਂ ਅਤੇ ਤਿਉਹਾਰਾਂ ਆਦਿ ਦਾ ਜ਼ਿਕਰ ਖੋਜਾਰਥੀ ਵੱਲੋਂ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਆਉਣ ਵਾਲੇ ਸਮਾਜਿਕ ਆਚਾਰ ਵਿਹਾਰ ਨਾਲ ਸੰਬੰਧਿਤ ਨਿਯਮਾਂ ਨੂੰ ਵੀ ਇਸ ਅਧਿਆਇ

ਵਿਚ ਸ਼ਾਮਿਲ ਕਰਦੇ ਹੋਏ ਉਸ ਸਮੇਂ ਦੇ ਲੋਕ ਵਿਸ਼ਵਾਸਾਂ, ਸ਼ਗਨ-ਅਪਸ਼ਗਨ, ਆਰਥਿਕ, ਰਾਜਨੀਤਕ ਹਾਲਤ ਬਾਰੇ ਇਸ ਗ੍ਰੰਥ ਦੇ ਹਵਾਲੇ ਨਾਲ਼ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਅੰਤ ਵਿਚ ਇਸ ਗ੍ਰੰਥ ਵਿਚ ਵਰਣਿਤ ਲੋਕ ਸੰਸਕਾਰਾਂ, ਆਮ ਜਨ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਦੱਸਦੇ ਹੋਏ ਸਿੱਟਾ ਕੱਢ ਕੇ ਅਧਿਆਇ  ਦੀ ਸਮਾਪਤੀ ਕੀਤੀ ਗਈ ਹੈ। ਸਭ ਤੋਂ ਅਖੀਰ ਵਿਚ ਇਸ ਅਧਿਆਇ ਦੇ ਆਧਾਰ ’ਤੇ ਗੁਰ ਪ੍ਰਤਾਪ ਸੂਰਜ ਦਾ ਮੁਲੰਕਣ ਕੀਤਾ ਗਿਆ ਹੈ।

ਅੱਠਵੇਂ ਅਧਿਆਇ ‘ਉਪ ਸੰਹਾਰ’ ਵਿਚ ਸਮੁੱਚੇ ਖੋਜ ਪ੍ਰਬੰਧ ਦਾ ਸਾਰ ਦਿੱਤਾ ਗਿਆ ਹੈ ਜਿਸ ਵਿਚ ਇਸ ਗ੍ਰੰਥ ਦੇ ਇਤਿਹਾਸਿਕ, ਕਾਵਿਕ, ਸੰਸਕ੍ਰਿਤਕ ਪੱਖਾਂ ਬਾਰੇ ਸੰਖੇਪ ਗੱਲ ਕਰਕੇ ਵੱਖ-ਵੱਖ ਖੇਤਰਾਂ ਵਿਚ ਇਸ ਗ੍ਰੰਥ ਦੇ ਯੋਗਦਾਨ ਵਾਲੇ ਪੱਖ ਨੂੰ ਪੇਸ਼ ਕੀਤਾ ਗਿਆ ਹੈ।

ਸਭ ਤੋਂ ਅਖੀਰ ਵਿਚ ‘ਪਰਿਸ਼ਿਸ਼ਟ’ ਨਾਮ ਦੇ ਸਿਰਲੇਖ ਅਧੀਨ ਇਸ ਗ੍ਰੰਥ ਦੀ ਕਾਲ ਕ੍ਰਮਣਿਕਾ ਦੇਣ ਤੋਂ ਬਾਅਦ ਪੁਸਤਕ ਸੂਚੀ ਦੇ ਕੇ ਖੋਜ ਕਾਰਜ ਦੀ ਸੰਪੂਰਨ ਸਮਾਪਤੀ ਕੀਤੀ ਗਈ ਹੈ।

**3.**

**ਖੋਜ ਕਾਰਜ ਦਾ ਨਾਮ- ਭਾਈ ਸੰਤੋਖ ਸਿੰਘ ਕ੍ਰਿਤ ਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (14 ਜਿਲਦਾਂ) ਦਾ ਸੰਬੰਧ- ਸੂਚਕ ਤਤਕਰਾ ਸਣੇ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾ ਅਤੇ ਭਾਈ ਵੀਰ ਸਿੰਘ ਦੇ ਸਟਿੱਪਣ ਸੰਪਾਦਨ ਮੁਲੰਕਣ ਦੇ।**

**ਖੋਜਾਰਥਣ- ਰੂਪਿੰਦਰ ਕੌਰ**

**ਨਿਗਰਾਨ- ਡਾ. ਪਿਆਰ ਸਿੰਘ**

**ਵਿਭਾਗ ਦਾ ਨਾਮ- ਫੈਕਲਟੀ ਆਫ਼ ਹਿਉਮੈਨਿਟੀਜ ਐਂਡ ਰਿਲੀਜਸ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1980**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਮਹਾਂਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.**

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਬੰਧ ਸੂਚਕ ਤਤਕਰੇ ਵਾਲੇ ਇਸ ਥੀਸਿਸ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਦੇ ਚਾਰ ਹਿੱਸੇ ਹਨ।

ਪਹਿਲਾ ਹਿੱਸਾ ਇਸ ਖੋਜ ਕਾਰਜ ਦੀ ਪ੍ਰਸਤਾਵਨਾ ਅਤੇ ਪ੍ਰਾਪਤੀ ਨਾਲ ਸੰਬੰਧਿਤ ਹੈ ਜਿਸ ਵਿਚ ਇਸ ਗ੍ਰੰਥ ਦੇ ਤਤਕਰੇ ਦੀ ਜ਼ਰੂਰਤ ਅਤੇ ਵਰਤਣ ਦੇ ਤਰੀਕੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਦੂਸਰੇ ਹਿੱਸੇ 'ਭਾਈ ਸੰਤੋਖ ਸਿੰਘ ਜੀਵਨ ਤੇ ਸਾਹਿਤਕ ਰੁਝੇਵੇਂ ' ਵਿਚ ਭਾਈ ਸੰਤੋਖ ਸਿੰਘ ਸੰਬੰਧੀ ਕੋਈ ਖ਼ਾਸ ਕਾਰਜ ਨਾ ਹੋਣ ਦੀ ਅਣਗਹਿਲੀ ਬਾਰੇ ਦੱਸਦੇ ਹੋਏ ਉਨ੍ਹਾਂ ਸੰਬੰਧੀ ਹੋ ਚੁੱਕੇ ਕਾਰਜਾਂ ਦਾ ਵੇਰਵਾ ਦਿੱਤਾ ਹੈ ਜਿਸ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ। ਇਸ ਤੋਂ ਬਾਅਦ ਭਾਈ ਸਾਹਿਬ ਦੇ ਜੀਵਨ, ਰਚਨਾਵਾਂ ਅਤੇ ਨਿੱਤ ਦੀ ਦੈਨਿਕ ਮਰਿਯਾਦਾ ਦੱਸਿਆ ਗਿਆ ਹੈ।

ਤੀਸਰੇ ਹਿੱਸੇ ਵਿਚ ਭਾਈ ਸੰਤੋਖ ਸਿੰਘ ਦੀ ਰਚਨਾ ਦਾ ਮੁਲੰਕਣ ਕੀਤਾ ਗਿਆ ਹੈ ਜਿਸ ਵਿਚ ਅਨੁਵਾਦਕ, ਟੀਕਾਕਾਰ, ਇਤਿਹਾਸਕਾਰ ਅਤੇ ਕਵੀ ਵਜੋਂ ਉਨ੍ਹਾਂ ਦੇ ਵੱਖ-ਵੱਖ ਪੱਖਾਂ ਦੀ ਚਰਚਾ ਕੀਤੀ ਗਈ ਹੈ।

ਚੌਥਾ ਹਿੱਸਾ ਭਾਈ ਵੀਰ ਸਿੰਘ ਦੇ ਜੀਵਨ, ਰਚਨਾ ਤੇ ਸੰਪਾਦਨ ਕਲਾ ਨਾਲ ਸੰਬੰਧਿਤ ਹੈ ਜਿਸ ਵਿਚ ਉਨ੍ਹਾਂ ਦੇ ਪੰਜਾਬੀ ਦੇ ਸੰਪਾਦਨ ਕਾਰਜ ਬਾਰੇ ਦੱਸ ਕੇ ਉਨ੍ਹਾਂ ਦੁਆਰਾ ਕੀਤੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਸੰਬੰਧੀ ਵਿਚਾਰ ਕੀਤੀ ਹੈ। ਇਸ ਤੋਂ ਬਾਅਦ ਪੁਸਤਕ ਸੂਚੀ ਦੇ ਕੇ ਇਸ ਭਾਗ ਦੀ ਸਮਾਪਤੀ ਕੀਤੀ ਗਈ ਹੈ।

ਖੋਜ ਕਾਰਜ ਦਾ ਦੂਸਰਾ ਭਾਗ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਬੰਧ ਸੂਚਕ ਤਤਕਰੇ ਨਾਲ ਸੰਬੰਧਿਤ ਹੈ ਜਿਸ ਵਿਚ ਇਸ ਗ੍ਰੰਥ ਵਿਚ ਆਉਣ ਵਾਲੇ ਨਾਵਾਂ ਅਤੇ ਥਾਵਾਂ ਦੀ ਗ੍ਰੰਥ ਵਿਚਲੀ ਸੰਬੰਧਿਤ ਰਾਸ/ ਰੁੱਤ/ ਐਨ ਅਤੇ ਪੰਨੇ ਨੰਬਰ ਉੱਪਰ ਮੌਜੂਦਗੀ ਬਾਰੇ ਚਾਨਣਾ ਪਾਇਆ ਹੈ। ਸੰਬੰਧ ਸੂਚਕ ਤਤਕਰੇ ਲਈ ਵਰਤੀ ਗਈ ਕਾਰਜ ਵਿਧੀ ਦੇ ਮੁੱਖ ਨੁਕਤੇ ਇਸ ਪ੍ਰਕਾਰ ਹਨ-

► ਤਤਕਰਾ ਗੁਰਮੁਖੀ ਦੇ ਅੱਖਰ ਕ੍ਰਮ ਅਨੁਸਾਰ ਤਿਆਰ ਕੀਤਾ ਗਿਆ ਹੈ ਅਤੇ ਲਗਾਂ ਮਾਤਰਾ ਦੀ ਤਰਤੀਬ ਵੀ ਗੁਰਮੁਖੀ ਵਾਲੀ ਹੀ ਰੱਖੀ ਗਈ ਹੈ।

▶ਤਤਕਰੇ ਵਿਚ ਦੋ ਪ੍ਰਕਾਰ ਦੇ ਇੰਦਰਾਜ ਰੱਖੇ ਗਏ ਹਨ- ਮੁੱਖ ਅਤੇ ਗੌਣ। ਗੌਣ ਐਂਟਰੀਆਂ, ਮੁੱਖ ਐਂਟਰੀ ਦੇ ਉਪਭਾਗ ਵਜੋਂ ਦਰਜ ਕੀਤੀਆਂ ਗਈਆਂ ਹਨ। ਉਦਾਹਰਣ ਵਜੋਂ- ਕਿਸੇ ਗੁਰੂ ਸਾਹਿਬ ਦੇ ਇੰਦਰਾਜਾਂ ਨੂੰ ਦਰਸਾਉਣ ਲਈ ਗੁਰੂ ਸਾਹਿਬ ਦਾ ਨਾਮ ਮੁੱਖ ਇੰਦਰਾਜ ਵਜੋਂ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਗੌਣ ਇੰਦਰਾਜ ਵਜੋਂ ਸ਼ਾਮਲ ਕੀਤੀਆਂ ਗਈਆਂ ਹਨ।

▶ਆਦਰ ਸੂਚਕ ਪਦ ਮੂਲ ਨਾਵਾਂ ਤੋਂ ਬਾਅਦ ਬਰੈਕਟਾਂ ਵਿਚ ਰੱਖੇ ਗਏ ਹਨ। ਕੇਵਲ ਗੁਰੂ ਪਦ ਨੂੰ ਗੁਰੂ ਸਾਹਿਬਾਨ ਦੇ ਨਾਵਾਂ ਦਾ ਅਟੁੱਟ ਭਾਗ ਦਰਸਾਉਣ ਲਈ ਨਾਮ ਤੋਂ ਬਾਅਦ ਕਾਮਾ ਪਾ ਕੇ ਲਿਖਿਆ ਗਿਆ ਹੈ।

▶ਪੁਸਤਕ ਦੇ ਨਾਵਾਂ ਵਾਲੇ ਇੰਦਰਾਜ ਨੂੰ ਇਟੈਲਿਕ ਕੀਤਾ ਗਿਆ ਹੈ।

▶ਵਿਚਾਰਕ ਵਿਸ਼ੇ ਨਾਲ ਸੰਬੰਧਿਤ ਐਂਟਰੀਆਂ ਇਕਹਿਰੇ ਕਾਮਿਆਂ ਵਿਚ ਦਿਖਾਈਆਂ ਗਈਆਂ ਹਨ।

▶ਇੱਕੋ ਨਾਮ ਵਾਲੇ ਦੋ ਜਾਂ ਦੋ ਤੋਂ ਵੱਧ ਸ਼ਖ਼ਸੀਅਤਾਂ ਹੋਣ ਦੀ ਸੂਰਤ ਵਿਚ ਇਨ੍ਹਾਂ ਦਾ ਅੰਤਰ ਨਿਖੇੜਣ ਲਈ ਸੰਬੰਧਿਤ ਸ਼ਖ਼ਸੀਅਤ ਦੀ ਖ਼ਾਸ ਪਛਾਣ ਨੂੰ ਬਰੈਕਟ ਵਿਚ ਸਪਸ਼ਟ ਕੀਤਾ ਗਿਆ ਹੈ।

▶ਗ੍ਰੰਥ ਦੇ ਪੰਨਿਆਂ ਦੀ ਸੂਚਨਾ ਦੇਣ ਵਾਲੇ ਸੂਚਕ ਨੰਬਰ ਦਾ ਪਹਿਲਾ ਅੰਕ ਗ੍ਰੰਥ ਦੀ ਜਿਲਦ ਦਾ ਸੂਚਕ ਹੈ ਅਤੇ ਪੂਰਨ ਵਿਰਾਮ ਲਗਾ ਕੇ ਲਿਖਿਆ ਗਿਆ ਅੰਕ ਪੰਨੇ ਦੇ ਚੱਲ ਰਹੇ ਸੈਂਕੜੇ ਬਾਰੇ ਜਾਣਕਾਰੀ ਦਿੰਦਾ ਹੈ। ਉਸ ਤੋਂ ਬਾਅਦ ਬਰੈਕਟ ਵਿਚ ਸੈਂਕੜੇ ਵਾਲੇ ਪੰਨਿਆਂ ਦੇ ਅੰਕ ਦੀ ਸੂਚਨਾ ਦਿੱਤੀ ਗਈ ਹੈ। ਉਦਾਹਰਨ ਵਜੋਂ- 7.6 (87, 93) ਦਾ ਭਾਵ ਹੈ- ਸੱਤਵੀਂ ਜਿਲਦ ਦਾ 687 ਅਤੇ 693 ਨੰਬਰ ਪੰਨਾ।

▶ਮੂਲ ਪੰਨੇ ਉੱਪਰ ਇਕ ਇੰਦਰਾਜ ਦੇ ਇਕ ਤੋਂ ਵੱਧ ਵਾਰੀ ਆਉਣ ਦੀ ਸੂਰਤ ਵਿਚ ਪੰਨੇ ਨੰਬਰ ਉੱਪਰ ਅੰਕ ਪਾ ਕੇ ਉਸ ਦੀ ਗਿਣਤੀ ਦੱਸੀ ਗਈ ਹੈ, ਜਿਵੇਂ- 3.4($65^3$) ਦਾ ਅਰਥ ਹੈ ਕਿ ਸੰਬੰਧਿਤ ਇੰਦਰਾਜ ਤੀਜੀ ਜਿਲਦ ਦੇ 465 ਪੰਨੇ ’ਤੇ ਤਿੰਨ ਵਾਰੀ ਆਇਆ ਹੈ।

▶ਮੂਲ ਪਾਠ ਵਿਚ ਫੁੱਟ ਨੋਟ ਦੇ ਰੂਪ ਵਿਚ ਆਉਣ ਵਾਲੇ ਇੰਦਰਾਜ ਨੂੰ ਸੂਚਕ ਨੰਬਰ ਦੇਣ ਤੋਂ ਬਾਅਦ ਨਾਲ ਗੁਰਮੁਖੀ ਦਾ ‘ਫ’ ਲਿਖ ਕੇ ਸਪਸ਼ਟ ਕੀਤਾ ਗਿਆ ਹੈ ਜਿਸ ਦਾ ਭਾਵ ਹੈ ਕਿ ਇਹ ਇੰਦਰਾਜ ਸੰਬੰਧਿਤ ਪੰਨੇ ਦੇ ਫੁੱਟ ਨੋਟ ਉੱਪਰ ਆਇਆ ਹੈ।

►ਰਚਨਾ ਵਿਚ ਆਉਣ ਵਾਲੇ ਇਕ ਵਿਅਕਤੀ ਦੇ ਦੋ ਵੱਖ-ਵੱਖ ਨਾਮ ਆਉਣ ਦੀ ਸੂਰਤ ਵਿਚ ਇਨ੍ਹਾਂ ਦੀ ਐਂਟਰੀ ਬਣਾਉਣ ਲਈ ਵੱਖ-ਵੱਖ ਰੂਪਾਂ ਵਾਲੇ ਨਾਵਾਂ ਵਿਚਕਾਰ ਟੇਢੀ ਲੀਕ ਦਾ ਪ੍ਰਯੋਗ ਕੀਤਾ ਗਿਆ ਹੈ, ਜਿਵੇਂ- ਕੇਸ਼ੋਦਾਸ/ਕੇਸ਼ਵ ਦਾਸ।

ਇਸ ਪ੍ਰਕਾਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਬੰਧ ਸੂਚਕ ਤਤਕਰੇ ਨੂੰ ਅਕਾਦਮਿਕਤਾ ਵਿਚ ਲੈ ਕੇ ਆਉਣ ਵਾਲਾ ਇਹ ਇਕ ਨਿਵੇਕਲਾ ਖੋਜ ਕਾਰਜ ਹੈ।

**4.**

**ਖੋਜ ਕਾਰਜ ਦਾ ਨਾਮ- ਗੁਰ ਪ੍ਰਤਾਪ ਸੂਰਯ ਮੇਂ ਪੌਰਾਣਿਕ ਤੱਤਵ (ਹਿੰਦੀ)**

**ਖੋਜਾਰਥਣ- ਦੇਵੇਂਦਰ ਕੌਰ ਸਾਹਨੀ**

**ਨਿਗਰਾਨ- ਡਾ. ਚੰਦਰ ਸ਼ੇਖਰ**

**ਵਿਭਾਗ ਦਾ ਨਾਮ- ਹਿੰਦੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1984**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ - ਅਪ੍ਰਕਾਸ਼ਿਤ**

ਇਸ ਖੋਜ ਕਾਰਜ ਦੇ ਕੁੱਲ ਚਾਰ ਅਧਿਆਇ ਹਨ। ਪਹਿਲਾ ਅਧਿਆਇ 'ਸੈਧਾਂਤਕ ਅਵਧਾਰਨਾਏਂ ਏਵਮ ਸੰਕਲਪਨਾਏਂ' ਪੁਰਾਣ ਦੇ ਵਿਭਿੰਨ ਪੱਖਾਂ ਦੀ ਜਾਣਕਾਰੀ ਨਾਲ ਸੰਬੰਧਿਤ ਹੈ। ਅਧਿਆਇ ਦੇ ਆਰੰਭ ਵਿਚ ਪੁਰਾਣ ਸ਼ਬਦ ਦੀ ਉਤਪਤੀ ਸੰਬੰਧੀ ਵਾਯੂ ਪੁਰਾਣ, ਬ੍ਰਹਿਮੰਡ ਪੁਰਾਣ, ਪਦਮ ਪੁਰਾਣ ਆਦਿ ਦੇ ਹਵਾਲੇ ਨਾਲ ਵਿਚਾਰ ਪੇਸ਼ ਕੀਤੇ ਹਨ। ਇਸ ਤੋਂ ਬਾਅਦ ਪੁਰਾਣ ਦੇ ਪੰਚਲਕਛਣ ਅਤੇ ਦਸਲਕਛਣ ਸੰਬੰਧੀ ਚਰਚਾ ਕਰਦੇ ਹੋਏ ਇਨ੍ਹਾਂ ਦੀ ਰਚਨਾ ਤੇ ਸੰਖਿਆ ਸੰਬੰਧੀ ਗੱਲ ਕੀਤੀ ਗਈ ਹੈ ਜਿਨ੍ਹਾਂ ਵਿਚ ਅਠਾਰਾਂ ਮੁੱਖ ਪੁਰਾਣ ਅਤੇ ਅਠਾਰਾਂ ਉਪ ਪੁਰਾਣ ਮੰਨ ਕੇ ਮੁੱਖ ਪੁਰਾਣਾਂ ਬਾਰੇ ਜਾਣਕਾਰੀ ਦਿੱਤੀ ਹੈ। ਪੁਰਾਣ ਅਤੇ ਇਤਿਹਾਸ ਦੇ ਸੰਬੰਧ ਬਾਰੇ ਵਿਚਾਰ ਦੇ ਕੇ ਇਨ੍ਹਾਂ ਦੇ ਵਿਸ਼ਿਆਂ, ਪ੍ਰਧਾਨ ਪ੍ਰਵਿਰਤੀਆਂ, ਰਚਨਾਕਾਰ, ਪੁਰਾਣਾਂ ਵਿਚ ਅਵਤਾਰਾਂ ਦੀ ਸੰਕਲਪਨਾ ਅਤੇ ਇਨ੍ਹਾਂ ਦੀ ਸ਼ੈਲੀ ਬਾਰੇ ਚਰਚਾ ਕੀਤੀ ਗਈ ਹੈ। ਖੋਜਾਰਥਣ

ਅਨੁਸਾਰ[9] ਪੁਰਾਣ ਸਾਹਿਤ ਦਾ ਭਾਰਤੀ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਕ ਵਿਸ਼ੇਸ਼ ਮਹੱਤਵ ਹੈ ਕਿਉਂਕਿ ਭਾਰਤੀ ਜਨਤਾ ਨੂੰ ਜਿਤਨਾ ਇਸ ਸਾਹਿਤ ਨੇ ਪ੍ਰਭਾਵਿਤ ਕੀਤਾ ਉਨ੍ਹਾਂ ਕਿਸੇ ਹੋਰ ਸਾਹਿਤ ਨੇ ਨਹੀਂ ਕੀਤਾ। ਅੰਤ ਵਿਚ ਪੁਰਾਣਾਂ ਦੀ ਪ੍ਰਮਾਣਿਕਤਾ ਸੰਬੰਧੀ ਕੁਮਾਰਿਲ ਦਾ ਹਵਾਲਾ[10] ਦੇ ਕੇ ਇਸ ਦੀ ਚਰਚਾ ਨਾਲ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਦੂਸਰਾ ਅਧਿਆਇ (ਮੁਖਯਸ਼ੇਤਰ: ਪਰੰਪਰਾ ਸਵਰੂਪ, ਸੀਮਾਏਂ) ਇਸ ਖੋਜ ਕਾਰਜ ਦੀ ਪਰੰਪਰਾ ਸਰੂਪ ਤੇ ਸੀਮਾਵਾਂ ਨਾਲ ਸੰਬੰਧਿਤ ਹੈ ਜਿਸ ਦੇ ਤਿੰਨ ਉਪਭਾਗ ਹਨ। ਅਧਿਆਇ ਦੇ ਪਹਿਲੇ ਭਾਗ ਵਿਚ ਪੰਜਾਬ ਵਿਚ ਪੁਰਾਣ ਸਾਹਿਤ ਅਤੇ ਪਰੰਪਰਾ ਬਾਰੇ ਜਾਣਕਾਰੀ ਦਿੰਦੇ ਹੋਏ ਹਨੂਮਾਨ ਨਾਟਕ, ਆਦਿ ਗ੍ਰੰਥ ਸਾਹਿਬ, ਭੱਟ ਬਾਣੀ, ਕੱਚੀ ਬਾਣੀ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ, ਜਨਮ-ਸਾਖੀ ਸਾਹਿਤ, ਦਸਮ ਗ੍ਰੰਥ, ਸਰਬ ਲੋਹ ਗ੍ਰੰਥ, ਨਾਨਕ ਵਿਜੈ ਗ੍ਰੰਥ, ਗੁਰ ਬਿਲਾਸ ਪਰੰਪਰਾ ਨੂੰ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ। ਦੂਸਰੇ ਭਾਗ ਵਿਚ ਪੰਜਾਬ ਅਤੇ ਸਿੱਖ ਗੁਰੂਆਂ ਨਾਲ ਸੰਬੰਧਿਤ ਸਾਹਿਤ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਸ਼੍ਰੇਣੀ ਵਿਚ ਬਚਿੱਤਰ ਨਾਟਕ, ਗੁਰ ਸੋਭਾ, ਜੰਗਨਾਮਾ, ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਸੁੱਖਾ ਸਿੰਘ, ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ, ਜਨਮ-ਸਾਖੀ ਗੁਰੂ ਨਾਨਕ ਸ਼ਾਹ ਕੀ ਨੂੰ ਸ਼ਾਮਿਲ ਕਰਦੇ ਹੋਏ ਇਨ੍ਹਾਂ ਰਚਨਾਵਾਂ ਬਾਰੇ ਜਾਣਕਾਰੀ ਵੀ ਪ੍ਰਦਾਨ ਕੀਤੀ ਹੈ। ਤੀਸਰਾ ਭਾਗ ਮਹਾਂਕਵੀ ਸੰਤੋਖ ਸਿੰਘ ਦੇ ਜੀਵਨ ਵਿਅਕਤਿਤਵ ਅਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਸੰਬੰਧਿਤ ਹੈ ਜਿਸ ਦੀ ਖੋਜ ਸੰਬੰਧੀ ਮੁਸ਼ਕਲਾਂ ਬਾਰੇ ਖੋਜਾਰਥਣ ਨੇ ਲਿਖਿਆ ਹੈ-*ਭਾਈ ਸੰਤੋਖ ਸਿੰਘ ਜੀ ਕੇ ਜੀਵਨ,* ਵਿਅਕਤਿਤਵ *ਏਵਮ ਕ੍ਰਿਤੀਤਵ ਕੀ ਖੋਜ ਕਰਨੇ ਕੇ ਲੀਏ ਬਹੁਤ ਕਠਿਨਾਈਓਂ ਕਾ ਸਾਹਮਣਾ ਕਰਨਾ ਪੜਾ। ਜਿਸਕਾ ਕਾਰਨ ਸਵਯਮ ਉਨ ਕੀ ਲਿਖੀ ਹੋਈ ਕੋਈ ਜੀਵਨੀ ਨਹੀਂ ਮਿਲਤੀ। ਉਸ ਸਮਯ ਸ਼ਾਯਦ ਯਹ ਪਰੰਪਰਾ ਹੀ ਥੀ ਕਿ ਮਹਾਨ ਕਾਰਜ ਕਰਨੇ ਕੇ ਲੀਏ ਭੀ ਅਪਨੇ ਆਪ ਕੋ ਛਿਪਾਕਰ ਹੀ ਰੱਖਾ ਜਾਏ। ਦੂਸਰਾ ਕਾਰਨ ਯਹ ਭੀ ਹੋ ਸਕਤਾ ਹੈ ਕਿ ਭਗਤ ਹ੍ਰਿਦਯ ਕਵੀ ਕੋ ਆਤਮ ਸ਼ਲਾਘਾ ਆਪਣੀ ਭਗਤੀ ਭਾਵਨਾ ਕੇ ਵਿਪਰੀਤ*

---

[9] ਪੰਨਾ 56

[10] ਪੰਨੇ 58-59

*ਪਰਤੀਤ ਹੁਈ ਹੋ।*[11]

ਭਾਈ ਸੰਤੋਖ ਸਿੰਘ ਦੀ ਜਨਮ ਮਿਤੀ 22 ਸਤੰਬਰ, 1788 ਈ. ਮੰਨਦੇ ਹੋਏ ਉਨ੍ਹਾਂ ਦੇ ਮਾਤਾ-ਪਿਤਾ, ਵਿੱਦਿਅਕ ਗੁਰੂ, ਬੂੜੀਏ ਨਿਵਾਸ, ਵਿਆਹ, ਪਟਿਆਲੇ ਨਿਵਾਸ, ਕੈਥਲ ਨਿਵਾਸ ਅਤੇ ਦੇਹਾਂਤ ਬਾਰੇ ਦੱਸਦੇ ਹੋਏ ਉਨ੍ਹਾਂ ਦੇ ਵਿਅਕਤਿਤਵ, ਰੰਗ-ਰੂਪ, ਆਕ੍ਰਿਤੀ ਅਤੇ ਰੋਜ਼ਾਨਾ ਦੇ ਨੇਮ ਬਾਰੇ ਚਾਨਣਾ ਪਾਇਆ ਹੈ। ਅੰਤ ਵਿਚ ਭਾਈ ਸੰਤੋਖ ਸਿੰਘ ਦੀਆਂ 11 ਰਚਨਾਵਾਂ ਨੂੰ ਤਿੰਨ ਭਾਗਾਂ- ਮੌਲਿਕ ਅਤੇ ਅਨੁਵਾਦਿਤ, ਬ੍ਰਹਦਾਕਾਰ ਅਤੇ ਲਘੂਵਾਕਾਰ, ਰਚਨਾਤਮਿਕ ਅਤੇ ਆਲੋਚਨਾਤਮਿਕ ਵਿਚ ਵੰਡਦੇ ਹੋਏ ਇਨ੍ਹਾਂ ਵਿੱਚੋਂ ਅੱਠ ਰਚਨਾਵਾਂ (ਪ੍ਰਸ਼ਨ ਵਿਧੀ, ਘਰ ਬਣਾਉਣ ਦੀ ਵਿਧੀ, ਗ੍ਰਹਿ ਨਛੱਤਰ ਰਾਸਿ ਨੂੰ ਛੱਡ ਕੇ) ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਹੈ।

ਤੀਸਰਾ ਅਧਿਆਇ 'ਪ੍ਰੀਕਸ਼ਣ ਏਵਮ ਵਿਸ਼ਲੇਸ਼ਣ' ਇਸ ਗ੍ਰੰਥ ਵਿਚ ਆਉਣ ਵਾਲੀਆਂ ਪੌਰਾਣਿਕ ਧਾਰਨਾਵਾਂ, ਪਰਿਕਲਪਨਾਵਾਂ, ਸੰਕਲਪਾਂ, ਮਾਨਤਾਵਾਂ, ਵਿਧੀਆਂ, ਭੂ ਖੰਡਾਂ ਅਤੇ ਪੌਰਾਣਿਕ ਚਰਿੱਤਰਾਂ ਦੀ ਪੜਚੋਲ ਨਾਲ ਸੰਬੰਧਿਤ ਹੈ। ਇਸ ਅਧਿਆਇ ਨੂੰ ਅੱਠ ਭਾਗਾਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਖੋਜਾਰਥਣ ਨੇ ਇਸ ਗ੍ਰੰਥ ਦੀਆਂ ਪੌਰਾਣਿਕ ਪਰੰਪਰਾ ਨਾਲ ਸੰਬੰਧਿਤ ਦਾਰਸ਼ਨਿਕ ਧਾਰਨਾਵਾਂ (ਬ੍ਰਹਮ ਲੋਕ, ਜਗਤ, ਜੀਵ, ਮਾਇਆ, ਰਿੱਧੀ-ਸਿੱਧੀ ਆਦਿ) ਬਾਰੇ ਦੱਸਦੇ ਹੋਏ ਇਸ ਗ੍ਰੰਥ ਵਿਚ ਆਉਣ ਵਾਲੇ ਵੱਖ-ਵੱਖ ਦੇਵੀ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਮਹੇਸ਼, ਅਗਨੀ, ਗਣਪਤੀ, ਯਮ, ਵਾਯੂ, ਕਾਮਦੇਵ, ਇੰਦਰ, ਸਰਸਵਤੀ, ਲੱਛਮੀ, ਅੰਬਿਕਾ, ਦਿਤੀ, ਅਦਿੱਤੀ, ਰਾਜਗੀਰੀ ਆਦਿ) ਦੇਵ ਲੋਕ (ਸਵਰਗ, ਬੈਕੁੰਠ, ਨਰਕ, ਵੈਤਰਨੀ) ਦੇਵ ਵਾਹਨ (ਗਰੁੜ, ਨੰਦੀ ਬਲਦ, ਹੰਸ, ਏਰਾਵਤ, ਤੁਰੰਗ) ਪੌਰਾਣਿਕ ਪ੍ਰਸੰਗਾਂ (ਰਾਮਾਇਣ, ਮਹਾਭਾਰਤ, ਅਵਤਾਰਾਂ ਅਤੇ ਰਾਜਿਆਂ ਦੇ ਪ੍ਰਸੰਗ) ਪੌਰਾਣਿਕ ਚਰਿੱਤਰਾਂ (ਭ੍ਰਿਗੂ, ਨਾਰਦ, ਵਿਸ਼ਵਾਮਿੱਤਰ, ਕਸ਼ਯਪ ਰਿਸ਼ੀ, ਗਾਲਵਰਿਸ਼ੀ, ਗੌਤਮ ਰਿਸ਼ੀ, ਵਿਸ਼ਵਕਰਮਾ, ਅਹਿਲਿਆ, ਮਧੂ ਕੈਟਭ, ਹਿਰਨਯਕਸ਼ਪ ਆਦਿ) ਅਤੇ ਭੂਤ, ਪ੍ਰੇਤ, ਪਿਸ਼ਾਚ ਆਦਿ ਬਾਰੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ ਤੁਲਨਾਤਮਿਕ ਵਿਚਾਰ ਪੇਸ਼ ਕੀਤੇ ਹਨ। ਇਨ੍ਹਾਂ ਦੇ ਇਸ ਗ੍ਰੰਥ ਵਿਚ ਆਏ ਵਰਨਣ ਤੋਂ ਪਹਿਲਾਂ ਖੋਜਾਰਥਣ

---

[11] ਪੰਨੇ *77-78*

ਨੇ ਸੰਬੰਧਿਤ ਵਸਤੂ, ਨਾਮ ਆਦਿ ਬਾਰੇ ਹਿੰਦੂ ਧਰਮ ਅਨੁਸਾਰ ਮੁੱਢਲੀ ਜਾਣਕਾਰੀ ਅਤੇ ਬਾਕੀ ਧਰਮਾਂ ਵਿੱਚੋਂ (ਜਿੱਥੇ ਸੰਭਵ ਹੋ ਸਕਿਆ) ਤੁਲਨਾਤਮਿਕ ਜਾਣਕਾਰੀ ਪ੍ਰਦਾਨ ਕੀਤੀ ਹੈ। ਉਦਾਹਰਣ ਵਜੋਂ, ਸਵਰਗ ਬਾਰੇ ਗੁਰ ਪ੍ਰਤਾਪ ਵਾਲੇ ਵਰਣਨ ਦੱਸਣ ਤੋਂ ਪਹਿਲਾਂ ਹਿੰਦੂ ਧਰਮ ਅਤੇ ਈਸਾਈ ਧਰਮ ਵਿਚ ਵੀ ਇਸ ਦੇ ਸੰਕਲਪ ਬਾਰੇ ਚਾਨਣਾ ਪਾਇਆ ਹੈ।

ਚੌਥਾ ਅਧਿਆਇ (ਮੁਲੰਕਣ) ਇਸ ਸਮੁੱਚੇ ਖੋਜ ਕਾਰਜ ਦੇ ਮੁਲੰਕਣ ਨਾਲ ਸੰਬੰਧਿਤ ਹੈ ਜਿਸ ਵਿਚ ਖੋਜਾਰਥਣ ਨੇ ਇਸ ਗ੍ਰੰਥ ਦੀ ਪੁਰਾਣਕ ਸ਼ੈਲੀ ਦੇ ਵੱਖ-ਵੱਖ ਪੱਖਾਂ ਦੀ ਹੀ ਚਰਚਾ ਕੀਤੀ ਹੈ। 'ਪੌਰਾਣਿਕ ਸ਼ੈਲੀ ਮੇਂ ਗੁਰ ਪ੍ਰਤਾਪ ਸੂਰਯ ਕਾ ਲੇਖਨ' ਨਾਮਕ ਅਧਿਆਇ ਦੇ ਇਸ ਹਿੱਸੇ ਵਿਚ ਭਾਈ ਸੰਤੋਖ ਸਿੰਘ ਦੀ ਪੌਰਾਣਿਕ ਵਰਨਣਾਤਮਿਕ ਵਰਗ ਨੂੰ ਤਿੰਨ ਪੱਖਾਂ ਰਾਹੀਂ ਦਰਸਾਇਆ ਹੈ[12]-

1. ਭਾਈ ਸੰਤੋਖ ਸਿੰਘ ਦੁਆਰਾ ਪੁਰਾਣਕਾਰਾਂ ਵਾਂਗ ਗੁਰੂ ਸਾਹਿਬਾਨ ਨੂੰ ਦੈਵੀ ਸਰੂਪ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਚਰਿੱਤਰ ਨਾਲ ਕਰਾਮਾਤੀ ਘਟਨਾਵਾਂ ਦਾ ਸਮਾਵੇਸ਼ ਕਰਨਾ।
2. ਗੁਰੂ ਸਾਹਿਬਾਨ ਦੇ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪੌਰਾਣਿਕ ਪਾਤਰਾਂ ਅਤੇ ਘਟਨਾਵਾਂ ਨਾਲ ਜੋੜ ਕੇ ਚਿਤ੍ਰਿਤ ਕਰਨਾ।
3. ਗੁਰੂ ਸਾਹਿਬਾਨ ਦੀ ਹਿੰਦੂ ਅਵਤਾਰਾਂ ਨਾਲ ਅਭੇਦਤਾ ਦਰਸਾਉਂਦੇ ਹੋਏ ਉਨ੍ਹਾਂ ਨੂੰ ਹਿੰਦੂ ਅਵਤਾਰਾਂ ਦੇ ਰੂਪ ਵਿਚ ਦਰਸਾਉਣਾ।

ਅੰਤ ਵਿਚ ਖੋਜ ਕਾਰਜ ਅਧੀਨ ਪੇਸ਼ ਕੀਤੇ ਗਏ ਵਰਣਨਾਂ ਅਤੇ ਹਵਾਲਿਆਂ ਦਾ ਮੁਲੰਕਣ ਕਰਦੇ ਹੋਏ ਇਸ ਅਧਿਆਇ ਦੀ ਸਮਾਪਤੀ ਕੀਤੀ ਗਈਹੈ।

ਚੌਥੇ ਅਧਿਆਇ ਦੀ ਸਮਾਪਤੀ ਤੋਂ ਬਾਅਦ 'ਪਰਿਸ਼ਿਸ਼ਟ' ਨਾਮ ਦੇ ਅਧਿਆਇ ਵਿਚ ਅੱਖਰ ਕ੍ਰਮ ਦੇ ਅਨੁਸਾਰ ਇਕ ਤਾਲਿਕਾ ਤਿਆਰ ਕੀਤੀ ਗਈ ਹੈ ਜਿਸ ਵਿਚ ਇਸ ਖੋਜ ਕਾਰਜ ਵਿਚ ਵਰਣਿਤ ਪੌਰਾਣਿਕ ਨਾਵਾਂ, ਥਾਂਵਾਂ, ਸੰਕਲਪਾਂ ਆਦਿ ਦੀ ਮੌਜੂਦਗੀ ਬਾਰੇ ਅਧਿਆਇ ਅਤੇ ਪੰਨਾ ਨੰਬਰ ਦੇ ਕੇ ਸੂਚੀ ਪ੍ਰਦਾਨ ਕੀਤੀ ਹੈ।

---

[12] ਪੰਨੇ 399-400

ਸਭ ਤੋਂ ਅਖੀਰ ਵਿਚ ਇਸ ਖੋਜ ਕਾਰਜ ਲਈ ਉਪਯੋਗ ਕੀਤੇ ਗਏ ਸਹਾਇਕ ਅਤੇ ਸੰਦਰਭ ਗ੍ਰੰਥਾਂ ਦੀ ਸੂਚੀ ਪ੍ਰਦਾਨ ਕੀਤੀ ਗਈ ਹੈ।

**5.**

**ਖੋਜ ਕਾਰਜ ਦਾ ਨਾਮ- Historical Analysis of Nanak Parkash by Bhai Santokh Singh**

**ਖੋਜਾਰਥੀ- ਸਬਿੰਦਰਜੀਤ ਸਿੰਘ ਸਾਗਰ**

**ਨਿਗਰਾਨ- ਡਾ. ਸੁਰਜੀਤ ਸਿੰਘ ਹੰਸ**

**ਵਿਭਾਗ ਦਾ ਨਾਮ- ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1985**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ - Historical Analysis of Nanak Parkash by Bhai Santokh Singh, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.**

ਗੁਰ ਨਾਨਕ ਪ੍ਰਕਾਸ਼ ਦੇ ਇਤਿਹਾਸਿਕ ਪੱਖ ਨਾਲ ਸੰਬੰਧਿਤ ਇਸ ਖੋਜ ਕਾਰਜ ਵਿਚ ਛੇ ਅਧਿਆਇ ਹਨ। ਪਹਿਲੇ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜਨਮ ਸਮੇਂ ਦੇ ਹਾਲਤਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜਨੀਤਿਕ ਉਥਾਨ, ਪ੍ਰਾਪਤੀਆਂ ਅਤੇ ਪ੍ਰਸ਼ਾਸਨ ਰਾਹੀਂ ਚਿਤ੍ਰਿਤ ਕੀਤਾ ਹੈ। ਅਧਿਆਇ ਵਿਚ ਮਹਾਰਾਜੇ ਦੇ ਜਨਮ, ਜਿੱਤਾਂ ਬਾਰੇ ਦੱਸ ਕੇ ਉਸ ਦੇ ਰਾਜ ਵਿਚ ਸਿੱਖ, ਮੁਸਲਮਾਨ, ਹਿੰਦੂ ਤੇ ਈਸਾਈ ਧਰਮਾਂ ਨੂੰ ਮੰਨਣ ਵਾਲਿਆਂ ਦੀ ਗਿਣਤੀ, ਪ੍ਰਤੀਸ਼ਤ ਅਤੇ ਉਨ੍ਹਾਂ ਦੇ ਸਮਾਜਿਕ-ਧਾਰਮਿਕ ਹਾਲਾਤਾਂ ਬਾਰੇ ਦੱਸਿਆ ਹੈ। ਭਾਈ ਸੰਤੋਖ ਸਿੰਘ ਦੇ ਜਨਮ, ਪਰਿਵਾਰ, ਪਿਛੋਕੜ, ਵਿੱਦਿਆ ਬਾਰੇ ਜਾਣਕਾਰੀ ਦੇ ਕੇ ਜਨਮ ਸਾਖੀ ਅਤੇ ਗੁਰ ਬਿਲਾਸ ਬਾਰੇ ਚਾਨਣਾ ਪਾਇਆ ਹੈ। ਇਸ ਤੋਂ ਬਾਅਦ ਕਵੀ ਜੀ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਹੈ।

ਦੂਸਰੇ ਅਧਿਆਇ ਵਿਚ ਨਾਨਕ ਪ੍ਰਕਾਸ਼ ਗ੍ਰੰਥ ਦੇ ਸਰੋਤਾਂ ਬਾਰੇ ਗੱਲ ਕੀਤੀ ਗਈ ਹੈ ਜਿਨ੍ਹਾਂ ਵਿਚ ਮੁੱਖ ਸ੍ਰੋਤ ਭਾਈ ਬਾਲਾ ਜਨਮ ਸਾਖੀ ਨੂੰ ਦੱਸਿਆ ਹੈ। ਗਿਆਨ ਰਤਨਾਵਲੀ ਨੂੰ ਵੀ ਇਸ ਗ੍ਰੰਥ ਦਾ ਸ੍ਰੋਤ ਦੱਸਦੇ ਹੋਏ ਵਾਰਾਂ ਭਾਈ ਗੁਰਦਾਸ, ਸਿਧ ਗੋਸਟਿ, ਹਿੰਦੂ ਮਿਥਿਹਾਸ, ਮਹਿਮਾ ਪ੍ਰਕਾਸ਼, ਸਿੱਖਾਂ ਦੀ ਭਗਤ

ਮਾਲਾ, ਮਿਹਰਬਾਨ ਵਾਲੀ ਜਨਮ ਸਾਖੀ, ਆਦਿ ਸਾਖੀਆਂ, B-40 ਜਨਮ ਸਾਖੀ ਤੇ ਪੁਰਾਤਨ ਜਨਮ ਸਾਖੀ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਖੋਜਾਰਥੀ ਅਨੁਸਾਰ ਪੂਰਬਾਰਧ ਦੇ 73 ਅਧਿਆਇਆਂ ਵਿੱਚੋਂ 51 ਅਧਿਆਇ ਬਾਲਾ ਜਨਮ ਸਾਖੀ ਵਿੱਚੋਂ, 4 ਅਧਿਆਇ ਪੁਰਾਤਨ ਜਨਮ ਸਾਖੀ, 3 ਅਧਿਆਇ ਮਿਹਰਬਾਨ ਵਾਲੀ ਜਨਮ ਸਾਖੀ 'ਤੇ ਆਧਾਰਿਤ ਹਨ ਅਤੇ 9 ਸਾਖੀਆਂ ਵੱਖ-ਵੱਖ ਸਰੋਤਾਂ ਵਿਚੋਂ ਹਨ। ਇਸੇ ਪ੍ਰਕਾਰ ਉਤਰਾਰਧ ਦੀਆਂ 57 ਸਾਖੀਆਂ ਵਿੱਚੋਂ 31 ਸਾਖੀਆਂ ਗਿਆਨ ਰਤਨਾਵਲੀ ਵਿਚੋਂ, 9 ਸਾਖੀਆਂ ਭਾਈ ਬਾਲਾ ਜਨਮ ਸਾਖੀ, 5 ਸਾਖੀਆਂ ਪੁਰਾਤਨ ਜਨਮ ਸਾਖੀ, 5 ਸਾਖੀਆਂ B-40 ਜਨਮ ਸਾਖੀ ਅਤੇ 2 ਮਿਹਰਬਾਨ ਵਾਲੀ ਜਨਮ ਸਾਖੀ 'ਤੇ ਆਧਾਰਿਤ ਹਨ। ਇਸ ਤੋਂ ਬਾਅਦ ਇਨ੍ਹਾਂ ਸਰੋਤਾਂ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਤੀਸਰੇ ਅਧਿਆਇ ਵਿਚ ਨਾਨਕ ਪ੍ਰਕਾਸ਼ ਨੂੰ ਜਨਮ ਸਾਖੀ ਵਰਗੇ ਸਾਹਿਤ ਹੋਣ ਸੰਬੰਧੀ ਵਿਚਾਰ ਦਿੱਤੇ ਗਏ ਹਨ ਜਿਸ ਨੂੰ ਆਰੰਭ ਵਿੱਚੋਂ ਮੈਕਲੋਡ ਦੇ ਕਥਨ ਦਾ ਹਵਾਲਾ ਦੇ ਕੇ ਆਧਾਰ ਬਣਾਇਆ ਗਿਆ ਹੈ। ਇਸ ਅਧਿਆਇ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਜਨਮ ਸਾਖੀ ਦੀ ਸ਼ੈਲੀ ਦਾ ਸੰਖੇਪ ਵਿਸ਼ਲੇਸ਼ਣ ਕੀਤਾ ਗਿਆ ਹੈ। ਦੂਸਰੇ ਭਾਗ ਵਿਚ ਨਾਨਕ ਪ੍ਰਕਾਸ਼ ਦਾ ਜਨਮ ਸਾਖੀ ਵਾਂਗ ਮੁਲੰਕਣ ਕੀਤਾ ਹੈ। ਤੀਸਰੇ ਭਾਗ ਵਿਚ ਸਮੁੱਚੇ ਅਧਿਐਨ ਦੀ ਚਰਚਾ ਕੀਤੀ ਹੈ।

ਚੌਥਾ ਅਧਿਆਇ ਭਾਈ ਸੰਤੋਖ ਸਿੰਘ ਦੇ ਸਿੱਖ ਇਤਿਹਾਸ ਸੰਬੰਧੀ ਵਿਚਾਰ ਦੀ ਚਰਚਾ ਨਾਲ ਸੰਬੰਧਿਤ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਕਲਾਤਮਕ ਇਤਿਹਾਸ ਅਤੇ ਭਾਈ ਸੰਤੋਖ ਸਿੰਘ ਨੇ ਇਤਿਹਾਸ ਦਾ ਨਾਮ ਦਿੱਤਾ ਹੈ ਜਿਸ ਵਿਚ ਇਤਿਹਾਸਿਕ-ਅਧਿਆਤਮਿਕ ਤੱਤ ਹਨ। ਖੋਜਾਰਥੀ ਅਨੁਸਾਰ ਭਾਈ ਸੰਤੋਖ ਸਿੰਘ ਭੂਤ ਕਾਲ ਅਤੇ ਇਸ ਦੀਆਂ ਘਟਨਾਵਾਂ ਵਿਚਕਾਰਲੇ ਦਲੀਲ ਪੂਰਵਕ ਸੰਬੰਧ ਸਮਝਣ ਵਿਚ ਅਸਫਲ ਰਹੇ ਹਨ। ਉਨ੍ਹਾਂ ਦਾ ਸਿੱਖ ਇਤਿਹਾਸ ਦਾ ਵਿਚਾਰ ਅਢੁਕਵਾਂ ਹੈ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਜ਼ਿਆਦਾਤਰ ਵਿਸ਼ਵਾਸ ਉੱਤੇ ਆਧਾਰਿਤ ਹੈ।

ਪੰਜਵੇਂ ਅਧਿਆਇ ਵਿਚ ਨਾਨਕ ਪ੍ਰਕਾਸ਼ ਦੁਆਰਾ ਵਰਣਿਤ 19 ਵੀਂ ਸਦੀ ਤੋਂ ਪਹਿਲਾਂ ਦੇ ਪੰਜਾਬ ਦੇ ਸਮਾਜਿਕ ਜੀਵਨ ਦੇ ਵਿਭਿੰਨ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਅਧਿਆਇ ਵਿਚ ਕਵੀ ਜੀ ਦੁਆਰਾ

ਦੱਸੇ ਗਏ ਹਿੰਦੂ-ਮੁਸਲਿਮ ਸਮਾਜਿਕ ਸੰਬੰਧਾਂ ਦੇ ਤਿੰਨ ਹਵਾਲੇ ਪੇਸ਼ ਕੀਤੇ ਗਏ ਹਨ ਅਤੇ ਗੁਰੂ ਨਾਨਕ ਦੇਵ ਜੀ ਦੇ ਮੱਤ ਦੇ ਵੱਖਰੇਪਣ ਦੀ ਗੱਲ ਕੀਤੀ ਹੈ। ਅਧਿਆਇ ਦੇ ਅੰਤ ਵਿਚ ਖੋਜਾਰਥੀ ਨੇ ਇਹ ਵਿਚਾਰ ਵੀ ਪੇਸ਼ ਕੀਤਾ ਹੈ ਕਿ ਕਵੀ ਸੰਤੋਖ ਸਿੰਘ ਇਸ ਤੱਥ ਤੋਂ ਸੁਚੇਤ ਸਨ ਕਿ ਸੰਸਕ੍ਰਿਤ ਔਖੀ ਭਾਸ਼ਾ ਹੋਣ ਕਾਰਨ ਗੁਰਬਾਣੀ ਆਮ ਲੋਕਾਂ ਦੀ ਭਾਸ਼ਾ ਵਿਚ ਹੈ ਪਰੰਤੂ ਉਨ੍ਹਾਂ ਦੀ ਆਪਣੀ ਰਚਨਾ ਬ੍ਰਜ ਭਾਸ਼ਾ ਵਿਚ ਹੈ।

ਅਖੀਰਲੇ ਅਧਿਆਇ ਵਿੱਚੋਂ ਇਸ ਗ੍ਰੰਥ ਦੇ ਰਾਜਨੀਤਿਕ ਵਿਚਾਰਾਂ ਦੀ ਗੱਲ ਕੀਤੀ ਗਈ ਹੈ ਅਤੇ ਅਧਿਆਇ ਦੇ ਆਰੰਭ ਵਿਚ ਇਸ ਸੰਬੰਧੀ ਬਾਬਰ ਦੀ ਜਿੱਤ ਅਤੇ ਪਠਾਣਾਂ ਦੀ ਹਾਰ ਦੇ ਹਵਾਲੇ ਪੇਸ਼ ਕੀਤੇ ਗਏ ਹਨ ਜਿਸ ਨੂੰ ਭਾਈ ਸੰਤੋਖ ਸਿੰਘ ਨੇ ਬਾਲਾ ਜਨਮ ਸਾਖੀ ਵਿਚੋਂ ਥੋੜ੍ਹੇ-ਬਹੁਤ ਬਦਲਾਅ ਨਾਲ ਸ਼ਾਮਿਲ ਕੀਤਾ ਹੈ। ਭਾਈ ਸੰਤੋਖ ਸਿੰਘ ਦੇ ਇਸ ਵਿਚਾਰ ਦਾ ਹਵਾਲਾ ਦਿੱਤਾ ਗਿਆ ਹੈ ਕਿ ਰਾਜਨੀਤਿਕ ਸ਼ਕਤੀ ਹੇਠਾਂ ਤੋਂ ਪ੍ਰਾਪਤ ਨਹੀਂ ਹੁੰਦੀ। ਇਸ ਦੈਵੀ ਵਰਦਾਨ ਦੀ ਪ੍ਰਾਪਤੀ ਕੇਵਲ ਤਪ ਦੁਆਰਾ ਹੁੰਦੀ ਹੈ ਪਰ ਇਹ ਗਿਰਾਵਟ ਵੱਲ ਵੀ ਲੈ ਜਾਂਦੀ ਹੈ। ਇਸ ਤੋਂ ਅੱਗੇ ਨਾਨਕ ਪ੍ਰਕਾਸ਼ ਵਿਚ ਆਏ ਬਾਬਰ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਵਾਲਾਂ ਜਵਾਬਾਂ ਦੀ ਚਰਚਾ ਵੀ ਕੀਤੀ ਹੈ।

ਅੰਤ ਵਿਚ ਨਾਨਕ ਪ੍ਰਕਾਸ਼ ਵਿਚ ਆਏ ਮੁਸਲਮਾਨਾਂ ਸੰਬੰਧੀ ਹਵਾਲਿਆਂ ਨੂੰ ਪੇਸ਼ ਕਰ ਕੇ ਕੰਵਲ ਨੈਨ ਦੀ ਸਾਖੀ ਦੇ ਹਵਾਲੇ ਤੋਂ ਬਾਅਦ ਵਿਚਾਰ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਇਸ ਤੋਂ ਬਾਅਦ ਸਮੁੱਚੇ ਥੀਸਿਸ ਦਾ ਸਿੱਟਾ ਦੇ ਕੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਅਧਿਆਇ ਕ੍ਰਮ ਅਨੁਸਾਰ ਸਰੋਤਾਂ ਦੀ ਇਕ ਸੂਚੀ ਦਿੱਤੀ ਗਈ ਹੈ ਅਤੇ ਅੰਤ ਵਿਚ ਪੁਸਤਕ ਸੂਚੀ ਤੋਂ ਪਹਿਲਾਂ ਥੀਸਿਸ ਵਿਚ ਆਈ ਤਕਨੀਕੀ ਸ਼ਬਦਾਵਲੀ ਦੀ ਅੱਖਰ-ਕ੍ਰਮ ਅਨੁਸਾਰ ਸੂਚੀ ਦਿੱਤੀ ਗਈ ਹੈ।

**6.**

**ਖੋਜ ਕਾਰਜ ਦਾ ਨਾਮ- ਭਾਈ ਸੰਤੋਖ ਸਿੰਘ ਕੀ ਭਗਤੀ ਭਾਵਨਾ: 'ਗੁਰ ਪ੍ਰਤਾਪ ਸੂਰਜ' ਔਰ 'ਗੁਰੂ ਨਾਨਕ ਪ੍ਰਕਾਸ਼' ਕੇ ਸੰਦਰਭ ਮੇਂ (ਹਿੰਦੀ)**

**ਖੋਜਾਰਥੀ- ਸੁਭਾਸ਼ ਚੰਦਰ ਸ਼ਰਮਾ**

**ਨਿਗਰਾਨ- ਡਾ. ਜੈ ਭਗਵਾਨ ਗੋਇਲ**

**ਵਿਭਾਗ ਦਾ ਨਾਮ**- **ਹਿੰਦੀ ਵਿਭਾਗ, ਕੁਰੁਕਸ਼ੇਤਰਾ ਯੂਨੀਵਰਸਿਟੀ, ਕੁਰੁਕਸ਼ੇਤਰਾ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ**- **1991**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ**- **ਅਪ੍ਰਕਾਸ਼ਿਤ**

ਖੋਜ ਕਾਰਜ ਨੂੰ ਛੇ ਭਾਗਾਂ ਵਿਚ ਵੰਡਦੇ ਹੋਏ ਆਰੰਭ ਵਿਚ ਭੂਮਿਕਾ ਦਿੱਤੀ ਗਈ ਹੈ ਜਿਸ ਵਿਚ ਉੱਤਰ ਭਾਰਤ ਦੀ ਗੁਰਮੁਖੀ ਲਿਪੀ ਵਾਲੀ ਹਿੰਦੀ ਭਾਸ਼ਾਈ ਸਾਹਿਤ ਪਰੰਪਰਾ ਬਾਰੇ ਦੱਸ ਕੇ ਇਸ ਖੋਜ ਕਾਰਜ ਦੇ ਛੇ ਅਧਿਆਇਆਂ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਪਹਿਲਾ ਅਧਿਆਇ ਭਾਈ ਸੰਤੋਖ ਸਿੰਘ ਦੇ ਵਿਅਕਤਿਤਵ ਅਤੇ ਰਚਨਾਵਾਂ ਨਾਲ ਸੰਬੰਧਿਤ ਹੈ ਜਿਸ ਵਿਚ ਉਨ੍ਹਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਦੂਸਰੇ ਅਧਿਆਇ ਵਿਚ ਵੇਦਾਂ, ਉਪਨਿਸ਼ਦਾਂ, ਰਾਮਾਇਣ, ਮਹਾਭਾਰਤ, ਵੈਸ਼ਨਵ ਭਗਤਾਂ, ਸ਼ੰਕਰਾਚਾਰੀਆ ਆਦਿ ਦੇ ਹਵਾਲਿਆਂ ਨਾਲ ਭਗਤੀ ਪਰੰਪਰਾ ਬਾਰੇ ਦੱਸ ਕੇ, ਆਲਵਾਰ ਭਗਤਾਂ ਦੀਆਂ ਸਿੱਖ ਗੁਰੂ ਸਾਹਿਬਾਨ ਅਤੇ ਭਾਈ ਸੰਤੋਖ ਨਾਲ ਭਗਤੀ ਦੀਆਂ ਸਮਾਨਤਾਵਾਂ ਬਾਰੇ ਚਾਨਣਾ ਪਾਇਆ ਹੈ। ਇਸ ਤੋਂ ਬਾਅਦ ਹਿੰਦੀ ਕਾਵਿ ਪਰੰਪਰਾ ਦੀ ਭਗਤੀ ਪਰੰਪਰਾ ਵਰਣਨ ਤੋਂ ਬਾਅਦ ਸਿੱਖ ਗੁਰੂ ਸਾਹਿਬਾਨ ਦੀ ਭਗਤੀ ਭਾਵਨਾ ਦੇ ਵਿਭਿੰਨ ਪੱਖਾਂ ਨੂੰ ਗੁਰਬਾਣੀ ਦੇ ਹਵਾਲਿਆਂ ਰਾਹੀਂ ਸਪਸ਼ਟ ਕੀਤਾ ਗਿਆ ਹੈ।

ਤੀਸਰਾ ਅਧਿਆਇ ਭਗਤੀ ਦੇ ਸਿਧਾਂਤਿਕ ਪਿਛੋਕੜ ਨਾਲ ਸੰਬੰਧਿਤ ਹੈ ਜਿਸ ਵਿਚ ਭਗਤੀ ਦੇ ਅਰਥ, ਸਰੂਪ ਤੇ ਕਿਸਮਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕਰਮ, ਗਿਆਨ ਅਤੇ ਯੋਗ ਨਾਲ ਭਗਤੀ ਦੇ ਸੰਬੰਧਾਂ ਬਾਰੇ ਦੱਸ ਕੇ ਭਗਤੀ ਦੇ ਨੌਂ ਰੂਪਾਂ- ਸ੍ਰਵਣ, ਕੀਰਤਨ, ਸਮ੍ਰਣ, ਪਾਦ (ਚਰਨ) ਸੇਵਨ, ਅਰਚਣ, ਦਾਸਯ (ਦਾਸ), ਸੰਖਯ (ਮਿੱਤਰ) ਭਾਵ, ਆਤਮ ਵਿਵੇਚਨ ਬਾਰੇ ਭਾਈ ਸੰਤੋਖ ਦੇ ਹਵਾਲੇ ਨਾਲ ਜਾਣਕਾਰੀ ਪ੍ਰਦਾਨ ਕੀਤੀ ਹੈ। ਇਸ ਤੋਂ ਬਾਅਦ ਪ੍ਰੇਮਾ ਭਗਤੀ ਅਤੇ ਪਰਾ ਭਗਤੀ ਬਾਰੇ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਵਿਚਾਰ ਪ੍ਰਗਟ ਕੀਤੇ ਹਨ।

ਚੌਥੇ ਅਧਿਆਇ ਵਿਚ ਖੋਜਾਰਥੀ ਨੇ ਭਾਈ ਸੰਤੋਖ ਸਿੰਘ ਦੀ ਭਗਤੀ ਭਾਵਨਾ ਨੂੰ ਪ੍ਰਸਤੁਤ ਕੀਤਾ ਹੈ। ਇਸ ਨੂੰ ਅੱਠ ਭਾਗਾਂ ਵਿਚ ਵੰਡਿਆ ਗਿਆ ਹੈ- ਨਿਰਗੁਣ ਅਤੇ ਸਰਗੁਣ ਭਗਤੀ, ਇਸ਼ਟ ਦੇਵ ਦੀ

ਭਗਤੀ, ਗੁਰੂਆਂ ਦੀ ਅਵਤਾਰੀ ਰੂਪ ਵਿਚ ਭਗਤੀ, ਬ੍ਰਹਮਾ ਵਿਸ਼ਨੂੰ ਮਹੇਸ਼ ਦੀ ਉਸਤਤ, ਦੇਵੀ ਦੀ ਉਸਤਤ, ਸਰਸਵਤੀ ਦੀ ਉਸਤਤ, ਗੁਰਬਾਣੀ ਦੀ ਉਸਤਤ ਅਤੇ ਭਗਤੀ ਦੇ ਦੂਸਰੇ ਤੱਤ ਜਿਨ੍ਹਾਂ ਵਿਚ ਸਦਾਚਾਰੀ ਤੱਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਅੱਠ ਭਾਗਾਂ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਰਾਹੀਂ ਸਪਸ਼ਟ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੀ ਭਗਤੀ ਦੇ ਚਾਰ ਉਪਕਰਨਾਂ- ਗੁਰੂ, ਹਉਮੈਂ ਤਿਆਗ, ਸਤਿਸੰਗਤ ਅਤੇ ਹੁਕਮ ਦਾ ਅਧਿਐਨ ਕੀਤਾ ਗਿਆ ਹੈ। ਖੋਜਾਰਥੀ ਅਨੁਸਾਰ ਇਹ ਗੁਰਮਤਿ ਦੇ ਪੰਥਕ ਮੁੱਲ ਹਨ। ਇਨ੍ਹਾਂ ਚਾਰ ਪੱਖਾਂ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਸਾਖੀਆਂ, ਹਵਾਲਿਆਂ ਅਤੇ ਵੱਖ-ਵੱਖ ਵਿਦਵਾਨਾਂ ਦੇ ਕਥਨਾਂ ਰਾਹੀਂ ਪੇਸ਼ ਕੀਤਾ ਹੈ।

ਖੋਜ ਪ੍ਰਬੰਧ ਦੇ ਛੇਵੇਂ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੀ ਭਗਤੀ ਭਾਵਨਾ ਵਾਲੇ ਅਜਿਹੇ ਤੱਤਾਂ ਬਾਰੇ ਚਾਨਣਾ ਪਾਇਆ ਹੈ ਜੋ ਦੂਸਰੇ ਮੱਤਾਂ ਨਾਲ ਮਿਲਦੇ ਜੁਲਦੇ ਹਨ। ਗੁਰਮਤਿ ਦੇ ਨਾਲ ਵੈਸ਼ਨਵਾਂ, ਸਾਕਤਾਂ, ਸ਼ਿਵ ਭਗਤਾਂ ਦੀ ਸੁਮੇਲ ਵਾਲੀ ਭਾਵਨਾ ਅਤੇ ਸਿੱਖ ਗੁਰੂਆਂ ਦੇ ਨਾਲ ਦੇਵੀ-ਦੇਵਤਿਆਂ ਦੀ ਉਪਮਾ ਦੀ ਸੁਮੇਲਤਾ ਨੂੰ ਇਸ ਗ੍ਰੰਥ ਦੀਆਂ ਵੱਖ-ਵੱਖ ਸਾਖੀਆਂ ਰਾਹੀਂ ਨਿਰੂਪਿਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਅਜਿਹੇ ਹਵਾਲੇ ਪੇਸ਼ ਕੀਤੇ ਗਏ ਹਨ ਜਿਨ੍ਹਾਂ ਰਾਹੀਂ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਉੱਪਰ ਵੈਸ਼ਨਵ ਜਾਂ ਸ਼ੈਵ ਮੱਤ ਆਦਿ ਦਾ ਪ੍ਰਤੱਖ ਪ੍ਰਭਾਵ ਵਿਖਾਈ ਦਿੰਦਾ ਹੈ ਅਤੇ ਗੁਰੂ ਸਾਹਿਬਾਨ ਨੂੰ ਹਿੰਦੂ ਦੇਵਤਿਆਂ ਦੇ ਅਵਤਾਰਾਂ ਦੇ ਬਰਾਬਰ ਦਿਖਾਇਆ ਗਿਆ ਹੈ। ਇਸ ਗ੍ਰੰਥ ਵਿਚਲੇ ਪੁਰਾਣੇ ਹਵਾਲਿਆਂ ਦੀ ਰੌਸ਼ਨੀ ਵਿਚ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਜਿਸ ਪ੍ਰਕਾਰ ਸਿੱਖ ਗੁਰੂਆਂ ਅਤੇ ਅਵਤਾਰਾਂ ਵਿਚ ਅਭੇਦਤਾ ਹੈ ਉਸੇ ਪ੍ਰਕਾਰ ਹਿੰਦੂ ਜਾਂ ਸਿੱਖਾਂ ਵਿਚ ਵੀ ਕੋਈ ਭੇਦ ਨਹੀਂ ਹੈ। ਖੋਜਾਰਥੀ ਨੇ ਸਿੱਟਾ ਕੱਢਦੇ ਹੋਏ ਗ੍ਰੰਥ ਵਿਚਲੀ ਅਜਿਹੀ ਭਾਵਨਾ ਨੂੰ ਹਿੰਦੂ ਅਤੇ ਸਿੱਖਾਂ ਦੀ ਸਮਾਜਿਕ ਅਤੇ ਸੰਸਕ੍ਰਿਤਕ ਅਭੇਦਤਾ ਦਰਸਾਉਣ ਵਾਲੀ ਕਿਹਾ ਹੈ। ਖੋਜਾਰਥੀ ਦਾ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਦੱਸਣ ਦਾ ਸੰਕੇਤ ਦੇਣ ਵਾਲਾ ਇਹ ਵਿਚਾਰ ਸਿਧਾਂਤਕ ਤੌਰ ’ਤੇ ਠੀਕ ਨਹੀਂ।

ਇਸ ਤੋਂ ਬਾਅਦ ਉਪਸੰਹਾਰ ਵਿਚ ਸਮੁੱਚੇ ਖੋਜ ਪ੍ਰਬੰਧ ਦਾ ਅਧਿਆਇ ਅਨੁਸਾਰ ਸਿੱਟਾ ਕੱਢਣ ਤੋਂ

ਬਾਅਦ ਪੁਸਤਕ ਸੂਚੀ ਦੇ ਕੇ ਖੋਜ ਪ੍ਰਬੰਧ ਦੀ ਸਮਾਪਤੀ ਕੀਤੀ ਹੈ।

**7.**

**ਖੋਜ ਕਾਰਜ ਦਾ ਨਾਮ- The Idea of Sikh Rahit in Sri Gurpartap Suraj Granth By Santokh Singh**

**ਖੋਜਾਰਥਣ- ਹਰਪਿੰਦਰ ਜੀਤ ਕੌਰ**

**ਨਿਗਰਾਨ- ਡਾ. ਐੱਸ.ਐੱਸ. ਹੰਸ**

**ਵਿਭਾਗ ਦਾ ਨਾਮ- ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1996**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਅਪ੍ਰਕਾਸ਼ਿਤ**

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਸਿੱਖ ਰਹਿਤ ਨਾਲ ਸੰਬੰਧਿਤ ਇਸ ਖੋਜ ਕਾਰਜ ਦੇ ਕੁੱਲ ਅੱਠ ਅਧਿਆਇ ਹਨ।

ਪਹਿਲਾ ਅਧਿਆਇ ਸਿੱਖ ਰਹਿਤਨਾਮਿਆਂ ਦੇ ਪਿਛੋਕੜ ਨਾਲ ਸੰਬੰਧਿਤ ਹੈ ਜਿਸ ਵਿਚ ਅਕਾਦਮਿਕ ਤੌਰ ਤੇ ਪਹਿਲਾਂ ਰਹਿਤਨਾਮਾ ਡਬਲਿਊ ਐੱਚ ਮੈਕਲੋਡ ਦੁਆਰਾ 1987 ਈ. ਵਿਚ ਨਿਊਜ਼ੀਲੈਂਡ ਵਿਚ ਛਪਣ ਦੀ ਗੱਲ ਕੀਤੀ ਗਈ ਹੈ। ਗੁਰੂ ਸਾਹਿਬਾਨ ਦੇ ਸਮੇਂ ਹੋਏ ਰਹਿਤਨਾਮੇ ਦੇ ਵਿਕਾਸ ਬਾਰੇ ਚਾਨਣਾ ਪਾਉਂਦੇ ਹੋਏ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਸਿੱਖ ਰਹਿਤ ਦੇ ਅੰਸ਼ ਦੱਸੇ ਗਏ ਹਨ। ਭਾਈ ਸੰਤੋਖ ਸਿੰਘ ਦਾ ਜਨਮ 1787 ਈ. ਅਤੇ ਦੇਹਾਂਤ 1844 ਈ. ਵਿਚ ਹੋਇਆ ਦੱਸ ਕੇ ਸਿੱਖ ਇਤਿਹਾਸ ਦੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਖੋਜਾਰਥਣ ਅਨੁਸਾਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਇਤਿਹਾਸ ਵਿਸਥਾਰਤ ਇਤਿਹਾਸ ਹੈ। ਰਹਿਤ ਅਤੇ ਇਤਿਹਾਸ ਦੇ ਸੰਬੰਧ ਬਾਰੇ ਗੱਲ ਕਰਦੇ ਹੋਏ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਨੂੰ ਸਿੰਘ ਸਭਾ ਦੇ ਪ੍ਰੋਗਰਾਮ ਅਧੀਨ ਹੋਣ ਵਾਲਾ ਕਾਰਜ ਦੱਸਿਆ ਹੈ। ਸਿੱਖ ਰਹਿਤਨਾਮਿਆਂ ਦੇ ਕਈ ਰੋਚਕ ਉਲੰਘਣਾ ਵਾਲੇ ਪੱਖ ਦੱਸਦੇ ਹੋਏ ਰਹਿਤਨਾਮਿਆਂ ਦੇ ਸੰਸਾਰ ਨੂੰ ਅਸਪਸ਼ਟ ਸੰਸਾਰ ਕਿਹਾ ਹੈ। ਭਾਈ ਸੰਤੋਖ ਸਿੰਘ ਬਾਰੇ ਇਹ ਵਿਚਾਰ ਦਿੱਤਾ ਗਿਆ ਹੈ ਕਿ ਉਹ

ਸਿੱਖ ਰਹਿਤ ਦੀ ਇਤਿਹਾਸਿਕ ਨਿਰੰਤਰਤਾ ਦੇ ਪ੍ਰਸ਼ਨ ਨੂੰ ਹੱਲ ਨਹੀਂ ਕਰ ਸਕੇ।

ਦੂਸਰੇ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੀ ਨਿਤਾਪ੍ਰਤਿ ਕਿਰਿਆ ਦਾ ਵਰਣਨ ਕੀਤਾ ਹੈ ਕਿ ਅੰਮ੍ਰਿਤ ਵੇਲੇ ਜਾਗਣਾ, ਕੀਰਤਨ ਤੇ ਗੁਰਬਾਣੀ ਪਾਠ ਉਨ੍ਹਾਂ ਦਾ ਮੁੱਖ ਆਧਾਰ ਸੀ।ਇਸ ਗ੍ਰੰਥ ਦੇ ਹਵਾਲੇ ਨਾਲ ਇਹ ਗੱਲ ਪੇਸ਼ ਕੀਤੀ ਗਈ ਹੈ ਕਿ ਗੁਰੂ ਸਾਹਿਬਾਨ ਸਿੱਖਾਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਸਮੇਂ-ਸਮੇਂ ’ਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਸਨ। ਇਸ ਸੰਬੰਧੀ ਰਾਸਿ ਤੀਜੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਇਕ ਸਿੱਖ ਦੇ ਪ੍ਰਸ਼ਨ ਦੇ ਜਵਾਬ ਵਿਚ ਉਸ ਨੂੰ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ, ਸ਼ਬਦ ਵਿਚਾਰਨ, ਨਿਮਰਤਾ ਧਾਰ ਕੇ ਹੰਕਾਰ ਛੱਡਣ ਅਤੇ ਗੁਰਸਿੱਖਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ।

ਇਸ ਤੋਂ ਬਾਅਦ ਗੁਰਸਿੱਖੀ ਜੀਵਨ ਵਿਚ ਨਾਮ, ਦਸਵੰਧ, ਕਥਾ, ਕੀਰਤਨ ਦੀ ਮਹੱਤਤਾ ਦੀ ਗੱਲ ਕੀਤੀ ਗਈ ਹੈ ਅਤੇ ਗੁਰੂ ਸਾਹਿਬ ਦੇ ਗੁਰਬਾਣੀ ਦੇ ਸਤਿਕਾਰ ਵਾਲੇ ਉਪਦੇਸ਼ ਦਾ ਜ਼ਿਕਰ ਕੀਤਾ ਗਿਆ ਹੈ। ਅੰਤ ਵਿਚ ਭਾਈ ਸੰਤੋਖ ਸਿੰਘ ਦੇ ਉਨ੍ਹਾਂ ਕਥਨਾਂ ਦੀ ਚਰਚਾ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਨੇ ਕੁੱਝ ਖ਼ਾਸ ਬਾਣੀਆਂ ਨੂੰ ਦੁੱਖਾਂ, ਬਿਮਾਰੀਆਂ ਅਤੇ ਪਾਪਾਂ ਦਾ ਨਾਸ਼ ਕਰ ਕੇ; ਚਾਰ ਪਦਾਰਥ, ਜਨਮ-ਮਰਨ ਤੋਂ ਮੁਕਤੀ ਅਤੇ ਹੋਰ ਪ੍ਰਾਪਤੀਆਂ ਦੇਣ ਵਾਲੀਆਂ ਦੱਸਿਆ ਹੈ। ਖੋਜਾਰਥਣ ਦੁਆਰਾ ਇਸ ਨੂੰ ਧਰਮ ਦਾ ਜਾਦੂ ਵਿਚ ਬਦਲ ਜਾਣ ਦਾ ਨਾਮ ਦਿੱਤਾ ਗਿਆ ਹੈ।

ਤੀਸਰੇ ਅਧਿਆਇ ਵਿਚ ਗੁਰਦੁਆਰੇ ਸੰਬੰਧੀ ਦੱਸਿਆ ਗਿਆ ਹੈ ਕਿ ਇਹ ਪ੍ਰਤੀਕਾਤਮਿਕ ਢਾਂਚਾ ਹੁੰਦਾ ਹੈ ਜੋ ਕੌਮ ਦੇ ਰੂਪ ਨੂੰ ਗੌਰਵ ਪ੍ਰਦਾਨ ਕਰਦਾ ਹੈ। ਭਾਈ ਸੰਤੋਖ ਸਿੰਘ ਦੇ ਅਨੁਸਾਰ ਗੁਰੂ ਸਾਹਿਬਾਨ ਦੇ ਇਤਿਹਾਸਿਕ ਹਵਾਲਿਆਂ ਨਾਲ ਗੁਰਦੁਆਰਾ ਸਾਹਿਬਾਨ ਦੇ ਹੋਂਦ ਵਿਚ ਆਉਣ ਬਾਰੇ ਦੱਸਿਆ ਹੈ ਕਿ ਕਿਸ ਤਰ੍ਹਾਂ ਇਤਿਹਾਸਿਕ ਕ੍ਰਮ ਅਨੁਸਾਰ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਦੁਆਰੇ ਉਸਾਰੇ ਗਏ। ਉਨ੍ਹਾਂ ਨੇ ਬਾਬਾ ਬੁੱਢਾ ਜੀ ਦੀ ਯਾਦ ਵਿਚ ਉਸਾਰੇ ਗਏ ਗੁਰਦੁਆਰੇ ਬਿਬੇਕ ਸਰ ਦਾ ਵੀ ਜ਼ਿਕਰ ਕੀਤਾ ਹੈ। ਸ੍ਰੀ ਗੁਰ ਪ੍ਰਤਾਪ ਦੇ ਉਨ੍ਹਾਂ ਪ੍ਰਸੰਗਾਂ ਦੇ ਹਵਾਲੇ ਦਿੱਤੇ ਗਏ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੁਆਰਾ ਪੂਰਵਲੇ ਗੁਰੂ ਸਾਹਿਬਾਨ ਦੀ ਯਾਦ ਵਿਚ ਗੁਰਦੁਆਰੇ ਉਸਾਰੇ ਜਾਣ ਦੇ ਵੇਰਵੇ ਪ੍ਰਾਪਤ ਹੁੰਦੇ ਹਨ। ਭਾਈ ਸੰਤੋਖ ਸਿੰਘ

ਦੁਆਰਾ ਸ੍ਰੀ ਅੰਮ੍ਰਿਤਸਰ ਦੀ ਦੱਸੀ ਮਹਾਨਤਾ ਬਾਰੇ ਵੀ ਚਾਨਣਾ ਪਾਇਆ ਹੈ ਕਿ ਇਹ ਸਾਰੇ ਤੀਰਥਾਂ ਤੋਂ ਉੱਤਮ ਹੈ ਜਿੱਥੇ ਹਰ ਪ੍ਰਕਾਰ ਦੇ ਪਦਾਰਥ ਅਤੇ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਅੱਗੇ ਹਰਿਮੰਦਰ ਸਾਹਿਬ ਵਿਚ ਸਿੱਖਾਂ ਦੁਆਰਾ ਨਿਭਾਈ ਜਾਣ ਵਾਲੀ ਮਰਿਆਦਾ ਬਾਰੇ ਦੱਸਿਆ ਗਿਆ ਹੈ। ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਾਂਦੇੜ ਵਿਚ ਸਥਾਨ ਬਣਾਉਣ ਵਾਲੇ ਦੇ ਪਰਿਵਾਰ ਦਾ ਨਾਸ ਹੋਣ ਵਾਲੇ ਬਚਨ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਮਸੰਦਾਂ ਦੁਆਰਾ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰਨ ਦੇਣ ਸੰਬੰਧੀ ਵਿਚਾਰ ਕੀਤੀ ਹੈ।

ਚੌਥੇ ਅਧਿਆਇ ਦੇ ਆਰੰਭ ਵਿਚ ਉਹ ਹਵਾਲੇ ਪੇਸ਼ ਕੀਤੇ ਗਏ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਨੂੰ ਹਿੰਦੂ ਦੇਵੀ ਦੇਵਤਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਗੁਰੂ ਸਾਹਿਬਾਨ ਦੀ ਮਹਿਮਾ ਵਾਲੇ ਹਵਾਲੇ ਸ਼ਾਮਿਲ ਕੀਤੇ ਗਏ ਹਨ। ਸਿੱਖ ਅਤੇ ਗੁਰੂ ਦੇ ਸੰਬੰਧ ਬਾਰੇ ਵਿਚਾਰ ਦਿੱਤਾ ਗਿਆ ਹੈ ਕਿ ਜੇਕਰ ਸਿੱਖ ਗੁਰੂ ਉੱਪਰ ਸਦਾ ਹੀ ਭਰੋਸਾ ਬਣਾ ਕੇ ਰੱਖੇ ਤਾਂ ਸਿੱਖ ਉੱਪਰ ਗੁਰੂ ਹਮੇਸ਼ਾ ਕਿਰਪਾਲੂ ਅਤੇ ਦਿਆਲੂ ਰਹਿੰਦਾ ਹੈ। ਗੁਰੂ ਨੂੰ ਪਰਮਾਤਮਾ ਦੇ ਸਮਾਨ ਦੱਸਿਆ ਹੈ ਜੋ ਦੈਵੀ ਪ੍ਰਕਾਸ਼ ਵਾਂਗ ਹੈ। ਇਸ ਸੰਬੰਧੀ ਸਾਈਂ ਮੀਆਂ ਮੀਰ, ਬੀਬੀ ਕੌਲਾਂ, ਭਾਈ ਮਤੀ ਦਾਸ, ਭਾਈ ਮੱਖਣ ਸ਼ਾਹ ਲੁਬਾਣਾ ਆਦਿ ਦੇ ਗੁਰੂ ਪਿਆਰ ਵਾਲੇ ਹਵਾਲੇ ਦਿੱਤੇ ਹਨ। ਭਾਈ ਸੰਤੋਖ ਸਿੰਘ ਅਨੁਸਾਰ ਦੱਸੇ ਗਏ ਚਾਰ ਪ੍ਰਕਾਰ ਦੇ ਗੁਰੂਆਂ ਦੀ ਚਰਚਾ ਕਰਕੇ ਗੁਰੂ ਅਮਰਦਾਸ ਜੀ ਦੀ ਨਿਮਰਤਾ ਬਾਰੇ ਦੱਸਦੇ ਹੋਏ ਗੁਰੂ ਅਰਜਨ ਦੇਵ ਜੀ ਦੁਆਰਾ ਹਰਿਮੰਦਰ ਸਾਹਿਬ ਦੀ ਦੱਸੀ ਗਈ ਮਹਾਨਤਾ ਰਾਹੀਂ ਸਮਾਪਤੀ ਕੀਤੀ ਗਈ ਹੈ।

ਪੰਜਵੇਂ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਸਿੱਖ ਆਪਣੀ ਯਾਤਰਾ ਦਾ ਆਰੰਭ ਗੁਰੂ ਸਾਹਿਬ ਦੇ ਦਰਸ਼ਨਾਂ ਨਾਲ ਕਰਦੇ ਹਨ। ਇਸ ਸੰਬੰਧੀ ਉਨ੍ਹਾਂ ਨੇ ਭਾਈ ਸੰਤੋਖ ਸਿੰਘ ਦੁਆਰਾ ਲਿਖੇ ਇਤਿਹਾਸਿਕ ਹਵਾਲੇ ਦਿੱਤੇ ਹਨ ਕਿ ਗੁਰੂ ਸਾਹਿਬਾਨ ਆਪਣੇ ਪੂਰਵਲੇ ਗੁਰੂ ਸਾਹਿਬਾਨ ਦੇ ਅਸਥਾਨਾਂ ’ਤੇ ਨਤਮਸਤਕ ਹੁੰਦੇ ਸਨ। ਹਿੰਦੂ ਧਰਮ ਦੇ ਮੁਕਾਬਲੇ ਸਿੱਖ ਧਰਮ ਵਿਚ ਧਾਰਮਿਕ ਕਰਮ- ਕਾਂਡਾਂ ਦੀ ਬਹੁਤਾਤ ਨਾ ਹੋਣ ਅਤੇ ਸਿੱਖ ਰਹਿਤ ਦੇ ਵੱਖਰੇਪਣ ਗੱਲ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਦੁਆਰਾ ਦਿੱਤੇ ਗਏ ਤਿੰਨ ਵੇਦਾਂਤਕ ਵਿਚਾਰਾਂ- ਸੱਤ, ਚਿੱਤ, ਅਨੰਦ ਬਾਰੇ ਦੱਸਿਆ ਹੈ ਜਿਨ੍ਹਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ

ਮਾਤਰ ਜ਼ਿਕਰ ਹੈ।

ਇਸ ਤੋਂ ਅੱਗੇ ਜਾ ਕੇ ਸਿੱਖੀ ਰਹਿਤ ਦੇ ਇਤਿਹਾਸਿਕ ਪੱਖ ਬਾਰੇ ਦੱਸਿਆ ਹੈ ਕਿ ਇਹ ਸਿੱਖੀ ਜੀਵਨ ਦਾ ਆਧਾਰ ਰਹੀ ਹੈ, ਜਿਵੇਂ- ਨਾਮ, ਬਾਣੀ, ਇਸ਼ਨਾਨ, ਇਤਿਹਾਸ, ਪ੍ਰੇਮ, ਨਿਮਰਤਾ, ਦਸਵੰਧ, ਤਮਾਕੂ ਦੀ ਮਨਾਹੀ ਆਦਿ। ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਇਹ ਵਿਚਾਰ ਪੇਸ਼ ਕੀਤਾ ਹੈ ਕਿ ਗਊ ਹੱਤਿਆ ਅਤੇ ਤਮਾਕੂ ਭਾਰਤ ਵਿਚ ਅਜਮੇਰ ਦਾ ਪੀਰ ਲੈ ਕੇ ਆਇਆ। ਇਸ ਗ੍ਰੰਥ ਦੇ ਆਧਾਰ 'ਤੇ ਸਿੱਖ ਧਰਮ ਦੇ ਅੰਮ੍ਰਿਤ ਸੰਚਾਰ ਅਤੇ ਰਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਸ ਵਿੱਚੋਂ ਕਰਨਯੋਗ ਅਤੇ ਨਾ ਕਰਨਯੋਗ ਕੰਮਾਂ ਬਾਰੇ ਗੁਰ ਇਤਿਹਾਸ ਵਿੱਚੋਂ ਹਵਾਲੇ ਦੇ ਕੇ ਵਿਸਥਾਰ ਸਾਹਿਤ ਦੱਸਿਆ ਗਿਆ ਹੈ। ਖੋਜਾਰਥਣ ਅਨੁਸਾਰ[13] ਇਸ ਗ੍ਰੰਥ ਦੇ ਰੁੱਤ 5 ਦੇ ਅੰਸੂ 35 ਨੂੰ ਸਿੱਖ ਰਹਿਤਨਾਮੇ ਦੀ ਪ੍ਰਤਿਲਿਪੀ ਦੇ ਤੌਰ 'ਤੇ ਸਮਰਪਿਤ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚੋਂ ਅਜਿਹੇ ਕਈ ਹਵਾਲੇ ਦਿੱਤੇ ਗਏ ਹਨ ਜਿਨ੍ਹਾਂ ਵਿੱਚੋਂ ਸਿੱਖੀ ਰਹਿਤ ਦੀ ਝਲਕ ਮਿਲਦੀ ਹੈ, ਜਿਵੇਂ[14]- ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਨੂੰ ਵਿਰਲਾਪ ਕਰਨ ਤੋਂ ਰੋਕਣਾ।

ਇਸ ਅਧਿਆਇ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਧਾਰਮਿਕ ਤੌਰ ਤੇ ਉੱਚੇ ਸਿੱਖ ਨੂੰ ਗੁਰੂ ਦਾ ਰੂਪ ਮੰਨ ਕੇ ਹੀ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ, ਜਿਵੇਂ- ਭਾਈ ਰਾਮ ਕੁਇਰ, ਭਾਈ ਮੱਥੋ ਮੁਰਾਰੀ, ਬਾਬਾ ਬੁੱਢਾ ਜੀ ਆਦਿ। ਸੰਗਤ, ਸੇਵਾ, ਅਰਦਾਸ, ਦੀਵਾਨ, ਗੁਰਬਾਣੀ ਪਾਠ ਦੇ ਪੜ੍ਹਨ, ਕੜਾਹਿ ਪ੍ਰਸਾਦਿ ਆਦਿ ਦੇ ਮਹੱਤਵ ਅਤੇ ਮਰਿਆਦਾ ਬਾਰੇ ਜਾਣਕਾਰੀ ਦੇ ਕੇ ਗੁਰੂ ਸਾਹਿਬਾਨ ਦੇ ਬ੍ਰਾਹਮਣਾਂ ਪ੍ਰਤੀ ਹਾਂ ਪੱਖੀ ਵਰਤਾਰੇ ਬਾਰੇ ਚਾਨਣਾ ਪਾਇਆ ਹੈ ਕਿ ਉਹ ਬ੍ਰਾਹਮਣਾਂ ਦਾ ਦਾਨ ਆਦਿ ਨਾਲ ਸਤਿਕਾਰ ਕਰਦੇ ਸਨ। ਅੰਤ ਵਿਚ ਸਿੱਖ ਧਰਮ ਅੰਦਰ ਹਥਿਆਰਾਂ ਦੀ ਮਹੱਤਤਾ ਬਾਰੇ ਦੱਸ ਕੇ ਸਿੱਖ ਧਰਮ ਦੇ ਬ੍ਰਾਹਮਣਾਂ ਅਤੇ ਸਖੀ ਸਰਵਰਾਂ ਨਾਲ ਸੰਬੰਧਾਂ ਦੀ ਤੁਲਨਾ ਕੀਤੀ ਗਈ ਹੈ।

ਛੇਵੇਂ ਅਧਿਆਇ ਦੇ ਆਰੰਭ ਵਿਚ ਭਾਈ ਸੰਤੋਖ ਸਿੰਘ ਦੇ ਵਿਚਾਰਾਂ ਬਾਰੇ ਚਰਚਾ ਕੀਤੀ ਹੈ ਕਿ

---

[13] ਪੰਨਾ 158

[14] ਪੰਨਾ 168

ਉਨ੍ਹਾਂ ਦੀ ਰਚਨਾ ਉੱਪਰ ਵੇਦਾਂਤਕ ਰੰਗ ਦੀ ਚੜ੍ਹਤ ਹੈ, ਜਿਵੇਂ- ਦੇਵੀ ਦੇਵਤਿਆਂ ਦੇ ਮੰਗਲਾਚਰਨ ਕਰਨਾ ਅਤੇ ਗੁਰ ਇਤਿਹਾਸ ਵਿਚ ਵੇਦਾਂਤਕ ਰੰਗਤ। ਇਸ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ ਦੇ ਨਾਮ, ਕਰਮ, ਭਗਤੀ, ਮਾਇਆ, ਗੁਰੂ, ਵਾਹਿਗੁਰੂ ਗੁਰਮੰਤਰ, ਚਰਨ ਪਾਹੁਲ, ਖੰਡੇ ਦੀ ਪਾਹੁਲ ਆਦਿ ਬਾਰੇ ਵਿਚਾਰਾਂ ਨੂੰ ਪੇਸ਼ ਕੀਤਾ ਹੈ ਜਿਨ੍ਹਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਪੰਜਾਬੀ ਭਾਸ਼ਾ ਵਾਲੇ ਵੇਦ ਹਨ। ਖਾਣ-ਪੀਣ ਦੇ ਪਦਾਰਥਾਂ ਦਾ ਦੇਵੀ ਦੇਵਤਿਆਂ ਨਾਲ ਸੰਬੰਧ ਜੋੜ ਕੇ ਇਨ੍ਹਾਂ ਦਾ ਮਾਨਵੀਕਰਨ ਕਰਕੇ ਵਿਚਾਰ ਦਿੱਤਾ ਹੈ ਕਿ ਵਾਹਿਗੁਰੂ ਕਹਿ ਕੇ ਖਾਣ ਨਾਲ ਸਾਰੇ ਦੇਵਤਿਆਂ ਨੂੰ ਭੋਜਨ ਖਵਾ ਦਿੱਤਾ ਜਾਂਦਾ ਹੈ। ਇਸੇ ਲਈ ਸਿੱਖ ਬ੍ਰਾਹਮਣਾਂ ਨੂੰ ਭੋਜਨ ਨਾ ਕਰਵਾ ਕੇ ਸਿੱਖਾਂ ਨੂੰ ਭੋਜਨ ਖਵਾਉਂਦੇ ਹਨ।

ਸਿੱਖਾਂ ਲਈ ਗੁਰੂ ਸਾਹਿਬਾਨ ਦੁਆਰਾ ਸਥਾਪਤ ਕੀਤੇ ਸਥਾਨ, ਗੰਗਾ ਵਰਗੇ ਤੀਰਥਾਂ ਤੋਂ ਉੱਪਰ ਹਨ ਜਿੱਥੇ ਕਲਯੁੱਗ ਵਿਚ ਸੱਤਯੁੱਗ ਵਰਤਦਾ ਹੈ। ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਗੁਰਸਿੱਖਾਂ ਨੂੰ ਪੌਰਾਣਿਕ ਪਾਤਰਾਂ ਤੇ ਘਟਨਾਵਾਂ ਨਾਲ ਜੋੜਨ ਵਾਲੇ ਪ੍ਰਸੰਗ ਵੀ ਇਸ ਅਧਿਆਇ ਵਿਚ ਪੇਸ਼ ਕੀਤੇ ਹਨ। ਇਸ ਤੋਂ ਅੱਗੇ ਜਾ ਕੇ ਮੁਗ਼ਲ ਹਕੂਮਤ ਦੇ ਆਰੰਭ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਇਸ ਦੇ ਖ਼ਾਤਮੇ ਅਤੇ ਦੇਵੀ ਦੁਆਰਾ ਖ਼ਾਲਸਾ ਪੰਥ ਦੀ ਸਹਾਇਤਾ ਦੀ ਗੱਲ ਕੀਤੀ ਗਈ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਹਾਨਤਾ ਦੱਸਦੇ ਹੋਏ ਲਿਖਿਆ ਹੈ ਕਿ ਵੱਡੇ-ਵੱਡੇ ਦੇਵੀ-ਦੇਵਤੇ ਅਤੇ ਸਿੱਧ ਪੁਰਖ ਉਨ੍ਹਾਂ ਦੀ ਸਹਾਇਤਾ ਲਈ ਤਿਆਰ ਰਹਿੰਦੇ ਸਨ। ਅੰਤ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਿਚਾਰ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਸੱਤਵੇਂ ਅਧਿਆਇ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਉਣ ਵਾਲੇ ਮਾਨਵ ਸ਼ਾਸਤਰੀ ਇਤਿਹਾਸਿਕ ਪ੍ਰਸੰਗਾਂ ਦੀ ਚਰਚਾ ਕੀਤੀ ਹੈ ਅਤੇ ਸਿੱਖ ਰਹਿਤ ਬਾਰੇ ਕਵੀ ਜੀ ਦੇ ਵਿਚਾਰ ਪ੍ਰਸਤੁਤ ਕੀਤੇ ਹਨ। ਉਦਾਹਰਣ ਵਜੋਂ- ਦੇਹਧਾਰੀ ਗੁਰੂ ਪਰੰਪਰਾ ਦੇ ਵਿਰੁੱਧ ਭਾਈ ਸੰਤੋਖ ਸਿੰਘ ਦੁਆਰਾ ਵਰਣਿਤ ਐਨ 2, ਅੰਸੂ 35 ਵਿਚ ਵਰਣਿਤ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਗੁਲਾਬ ਰਾਇ, ਸੁਰਜਨ ਸਿੰਘ, ਤਰਲੋਕ ਸਿੰਘ, ਦੀਵਾਨ ਸਿੰਘ ਅਤੇ ਮਾਤਾ ਸੁੰਦਰੀ ਦੇ ਪਾਲਿਤ ਪੁੱਤਰ ਅਜੀਤ ਸਿੰਘ ਤੇ ਹਠੀ ਸਿੰਘ ਦੇ ਹਸ਼ਰ ਦਾ ਪ੍ਰਸੰਗ। ਖੋਜਾਰਥਣ ਅਨੁਸਾਰ ਧਰਮ ਤੇ ਸਮਾਜਿਕ ਰਸੂਖ਼ ਵਿਚ

ਥੋੜ੍ਹਾ ਹੀ ਫ਼ਰਕ ਹੁੰਦਾ ਹੈ। ਸਿੱਖ ਧਰਮ ਕੁੱਝ ਸਮਾਜਿਕ ਆਦਤਾਂ ਤੇ ਰੋਕ ਲਾਉਂਦਾ ਹੈ ਜਿਨ੍ਹਾਂ ਨੂੰ ਨਾ ਪੱਖੀ ਰਹਿਤ ਕਿਹਾ ਗਿਆ ਹੈ। ਇਸ ਸੰਬੰਧੀ ਬਾਬਾ ਰਾਮ ਰਾਇ ਦੀ ਉਦਾਹਰਣ ਦਿੱਤੀ ਗਈ ਹੈ ਜਿਸ ਨੇ ਬਾਦਸ਼ਾਹੀ ਰਸੂਖ਼ ਦੇ ਸਮਾਜਿਕ ਰੁਤਬੇ ਨਾਲ ਗੁਰੂ ਬਣਨ ਦੀ ਅਸਫਲ ਕੋਸ਼ਿਸ਼ ਕੀਤੀ।

ਇਸੇ ਪ੍ਰਕਾਰ ਹੀ ਅੱਠਵੇਂ ਅਧਿਆਇ ਵਿਚ ਸਮਾਜ ਸ਼ਾਸਤਰੀ ਇਤਿਹਾਸਿਕ ਪ੍ਰਸੰਗਾਂ ਦੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ ਵਿਚਾਰ ਕੀਤੀ ਗਈ ਹੈ। ਇਸ ਅਧਿਆਇ ਵਿਚ ਭੰਗ, ਅਫ਼ੀਮ ਅਤੇ ਸੁੱਖਾ ਵਰਤਣ ਦੇ ਪ੍ਰਸੰਗਾਂ ਸੰਬੰਧੀ ਚਰਚਾ ਕਰਕੇ ਭਾਈ ਸੰਤੋਖ ਸਿੰਘ ਦੇ ਰਾਗ ਮਾਲਾ ਸੰਬੰਧੀ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਜਾ ਕੇ ਸਿੱਖ ਧਰਮ ਵਿਚ ਸਮਾਜਿਕ ਤੌਰ 'ਤੇ ਸਖੀ ਸਰਵਰਾਂ ਵੱਲੋਂ ਆਈ ਵੱਡੀ ਚੁਣੌਤੀ ਦੀ ਚਰਚਾ ਕੀਤੀ ਗਈ ਹੈ ਅਤੇ ਮੀਣੇ, ਉਦਾਸੀ ਆਦਿ ਦੇ ਸਿੱਖ ਧਰਮ ਨਾਲ ਸਮਾਜਿਕ ਸੰਬੰਧਾਂ ਬਾਰੇ ਵਿਚਾਰ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਦੇਵੀ ਪੂਜਾ ਦੇ ਪ੍ਰਸੰਗ ਬਾਰੇ ਦੱਸਿਆ ਗਿਆ ਹੈ।

ਅੰਤ ਵਿਚ ਸਮੁੱਚੇ ਖੋਜ ਕਾਰਜ ਦਾ ਸਿੱਟਾ ਕੱਢ ਕੇ ਪੁਸਤਕ ਸੂਚੀ ਪੇਸ਼ ਕੀਤੀ ਹੈ।

**8.**

**ਖੋਜ ਕਾਰਜ ਦਾ ਨਾਮ- Bhai vir Singh Editing of Suraj Parkash Granth By Santokh Singh**

**ਖੋਜਾਰਥਣ- ਜਤਿੰਦਰ ਕੌਰ ਸੰਧੂ**

**ਨਿਗਰਾਨ- ਡਾ. ਸਬਿੰਦਰਜੀਤ ਸਿੰਘ ਸਾਗਰ**

**ਵਿਭਾਗ ਦਾ ਨਾਮ- ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 1998**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਅਪ੍ਰਕਾਸ਼ਿਤ**

ਖੋਜ ਕਾਰਜ ਦੇ ਆਰੰਭ ਵਿਚ ਭਾਈ ਵੀਰ ਸਿੰਘ ਦੇ ਸੰਪਾਦਨ ਕਲਾ ਵਾਲੇ ਪੱਖ ਸੰਬੰਧੀ ਜਾਣਕਾਰੀ ਦਿੰਦੇ ਹੋਏ ਖੋਜ ਕਾਰਜ ਦੇ ਪੰਜ ਅਧਿਆਇਆਂ ਬਾਰੇ ਸੰਖੇਪ ਚਾਨਣਾ ਪਾਇਆ ਗਿਆ ਹੈ।

ਪਹਿਲੇ ਅਧਿਆਇ ਵਿਚ ਭਾਈ ਵੀਰ ਸਿੰਘ ਦੀਆਂ ਸਮਕਾਲੀ ਪ੍ਰਸਥਿਤੀਆਂ ਸੰਬੰਧੀ ਵਿਚਾਰ ਕੀਤੀ ਗਈ ਹੈ। ਉਸ ਸਮੇਂ ਪੰਜਾਬ ਦੀਆਂ ਧਾਰਮਿਕ ਲਹਿਰਾਂ (ਸਿੰਘ ਸਭਾ, ਆਰੀਆ ਸਮਾਜ, ਅਹਿਮਦੀਆ ਲਹਿਰ) ਅਤੇ ਅੰਗਰੇਜ਼ੀ ਰਾਜ ਅਧੀਨ ਸਿੱਖਾਂ ਦੀ ਸਥਿਤੀ ਦਾ ਜ਼ਿਕਰ ਕਰਕੇ ਭਾਈ ਵੀਰ ਸਿੰਘ ਦੇ ਕਾਰਜਾਂ ਨੂੰ ਵਰਗ ਵੰਡ ਅਨੁਸਾਰ ਪੇਸ਼ ਕੀਤਾ ਹੈ।

ਦੂਸਰਾ ਅਧਿਆਇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਕੀਤੇ ਸੂਰਜ ਪ੍ਰਕਾਸ਼ ਗ੍ਰੰਥ ਨਾਲ ਸੰਬੰਧਿਤ ਹੈ ਜਿਸ ਵਿਚ ਅਰਥ ਅਤੇ ਪੈਰ ਟਿੱਪਣੀਆਂ ਨੂੰ ਸ਼ਾਮਿਲ ਕੀਤਾ ਗਿਆ ਗਿਆ ਹੈ। ਖੋਜਾਰਥਣ ਨੇ ਭਾਈ ਵੀਰ ਸਿੰਘ ਦੀ ਸੰਪਾਦਨ ਕਲਾ ਦੇ ਕੁੱਝ ਨਕਾਰਾਤਮਿਕ ਪੱਖੋਂ ਪੇਸ਼ ਕਰਦੇ ਹੋਏ ਲਿਖਿਆ ਹੈ ਕਿ ਭਾਈ ਵੀਰ ਸਿੰਘ ਦਾ ਉਦੇਸ਼ ਇਸ ਗ੍ਰੰਥ ਨੂੰ ਆਮ ਮਨੁੱਖ ਤੱਕ ਹੀ ਪਹੁੰਚਾਉਣਾ ਨਹੀਂ ਸੀ ਸਗੋਂ ਆਪਣੇ ਹੀ ਵਿਚਾਰਾਂ ਨੂੰ ਪ੍ਰਗਟ ਕਰਨਾ ਸੀ। ਇਨ੍ਹਾਂ ਪੇਸ਼ ਕੀਤੇ ਨਕਾਰਾਤਮਿਕ ਪੱਖਾਂ ਵਿੱਚੋਂ ਕੁੱਝ ਪੱਖ ਇਸ ਪ੍ਰਕਾਰ ਹਨ-

- ▶ਆਪਣੇ ਪੱਖ ਨੂੰ ਸਪਸ਼ਟ ਕਰਨ ਲਈ ਇਕ ਹੀ ਸ਼ਬਦ ਦੇ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਅਰਥ ਕੀਤੇ ਗਏ ਹਨ।[15]
- ▶ਕਈ ਥਾਵਾਂ 'ਤੇ ਸ਼ਬਦਾਂ ਦੇ ਗ਼ਲਤ ਅਰਥ ਕੀਤੇ ਗਏ ਹਨ।[16]
- ▶ਭਾਈ ਵੀਰ ਸਿੰਘ ਨੇ ਬਹੁਤ ਸਾਰੇ ਥਾਵਾਂ 'ਤੇ ਸ਼ਬਦ ਦੇ ਅਰਥ ਦੇਣ ਦੀ ਥਾਂ ਆਪਣੇ ਅੰਦਾਜ਼ੇ ਅਨੁਸਾਰ ਇਸ ਦਾ ਭਾਵ ਹੀ ਦਿੱਤਾ ਹੈ।[17]
- ▶ਬਹੁਤ ਸਾਰੀਆਂ ਥਾਵਾਂ 'ਤੇ ਸ਼ਬਦਾਂ ਦੇ ਸੌਖੇ ਅਰਥ ਦੱਸਣ ਦੀ ਥਾਂ ਇਸ ਦੇ ਔਖੇ ਅਰਥ ਦੱਸੇ ਗਏ ਹਨ ਜੋ ਪਾਠਕਾਂ ਨੂੰ ਸਹਾਇਤਾ ਕਰਨ ਦੀ ਥਾਂ ਉਨ੍ਹਾਂ ਵਿਚ ਦੁਚਿੱਤੀ ਪੈਦਾ ਕਰਦੇ ਹਨ।[18]
- ▶ਬਹੁਤ ਸਾਰੇ ਨੋਟ ਬਿਨਾਂ ਕਿਸੇ ਹਵਾਲੇ ਜਾਂ ਸਬੂਤ ਦੇ ਹਨ ਜਿਨ੍ਹਾਂ ਲਈ ਆਮ ਤੌਰ ਤੇ ਇਹ ਸ਼ਬਦ

[15] ਪੰਨਾ 42

[16] ਪੰਨਾ 45

[17] ਪੰਨਾ 47

[18] ਪੰਨਾ 48

ਵਰਤੇ ਗਏ ਹਨ- ਕਿਹਾ ਜਾਂਦਾ ਹੈ, ਸੰਭਵ ਹੈ, ਇਉਂ ਭੀ ਸ੍ਰੋਤ ਹੈ, ਸੰਭਾਵਨਾ ਹੈ।[19]

► ਕਈ ਥਾਵਾਂ 'ਤੇ ਗੈਰ ਜ਼ਰੂਰੀ ਭਾਸ਼ਾ ਦੀ ਵਰਤੋਂ ਕੀਤੀ ਹੈ ਜੋ ਪਾਠਕਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਨੂੰ ਕੁਰਾਹੇ ਪਾਉਂਦੀ ਹੈ।[20]

ਤੀਸਰੇ ਅਧਿਆਇ ਵਿਚ ਭਾਈ ਵੀਰ ਸਿੰਘ ਦੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਅਧਿਆਇ, ਸਿਰਲੇਖ ਸੰਪਾਦਨਾ ਬਾਰੇ ਚਾਨਣਾ ਪਾਇਆ ਗਿਆ ਹੈ। ਭਾਈ ਵੀਰ ਸਿੰਘ ਨੇ ਇਸ ਗ੍ਰੰਥ ਦੇ ਅਧਿਆਇ ਦੇ ਸਿਰਲੇਖਾਂ ਨੂੰ ਹਰ ਅਧਿਆਇ ਦੇ ਆਰੰਭ ਵਿਚ ਪ੍ਰਦਾਨ ਕੀਤਾ ਹੈ ਜਦੋਂ ਕਿ ਭਾਈ ਸੰਤੋਖ ਸਿੰਘ ਦੇ ਸਮੇਂ ਇਹ ਅਧਿਆਇ ਦੇ ਅੰਤ ਵਿਚ ਆਉਂਦੇ ਸਨ। ਅਧਿਆਇ ਦੇ ਸਿਰਲੇਖਾਂ ਵਿਚ ਕੀਤੀਆਂ ਤਬਦੀਲੀਆਂ ਨੂੰ ਪੁਰਾਣੇ ਸਿਰਲੇਖਾਂ ਦੇ ਨਾਲ-ਨਾਲ ਰੱਖਿਆ ਗਿਆ ਹੈ। ਇਹ ਤਬਦੀਲੀ ਕੇਵਲ 5 ਰਾਸਾਂ ਤੱਕ ਹੀ ਕੀਤੀ ਹੈ ਜਿਸ ਨੂੰ ਅੱਠ ਕਾਲਮਾਂ ਦੇ ਇਕ ਚਾਰਟ ਰਾਹੀਂ ਦਰਸਾਇਆ ਹੈ। ਖੋਜਾਰਥਣ ਅਨੁਸਾਰ ਇਹ ਸਾਰੀਆਂ ਤਬਦੀਲੀਆਂ ਅਰਥਪੂਰਨ ਪੈਟਰਨ ਬਣਾਉਂਦੀਆਂ ਹਨ। ਭਾਈ ਵੀਰ ਸਿੰਘ ਅਨੁਸਾਰ ਸਿੱਖ ਪੰਥ ਦੀ ਪ੍ਰਮੁੱਖਤਾ ਨੂੰ ਸਿੱਧ ਕਰਨ ਲਈ ਇਕ ਵਿਸ਼ੇਸ਼ ਕਿਸਮ ਦਾ ਇਤਿਹਾਸ ਲੋੜੀਂਦਾ ਹੈ। ਇਸ ਦੀ ਪੂਰਤੀ ਲਈ ਗੁਰ ਪ੍ਰਤਾਪ ਸੂਰਜ ਗ੍ਰੰਥ ਮਹੱਤਵਪੂਰਨ ਹੈ। ਇਹੀ ਕਾਰਨ ਹੈ ਕਿ ਭਾਈ ਵੀਰ ਸਿੰਘ ਨੇ ਇਸ ਸਾਹਿਤ ਨੂੰ ਇਤਿਹਾਸ ਸਿੱਧ ਕਰਨ ਦੀ ਕੋਸ਼ਿਸ਼ ਕੀਤੀ।

ਚੌਥੇ ਅਧਿਆਇ ਵਿਚ ਭਾਈ ਵੀਰ ਸਿੰਘ ਦੇ ਇਤਿਹਾਸ ਸੰਬੰਧੀ ਵਿਚਾਰ ਬਾਰੇ ਚਰਚਾ ਕੀਤੀ ਗਈ ਹੈ। ਭਾਈ ਵੀਰ ਸਿੰਘ ਦਾ ਮੰਨਣਾ ਸੀ ਕਿ ਸੂਰਜ ਪ੍ਰਕਾਸ਼ ਸਿੱਖ ਇਤਿਹਾਸ ਦਾ ਇਕ ਕੀਮਤੀ ਸ੍ਰੋਤ ਹੈ। ਸਿੱਖ ਕੌਮ ਨੂੰ ਚੁਣੌਤੀਆਂ ਤੋਂ ਬਾਹਰ ਕੱਢਣ ਲਈ ਭਾਈ ਵੀਰ ਸਿੰਘ ਨੇ ਸਿੱਖ ਇਤਿਹਾਸ ਦੀ ਆਪਣੇ ਢੰਗ ਅਨੁਸਾਰ ਵਿਆਖਿਆ ਕੀਤੀ। ਉਨ੍ਹਾਂ ਅਨੁਸਾਰ ਸਿੱਖ ਧਰਮ ਇਤਿਹਾਸ 'ਤੇ ਆਧਾਰਿਤ ਨਹੀਂ। ਧਰਮ ਇਤਿਹਾਸ ਸਿਰਜਦਾ ਹੈ। ਬਿਨਾਂ ਸ਼ੱਕ ਇਤਿਹਾਸ ਇਕ ਮਹੱਤਵਪੂਰਨ ਅੰਗ ਹੈ ਪਰ ਇਸ ਨੂੰ ਧਰਮ ਦਾ ਆਧਾਰ ਨਹੀਂ ਕਿਹਾ ਜਾ ਸਕਦਾ। ਖੋਜਾਰਥਣ ਨੇ ਭਾਈ ਵੀਰ ਸਿੰਘ ਦੀ ਇਤਿਹਾਸਿਕ ਪਹੁੰਚ ਬਾਰੇ ਵਿਚਾਰ

---

[19] ਪੰਨੇ 53-54

[20] ਪੰਨੇ 54-55

ਦਿੱਤਾ ਹੈ ਕਿ ਉਹ ਦੋ ਪ੍ਰਕਾਰ ਦਾ (ਜ਼ਰੂਰੀ ਅਤੇ ਵਿਸਥਾਰਤ) ਇਤਿਹਾਸ ਮੰਨਦੇ ਹੋਏ ਜ਼ਰੂਰੀ ਇਤਿਹਾਸ ਨੂੰ ਮਹੱਤਵਪੂਰਨ ਮੰਨਦੇ ਸਨ ਜੋ ਸਿੱਖ ਧਰਮ ਦੇ ਧਾਰਮਿਕ ਸਾਹਿਤ ਵਿੱਚੋਂ ਪ੍ਰਾਪਤ ਹੁੰਦਾ ਹੈ।

ਪੰਜਵੇਂ ਅਧਿਆਇ ਵਿਚ ਭਾਈ ਵੀਰ ਸਿੰਘ ਦੇ ਕੌਮ ਸੰਬੰਧੀ ਪੱਖ ਬਾਰੇ ਵਿਚਾਰ ਕੀਤੀ ਗਈ ਹੈ ਜੋ ਗੁਰਮਤਿ ਦੇ ਆਦਰਸ਼ ਉੱਪਰ ਆਧਾਰਿਤ ਹੈ। ਸਿੱਖ ਚੇਤਨਾ ਦੇ ਸੰਭਾਵੀ ਖਤਰੇ ਨੂੰ ਦੂਰ ਕਰਨ ਲਈ ਭਾਈ ਵੀਰ ਸਿੰਘ ਨੇ ਗੁਰਮਤਿ ਦੀ ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ ਅਤੇ ਸਿੱਖ ਲੀਡਰਸ਼ਿਪ ਨੂੰ ਉੱਭਰ ਰਹੀਆਂ ਚੁਣੌਤੀਆਂ ਨਾਲ ਸਿੱਝਣ ਲਈ ਅਪੀਲ ਕੀਤੀ ਹੈ। ਉਨ੍ਹਾਂ ਨੇ ਸਿੱਖ ਧਰਮ ਦੀ ਰਾਜਨੀਤਿਕ ਭਾਸ਼ਾ ਵਿਚ ਚਰਚਾ ਕੀਤੀ ਜਿਸ ਨੇ ਸਿੰਘ ਸਭਾ ਲਹਿਰ ਦੇ ਅਧੀਨ ਸਿੱਖ ਧਰਮ ਵਿਚ ਰਾਜਨੀਤਕ ਚੇਤਨਾ ਦਾ ਸੁਧਾਰ ਕੀਤਾ।

ਇਸ ਤੋਂ ਬਾਅਦ ਸਮੁੱਚੇ ਥੀਸਿਸ ਦਾ ਸਿੱਟਾ ਕੱਢ ਕੇ ਖੋਜ ਕਾਰਜ ਨਾਲ ਸੰਬੰਧਿਤ ਪੁਸਤਕ ਸੂਚੀ ਪੇਸ਼ ਕੀਤੀ ਗਈ ਹੈ।

**9.**

**ਖੋਜ ਕਾਰਜ ਦਾ ਨਾਮ- ਭਾਈ ਸੰਤੋਖ ਸਿੰਘ ਦੇ ਰਚੇ ਸਾਹਿਤ ਦਾ ਆਲੋਚਨਾਤਮਕ ਅਧਿਐਨ**

**ਖੋਜਾਰਥੀ- ਹਰੀ ਸਿੰਘ**

**ਨਿਗਰਾਨ- ਡਾ. ਹਰਪਾਲ ਸਿੰਘ ਪੰਨੂ**

**ਵਿਭਾਗ ਦਾ ਨਾਮ- ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 2003**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਅਪ੍ਰਕਾਸ਼ਿਤ**

ਇਸ ਖੋਜ ਕਾਰਜ ਦੇ ਕੁੱਲ ਪੰਜ ਅਧਿਆਇ ਹਨ। ਪਹਿਲਾ ਅਧਿਆਇ ਭਾਈ ਸੰਤੋਖ ਸਿੰਘ ਦੇ ਜੀਵਨ, ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਭਿੰਨ ਪਹਿਲੂਆਂ ਨਾਲ ਸੰਬੰਧਿਤ ਹੈ। ਅਧਿਆਇ ਦੇ ਆਰੰਭ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ ਦੀ ਜਾਣਕਾਰੀ ਬਾਰੇ ਘੱਟ ਲਿਖਤਾਂ ਪ੍ਰਾਪਤ ਹੋਣ

ਦੀ ਗੱਲ ਕਰਕੇ ਉਨ੍ਹਾਂ ਦੇ ਜੀਵਨ ਸੰਬੰਧੀ ਭਾਈ ਵੀਰ ਸਿੰਘ, ਗਿਆਨੀ ਖਜ਼ਾਨ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਜੈ ਭਗਵਾਨ ਗੋਇਲ, ਡਾ. ਆਸ਼ਾ ਨੰਦ ਵੋਹਰਾ ਅਤੇ ਡਾ. ਸਬਿੰਦਰਜੀਤ ਸਿੰਘ ਸਾਗਰ ਦੇ ਕਾਰਜਾਂ ਦਾ ਜ਼ਿਕਰ ਕੀਤਾ ਹੈ। ਭਾਈ ਸੰਤੋਖ ਸਿੰਘ ਦੇ ਜਨਮ ਅਤੇ ਜਨਮ ਸਥਾਨ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਹਵਾਲੇ ਦੇ ਕੇ ਗਿਆਨੀ ਖਜ਼ਾਨ ਸਿੰਘ ਦੀ ਗਵਾਹੀ ਦੇ ਹਵਾਲੇ ਨਾਲ ਉਨ੍ਹਾਂ ਦੇ ਜਨਮ ਮਿਤੀ 22 ਸਤੰਬਰ, 1787 ਈ. ਮੰਨੀ ਹੈ। ਕਵੀ ਜੀ ਦੇ ਮਾਤਾ-ਪਿਤਾ, ਬੂੜੀਆ ਨਿਵਾਸ, ਵਿਆਹ, ਸੰਤਾਨ, ਪਟਿਆਲਾ ਨਿਵਾਸ, ਕੈਥਲ ਨਿਵਾਸ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਬਾਰੇ ਦੱਸਦੇ ਹੋਏ ਉਨ੍ਹਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਬਾਰੇ ਚਾਨਣਾ ਪਾਇਆ ਹੈ। ਭਾਈ ਸੰਤੋਖ ਸਿੰਘ ਦੀਆਂ ਛੇ ਰਚਨਾਵਾਂ ਬਾਰੇ ਵਿਸਤਰਿਤ ਜਾਣਕਾਰੀ ਦਿੰਦੇ ਹੋਏ ਭਾਈ ਸੰਤੋਖ ਸਿੰਘ ਦੇ ਅਨੁਵਾਦਕ, ਟੀਕਾਕਾਰ, ਇਤਿਹਾਸਕਾਰ ਅਤੇ ਮਹਾਂਕਵੀ ਹੋਣ ਸੰਬੰਧੀ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਹਵਾਲੇ ਪੇਸ਼ ਕੀਤੇ ਗਏ ਹਨ, ਜਿਵੇਂ- ਕਵਿਤਾ ਦੇ ਛੰਦ- ਦੋਹਰਾ, ਚੌਪਈ, ਕਬਿੱਤ, ਸਵਾਈਏ ਆਦਿ ਸੰਬੰਧੀ। ਉਨ੍ਹਾਂ ਦੀ ਟੀਕਾਕਾਰੀ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੇ ਸੱਤ ਪ੍ਰਮੁੱਖ ਲੱਛਣਾਂ ਨੂੰ ਹਵਾਲਿਆਂ ਸਾਹਿਤ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਖੋਜਾਰਥੀ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਈ ਵਰਤੇ ਗਏ ਸੋਮਿਆਂ ਬਾਰੇ ਵੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਹੈ। ਅਧਿਆਇ ਦੀ ਸਮਾਪਤੀ ਭਾਈ ਸੰਤੋਖ ਸਿੰਘ ਬਾਰੇ ਲਿਖੇ ਗਏ ਇਨ੍ਹਾਂ ਸ਼ਬਦਾਂ ਨਾਲ ਕੀਤੀ ਗਈ ਹੈ-*ਭਾਈ ਸੰਤੋਖ ਸਿੰਘ ਦੇ ਰਚੇ ਇਤਿਹਾਸਿਕ ਗ੍ਰੰਥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਉਹ ਸਾਰੀਆਂ ਖੂਬੀਆਂ ਹਨ ਜੋ ਕਿਸੇ ਮਹਾਂਕਾਵਿ ਵਿਚ ਹੋਣੀਆਂ ਚਾਹੀਦੀਆਂ ਹਨ। ਮਹਾਂਕਵੀ ਵਜੋਂ ਉਨ੍ਹਾਂ ਦੇ ਦੇਣ ਦਾ ਮੁੱਲ ਨਹੀਂ ਪਾਇਆ ਜਾ ਸਕਦਾ।*[21]

ਦੂਸਰੇ ਅਧਿਆਇ 'ਗੁਰਮਤਿ ਦੀ ਵਿਆਖਿਆਕਾਰੀ' ਵਿਚ ਗੁਰਬਾਣੀ ਦੀਆਂ ਵੱਖ-ਵੱਖ ਵਿਆਖਿਆ ਪ੍ਰਣਾਲੀਆਂ ਸੰਬੰਧੀ ਵਿਚਾਰ ਪੇਸ਼ ਕੀਤੇ ਹਨ। ਇਸ ਅਧਿਆਇ ਦਾ ਮੁੱਖ ਆਧਾਰ ਡਾ. ਤਾਰਨ ਸਿੰਘ ਦੀ ਪੁਸਤਕ ਨੂੰ ਕਿਹਾ ਜਾ ਸਕਦਾ ਹੈ ਕਿਉਂਕਿ ਵਿਆਖਿਆ ਪ੍ਰਣਾਲੀਆਂ ਦੇ ਨਾਮ ਅਤੇ ਕ੍ਰਮ ਡਾ. ਤਾਰਨ ਸਿੰਘ ਵਾਲੀ ਪੁਸਤਕ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਵਾਲੀ ਪੁਸਤਕ ਦੇ ਹੀ ਹਨ।

[21] ਪੰਨਾ 194

ਖੋਜਾਰਥੀ ਨੇ ਇਸ ਕ੍ਰਮ ਵਿਚ ਭਾਈ ਸੰਤੋਖ ਸਿੰਘ ਦੀ ਵਿਆਖਿਆ ਦਾ ਹਵਾਲਿਆਂ ਸਹਿਤ ਜ਼ਿਕਰ ਕਰਦੇ ਹੋਏ ਇਸ ਵਿਚ ਅਕਾਦਮਿਕ ਤੌਰ ’ਤੇ ਸੁਚੱਜੇ ਢੰਗ ਨਾਲ ਵਾਧਾ ਕੀਤਾ ਹੈ ਅਤੇ ਲੋੜ ਪੈਣ ’ਤੇ ਪ੍ਰਸੰਗ ਅਨੁਸਾਰ ਆਪਣੀਆਂ ਟਿੱਪਣੀਆਂ ਵੀ ਦਿੱਤੀਆਂ ਹਨ, ਜਿਵੇਂ- ਭਾਈ ਸੰਤੋਖ ਸਿੰਘ ਦੇ ਨਿਰਮਲਾ ਪ੍ਰਣਾਲੀ ਨਾਲ ਸੰਬੰਧਿਤ ਹੋਣ ਬਾਰੇ ਲਿਖਿਆ ਹੈ- *ਭਾਈ ਸੰਤੋਖ ਸਿੰਘ ਦੇ ਰਚੇ ਸਾਹਿਤ ਵਿਚ ਨਿਰਮਲਾ ਪ੍ਰਣਾਲੀ ਦੇ ਮੁੱਖ ਲੱਛਣ ਹੋਣ ਕਾਰਨ ਵਿਦਵਾਨਾਂ ਨੇ ਇਨ੍ਹਾਂ ਨੂੰ ਨਿਰਮਲਾ ਪ੍ਰਣਾਲੀ ਵਿਚ ਹੀ ਸ਼ਾਮਿਲ ਕੀਤਾ ਹੈ। ਨਿਰਮਲੇ ਸੰਤ ਆਮ ਤੌਰ ਤੇ ਗ੍ਰਹਿਸਤੀ ਜੀਵਨ ਦੇ ਧਾਰਨੀ ਨਹੀਂ ਹੁੰਦੇ ਸਨ ਪਰ ਭਾਈ ਸੰਤੋਖ ਸਿੰਘ ਜੀ ਨੇ ਗ੍ਰਹਿਸਤੀ ਜੀਵਨ ਜਿਊਂਦਿਆਂ ਹੀ ਗੁਰ ਇਤਿਹਾਸ ਲਿਖਿਆ ਤੇ ਗੁਰਮਤਿ ਕਥਾ ਵਾਰਤਾ ਤੇ ਲਿਖਤਾਂ ਰਾਹੀਂ ਵਿਆਖਿਆ ਕੀਤੀ।.....ਭਾਈ ਸੰਤੋਖ ਸਿੰਘ ਨੂੰ ਕੇਵਲ ਨਿਰਮਲਾ ਪ੍ਰਣਾਲੀ ਨਾਲ ਜੋੜਨਾ ਵੀ ਠੀਕ ਨਹੀਂ ਜਾਪਦਾ ਕਿਉਂਕਿ ਉਨ੍ਹਾਂ ਦਾ ਨਿਰਮਲਾ ਸੰਪ੍ਰਦਾਇ ਦੇ ਕੇਂਦਰੀ ਸਥਾਨ ਨਿਰਮਲ ਪੰਚਾਇਤੀ ਅਖਾੜਾ, ਕਨਖਲ, ਹਰਿਦੁਆਰ ਨਾਲ ਵੀ ਕੋਈ ਸਿੱਧਾ ਸੰਬੰਧ ਨਹੀਂ ਜੁੜਦਾ ਅਤੇ ਨਾ ਹੀ ਉਹ ਕਿਸੇ ਡੇਰੇ ਦੇ ਮਹੰਤ ਸਨ ਅਤੇ ਨਾ ਹੀ ਨਿਰਮਲ ਪੰਥ ਦਰਸ਼ਨ ਵਿਚ ਦਰਸਾਈਆਂ ਨਿਰਮਲਿਆਂ ਦੀਆਂ 33 ਸੰਪਰਦਾਵਾਂ ਵਿਚ ਉਨ੍ਹਾਂ ਦਾ ਨਾਂ ਥਾਂ ਹੈ।*[22] ਅਧਿਆਇ ਦੇ ਅੰਤ ਵਿਚ ਆਧੁਨਿਕ ਕਾਲ ਵਿਚ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸਿੱਖ ਸੰਸਥਾਵਾਂ ਦੁਆਰਾ ਕੀਤੀ ਜਾ ਰਹੀ ਗੁਰਬਾਣੀ ਦੀ ਵਿਆਖਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ।

ਤੀਸਰੇ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿੱਚੋਂ ਹੋਣ ਵਾਲੀ ਗੁਰਮਤਿ ਵਿਆਖਿਆ ਦੇ ਵੱਖ-ਵੱਖ ਪੱਖਾਂ ’ਤੇ ਚਾਨਣਾ ਪਾਇਆ ਹੈ। ਇਸ ਅਧਿਆਇ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ- ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਜੀਵਾਤਮਾ, ਨਾਮ ਸਿਮਰਨ, ਮਾਇਆ, ਹਉਮੈਂ, ਹੁਕਮ, ਮੁਕਤੀ ਆਦਿ ਦੀ ਭਾਈ ਸੰਤੋਖ ਸਿੰਘ ਵੱਲੋਂ ਕੀਤੀ ਗਈ ਵਿਆਖਿਆ ਬਾਰੇ ਦੱਸਿਆ ਗਿਆ ਹੈ। ਸੰਬੰਧਿਤ ਵਿਸ਼ਿਆਂ ਨੂੰ ਉਪ ਵਿਸ਼ਿਆਂ ਵਿਚ ਵੰਡ ਕੇ ਭਾਈ ਸੰਤੋਖ ਸਿੰਘ ਦੀਆਂ ਵੱਖ-ਵੱਖ ਰਚਨਾਵਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ। ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚੋਂ ਹਵਾਲਾ ਦੇਣ ਤੋਂ ਪਹਿਲਾਂ ਗੁਰਬਾਣੀ ਦੀ ਰੌਸ਼ਨੀ ਵਿਚ ਉਸ ਵਿਸ਼ੇ ਬਾਰੇ ਦੱਸ ਕੇ ਲੋੜ ਅਨੁਸਾਰ ਸੰਬੰਧਿਤ ਵਿਸ਼ੇ ਸੰਬੰਧੀ ਗੁਰਮਤਿ ਦੇ

[22] ਪੰਨਾ 138

ਪ੍ਰਮੁੱਖ ਵਿਦਵਾਨਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਉਦਾਹਰਨ ਵਜੋਂ[23] ਪ੍ਰਮਾਤਮਾ ਦੇ ਸਰੂਪ ਦਾ ਵਰਣਨ ਕਰਦੇ ਹੋਏ ਪਹਿਲਾਂ ਮੂਲ ਮੰਤਰ ਦਾ ਹਵਾਲਾ ਦੇ ਕੇ ਭਾਈ ਕਾਨ੍ਹ ਸਿੰਘ ਨਾਭਾ ਅਤੇ ਭਾਈ ਜੋਧ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਦੇ ਹਵਾਲੇ ਪੇਸ਼ ਕਰਕੇ ਭਾਈ ਸੰਤੋਖ ਸਿੰਘ ਅਨੁਸਾਰ ਇਸ ਦਾ ਵਰਣਨ ਕੀਤਾ ਹੈ। ਗੁਰਸਿੱਖੀ ਜੀਵਨ ਜਾਚ ਜੀਵਨ ਮਨੋਰਥ ਸੰਬੰਧੀ ਵਿਆਖਿਆ ਨੂੰ ਵੱਖ-ਵੱਖ 11 ਪੱਖਾਂ ਰਾਹੀਂ ਨਿਰੂਪਿਤ ਕਰਦੇ ਹੋਏ ਭਾਈ ਸੰਤੋਖ ਸਿੰਘ ਦੀ ਵਿਆਖਿਆਕਾਰੀ ਦੇ ਛੇ ਪ੍ਰਮੁੱਖ ਲੱਛਣ ਦੱਸੇ ਹਨ। ਅੰਤ ਵਿਚ ਕਵੀ ਜੀ ਦੁਆਰਾ ਵਿਆਖਿਆਕਾਰੀ ਲਈ ਵਰਤੀ ਗਈ ਭਾਸ਼ਾ ਅਤੇ ਢੰਗ ਬਾਰੇ ਜਾਣਕਾਰੀ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਚੌਥਾ ਅਧਿਆਇ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿਚਲੀਆਂ ਸਿਧਾਂਤਿਕ ਤੇ ਇਤਿਹਾਸਿਕ ਊਣਤਾਈਆਂ ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਹੈ। ਇਨ੍ਹਾਂ ਊਣਤਾਈਆਂ ਦੇ ਕਾਰਨ ਬਾਰੇ ਸੰਖੇਪ ਜਾਣਕਾਰੀ ਦੇ ਕੇ ਸਿਧਾਂਤਿਕ ਊਣਤਾਈਆਂ ਵਿਚ ਅਵਤਾਰਵਾਦ, ਦੇਵੀ ਪੂਜਾ, ਪੌਰਾਣਿਕ ਕਥਾ ਕਹਾਣੀਆਂ, ਗੁਰ ਇਤਿਹਾਸ ਵਿਚ ਪੁਰਾਣੇ ਦ੍ਰਿਸ਼ਟਾਂਤਾਂ ਦੀ ਵਰਤੋਂ, ਵੇਦਾਂਤੀ ਰੰਗ, ਕਰਾਮਾਤਾਂ, ਗੁਰਬਾਣੀ ਦੇ ਨਾਲ ਕੱਚੀ ਬਾਣੀ, ਨਸ਼ੇ, ਕਰਮ ਕਾਂਡ, ਦੂਸਰਿਆਂ ਲਿਖਤਾਂ ਦੇ ਹਵਾਲੇ ਪਰ ਉਨ੍ਹਾਂ ਦੇ ਨਾਮ ਨਾ ਦੇਣਾ, ਦੋਹਰਾਅ ਆਦਿ ਨੂੰ ਸ਼ਾਮਿਲ ਕੀਤਾ ਹੈ ਅਤੇ ਲੋੜ ਅਨੁਸਾਰ ਆਪਣੀਆਂ ਟਿੱਪਣੀਆਂ ਵੀ ਦਿੱਤੀਆਂ ਹਨ, ਜਿਵੇਂ- ਦੇਵੀ ਪੂਜਾ ਸੰਬੰਧੀ ਖੋਜਾਰਥੀ ਦੀ ਟਿੱਪਣੀ ਹੈ- *ਹੁਣ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਲਿਖਤਾਂ ਵੱਲ ਦੇਖੀਏ ਤਾਂ ਉਪਰੋਕਤ ਪ੍ਰਸੰਗ ਅਨੁਚਿਤ ਦਿਖਾਈ ਦੇਵੇਗਾ। ਉਹ ਆਪ ਲਿਖਦੇ ਹਨ ਕਿ ਮੈਂ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦਾ ਧਿਆਨ ਨਹੀਂ ਕਰਦਾ ਅਤੇ ਜੋ ਵੀ ਹੋਰ ਚਾਹੁੰਦਾ ਹਾਂ ਉਹ ਪ੍ਰਮਾਤਮਾ ਤੋਂ ਪ੍ਰਾਪਤ ਕਰਾਂਗਾ। ਫਿਰ ਦੇਵੀ ਪੂਜਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।*[24]

ਇਤਿਹਾਸਿਕ ਊਣਤਾਈਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ, ਜੋਤੀ ਜੋਤਿ ਸਮਾਉਣ, ਚਿਤੌੜ ਦੀ ਜੰਗ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਿ ਰਾਇ ਸਾਹਿਬ ਜੀ ਦੇ ਅੱਠ ਵਿਆਹ, ਮੁਗ਼ਲ

[23] ਪੰਨੇ 157-58

[24] ਪੰਨਾ 242

ਬਾਦਸ਼ਾਹਾਂ ਦੇ ਹਾਲ, ਰਾਜਾ ਜੈ ਸਿੰਘ ਤੇ ਰਾਜਾ ਬਿਸ਼ਨ ਸਿੰਘ, ਸ਼ੇਰ ਦੀ ਖੱਲ ਤੋਂ ਖ਼ਾਲਸਾ, ਸਾਹਿਬਜ਼ਾਦਿਆਂ ਦੇ ਕ੍ਰਮਵਾਰ ਨਾਮ ਅਤੇ ਸ਼ਹੀਦੀਆਂ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਮਾਂ, ਗਿਆਰ੍ਹਵੀਂ ਵਾਰ ਆਉਣ ਦਾ ਭਵਿੱਖ ਵਾਕ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਪ੍ਰਸੰਗ ਨਾਮਕ 12 ਪ੍ਰਸੰਗ ਸ਼ਾਮਿਲ ਕੀਤੇ ਗਏ ਹਨ। ਅਧਿਆਇ ਦੇ ਅੰਤ ਵਿਚ ਇਨ੍ਹਾਂ ਊਣਤਾਈਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਖੋਜਾਰਥੀ ਦੀ ਇਹ ਟਿੱਪਣੀ ਬਹੁਤ ਪ੍ਰਸੰਗਿਕ ਜਾਪਦੀ ਹੈ- *ਉਪਰੋਕਤ ਅਨੁਸਾਰ ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਸਾਹਿਤ ਵਿਚ ਸਿਧਾਂਤਿਕ ਤੇ ਇਤਿਹਾਸਿਕ ਪੱਖ ਤੋਂ ਊਣਤਾਈਆਂ ਵੇਖਣ ਨੂੰ ਮਿਲਦੀਆਂ ਹਨ। ਇਹ ਵੀ ਮਹਿਸੂਸ ਕੀਤਾ ਜਾਂਦਾ ਹੈ ਕਿ ਇਹ ਗੁਰਮਤਿ ਅਨੁਸਾਰੀ ਨਹੀਂ ਹਨ। ਫਿਰ ਵੀ ਉਪਰੋਕਤ ਇਕਾ ਦੁੱਕਾ ਪ੍ਰਸੰਗਾਂ, ਜਿਨ੍ਹਾਂ ਵਿਚ ਇਤਿਹਾਸਿਕਤਾ ਅੱਖੋਂ ਓਹਲੇ ਹੋਈ ਹੈ, ਦਾ ਇਹ ਮਤਲਬ ਨਹੀਂ ਲੈਣਾ ਚਾਹੀਦਾ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿਰਫ਼ ਕਲਪਤ ਤੇ ਸੁਣੀਆਂ ਸੁਣਾਈਆਂ ਘਟਨਾਵਾਂ ਦਾ ਹੀ ਜ਼ਿਕਰ ਹੈ।*[25]

ਪੰਜਵਾਂ ਅਧਿਆਇ ਭਾਈ ਸਾਹਿਬ ਦੀ ਰਚਨਾ ਦਾ ਸਮੁੱਚਾ ਮੁਲੰਕਣ ਹੈ ਜਿਸ ਵਿਚ ਭਾਈ ਸੰਤੋਖ ਸਿੰਘ ਦੇ ਰਚੇ ਸਮੁੱਚੇ ਸਾਹਿਤ ਦਾ ਮੁਲੰਕਣ ਕਰਦੇ ਹੋਏ ਇਨ੍ਹਾਂ ਰਚਨਾਵਾਂ ਦੇ ਇਤਿਹਾਸਿਕ, ਕਾਵਿਕ, ਵਿਆਖਿਆਕਾਰੀ, ਟੀਕਾਕਾਰੀ ਅਤੇ ਅਨੁਵਾਦ ਵਾਲੇ ਪੱਖਾਂ ਦਾ ਸੰਖੇਪ ਅਧਿਐਨ ਕੀਤਾ ਹੈ। ਇਸ ਤੋਂ ਬਾਅਦ ਸਾਰ ਅਤੇ ਸਥਾਪਨਾਵਾਂ ਦੇ ਕੇ ਇਸ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ। ਸਭ ਤੋਂ ਅਖੀਰ ਵਿਚ ਪੁਸਤਕ ਸੂਚੀ ਦੇ ਕੇ ਖੋਜਕਾਰ ਨੂੰ ਸੰਪੂਰਨ ਕੀਤਾ ਗਿਆ ਹੈ।

**10.**

**ਖੋਜ ਕਾਰਜ ਦਾ ਨਾਮ- ਸ੍ਰੀ ਗੁਰ ਨਾਨਕ ਪ੍ਰਕਾਸ਼: ਇਕ ਧਰਮ ਸ਼ਾਸਤਰੀ ਅਧਿਐਨ**

**ਖੋਜਾਰਥਣ- ਦਰਸ਼ਨ ਕੌਰ**

**ਨਿਗਰਾਨ- ਡਾ. ਗੁਰਨੇਕ ਸਿੰਘ**

**ਵਿਭਾਗ ਦਾ ਨਾਮ- ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

---

[25] ਪੰਨਾ 274

**ਖੋਜ ਕਾਰਜ ਪੂਰਾ ਕਰਨ ਦਾ ਸਾਲ- 2015**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ - ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰਮਤਿ ਸਿਧਾਂਤ (ਆਲੋਚਨਾ), ਚਿੰਤਨ ਮੰਚ, ਪਟਿਆਲਾ, 2015**

ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ' ਵਿਚ ਇਸ ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਚਾਨਣਾ ਪਾਇਆ ਗਿਆ ਹੈ। ਭਾਈ ਸਾਹਿਬ ਦੇ ਜਨਮ ਸਥਾਨ ਅਤੇ ਜਨਮ ਮਿਤੀ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਦੇ ਕੇ ਉਨ੍ਹਾਂ ਦਾ ਜਨਮ 22 ਸਤੰਬਰ, 1787 ਈ. ਨੂੰ ਨੂਰ ਦੀ ਸਰਾਂ, ਜ਼ਿਲ੍ਹਾ ਤਰਨ ਤਾਰਨ ਦਾ ਮੰਨਿਆ ਹੈ। ਕਵੀ ਜੀ ਦੇ ਮਾਤਾ-ਪਿਤਾ, ਵਿੱਦਿਆ, ਬੂੜੀਆ ਨਿਵਾਸ, ਵਿਆਹ, ਪਟਿਆਲਾ ਨਿਵਾਸ, ਕੈਥਲ ਨਿਵਾਸ ਅਤੇ ਉਨ੍ਹਾਂ ਦੇ ਅੰਤਿਮ ਸਮੇਂ ਬਾਰੇ ਦੱਸਦੇ ਹੋਏ ਉਨ੍ਹਾਂ ਦੇ ਵਿਅਕਤਿਤਵ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਹੈ। ਭਾਈ ਸੰਤੋਖ ਸਿੰਘ ਦੀਆਂ ਛੇ ਰਚਨਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸਰੋਤਾਂ ਸੰਬੰਧੀ ਵੀ ਸੰਖੇਪ ਵਿਚਾਰ ਦਿੱਤੇ ਹਨ। ਅਧਿਆਇ ਦੇ ਅੰਤ ਵਿਚ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿੱਚੋਂ ਹਵਾਲੇ ਦੇ ਕੇ ਉਨ੍ਹਾਂ ਦੀ ਭਾਸ਼ਾ, ਇਤਿਹਾਸਕਾਰੀ, ਟੀਕਾਕਾਰੀ, ਕਾਵਿਕ ਕਲਾ ਆਦਿ ਬਾਰੇ ਚਾਨਣਾ ਪਾਇਆ ਗਿਆ ਹੈ।

ਦੂਸਰੇ ਅਧਿਆਇ 'ਸ੍ਰੀ ਗੁਰ ਨਾਨਕ ਪ੍ਰਕਾਸ਼: ਮੁੱਢਲਾ ਸਰਵੇਖਣ' ਵਿਚ ਇਸ ਗ੍ਰੰਥ ਵਿਚ ਮੌਜੂਦ ਸਮੱਗਰੀ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਵਿਭਿੰਨ ਪੱਖਾਂ ਨਾਲ ਸੰਬੰਧਿਤ ਹੈ। ਇਸ ਨੂੰ 12 ਪੜਾਵਾਂ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਮੰਗਲਾਚਰਨ ਸੰਬੰਧੀ ਚਾਨਣਾ ਪਾਇਆ ਗਿਆ ਹੈ। ਮੰਗਲਾਚਰਨ ਨੂੰ ਪੰਜ ਭਾਗਾਂ- ਅਕਾਲ ਪੁਰਖ ਦੀ ਸਲਾਘਾ, ਵਿੱਦਿਆ ਦੀ ਦੇਵੀ ਸਰਸਵਤੀ ਦੀ ਕੀਰਤੀ, ਦਸ ਗੁਰੂ ਸਾਹਿਬਾਨ ਦੀ ਮਹਿਮਾ, ਵਿੱਦਿਆ ਦਾਤੇ ਭਾਈ ਸੰਤ ਸਿੰਘ ਦੀ ਉਪਮਾ ਅਤੇ ਵਾਹਿਗੁਰੂ ਨਾਮ ਦਾ ਮੰਗਲ ਵਿਚ ਵੰਡਿਆ ਹੈ। ਇਸ ਗ੍ਰੰਥ ਵਿਚ ਵਰਣਿਤ ਗੁਰੂ ਨਾਨਕ ਸਾਹਿਬ ਦੀ ਬਾਲ ਲੀਲ੍ਹਾ, ਖਰਾ ਸੌਦਾ, ਮੋਦੀ ਖਾਨਾ, ਗ੍ਰਹਿਸਤ ਜੀਵਨ, ਵੇਈਂ ਪ੍ਰਵੇਸ਼ ਅਤੇ ਬੇਬੇ ਨਾਨਕੀ ਪਾਸੋਂ ਵਿਦਾਈ ਤੋਂ ਬਾਅਦ ਚਾਰ ਉਦਾਸੀਆਂ ਬਾਰੇ ਸਥਾਨਾਂ ਦੇ ਕ੍ਰਮ ਅਨੁਸਾਰ ਜਾਣਕਾਰੀ ਪ੍ਰਦਾਨ ਕੀਤੀ ਹੈ।

ਭਾਈ ਸੰਤੋਖ ਸਿੰਘ ਦੁਆਰਾ ਇਸ ਗ੍ਰੰਥ ਵਿਚ ਵਰਣਿਤ ਮਿਥਿਹਾਸਿਕ ਤੇ ਪੌਰਾਣਿਕ ਕਥਾਵਾਂ, ਜਿਵੇਂ- ਕੋਹਾਂ ਤੱਕ ਫੈਲੇ ਮੱਛ ਦੀ ਸਾਖੀ, ਕਾਗ ਭਸੁੰਡ ਦੀ ਕਥਾ ਆਦਿ ਬਾਰੇ ਦੱਸ ਕੇ ਭਾਈ ਮਰਦਾਨੇ ਦੇ ਦੇਹਾਂਤ, ਗੁਰੂ ਸਾਹਿਬ ਦੇ ਕਰਤਾਰਪੁਰ ਨਿਵਾਸ, ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਪ੍ਰਦਾਨ ਕਰਨ ਅਤੇ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਸੰਬੰਧੀ ਇਸ ਗ੍ਰੰਥ ਦੇ ਹਵਾਲੇ ਦਿੱਤੇ ਹਨ। ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਹਵਾਲੇ ਦੇ ਨਾਲ-ਨਾਲ ਪ੍ਰਸੰਗਾਂ ਦੇ ਸਪਸ਼ਟੀਕਰਨ ਲਈ ਭਾਈ ਕਾਨ੍ਹ ਸਿੰਘ ਨਾਭਾ, ਭਾਈ ਗੁਰਦਾਸ ਜੀ, ਪ੍ਰੋ. ਸਾਹਿਬ ਸਿੰਘ, ਡਾ. ਕਿਰਪਾਲ ਸਿੰਘ ਆਦਿ ਵਿਦਵਾਨਾਂ ਦੇ ਹਵਾਲੇ ਵੀ ਦਿੱਤੇ ਗਏ ਹਨ।

ਤੀਸਰਾ ਅਧਿਆਇ ਧਰਮ ਸ਼ਾਸਤਰੀ ਪਰਿਪੇਖ ਸਰੂਪ ਦੇ ਮਹੱਤਵ ਨਾਲ ਸੰਬੰਧਿਤ ਹੈ। ਅਧਿਆਇ ਦੇ ਆਰੰਭ ਵਿਚ Paul tillich, ਆਕਸਫੋਰਡ ਡਿਕਸ਼ਨਰੀ ਇਨਸਾਈਕਲੋਪੀਡੀਆ ਆਫ਼ ਰਿਲੀਜਨ, ਡਾ. ਵਜ਼ੀਰ ਸਿੰਘ, ਜਾਨ ਮੈਥਿਊ ਆਦਿ ਦੇ ਹਵਾਲਿਆਂ ਨਾਲ ਧਰਮ ਸ਼ਾਸਤਰ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਹਿੰਦੂ ਧਰਮ ਦੇ ਧਰਮ ਸ਼ਾਸਤਰ ਨੂੰ ਬੇਹੱਦ ਪ੍ਰਾਚੀਨ ਮੰਨ ਕੇ ਇਸ ਦੇ ਧਰਮ ਸ਼ਾਸਤਰ ਸੰਬੰਧੀ ਪਰਿਪੇਖ ਬਾਰੇ ਦੱਸਦੇ ਹੋਏ ਜੈਨ ਧਰਮ, ਬੁੱਧ ਧਰਮ, ਈਸਾਈ ਧਰਮ, ਇਸਲਾਮ ਧਰਮ ਅਤੇ ਸਿੱਖ ਧਰਮ ਦੇ ਸੰਦਰਭ ਵਿਚ ਇਸ ਪੱਖ ਦੀ ਜਾਣਕਾਰੀ ਪ੍ਰਦਾਨ ਕੀਤੀ ਹੈ। ਅਧਿਆਇ ਦੇ ਅਖੀਰ ਵਿਚ ਡਾ. ਰਾਧਾ ਕ੍ਰਿਸ਼ਨਨ, ਮਨੂੰ ਸਿਮ੍ਰਤੀ, ਫਿਸ਼ਤੇ, ਵਾਈਟ ਹੈਂਡ ਆਦਿ ਦੇ ਹਵਾਲਿਆਂ ਨਾਲ ਧਰਮ ਸ਼ਾਸਤਰ ਦੇ ਸਰੂਪ ਅਤੇ ਮਹੱਤਵ ਬਾਰੇ ਚਰਚਾ ਕੀਤੀ ਗਈ ਹੈ। ਖੋਜ ਅਤੇ ਅਰਥ ਅਨੁਸਾਰ ਧਰਮ ਸ਼ਾਸਤਰੀ ਅਧਿਐਨ, ਧਰਮ ਜਿਤਨਾ ਹੀ ਪ੍ਰਾਚੀਨ ਮੰਨਿਆ ਹੈ ਜੋ ਸਿਰਫ਼ ਪਰਮਾਤਮਾ ਸੰਬੰਧੀ ਸੀਮਿਤ ਨਾ ਰਹਿ ਕੇ ਸ੍ਰਿਸ਼ਟੀ ਅਤੇ ਮਨੁੱਖਤਾ ਨਾਲ ਵੀ ਸੰਬੰਧਿਤ ਹੋ ਗਿਆ ਹੈ। ਇਸ ਅਧਿਆਇ ਦੇ ਅੰਤ ਵਿਚ ਖੋਜਾਰਥਣ ਦੀ ਇਹ ਟਿੱਪਣੀ ਬਹੁਤ ਸਾਰਥਿਕ ਜਾਪਦੀ ਹੈ ਕਿ ਧਰਮਾਂ ਦੇ ਬਾਰੀਕ ਤੋਂ ਬਾਰੀਕ ਪਹਿਲੂਆਂ ਨੂੰ ਗਹਿਰਾਈ ਨਾਲ ਸਮਝਣਾ ਹੀ ਧਰਮ ਸ਼ਾਸਤਰ ਬੁਨਿਆਦ ਹੈ।

ਚੌਥਾ ਅਧਿਆਇ 'ਸ੍ਰੀ ਗੁਰ ਨਾਨਕ ਪ੍ਰਕਾਸ਼: ਧਰਮ ਸ਼ਾਸਤਰੀ ਅਧਿਐਨ' ਹੈ ਜਿਸ ਨੂੰ ਚਾਰ ਭਾਗਾਂ- ਪਰਮਾਤਮਾ, ਜਗਤ, ਜੀਵ ਅਤੇ ਗੁਰੂ ਵਿਚ ਵੰਡਿਆ ਗਿਆ ਹੈ। ਹਰ ਇਕ ਪੱਖ ਬਾਰੇ ਗੁਰੂ ਨਾਨਕ ਪ੍ਰਕਾਸ਼ ਦੇ ਆਧਾਰ 'ਤੇ ਜਾਣਕਾਰੀ ਦੇਣ ਦੇ ਨਾਲ-ਨਾਲ ਲੋੜ ਅਨੁਸਾਰ ਗੁਰੂ ਗ੍ਰੰਥ ਸਾਹਿਬ ਅਤੇ ਭਾਈ

ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ, ਡਾ. ਮਨਮੋਹਨ ਸਹਿਗਲ, ਸਰਦੂਲ ਸਿੰਘ ਕਵੀਸ਼ਰ, ਰਤਨ ਸਿੰਘ ਜੱਗੀ, ਡਾ. ਗੁਲਜ਼ਾਰ ਸਿੰਘ ਕੰਗ, ਡਾ. ਦਰਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ ਆਦਿ ਵਿਦਵਾਨਾਂ ਦੇ ਹਵਾਲਿਆਂ ਰਾਹੀਂ ਇਸ ਨੂੰ ਸਪਸ਼ਟ ਕੀਤਾ ਹੈ। ਉਦਾਹਰਨ ਵਜੋਂ ਗੁਰੂ ਵਾਲੇ ਭਾਗ ਵਿਚ ਗੁਰੂ ਨਾਨਕ ਪ੍ਰਕਾਸ਼ ਵਿਚ ਵਰਣਿਤ ਗੁਰੂ ਦੇ ਸਰੂਪ ਦੇ ਨਾਲ ਗੁਰਬਾਣੀ ਅਨੁਸਾਰ ਗੁਰੂ ਦੇ ਪੱਖ ਬਾਰੇ ਦੱਸਿਆ ਹੈ ਅਤੇ ਇਸ ਸੰਬੰਧੀ ਡਾ. ਗੁਲਜ਼ਾਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਅਵਤਾਰ ਸਿੰਘ ਆਦਿ ਵਿਦਵਾਨਾਂ ਦੇ ਹਵਾਲੇ ਵੀ ਪ੍ਰਦਾਨ ਕੀਤੇ ਹਨ। ਕੁੱਝ ਪੱਖਾਂ ਸੰਬੰਧੀ ਵੱਖ-ਵੱਖ ਧਰਮਾਂ ਅਤੇ ਧਰਮ ਗ੍ਰੰਥਾਂ ਦੇ ਹਵਾਲੇ ਦੇ ਕੇ ਸੰਖੇਪ ਤੁਲਨਾਤਮਿਕ ਅਧਿਐਨ ਵੀ ਕੀਤਾ ਹੈ, ਜਿਵੇਂ- ਜਗਤ ਰਚਨਾ ਵਾਲੇ ਪ੍ਰਕਰਨ ਸੰਬੰਧੀ ਬਾਲਮੀਕੀ ਰਾਮਾਇਣ, ਸ੍ਰੀ ਮਦਭਗਵਤ ਗੀਤਾ ਆਦਿ ਦੇ ਹਵਾਲੇ ਪੇਸ਼ ਕੀਤੇ ਹਨ। ਇਸ ਪ੍ਰਕਾਰ ਇਨ੍ਹਾਂ ਚਾਰੇ ਪੱਖਾਂ ਨੂੰ ਵਧੀਆ ਢੰਗ ਨਾਲ ਵੱਖ-ਵੱਖ ਹਵਾਲਿਆਂ ਰਾਹੀਂ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਖੋਜ ਪ੍ਰਬੰਧ ਦਾ ਪੰਜਵਾਂ ਅਧਿਆਇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ ਬਾਰੇ ਹੈ ਜਿਸ ਦੇ ਚਾਰ ਉਪਭਾਗ- ਨਾਮ ਸਿਮਰਨ, ਸੇਵਾ, ਸੰਗਤ ਅਤੇ ਸਦਾਚਾਰਕ ਗੁਣ ਹਨ। ਚੌਥੇ ਅਧਿਆਇ ਵਾਂਗ ਹੀ ਇਸ ਅਧਿਆਇ ਵਿਚ ਖੋਜਾਰਥਣ ਨੇ ਹਰ ਪੱਖ ਬਾਰੇ ਵੱਖ-ਵੱਖ ਵਿਦਵਾਨਾਂ, ਕੋਸ਼ਾਂ, ਧਰਮ ਪਰੰਪਰਾਵਾਂ, ਧਰਮ ਗ੍ਰੰਥਾਂ ਅਤੇ ਵਿਦਵਾਨਾਂ ਦੇ ਹਵਾਲੇ ਦੇ ਕੇ ਇਨ੍ਹਾਂ ਦਾ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਆਧਾਰ ’ਤੇ ਵਰਣਨ ਕੀਤਾ ਹੈ। ਇਨ੍ਹਾਂ ਚਾਰ ਉਪ ਭਾਗਾਂ ਦੇ ਅੱਗੇ ਕਈ ਪੱਖ ਬਣਾ ਕੇ ਅਧਿਐਨ ਕੀਤਾ ਗਿਆ ਹੈ, ਜਿਵੇਂ- ਨਾਮ ਸਿਮਰਨ ਦੇ ਵੱਖ-ਵੱਖ ਪੱਖਾਂ- ਨਾਮ ਸਿਮਰਨ ਦੀਆਂ ਵੰਨਗੀਆਂ, ਨਾਮ ਸਿਮਰਨ ਅਤੇ ਜੀਵਨ, ਨਾਮ ਸਿਮਰਨ ਅਤੇ ਲੋਕ ਪਰਲੋਕ, ਨਾਮ ਸਿਮਰਨ ਤੇ ਕਰਮਕਾਂਡ ਆਦਿ ਰਾਹੀਂ ਵਰਣਿਤ ਕੀਤਾ ਹੈ। ਇਸੇ ਪ੍ਰਕਾਰ ਹੀ ਸੇਵਾ ਦੀਆਂ ਚਾਰ ਕਿਸਮਾਂ ਦੱਸੀਆਂ ਹਨ। ਬਾਕੀ ਉਪਭਾਗਾਂ ਸੰਗਤ ਅਤੇ ਗੁਰੂ ਦੇ ਵੀ ਵੱਖ-ਵੱਖ ਪੱਖਾਂ ਬਾਰੇ ਚਾਨਣਾ ਪਾਇਆ ਗਿਆ ਹੈ। ਪੰਜਵੇਂ ਅਧਿਆਇ ਦੀ ਸਮਾਪਤੀ ਤੋਂ ਬਾਅਦ ‘ਸਾਰੰਸ਼’ ਸਿਰਲੇਖ ਅਧੀਨ ਖੋਜ ਕਾਰਜ ਦੇ ਸਮੁੱਚੇ ਪੰਜ ਅਧਿਆਇਆਂ ਵਿਚ ਕੀਤੇ ਕਾਰਜ ਬਾਰੇ ਦੱਸਿਆ ਗਿਆ ਹੈ। ਖੋਜ ਕਾਰਜ ਦੇ ਅੰਤ ਵਿਚ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ।

**11.**

**ਖੋਜ ਕਾਰਜ ਦਾ ਨਾਮ- ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰ ਪ੍ਰਤਾਪ ਸੂਰਜ ਦਾ ਇਤਿਹਾਸਿਕ ਅਧਿਐਨ**

**ਖੋਜਾਰਥਣ- ਜਸਵਿੰਦਰ ਕੌਰ**

**ਨਿਗਰਾਨ- ਡਾ. ਸੁਖਦਿਆਲ ਸਿੰਘ**

**ਵਿਭਾਗ ਦਾ ਨਾਮ- ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**ਖੋਜ ਕਾਰਜ ਪੂਰਾ ਕਰਨ ਦਾ ਸਾਲ- 2015**

**ਖੋਜ ਕਾਰਜ ਦਾ ਪ੍ਰਕਾਸ਼ਿਤ ਰੂਪ- ਅਪ੍ਰਕਾਸ਼ਿਤ**

ਖੋਜ ਪ੍ਰਬੰਧ ਦੇ ਆਰੰਭ ਵਿਚ 'ਜਾਣਕਾਰੀ' ਨਾਂ ਦੇ ਸਿਰਲੇਖ ਅਧੀਨ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਤੋਂ ਪਹਿਲਾਂ ਦੇ ਇਤਿਹਾਸਿਕ ਪਿਛੋਕੜ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਵਿਚ ਭਾਈ ਬਾਲਾ ਰਚਿਤ ਜਨਮ ਸਾਖੀ ਬਾਰੇ ਦੱਸ ਕੇ ਕਾਲ ਕ੍ਰਮ ਅਨੁਸਾਰ ਮਿਹਰਬਾਨੀ ਸਾਹਿਤ ਪਰੰਪਰਾ, ਭੱਟ ਵਹੀਆਂ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਰਹਿਤਨਾਮਾ ਭਾਈ ਚੌਪਾ ਸਿੰਘ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਗੁਰੂ ਕੀਆਂ ਸਾਖੀਆਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਸੁੱਖਾ ਸਿੰਘ, ਸਿੰਘ ਸਾਗਰ ਕ੍ਰਿਤ ਬੀਰ ਸਿੰਘ ਬੱਲ ਦੇ ਇਤਿਹਾਸਿਕ ਪੱਖ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਤੋਂ ਬਾਅਦ ਰਤਨ ਸਿੰਘ ਭੰਗੂ ਦੁਆਰਾ ਪੰਥ ਪ੍ਰਕਾਸ਼ ਲਿਖਣ ਦੇ ਕਾਰਨਾਂ ਬਾਰੇ ਦੱਸ ਪਾ ਕੇ ਇਹ ਵਿਚਾਰ[26] ਦਿੱਤਾ ਗਿਆ ਹੈ ਕਿ ਇਸ ਦੇ ਮੁਕਾਬਲੇ ਭਾਈ ਸੰਤੋਖ ਸਿੰਘ ਦਾ ਕਾਰਜ ਬਹੁਤ ਵਿਸ਼ਾਲ ਹੈ। ਇਸੇ ਪ੍ਰਕਾਰ ਸਾਧੂ ਅਨੰਦਘਨ ਬਾਰੇ ਵੀ ਤੁਲਨਾਤਮਿਕ ਵਿਚਾਰ ਦਿੱਤੇ ਗਏ ਹਨ। ਅੱਗੇ ਜਾ ਕੇ ਭਾਈ ਸੰਤੋਖ ਸਿੰਘ ਦੁਆਰਾ ਰਚਿਤ ਗ੍ਰੰਥ ਦੇ ਛਪਣ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ ਅਤੇ ਭਾਈ ਵੀਰ ਸਿੰਘ ਦੀ ਇਸ ਗ੍ਰੰਥ ਸੰਬੰਧੀ ਸੰਪਾਦਨਾ ਬਾਰੇ ਲਿਖਦੇ ਹੋਏ ਇਸ ਦੇ ਕੁੱਝ ਕਮਜ਼ੋਰ ਪੱਖਾਂ ਸੰਬੰਧੀ ਲਿਖਿਆ[27] ਗਿਆ ਹੈ ਜਿਨ੍ਹਾਂ ਨੂੰ ਇਸ ਖੋਜ ਕਾਰਜ ਵਿਚ ਪੂਰੇ ਕਰਨ ਦੀ ਗੰਭੀਰ ਕੋਸ਼ਿਸ਼ ਕਰਨ ਦੀ ਗੱਲ ਕੀਤੀ ਗਈ ਹੈ। ਇਸ ਸੰਬੰਧ ਵਿਚ ਸੁਰਜੀਤ ਹਾਂਸ, ਡਾ.

[26] ਪੰਨੇ 19-20

[27] ਪੰਨੇ 34-38

ਜਤਿੰਦਰ ਕੌਰ ਸੰਧੂ ਅਤੇ ਡਾ. ਧਰਮ ਸਿੰਘ ਦੇ ਹਵਾਲਿਆਂ ਨਾਲ ਕਮਜ਼ੋਰ ਪੱਖਾਂ ਬਾਰੇ ਵਿਚਾਰ ਦੀ ਪੁਸ਼ਟੀ ਕੀਤੀ ਗਈ ਹੈ।

ਅੰਤ ਵਿਚ ਇਸ ਗ੍ਰੰਥ ਸੰਬੰਧੀ ਹੋ ਚੁੱਕੇ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਕਾਰਜਾਂ ਦਾ ਆਲੋਚਨਾਤਮਿਕ ਅਧਿਐਨ ਕਰਦੇ ਹੋਏ ਇਨ੍ਹਾਂ ਦੇ ਹਾਂ ਪੱਖੀ ਅਤੇ ਨਾਂਹ ਪੱਖੀ ਦੋਵੇਂ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਕਾਰਜਾਂ ਵਿਚ ਪਿਆਰਾ ਸਿੰਘ ਪਦਮ ਰਚਿਤ ਮਹਾਂਕਵੀ ਸੰਤੋਖ ਸਿੰਘ, ਗਿਆਨੀ ਖਜ਼ਾਨ ਸਿੰਘ ਰਚਿਤ ਜੀਵਨ ਕਥਾ ਚੂੜਾਮਣੀ ਕਵੀ ਭਾਈ ਸੰਤੋਖ ਸਿੰਘ, ਜੈ ਭਗਵਾਨ ਗੋਇਲ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਖਿਪਤ ਅਤੇ ਮਹਾਂਕਵੀ ਸੰਤੋਖ ਸਿੰਘ, ਡਾ. ਕਿਰਪਾਲ ਸਿੰਘ ਹਿਸਟੋਰੀਅਨ ਦੁਆਰਾ ਇਸ ਗ੍ਰੰਥ ਸੰਬੰਧੀ ਕੀਤਾ ਗਿਆ ਪ੍ਰਾਜੈਕਟ ਅਤੇ ਹੁਣ ਤੱਕ ਦੇ ਹੋ ਚੁੱਕੇ ਖੋਜ ਕਾਰਜ ਪ੍ਰਮੁੱਖ ਹਨ। ਇਨ੍ਹਾਂ ਹੋ ਚੁੱਕੇ ਕਾਰਜਾਂ ਸੰਬੰਧੀ ਖੋਜਾਰਥਣ ਦੀਆਂ ਟਿੱਪਣੀਆਂ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਖੋਜਾਰਥਣ ਉੱਪਰ ਹਰ ਕਾਰਜ ਵਿਚੋਂ ਨਕਾਰਾਤਮਿਕ ਪੱਖ ਦੇਖਣ ਦੀ ਰੁਚੀ ਭਾਰੂ ਹੈ ਜਿਸ ਕਾਰਨ ਇਨ੍ਹਾਂ ਕਾਰਜਾਂ ਦੇ ਸਕਾਰਾਤਮਿਕ ਪੱਖ ਸੰਬੰਧੀ ਨਾਮ ਮਾਤਰ ਹੀ ਜ਼ਿਕਰ ਕੀਤਾ ਹੈ। ਸੰਬੰਧਿਤ ਟਿੱਪਣੀਆਂ ਵਿਚੋਂ ਕੁੱਝ ਇਸ ਪ੍ਰਕਾਰ ਹਨ-

- ਪਿਆਰਾ ਸਿੰਘ ਪਦਮ ਦੀ ਪੁਸਤਕ ਵਿਚ ਬਹੁਤ ਹੀ ਸੰਖੇਪ ਤੇ ਆਮ ਜਾਣਕਾਰੀ ਹੈ।[28]
- ਜੈ ਭਗਵਾਨ ਗੋਇਲ ਦਾ ਸਾਰਾ ਜ਼ੋਰ ਸੂਰਜ ਪ੍ਰਕਾਸ਼ ਦੇ ਸਾਹਿਤਕ ਪੱਖ ਨੂੰ ਹੀ ਸਾਹਮਣੇ ਲਿਆਉਣ 'ਤੇ ਲੱਗਾ ਹੈ। ਉਹ ਆਪਣੇ ਕੰਮ ਵਿਚ ਇਤਿਹਾਸਿਕ ਪੱਖ ਨੂੰ ਉੱਕਾ ਹੀ ਨਹੀਂ ਛੂੰਹਦੇ।[29]
- ਕੇਂਦਰੀ ਸਿੰਘ ਸਭਾ ਦੀ ਵਿਸ਼ੇਸ਼ ਪੱਤ੍ਰਿਕਾ ਦੇ ਲੇਖ ਜ਼ਿਆਦਾਤਰ ਕਰਕੇ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਲਿਖਤਾਂ ਬਾਰੇ ਸੰਖੇਪ ਜਾਣਕਾਰੀ ਦੇਣ ਵਾਲੇ ਹਨ। ਇਸ ਵਿਚ ਇਤਿਹਾਸਿਕ ਤੌਰ 'ਤੇ ਭਾਈ ਸਾਹਿਬ ਦੀਆਂ ਇਤਿਹਾਸਿਕ ਲਿਖਤਾਂ ਦਾ ਕੋਈ ਅਧਿਐਨ ਨਹੀਂ ਹੈ।[30]

---

[28] ਪੰਨਾ 43

[29] ਪੰਨਾ 44

[30] ਪੰਨਾ 47

▶ਸਬਿੰਦਰਜੀਤ ਸਿੰਘ ਸਾਗਰ ਨੇ ਗੁਰੂ ਨਾਨਕ ਪ੍ਰਕਾਸ਼ ਵਿਚ ਵਰਤੇ ਸਰੋਤਾਂ ਦਾ ਤਾਰਕਿਕ ਅਧਿਐਨ ਨਹੀਂ ਕੀਤਾ ਅਤੇ ਗੁਰੂ ਨਾਨਕ ਪ੍ਰਕਾਸ਼ ਵਿਚ ਦਰਸਾਏ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਸਮੇਂ ਵਾਪਰੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਬਾਕੀ ਜੀਵਨ ਬਾਰੇ ਇਤਿਹਾਸਿਕ ਪੱਖ ਤੋਂ ਕੋਈ ਵੀ ਅਧਿਐਨ ਨਹੀਂ ਕੀਤਾ ਅਤੇ ਨਾ ਹੀ ਸਿੱਖ ਇਤਿਹਾਸ ਦੇ ਬਾਕੀ ਸਰੋਤਾਂ ਨਾਲ ਕੋਈ ਤੁਲਨਾਤਮਿਕ ਅਧਿਐਨ ਕਰਕੇ ਸਿੱਖ ਇਤਿਹਾਸਕਾਰੀ ਵਿਚ ਇਸ ਪੱਖ ਤੋਂ ਕੋਈ ਵਾਧਾ ਕੀਤਾ ਹੈ।[31]

▶ਪ੍ਰੋਫੈਸਰ ਹਰਮੀਤ ਸਿੰਘ ਦੀ ਪੁਸਤਕ ਦੇ ਲੇਖਕ ਸਾਧਾਰਨ ਪੱਧਰ ਦੇ ਲੇਖ ਹਨ ਅਤੇ ਇਨ੍ਹਾਂ ਵਿਚ ਕਿਸੇ ਵੀ ਪੱਖ ਦਾ ਕੋਈ ਗੰਭੀਰ ਅਧਿਐਨ ਨਹੀਂ ਹੈ। [32]

▶ਭਾਈ ਵੀਰ ਸਿੰਘ ਦੇ ਕੰਮ ਵਿਚ ਉਨ੍ਹਾਂ ਦਾ ਆਪਣਾ ਨਜ਼ਰੀਆ ਭਾਰੂ ਹੈ।[33] .....ਉਨ੍ਹਾਂ ਦੀ ਇਤਿਹਾਸ ਦੀ ਵਿਆਖਿਆ ਇਹ ਦਰਸਾਉਂਦੀ ਹੈ ਕਿ ਭਾਈ ਸਾਹਿਬ ਨੂੰ ਇਤਿਹਾਸਕਾਰੀ ਦੀ ਸਮਝ ਨਹੀਂ ਸੀ।[34]

▶ਡਾ. ਕਿਰਪਾਲ ਸਿੰਘ ਦੇ ਪ੍ਰਾਜੈਕਟ ਨੂੰ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਘੱਟ ਅਤੇ ਪੌਰਾਣਿਕ ਤੇ ਬ੍ਰਾਹਮਣਵਾਦੀ ਦ੍ਰਿਸ਼ਟੀਕੋਣ ਤੋਂ ਜ਼ਿਆਦਾ ਦੇਖਿਆ ਜਾਣ ਵਾਲਾ ਕਾਰਜ ਕਹਿ ਕੇ ਇਹ ਟਿੱਪਣੀ ਕੀਤੀ ਗਈ ਹੈ ਕਿ ਇਸ ਪ੍ਰਾਜੈਕਟ ਤੋਂ ਜਿਸ ਤਰ੍ਹਾਂ ਦੇ ਇਤਿਹਾਸਿਕ ਵਿਸ਼ਲੇਸ਼ਣ ਦੀ ਉਮੀਦ ਕੀਤੀ ਜਾ ਰਹੀ ਸੀ, ਉਸ ਤਰ੍ਹਾਂ ਦਾ ਕੰਮ ਨਹੀਂ ਕੀਤਾ ਗਿਆ।[35]

ਪਹਿਲੇ ਅਧਿਆਇ 'ਭਾਈ ਸੰਤੋਖ ਸਿੰਘ ਦਾ ਜੀਵਨ ਅਤੇ ਸਮਾਂ' ਵਿਚ ਭਾਈ ਸੰਤੋਖ ਸਿੰਘ ਦੇ ਜਨਮ ਮਿਤੀ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਦਿੰਦੇ ਹੋਏ ਗਿਆਨੀ ਖਜ਼ਾਨ ਸਿੰਘ ਦੀ ਗਵਾਹੀ ਅਨੁਸਾਰ 1787 ਈ. ਨੂੰ ਦਰੁਸਤ ਮੰਨਿਆ ਗਿਆ ਹੈ। ਉਨ੍ਹਾਂ ਦੇ ਵਿੱਦਿਅਕ ਗੁਰੂ, ਮਾਤਾ-ਪਿਤਾ ਬਾਰੇ ਜਾਣਕਾਰੀ ਦੇ ਕੇ ਤੱਥਾਂ ਸਹਿਤ ਭਾਈ ਸੰਤੋਖ ਸਿੰਘ ਦੇ ਕਾਸ਼ੀ ਜਾ ਕੇ ਵਿੱਦਿਆ ਪ੍ਰਾਪਤ ਨਾ ਕਰਨ ਅਤੇ

[31] ਪੰਨੇ 46-47

[32] ਪੰਨਾ 47

[33] ਪੰਨਾ 37

[34] ਪੰਨਾ 40

[35] ਪੰਨਾ 49

ਨਿਰਮਲੇ ਨਾ ਹੋਣ ਦੀ ਵੀ ਗੱਲ ਕੀਤੀ ਗਈ ਹੈ। ਇਸ ਤੋਂ ਬਾਅਦ ਭਾਈ ਸੰਤੋਖ ਸਿੰਘ ਦੇ ਵਿਆਹ, ਸੰਤਾਨ, ਬੂੜੀਆ ਨਿਵਾਸ ਦੌਰਾਨ ਨਾਮ ਕੋਸ਼ ਅਤੇ ਨਾਨਕ ਪ੍ਰਕਾਸ਼ ਦੀ ਰਚਨਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ। ਪਟਿਆਲਾ ਨਿਵਾਸ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਪਟਿਆਲਾ ਤੋਂ ਜਾਣ ਦੇ ਕਾਰਨ- ਕੈਥਲ ਤੋਂ ਰਾਜਮਾਤਾ ਦਾ ਇਨ੍ਹਾਂ ਨੂੰ ਪਟਿਆਲੇ ਲੈਣ ਆਉਣਾ ਅਤੇ ਪਟਿਆਲਾ ਨਿਵਾਸ ਤੋਂ ਪਹਿਲਾਂ ਕਿਸੇ ਵੱਡੇ ਦਰਬਾਰ ਵਿਚ ਨਾ ਰਹਿਣ ਕਾਰਨ ਇੱਥੋਂ ਦੇ ਮਾਹੌਲ ਵਿਚ ਨਾ ਢਲ ਪਾਉਣਾ ਦੱਸੇ ਹਨ। ਇਸ ਤੋਂ ਅੱਗੇ ਖੋਜਾਰਥਣ ਨੇ ਭਾਈ ਸੰਤੋਖ ਸਿੰਘ ਦੇ ਸਰਪ੍ਰਸਤ ਕੈਥਲਪਤਿ ਭਾਈ ਉਦੈ ਸਿੰਘ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਬਾਰੇ ਦੱਸਿਆ ਹੈ ਅਤੇ ਅੰਤ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚੇ ਜਾਣ ਦੇ ਬ੍ਰਾਹਮਣੀ ਮਾਹੌਲ ਅਤੇ ਇਸ ਗ੍ਰੰਥ ਵਿਚ ਪੈਣ ਵਾਲੀਆਂ ਰੁਕਾਵਟਾਂ ਬਾਰੇ ਦੱਸਦੇ ਹੋਏ ਗ੍ਰੰਥ ਦੇ ਅਧਿਆਇਆਂ ਬਾਰੇ ਜਾਣਕਾਰੀ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਹੈ। ਸਮਾਪਤੀ ਤੋਂ ਪਹਿਲਾਂ ਸਿੱਖ ਸ੍ਰੋਤ ਗ੍ਰੰਥਾਂ ਦੇ ਬ੍ਰਜ ਭਾਸ਼ਾ ਵਿਚ ਲਿਖੇ ਜਾਣ ਦੀ ਪਰੰਪਰਾ ਬਾਰੇ ਵੀ ਚਾਨਣਾ ਪਾਇਆ ਹੈ।

ਦੂਸਰਾ ਅਧਿਆਇ 'ਗੁਰੂ ਨਾਨਕ ਦੇਵ ਜੀ ਜੀਵਨ ਅਤੇ ਸੰਦੇਸ਼' ਇਸ ਗ੍ਰੰਥ ਦੀ ਪਹਿਲੀ ਲੜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਵਿਚ ਵਰਣਿਤ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹੈ। ਆਰੰਭ ਵਿਚ ਇਸ ਗ੍ਰੰਥ ਦੇ ਆਧਾਰ, ਭਾਈ ਬਾਲਾ ਦੇ ਮੂੰਹੋਂ ਗੁਰੂ ਨਾਨਕ ਸਾਹਿਬ ਦਾ ਜੀਵਨ ਅਖਵਾਉਣ ਬਾਰੇ ਦੱਸਿਆ ਹੈ ਅਤੇ ਇਸ ਗ੍ਰੰਥ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਦੇ ਪ੍ਰਸੰਗਾਂ ਦਾ ਜ਼ਿਕਰ ਕਰਦੇ ਹੋਏ ਇਨ੍ਹਾਂ ਬਾਰੇ ਹਵਾਲਿਆਂ ਸਹਿਤ ਚਾਨਣਾ ਪਾਇਆ ਹੈ। ਇਸ ਤੋਂ ਅੱਗੇ ਜਾ ਕੇ ਇਸ ਗ੍ਰੰਥ ਦੇ ਸਰੋਤਾਂ ਬਾਰੇ ਇਤਿਹਾਸਿਕ ਤੌਰ 'ਤੇ ਤੱਥਾਂ ਅਤੇ ਹਵਾਲਿਆਂ ਸਹਿਤ ਗੱਲ ਕੀਤੀ ਗਈ ਹੈ। ਭਾਈ ਬਾਲਾ ਜਨਮ ਸਾਖੀ ਬਾਰੇ ਪੰਨਾ 112 ਤੋਂ 116 ਤੱਕ ਵੱਖਵੱਖ ਹਵਾਲਿਆਂ ਰਾਹੀਂ ਚਰਚਾ ਕਰਦੇ ਹੋਏ ਇਹ ਵਿਚਾਰ ਦਿੱਤਾ ਗਿਆ - ਹੈ ਕਿ ਭਾਈ ਬਾਲਾ ਜਨਮ ਸਾਖੀ ਨਿਰਾਧਾਰ ਨਹੀਂ ਹੈ।

ਇਸ ਤੋਂ ਬਾਅਦ ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਮਨੀ ਸਿੰਘ ਦੀਆਂ ਰਚਨਾਵਾਂ, ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਮਹਿਮਾ ਪ੍ਰਕਾਸ਼ ਵਾਰਤਕ ਅਤੇ ਕਾਵਿ ਬਾਰੇ ਗੱਲ ਕੀਤੀ ਗਈ ਹੈ। ਖੋਜਾਰਥਣ ਨੇ ਪੰਨਾ ਨੰਬਰ 131 ਤੋਂ 145 ਤੱਕ ਕਰਮ ਸਿੰਘ ਹਿਸਟੋਰੀਅਨ ਦੀ

ਪੁਸਤਕ 'ਕੱਤਕ ਕਿ ਵਿਸਾਖ' ਬਾਰੇ ਵਿਚਾਰ ਕਰਦੇ ਹੋਏ ਭਾਈ ਗੁਰਦਾਸ ਜੀ, ਈਸ਼ਰ ਸਿੰਘ ਨਾਰਾ ਆਦਿ ਦੇ ਵਿਚਾਰਾਂ ਰਾਹੀਂ ਇਹ ਸਿੱਟਾ ਕੱਢਿਆ ਹੈ ਕਿ ਜੇਕਰ ਗੁਰਬਾਣੀ ਤੋਂ ਸੇਧ ਲੈ ਕੇ ਤਰਕ ਸੰਗਤ ਰੂਪ ਵਿਚ ਵਿਚਾਰਿਆ ਜਾਵੇ ਤਾਂ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਵਧੇਰੇ ਠੀਕ ਜਾਪਦਾ ਹੈ। ਜਨਮ ਮਿਤੀ ਦੇ ਇਤਿਹਾਸਿਕ ਵਾਦ-ਵਿਵਾਦ ਵਾਲੇ ਪੱਖ ਤੋਂ ਇਲਾਵਾ ਖੋਜਾਰਥਣ ਨੇ ਗੁਰੂ ਸਾਹਿਬ ਦੀਆਂ ਉਦਾਸੀਆਂ ਦੇ ਸਥਾਨਾਂ, ਇਨ੍ਹਾਂ ਨਾਲ ਜੁੜੀਆਂ ਸਾਖੀਆਂ, ਉਦਾਸੀਆਂ ਦੇ ਸਫ਼ਰਾਂ ਦੀ ਵਿਉਂਤ, ਗੁਰੂ ਸਾਹਿਬ ਨੂੰ ਮਿਲਣ ਵਾਲੇ ਵਿਅਕਤੀਆਂ ਬਾਰੇ ਵੱਖ-ਵੱਖ ਲੇਖਕਾਂ ਅਤੇ ਸ੍ਰੋਤ ਗ੍ਰੰਥਾਂ ਦੇ ਹਵਾਲਿਆਂ ਨਾਲ ਵਿਚਾਰ ਕੀਤੀ ਹੈ।

ਇਸੇ ਪ੍ਰਕਾਰ ਹੀ ਬਾਬਰਬਾਣੀ ਸੰਬੰਧੀ ਇਤਿਹਾਸਿਕ ਹਵਾਲੇ ਨਾਲ ਬਾਬਰ ਦੇ ਹਮਲੇ ਅਤੇ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਸੰਬੰਧੀ ਚਾਨਣਾ ਪਾਇਆ ਹੈ। ਇਸ ਤੋਂ ਬਾਅਦ ਉਦਾਸੀਆਂ ਦੌਰਾਨ ਗੁਰੂ ਸਾਹਿਬ ਜੀ ਦੁਆਰਾ ਜਾਣ ਵਾਲੇ ਸਥਾਨਾਂ ਸੰਬੰਧੀ ਵੱਖ-ਵੱਖ ਗ੍ਰੰਥਾਂ ਦੇ ਹਵਾਲੇ ਦਿੱਤੇ ਹਨ ਅਤੇ ਇਹ ਸਿੱਟਾ ਕੱਢਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਉਦਾਸੀਆਂ ਵਾਲੇ ਸਥਾਨਾਂ ਸੰਬੰਧੀ ਭਾਈ ਗੁਰਦਾਸ ਜੀ, ਜਨਮ ਸਾਖੀਆਂ, ਗਿਆਨੀ ਗਿਆਨ ਸਿੰਘ ਅਤੇ ਭਾਈ ਸੰਤੋਖ ਸਿੰਘ ਇਕ ਮਤ ਹਨ।

ਅੰਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰੂ ਨਾਨਕ ਸਾਹਿਬ ਜੀ ਦੇ ਸੰਦੇਸ਼ ਅਤੇ ਵਿਚਾਰਧਾਰਾ ਬਾਰੇ ਚਾਨਣਾ ਪਾ ਕੇ ਭਾਈ ਗੁਰਦਾਸ ਜੀ ਅਨੁਸਾਰ ਗੁਰੂ ਸ਼ਬਦ ਦੀ ਵਿਚਾਰਧਾਰਾ ਦੀ ਗੱਲ ਕਰਦੇ ਹੋਏ ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਜੀ ਦੇ ਸੰਦੇਸ਼ ਅਤੇ ਜੀਵਨ ਦੇ ਪ੍ਰਮੁੱਖ ਇਤਿਹਾਸਿਕ ਪੱਖਾਂ ਸੰਬੰਧੀ ਵਿਚਾਰ ਕੀਤੀ ਹੈ। ਸਭ ਤੋਂ ਅਖੀਰ ਵਿਚ ਬਿਕਰਮੀ ਸੰਮਤ, ਸਾਕਾ ਸੰਮਤ ਅਤੇ ਈਸਵੀ ਸੰਮਤ ਅਨੁਸਾਰ ਦਿਨਾਂ-ਮਹੀਨਿਆਂ ਸੰਬੰਧੀ ਜਾਣਕਾਰੀ ਦੇ ਕੇ ਅਧਿਆਇ ਦੀ ਸਮਾਪਤੀ ਕੀਤੀ ਗਈ ਹੈ।

ਖੋਜ ਪ੍ਰਬੰਧ ਦਾ ਦੂਸਰਾ ਅਧਿਆਇ 'ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਧਰਮ ਦਾ ਵਿਕਾਸ' ਹੈ। ਇਸ ਅਧਿਆਇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਨਾਲ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਦੇ ਹੋਏ ਸਿੱਖ ਧਰਮ ਦੇ ਵਿਕਾਸ ਦੀ ਜਾਣਕਾਰੀ ਦਿੱਤੀ ਗਈ ਹੈ। ਗੁਰੂ ਅੰਗਦ ਦੇਵ ਜੀ ਦੇ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆਉਣ ਤੋਂ ਆਰੰਭ ਕਰਕੇ

ਭਾਈ ਬਾਲੇ ਵਾਲੀ ਜਨਮ ਸਾਖੀ ਲਿਖਵਾਉਣ ਦੀ ਗੱਲ ਕੀਤੀ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਦੇ ਨਾਲ ਵੱਖ-ਵੱਖ ਗ੍ਰੰਥਾਂ ਅਤੇ ਲਿਖਾਰੀਆਂ ਦੇ ਹਵਾਲੇ ਪੁਸ਼ਟੀ ਲਈ ਵਰਤੇ ਗਏ ਹਨ। ਇਸੇ ਵਿਧੀ ਰਾਹੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਗੁਰੂ ਸਾਹਿਬਾਨ ਦੁਆਰਾ ਕੀਤੇ ਗਏ ਕਾਰਜਾਂ ਅਤੇ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਸੰਬੰਧੀ ਵਿਸ਼ਲੇਸ਼ਣਾਤਮਿਕ ਵਿਧੀ ਰਾਹੀਂ ਚਾਨਣਾ ਪਾਇਆ ਗਿਆ ਹੈ। ਕਿਸੇ ਘਟਨਾ ਸੰਬੰਧੀ ਮਤਭੇਦ ਹੋਣ ਦੀ ਸੂਰਤ ਵਿਚ ਵੱਖ-ਵੱਖ ਹਵਾਲਿਆਂ ਰਾਹੀਂ ਇਸ ਨੂੰ ਸਪਸ਼ਟ ਕੀਤਾ ਗਿਆ ਹੈ, ਉਦਾਹਰਨ ਵਜੋਂ- ਗੁਰੂ ਅਮਰਦਾਸ ਜੀ ਦੀ ਜਨਮ ਮਿਤੀ, ਹਰਿਮੰਦਰ ਸਾਹਿਬ ਦਾ ਨੀਂਹ ਪੱਥਰ (ਜੋ ਕਿ ਭਾਈ ਸੰਤੋਖ ਸਿੰਘ ਨੇ ਗੁਰੂ ਅਰਜਨ ਦੇਵ ਦੁਆਰਾ ਰੱਖਣ ਦੀ ਗੱਲ ਕੀਤੀ ਹੈ), ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜਨਮ ਮਿਤੀ, ਗੁਰੂ ਹਰਿਗੋਬਿੰਦ ਸਾਹਿਬ ਦੇ ਵਿਆਹ, ਸੰਤਾਨ ਉਤਪਤੀ ਦਾ ਸਮਾਂ, ਗਿਣਤੀ ਅਤੇ ਇਨ੍ਹਾਂ ਦਾ ਕ੍ਰਮ, ਗੁਰੂ ਹਰਿਗੋਬਿੰਦ ਸਾਹਿਬ ਦੀ ਕੈਦ ਦਾ ਕਾਰਨ ਅਤੇ ਸਮਾਂ, ਗੁਰੂ ਹਰਿਗੋਬਿੰਦ ਸਾਹਿਬ ਦੀਆਂ ਜੰਗਾਂ ਦੇ ਕਾਰਨ ਅਤੇ ਇਨ੍ਹਾਂ ਦੀ ਮਿਤੀ, ਗੁਰੂ ਹਰਿ ਰਾਇ ਸਾਹਿਬ ਜੀ ਦੇ ਵਿਆਹ, ਗੁਰੂ ਤੇਗ ਬਹਾਦਰ ਜੀ ਦੀਆਂ ਪ੍ਰਚਾਰ ਯਾਤਰਾਵਾਂ ਆਦਿ। ਭਾਈ ਸੰਤੋਖ ਸਿੰਘ ਦੀ ਕਿਸੇ ਗੱਲ ਦੇ ਦਵੰਦ ਹੋਣ ਜਾਂ ਗ਼ਲਤ ਹੋਣ ਦੀ ਸੂਰਤ ਵਿਚ ਖੋਜਾਰਥਣ ਨੇ ਭਾਈ ਸਾਹਿਬ ਦੀ ਹੀ ਲਿਖਤ ਦਾ ਹਵਾਲਾ ਦੇ ਕੇ ਇਸ ਨੂੰ ਦਰੁਸਤ ਸਿੱਧ ਕੀਤਾ ਹੈ, ਉਦਾਹਰਨ ਵਜੋਂ[36] ਬਾਬਾ ਬੁੱਢਾ ਜੀ ਦੁਆਰਾ ਗੁਰੂ ਅਮਰਦਾਸ ਜੀ ਨੂੰ ਆਪਣੇ ਹੱਥਾਂ ਨਾਲ ਗੁਰਿਆਈ ਦਾ ਤਿਲਕ ਦੇਣ ਸੰਬੰਧੀ ਸਹਿਮਤੀ ਜਾਂ ਅਸਹਿਮਤੀ ਸੰਬੰਧੀ ਖੋਜਾਰਥਣ ਨੇ ਡਾ. ਕਿਰਪਾਲ ਸਿੰਘ ਹਿਸਟੋਰੀਅਨ ਦਾ ਰਾਸ ਪਹਿਲੀ, ਅੰਸੂ 34 ਦੇ ਹਵਾਲੇ ਰਾਹੀਂ ਇਹ ਤੱਥ ਸਾਹਮਣੇ ਲਿਆਉਂਦਾ ਹੈ ਕਿ ਭਾਈ ਸੰਤੋਖ ਸਿੰਘ ਨੇ ਬਾਬਾ ਬੁੱਢਾ ਜੀ ਦੁਆਰਾ ਹੀ ਗੁਰਿਆਈ ਦਾ ਤਿਲਕ ਲਗਾਏ ਜਾਣਾ ਮੰਨਿਆ ਹੈ।

'ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ' ਨਾਮਕ ਤੀਸਰਾ ਅਧਿਆਇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਅਨੰਦਪੁਰ ਸਾਹਿਬ ਆਉਣ ਬਾਰੇ ਜਾਣਕਾਰੀ ਦੇ ਕੇ ਗੁਰੂ

[36] ਪੰਨਾ 233

ਗੋਬਿੰਦ ਸਿੰਘ ਦੇ ਵਿਆਹਾਂ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕੀਤੇ ਹਨ ਅਤੇ ਗੁਰੂ ਸਾਹਿਬ ਦੇ ਪੂਰਵ ਖਾਲਸਾ ਕਾਲ ਦੇ ਯੁੱਧਾਂ ਬਾਰੇ ਚਾਨਣਾ ਪਾ ਕੇ, ਭਾਈ ਸੰਤੋਖ ਸਿੰਘ ਦੀਆਂ ਖਾਲਸਾ ਸਾਜਣਾ ਦੇ ਬਿਰਤਾਂਤ ਬਾਰੇ ਕਈ ਸਵੈਵਿਰੋਧੀ ਗੱਲਾਂ ਦਾ ਜ਼ਿਕਰ ਕੀਤਾ ਹੈ-। ਗੁਰੂ ਸਾਹਿਬ ਦੇ ਦੇਵੀ ਪੂਜਾ ਵਾਲੇ ਬਿਰਤਾਂਤ ਸੰਬੰਧੀ ਸਿਧਾਂਤਿਕ ਤੇ ਇਤਿਹਾਸਿਕ ਹਵਾਲੇ ਦੇ ਕੇ ਇਸ ਦਾ ਖੰਡਨ ਕੀਤਾ ਗਿਆ ਹੈ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਜੀ ਦੇ ਯੁੱਧਾਂ ਦਾ ਵੇਰਵਾ ਦੇ ਕੇ ਦੂਸਰੇ ਸ੍ਰੋਤ ਗ੍ਰੰਥਾਂ ਦੇ ਦੱਸੇ ਵੇਰਵਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਅੱਗੇ ਜਾ ਕੇ ਭਾਈ ਸੰਤੋਖ ਸਿੰਘ ਅਨੁਸਾਰ ਦੱਸੇ ਗਏ ਚਮਕੌਰ ਦੇ ਯੁੱਧ ਤੋਂ ਲੈ ਕੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦਾ ਜ਼ਿਕਰ ਕੀਤਾ ਹੈ। ਇਸੇ ਅਧਿਆਇ ਵਿਚ ਬੰਦਾ ਸਿੰਘ ਬਹਾਦਰ ਤੱਕ ਦੀਆਂ ਘਟਨਾਵਾਂ ਨਾਲ ਸੰਬੰਧਿਤ ਪ੍ਰਕਰਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ ਦੇ ਕੇ ਪੰਜ ਸਿੰਘਾਂ ਸਮੇਤ ਪੰਜਾਬ ਭੇਜਣ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਦੁਆਰਾ ਜ਼ਾਲਮਾਂ ਦੀ ਸੁਧਾਈ ਅਤੇ ਉਸ ਦੀਆਂ ਜੰਗਾਂ ਅਤੇ ਸ਼ਹਾਦਤ ਦਾ ਵਰਣਨ ਕੀਤਾ ਹੈ। ਖੋਜਾਰਥਣ ਅਨੁਸਾਰ ਭਾਈ ਸੰਤੋਖ ਸਿੰਘ ਨੇ ਬੰਦਾ ਸਿੰਘ ਬਹਾਦਰ ਬਾਰੇ ਬਹੁਤ ਸੰਖੇਪ ਜਾਣਕਾਰੀ ਦਿੱਤੀ ਹੈ ਅਤੇ ਇਸ ਪ੍ਰਸੰਗ ਵਿਚ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਦੱਸੀਆਂ ਗਈਆਂ ਕਈ ਗੱਲਾਂ ਗੈਰ ਸਿਧਾਂਤਿਕ ਅਤੇ ਗੈਰ ਇਤਿਹਾਸਿਕ ਜਾਪਦੀਆਂ ਹਨ, ਜਿਵੇਂ- ਬੰਦਾ ਸਿੰਘ ਬਹਾਦਰ ਦਾ ਅੰਮ੍ਰਿਤ ਛਕਣ ਸੰਬੰਧੀ ਜ਼ਿਕਰ ਨਾ ਹੋਣਾ, ਭਾਈ ਦਇਆ ਸਿੰਘ ਦਾ ਗੁਰੂ ਸਾਹਿਬ ਦਾ ਬੰਦਾ ਸਿੰਘ ਨੂੰ ਕਿਰਪਾਨ ਦੇਣ ਨੂੰ ਇਹ ਕਹਿ ਕੇ ਰੋਕ ਦੇਣਾ ਕਿ ਬੰਦਾ ਸਿੰਘ ਜਥੇਦਾਰ ਹੈ; ਗੁਰੂ ਨਹੀਂ, ਯੁੱਧ ਦੀਆਂ ਮਿਤੀਆਂ ਅਤੇ ਬੰਦਾ ਸਿੰਘ ਨਾਲ ਜੰਗ ਕਰਨ ਵਾਲੇ ਫ਼ੌਜਦਾਰਾਂ ਦੇ ਨਾਵਾਂ ਦੀ ਤਰਤੀਬੀ ਅਣਹੋਂਦ, ਬੰਦਾ ਸਿੰਘ ਬਹਾਦਰ ਦਾ ਗੁਰੂ ਬਣਨ ਦਾ ਦਾਅਵਾ, ਆਪਣਾ ਵੱਖਰਾ ਪੰਥ ਚਲਾਉਣਾ, ਬੰਦਾ ਸਿੰਘ ਬਹਾਦਰ ਦਾ ਮੁਗ਼ਲ ਬਾਦਸ਼ਾਹ ਨੂੰ ਆਪਣੀ ਸ਼ਹੀਦੀ ਦੇ ਅੱਠ ਦਿਨਾਂ ਬਾਅਦ ਮੌਤ ਹੋਣ ਬਾਰੇ ਕਹਿਣਾ ਆਦਿ। ਇਸ ਅਧਿਆਇ ਵਿਚ ਇਨ੍ਹਾਂ ਗੱਲਾਂ ਨੂੰ ਵੱਖ-ਵੱਖ ਸਰੋਤਾਂ ਅਤੇ ਵਿਦਵਾਨਾਂ ਦੇ ਹਵਾਲਿਆਂ ਨਾਲ ਥਾਂ-ਪੁਰ-ਥਾਂ ਸਪਸ਼ਟ ਕੀਤਾ ਗਿਆ ਹੈ।

'ਭਾਈ ਸੰਤੋਖ ਸਿੰਘ ਵੱਲੋਂ ਗੁਰ ਸਥਾਨਾਂ ਦਾ ਸਰਵੇਖਣ' ਨਾਮਕ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੁਆਰਾ ਇਤਿਹਾਸਿਕ ਜਾਣਕਾਰੀ ਇਕੱਤਰ ਕਰਨ ਲਈ ਉਨ੍ਹਾਂ ਦੁਆਰਾ ਕੀਤੇ ਗਏ ਲਗਭਗ ਚੌਦਾਂ

ਇਤਿਹਾਸਿਕ ਗੁਰ ਸਥਾਨਾਂ ਦੇ ਸਰਵੇਖਣ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਨਾਮ ਮੁਕੰਦਪੁਰ, ਮੁੱਲੋਂ ਵਾਲ, ਹੰਡਿਆਇਆ, ਖ਼ਿਆਲਾ, ਧਮਤਾਨ ਸਾਹਿਬ, ਬਹਿਰ ਜੱਛ, ਕੈਥਲ, ਬਾਰਨੇ, ਬਣੀ ਬਦਰਪੁਰ, ਚੀਕਾ, ਠਸਕਾ, ਲਖਨੌਰ, ਪਾਉਂਟਾ ਸਾਹਿਬ ਅਤੇ ਰਾਏਪੁਰ ਹਨ। ਇਨ੍ਹਾਂ ਸਥਾਨਾਂ ਬਾਰੇ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਡਾ. ਗੁਰਬਚਨ ਸਿੰਘ ਨਈਅਰ, ਡਾ. ਸੁਖਦਿਆਲ ਸਿੰਘ, ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਆਦਿ ਦੇ ਹਵਾਲੇ ਨਾਲ ਇਨ੍ਹਾਂ ਸਥਾਨਾਂ ਦੇ ਇਤਿਹਾਸਿਕ ਪਿਛੋਕੜ 'ਤੇ ਚਾਨਣਾ ਪਾਉਂਦੇ ਹੋਏ ਵਰਤਮਾਨ ਭੂਗੋਲਿਕ ਸਥਿਤੀ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਹੈ।

ਅਧਿਆਇ ਦੀ ਸਮਾਪਤੀ ਤੋਂ ਬਾਅਦ ਸਮੁੱਚੇ ਖੋਜ ਕਾਰਜ ਦਾ ਸਿੱਟਾ ਕੱਢਦੇ ਹੋਏ ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰੀ ਦੇ ਵਿਭਿੰਨ ਪੱਖਾਂ ਬਾਰੇ ਚਾਨਣਾ ਪਾਇਆ ਗਿਆ ਹੈ। ਸਿੱਟੇ ਤੋਂ ਬਾਅਦ ਅੰਤਿਕਾ ਵਿਚ ਵਿਸ਼ੇ ਨਾਲ ਸੰਬੰਧਿਤ ਅੱਠ ਤਸਵੀਰਾਂ ਨੂੰ ਸਥਾਨ ਪ੍ਰਦਾਨ ਕੀਤਾ ਗਿਆ ਹੈ ਜਿਨ੍ਹਾਂ ਵਿਚ ਭਾਈ ਸੰਤੋਖ ਸਿੰਘ ਦੇ ਵਿੱਦਿਅਕ ਗੁਰੂ ਗਿਆਨੀ ਸੰਤ ਸਿੰਘ ਦੀ ਯਾਦ ਵਿਚ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੇ ਲੱਗਿਆ ਪੱਤਰਾ, ਭਾਈ ਸੰਤੋਖ ਸਿੰਘ ਨੂੰ ਭਾਈ ਮਹਾਰਾਜਾ ਉਦੈ ਸਿੰਘ ਵੱਲੋਂ ਦਿੱਤੇ ਗਏ ਮੋਰਥਲੀ ਪਿੰਡ ਦੀ ਸਨਦ, ਭਾਈ ਸੰਤੋਖ ਸਿੰਘ ਦੀ ਕੈਥਲ ਸਥਿਤ ਹਵੇਲੀ, ਭਾਈ ਉਦੈ ਸਿੰਘ ਦੇ ਕਿਲ੍ਹੇ, ਗੁਰਦੁਆਰਾ ਤਪਿਆਣਾ ਸਾਹਿਬ ਵਿਖੇ ਭਾਈ ਬਾਲਾ ਜੀ ਦੀ ਯਾਦਗਾਰੀ ਸਮਾਧ, ਗੁਰਦੁਆਰਾ ਲਖਨੌਰ ਸਾਹਿਬ ਵਿਖੇ ਦਸਵੇਂ ਗੁਰੂ ਦੇ ਸਮੇਂ ਦੀ ਇਤਿਹਾਸਿਕ ਮੰਜੀ, ਰਾਏਪੁਰ ਰਾਣੀ ਵਿਖੇ ਦਸਵੇਂ ਪਾਤਸ਼ਾਹ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬ, ਪਾਉਂਟਾ ਸਾਹਿਬ ਦਾ ਗੁਰਦੁਆਰਾ ਸਾਹਿਬ ਅਤੇ ਇੱਥੇ ਮੌਜੂਦ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਹਿਤ ਰਚੇ ਜਾਣ ਵਾਲੀਆਂ ਕਲਮਾਂ ਦੀਆਂ ਤਸਵੀਰਾਂ ਸ਼ਾਮਿਲ ਹਨ।

ਅੰਤ ਵਿਚ ਪੁਸਤਕ ਸੂਚੀ ਦੇ ਕੇ ਖੋਜ ਪ੍ਰਬੰਧ ਦੀ ਸਮਾਪਤੀ ਕੀਤੀ ਗਈ ਹੈ।

ਇਸ ਪ੍ਰਕਾਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਕੀਤੇ 11 ਖੋਜ ਕਾਰਜ ਇਸ ਗ੍ਰੰਥ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦੇ ਹਨ। ਇਨ੍ਹਾਂ ਕਾਰਜਾਂ ਵਿਚ ਇਸ ਗ੍ਰੰਥ ਦੇ ਪੌਰਾਣਿਕ, ਸੰਸਕ੍ਰਿਤਿਕ, ਇਤਿਹਾਸਿਕ, ਕਾਵਿਕ ਅਤੇ ਕੁੱਝ ਹੱਦ ਤੱਕ ਦਾਰਸ਼ਨਿਕ (ਇਕੱਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ) ਪੱਖ ਨੂੰ

ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿਚ ਵੱਡੇ ਪੱਧਰ 'ਤੇ ਖੋਜਕਾਰ ਸਫਲ ਵੀ ਹੋਏ ਹਨ। ਕੁੱਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਖੋਜ ਕਾਰਜ ਇਸ ਗ੍ਰੰਥ ਸੰਬੰਧੀ ਅਕਾਦਮਿਕ ਪੱਖੋਂ ਲਾਹੇਵੰਦ ਸਿੱਧ ਹੋਏ ਹਨ ਜਿਨ੍ਹਾਂ ਰਾਹੀਂ ਭਵਿੱਖ ਦੇ ਸੰਬੰਧਿਤ ਖੋਜ ਕਾਰਜਾਂ ਨੂੰ ਉਤਸ਼ਾਹ ਅਤੇ ਸੇਧ ਪ੍ਰਾਪਤ ਹੋਣ ਦੀ ਪੂਰਨ ਤੌਰ 'ਤੇ ਸੰਭਾਵਨਾ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਿੱਖ ਇਤਿਹਾਸ ਦੀ ਗੌਣ ਸ੍ਰੋਤ ਲੜੀ ਵਿਚ ਇਕ ਅਹਿਮ ਸਥਾਨ ਰੱਖਦਾ ਹੈ ਜਿਸ ਨੂੰ ਭਾਈ ਸੰਤੋਖ ਸਿੰਘ ਨੇ ਲਗ-ਪਗ 25 ਸਾਲਾਂ ਦੀ ਅਣਥੱਕ ਮਿਹਨਤ ਤੋਂ ਬਾਅਦ ਤਿਆਰ ਕੀਤਾ। ਇਸ ਗ੍ਰੰਥ ਦੀ ਸੁੰਦਰ ਛੰਦਾਬੰਦੀ ਜਿੱਥੇ ਇਸ ਨੂੰ ਸਾਹਿਤਿਕ ਪੱਖੋਂ ਇਕ ਮਹਾਨ ਰੁਤਬਾ ਪ੍ਰਦਾਨ ਕਰਦੀ ਹੈ ਉੱਥੇ ਇਸ ਵਿਚ ਲਿਖਿਆ ਗੁਰ ਇਤਿਹਾਸ ਇਸ ਨੂੰ ਇਤਿਹਾਸਿਕ, ਅਧਿਆਤਮਿਕ ਅਤੇ ਸਿਧਾਂਤਕ ਗ੍ਰੰਥ ਦੀ ਸ਼੍ਰੇਣੀ ਵਿਚ ਸ਼ਾਮਿਲ ਕਰਦਾ ਹੈ। ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਇਹ ਵਿਸ਼ਾਲ ਗ੍ਰੰਥ ਗੁਰਮੁਖੀ ਲਿਪੀ ਦੀ ਮਹਾਨ ਕ੍ਰਿਤ ਹੈ। ਗੁਰਬਾਣੀ ਪ੍ਰੇਮੀਆਂ ਅਤੇ ਸਾਹਿਤ ਰਸੀਆਂ ਲਈ ਵੀ ਇਹ ਗ੍ਰੰਥ ਇਕ ਵਿਸ਼ੇਸ਼ ਸਥਾਨ ਰਖਦਾ ਹੈ। ਦੁਨੀਆਂ ਦੇ ਲਗ-ਪਗ ਸਾਰੇ ਹੀ ਇਤਿਹਾਸਿਕ ਅਤੇ ਗ਼ੈਰ ਇਤਿਹਾਸਿਕ ਗੁਰਧਾਮਾਂ ਵਿਚ ਸ਼ਾਮ ਦੇ ਸਮੇਂ ਇਸ ਦੀ ਹੋਣ ਵਾਲੀ ਕਥਾ ਨੂੰ ਸਿੱਖ ਸੰਗਤਾਂ ਬਹੁਤ ਪਿਆਰ ਨਾਲ ਸ੍ਰਵਣ ਕਰਦੀਆਂ ਹਨ। ਸਿੱਖ ਅਕਾਦਮਿਕਤਾ ਵਿਚ ਵੀ ਇਹ ਗ੍ਰੰਥ ਇਕ ਵਿਸ਼ੇਸ਼ ਹਵਾਲਾ ਗ੍ਰੰਥ ਦਾ ਕਾਰਜ ਕਰਦਾ ਹੋਇਆ ਮਹੱਤਵਪੂਰਨ ਗ੍ਰੰਥ  ਬਣ ਜਾਂਦਾ ਹੈ।

ਇਹ ਗ੍ਰੰਥ, ਚੂੜਾਮਣੀ ਮਹਾਂਕਵੀ ਭਾਈ ਸੰਤੋਖ ਸਿੰਘ ਦੀਆਂ ਦੋ ਰਚਨਾਵਾਂ, 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦਾ ਮਿਲਵਾਂ ਸੰਗ੍ਰਹਿ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ 14 ਜਿਲਦਾਂ ਵਿਚ ਸੰਪਾਦਿਤ ਕੀਤਾ ਹੈ। ਇਹ ਰਚਨਾ ਭਾਈ ਸੰਤੋਖ ਸਿੰਘ ਦੀ ਅਣਥੱਕ ਮਿਹਨਤ ਅਤੇ ਸਿਰੜ ਦਾ ਫਲ ਹੈ ਜਿਸ ਵਿਚੋਂ ਉਨ੍ਹਾਂ ਦੇ ਗੁਰੂ ਪ੍ਰੇਮ, ਇਤਿਹਾਸਿਕ ਸੂਝ ਅਤੇ ਕਾਵਿਕ ਪ੍ਰਤਿਭਾ ਦੇ ਭਲੀ-ਭਾਂਤੀ ਦਰਸ਼ਨ ਹੋ ਜਾਂਦੇ ਹਨ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ' ਸੰਗ੍ਰਹਿ ਦੇ ਪਹਿਲੇ ਗ੍ਰੰਥ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਰਚਨਾ ਕਵੀ ਜੀ ਨੇ ਆਪਣੇ ਬੂੜੀਆ ਨਿਵਾਸ ਸਮੇਂ ਕੀਤੀ ਜਿਸ ਨੂੰ 1823 ਈ. ਵਿਚ ਮੁਕੰਮਲ ਕੀਤਾ ਗਿਆ। ਇਸ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਲੈ ਕੇ ਜੋਤੀ ਜੋਤ ਸਮਾਉਣ ਦਾ ਇਤਿਹਾਸ ਵਿਸਥਾਰ ਸਹਿਤ ਲਿਖਿਆ ਹੈ। ਇਸ ਗ੍ਰੰਥ ਨੂੰ ਪੂਰਬਾਰਧ ਤੇ ਉਤਰਾਰਧ, ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪੂਰਬਾਰਧ ਦੇ 73 ਅਤੇ ਉਤਰਾਰਧ ਦੇ 57 ਅਧਿਆਇ ਮਿਲਾ ਕੇ ਕੁੱਲ 130 ਅਧਿਆਇ ਹਨ ਜਿਨ੍ਹਾਂ ਵਿਚ ਛੰਦਾਂ ਦੀ ਗਿਣਤੀ 9700 ਹੈ।*ਇਸ ਗ੍ਰੰਥ ਦੀ ਰਚਨਾ ਤੋਂ ਪਹਿਲਾਂ ਕਵੀ ਜੀ ਸੰਸਕ੍ਰਿਤ ਦੇ 'ਅਮਰ ਕੋਸ਼' ਦਾ ਟੀਕਾ ਕਰ ਚੁੱਕੇ ਸਨ ਜਿਸਦਾ ਪ੍ਰਭਾਵ ਹੁਣ ਤੱਕ ਉਨ੍ਹਾਂ 'ਤੇ ਛਾਇਆ ਹੋਇਆ ਸੀ। ਇਹੀ ਕਾਰਨ ਹੈ ਕਿ*

*ਇਹ ਗ੍ਰੰਥ 'ਗੁਰ ਪ੍ਰਤਾਪ ਸੂਰਜ' ਤੋਂ ਬਹੁਤ ਕਠਿਨ ਹੈ।*[1]

ਇਸ ਸੰਗ੍ਰਹਿ ਦਾ ਦੂਸਰਾ ਗ੍ਰੰਥ 'ਗੁਰ ਪ੍ਰਤਾਪ ਸੂਰਜ' ਗੁਰ ਇਤਿਹਾਸ ਦੇ ਰੂਪ ਵਿਚ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀ ਲੜੀ ਦਾ ਹੀ ਹਿੱਸਾ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਤੋਂ ਅਗਲੇ ਨੌਂ ਗੁਰੂ ਸਾਹਿਬਾਨ ਅਤੇ ਬੰਦਾ ਸਿੰਘ ਬਹਾਦਰ ਦਾ ਇਤਿਹਾਸ ਵਿਸਥਾਰ ਨਾਲ ਲਿਖਿਆ ਹੈ। 51829 ਬੰਦਾਂ ਦੀ ਇਹ ਵਡ ਆਕਾਰੀ ਰਚਨਾ ਇਕ ਮਹਾਨ ਇਤਿਹਾਸਿਕ ਪ੍ਰਬੰਧ-ਕਾਵਿ ਹੈ ਜਿਸ ਵਿਚ ਵੱਖ-ਵੱਖ ਅਲੰਕਾਰਾਂ, ਰਸਾਂ ਅਤੇ ਛੰਦਾਂ ਦਾ ਕੀਤਾ ਗਿਆ ਪ੍ਰਯੋਗ ਇਸ ਨੂੰ ਇਕ ਮਹਾਨ ਸਾਹਿਤਿਕ ਰਚਨਾ ਵਿਚ ਸ਼ਾਮਿਲ ਕਰ ਦਿੰਦਾ ਹੈ।

'ਗੁਰ ਪ੍ਰਤਾਪ ਸੂਰਜ' ਦੇ ਅਧਿਆਇ ਅਤੇ ਪ੍ਰਕਰਨਾਂ ਨੂੰ ਕਵੀ ਜੀ ਨੇ ਕੁਦਰਤ ਦੇ ਅਨੁਸਾਰ ਵੰਡ ਕੇ ਇਸੇ ਭਾਵ ਵਾਲੇ ਹੀ ਨਾਮ ਦਿੱਤੇ ਹਨ ਜੋ ਕਿ ਆਪਣੇ ਆਪ ਵਿਚ ਇਕ ਵੱਖਰੀ ਤਰ੍ਹਾਂ ਦਾ ਵਿਸ਼ੇਸ਼ ਸੰਕਲਪ ਹੈ। ਇਨ੍ਹਾਂ ਨੂੰ ਸਮਝਣ ਲਈ ਕੁਦਰਤ ਦੇ ਮੌਸਮੀ ਵਰਤਾਰਿਆਂ ਅਤੇ ਗਤੀ ਦੀ ਜਾਣਕਾਰੀ ਹੋਣੀ ਬਹੁਤ ਜਰੂਰੀ ਹੈ। ਇਸ ਗ੍ਰੰਥ ਨੂੰ ਸੂਰਜ ਦੀ ਗਤੀ ਦੇ ਹਿਸਾਬ ਨਾਲ 12 ਮਹੀਨਿਆਂ ਦੀਆਂ 12 'ਰਾਸ਼ੀਆਂ', 6 'ਰੁੱਤਾਂ' ਅਤੇ ਦੋ 'ਆਇਨਾਂ'(ਉਤਰਾਇਣ ਅਤੇ ਦਖਣਾਇਣ) ਵਿਚ ਵੰਡਿਆ ਗਿਆ ਹੈ। ਇਨ੍ਹਾਂ ਦੇ ਹਰੇਕ ਅਧਿਆਇ ਨੂੰ 'ਅੰਸੂ' ਦਾ ਨਾਮ ਦਿੱਤਾ ਗਿਆ ਹੈ ਜਿਸ ਦਾ ਅਰਥ ਹੈ 'ਸੂਰਜ ਦੀ ਕਿਰਨ'।

ਮੌਜੂਦਾ ਸਮੇਂ ਵਿਚ ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ ਅਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਇਸ ਗ੍ਰੰਥ (ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਦਾ ਮਿਲਵਾਂ ਸੰਗ੍ਰਹਿ) ਦੇ 14 ਭਾਗ, 61529 (9700+51829) ਛੰਦ ਅਤੇ 6415 ਪੰਨੇ ਹਨ ਜਿਸ ਨੂੰ ਫੁੱਟ ਨੋਟਾਂ ਅਤੇ ਪੈਰ-ਟਿਪਣੀਆਂ ਸਮੇਤ ਪ੍ਰਕਾਸ਼ਿਤ ਕੀਤਾ ਗਿਆ ਹੈ।

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਕਾਰਨ

ਭਾਈ ਸੰਤੋਖ ਸਿੰਘ ਜੀ ਦੀ ਹਾਰਦਿਕ ਇੱਛਾ ਗੁਰੂ ਸਾਹਿਬਾਨ ਦਾ ਜੱਸ ਲਿਖਣ ਦੀ ਸੀ ਜਿਸ ਨੂੰ ਉਨ੍ਹਾਂ ਨੇ ਆਪਣੇ ਗ੍ਰੰਥ ਵਿਚ ਕਈ ਥਾਂਵਾਂ 'ਤੇ ਪ੍ਰਗਟ[2] ਕੀਤਾ ਹੈ। ਉਨ੍ਹਾਂ ਦੀ ਇਹੀ ਇੱਛਾ ਸ੍ਰੀ ਗੁਰ ਪ੍ਰਤਾਪ

---

[1] ਸਾਹਨੀ, ਦੇਵਿੰਦਰ ਕੌਰ, *ਗੁਰ ਪ੍ਰਤਾਪ ਸੂਰਯ ਮੇਂ ਪੌਰਾਣਿਕ ਤੱਤਵ* (ਪੀਐਚ.ਡੀ. ਖੋਜ-ਪ੍ਰਬੰਧ), ਪੰਨਾ 78

[2] ੳ) ਬਹੁਤ ਬਰਸ ਬੀਤੇ ਜਬਿ ਲਹੇ। ਗੁਰ ਜਸ ਰਚਨ ਚਾਹਿਤੇ ਰਹੇ ।

ਸੂਰਜ ਗ੍ਰੰਥ ਲਿਖਣ ਦਾ ਆਧਾਰ ਬਣੀ। *1821 ਈ. ਵਿਚ 'ਨਾਮ ਕੋਸ਼' ਦੀ ਸਮਾਪਤੀ ਪਿੱਛੋਂ ਕਵੀ ਜੀ ਨੇ ਗੁਰੂ ਨਾਨਕ ਸਾਹਿਬ ਦੀ ਜੀਵਨ ਕਥਾ ਨੂੰ ਕਾਵਯ ਰੂਪ ਵਿਚ ਲਿਖਣ ਦਾ ਵਿਚਾਰ ਬਣਾਇਆ ਅਤੇ ਇਸ ਨਾਲ ਸੰਬੰਧਿਤ ਗ੍ਰੰਥਾਂ ਦੀ ਪ੍ਰਾਪਤੀ ਲਈ ਅੰਮ੍ਰਿਤਸਰ ਗਏ। ਅੰਮ੍ਰਿਤਸਰ ਤੋਂ ਗ੍ਰੰਥ ਪ੍ਰਾਪਤ ਕਰਕੇ ਕਵੀ ਜੀ ਨੇ ਬੂੜੀਏ ਪਹੁੰਚ ਕੇ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਨੂੰ ਬ੍ਰਜ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ ਅਤੇ 1823 ਈ. ਦੀ ਪੂਰਨਮਾਸ਼ੀ ਨੂੰ ਸਮਾਪਤ ਕੀਤਾ।* [3]

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਕਥਾ ਸੰਪੂਰਨ ਕਰਨ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਦੂਸਰੀਆਂ ਰਚਨਾਵਾਂ ਦੇ ਨਾਲ-ਨਾਲ ਅਗਲੇ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਣ ਲਈ ਸਮਗਰੀ ਇਕੱਠੀ ਕਰਨੀ ਵੀ ਸ਼ੁਰੂ ਕਰ ਦਿੱਤੀ ਕਿਉਂਕਿ ਕਵੀ ਜੀ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਦੀ ਸੰਪੂਰਨ ਜੀਵਨ ਕਥਾ ਲਿਖਣੀ ਸੀ। ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਕਥਾ ਨੂੰ ਸਿੱਖ ਸੰਗਤਾਂ ਵਲੋਂ ਮਿਲੇ ਪਿਆਰ, ਉਤਸ਼ਾਹ ਅਤੇ ਪ੍ਰੇਰਨਾ ਨੇ ਭਾਈ ਸੰਤੋਖ ਸਿੰਘ ਨੂੰ ਇਸੇ ਤਰਜ਼ 'ਤੇ ਅਗਲੇ ਨੌਂ ਗੁਰੂ ਸਾਹਿਬਾਨ ਦਾ ਲੜੀਵਾਰ ਇਤਿਹਾਸ ਲਿਖਣ ਲਈ ਪ੍ਰੇਰਿਤ ਕੀਤਾ।

ਇਸ ਗ੍ਰੰਥ ਦੇ ਆਰੰਭ ਵਿਚ ਕਵੀ ਜੀ ਲਿਖਦੇ ਹਨ[4] ਕਿ ਗੁਰੂ ਨਾਨਕ ਸਾਹਿਬ ਦੀ ਕਥਾ ਵਾਲੇ ਗ੍ਰੰਥ

---

ਅ) ਤਿਸ ਕੈਥਲ ਪੁਰਿ ਮਹਿਂ ਕਵਿ ਬਸੈ। ਗੁਰ ਜਸ ਕਰਤਿ ਰਹਯੋ ਅਘ ਨਸੈ।

ੲ) ਸੁਰਸਰਿ ਸਮ ਗੁਰ ਕੀਰਤ ਪਾਵਨ। ਜਿਸ ਕੇ ਮਿਲੇ ਪਾਪ ਗਨ ਜਾਵਨ।

ਸ) ਚਾਹਿਤ ਭਏ ਆਪ ਗੁਰ ਜਬਿਹੂੰ। ਭਾ ਸੰਚਯ ਦਸ ਗੁਰ ਜਸ ਸਭਿਹੂੰ। -ਜਿਲਦ ਪਹਿਲੀ, ਪੰਨਾ 137

3 *ਨਾਨਕ ਪ੍ਰਕਾਸ਼ ਪਤ੍ਰਿਕਾ*, ਸਰਬਜਿੰਦਰ ਸਿੰਘ, ਡਾ. (ਸੰਪਾ.), ਜੂਨ 2007, ਪੰਨੇ 173-74

4 ਪੂਰਬ ਮੈਂ ਗੁਰ ਨਾਨਕ ਕਥਾ। ਛੰਦਨ ਬਿਖੈ ਰਚੀ ਮਤ ਜਥਾ।

ਰਹਯੋ ਚਾਹਤੋ ਗੁਰਨਿ ਬ੍ਰਿਤਾਂਤ। ਨਹਿ ਪਾਯੋ ਉਸ ਤੇ ਪਸ਼ਚਾਤ॥

ਬਹੁਤ ਬਰਖ ਬੀਤੇ ਜਬ ਲਹੇ। ਗੁਰ ਜਸੁ ਰਚਨਿ ਚਾਹਤੇ ਰਹੇ॥

ਉਰ ਅਭਿਲਾਖਾ ਨਿਤਿ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ।।

ਭਯੋ ਅਚਾਨਕ ਸੰਚੈ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ।

ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੰਚਯ ਦਸ ਗੁਰ ਜਸ ਸਭਹੂੰ॥

...ਹੇਰਿ ਉਮੰਗਿ ਮੋਹਿ ਮਨਿ ਆਈ। ਕਰਨ ਲਗਯੋ ਇਹ ਗ੍ਰੰਥ ਸੁਹਾਈ। -ਜਿਲਦ ਪੰਜਵੀਂ, ਪੰਨੇ 1324-25

ਦੀ ਰਚਨਾ ਤੋਂ ਬਾਅਦ ਉਨ੍ਹਾਂ ਦਾ ਮਨ ਦਸਾਂ ਗੁਰੂ ਸਾਹਿਬਾਨ ਦਾ ਜਸ ਕਰਨ ਨੂੰ ਚਾਹੁੰਦਾ ਸੀ ਪਰ ਇਸ ਤਰ੍ਹਾਂ ਕਈ ਸਾਲ ਲੰਘ ਗਏ। ਜਦੋਂ ਗੁਰੂ ਸਾਹਿਬ ਨੇ ਆਪ ਇਹ ਗ੍ਰੰਥ ਲਿਖਵਾਉਣਾ ਚਾਹਿਆ ਤਾਂ ਆਪਣੀ ਕਿਰਪਾ ਨਾਲ ਇਹ ਇੱਛਾ ਪੂਰੀ ਕੀਤੀ ਅਤੇ ਅਚਾਨਕ ਗ੍ਰੰਥ ਨਾਲ ਸੰਬੰਧਿਤ ਸਮੱਗਰੀ ਪ੍ਰਾਪਤ ਹੋ ਗਈ। ਇਸ ਪ੍ਰਾਪਤੀ ਨਾਲ ਮਨ ਵਿਚ ਖੁਸ਼ੀ ਭਰੀਆਂ ਉਮੰਗਾਂ ਪੈਦਾ ਹੋਈਆਂ ਅਤੇ ਇਹ ਗ੍ਰੰਥ ਲਿਖਣ ਦਾ ਸਬੱਬ ਬਣ ਗਿਆ।

**ਗ੍ਰੰਥ ਦੇ ਨਾਮਕਰਣ ਬਾਰੇ ਵਿਚਾਰ**

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਨਾਮ ਆਪਣੇ ਆਪ ਵਿਚ ਗਹਿਰ, ਗੰਭੀਰ ਤੇ ਵਿਸ਼ਾਲ ਅਰਥਾਂ ਦਾ ਧਾਰਨੀ ਹੈ ਜੋ ਕਵੀ ਜੀ ਦੀ ਉੱਚ ਬੌਧਿਕਤਾ ਦਾ ਪ੍ਰਤੀਕ ਹੈ। ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਕਵੀ ਜੀ ਗੁਰੂ ਸਾਹਿਬਾਨ ਦੇ ਪ੍ਰਤਾਪ ਦੇ ਸੂਰਜ ਦੀਆਂ ਕਿਰਨਾਂ ਸਮੁੱਚੇ ਸੰਸਾਰ ਵਿਚ ਫੈਲਾਉਣਾ ਚਾਹੁੰਦੇ ਸਨ। ਕਵੀ ਜੀ ਦੀ ਇਸ ਇੱਛਾ ਦਾ ਪ੍ਰਗਟਾਵਾ ਹੀ ਇਹ ਨਾਮ ਕਰਦਾ ਹੈ। ਰਚਨਾ ਦੇ ਨਾਮਕਰਨ ਵਿਚ ਇਕ ਸੁੰਦਰ ਰੂਪਕ ਦੀ ਕਲਪਨਾ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਇਸ ਗ੍ਰੰਥ ਦੇ ਅਧਿਆਇ-ਵੰਡ ਪ੍ਰਬੰਧ ਸੰਬੰਧੀ ਚਾਨਣਾ ਪਾਇਆ ਹੈ ਜਿਸ ਵਿਚ ਗ੍ਰੰਥ ਦੇ ਨਾਮਕਰਣ ਸੰਬੰਧੀ ਵੀ ਸੰਕੇਤ ਪ੍ਰਾਪਤ ਹੁੰਦੇ ਹਨ ਪ੍ਰੰਤੂ ਨਾਮਕਰਣ ਦੀ ਪ੍ਰੇਰਣਾ ਵਾਲੇ ਸ੍ਰੋਤ ਸੰਬੰਧੀ ਉਨ੍ਹਾਂ ਨੇ ਸਪਸ਼ਟ ਰੂਪ ਵਿਚ ਕੁੱਝ ਨਹੀਂ ਲਿਖਿਆ। ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਵਰਣਨ ਤੋਂ ਪਹਿਲਾਂ ਉਨ੍ਹਾਂ ਨੇ ਪਹਿਲੀ ਰੁੱਤ ਆਰੰਭ ਕਰ ਕੇ ਮੰਗਲਾਚਰਣ ਤੋਂ ਬਾਅਦ ਇਸ ਸੰਬੰਧੀ ਸੰਖੇਪ ਰੂਪ ਵਿਚ ਚਾਨਣਾ[5] ਪਾਇਆ ਹੈ।

ਡਾ. ਜੈ ਭਗਵਾਨ ਗੋਇਲ ਦਾ ਵਿਚਾਰ ਹੈ[6] ਕਿ ਇਸ ਨਾਮਕਰਣ ਦਾ ਖਿਆਲ ਕਥਾ ਸਰਿਤ ਸਾਗਰ

---

5 ਸੂਰਜ ਗੁਰੂ ਪ੍ਰਤਾਪ ਤੇ ਬਰਨੀ ਦ੍ਵਾਦਸ਼ ਰਾਸਿ। ਅਸਟ ਸਾਚ ਪਤਿਸ਼ਾਹ ਕੇ ਬਰਨੇ ਬਰ ਗੁਨ ਰਾਸ॥
ਦਛਣਾਇਣ ਉਤਰਾਇਣੇ ਅਯਨ ਬਨੈਂਗੇ ਦੋਇ। ਬਰਤਤਿ ਰੁਤ ਜੇ ਖਸ਼ਟ ਸੁਭ ਤਿਨ ਪਰ ਬਰਨਨ ਹੋਇ ॥
ਪ੍ਰਥਮ ਕਰੀ ਕਵਿਤਾ ਰੁਚਿਰ ਸ੍ਰੀ ਨਾਨਕ ਪਰਕਾਸ਼। ਪੂਰਬਾਰਧ ਉਤਰਾਰਧ ਇਮ ਬਰਨੇ ਗੁਨ ਰਾਸ ॥
ਅਬਿ ਕਲਗੀਧਰ ਕੀ ਕਥਾ ਖਸ਼ਟ ਰੁਤਨ ਪਰ ਹੋਇ। ਗੁਰ ਪ੍ਰਤਾਪ ਸੂਰਜ ਭਯੋ ਯਾਂਤੇ ਸਭਿ ਗਤਿ ਜੋਇ ॥

-ਜਿਲਦ ਗਿਆਰਵੀਂ, ਪੰਨੇ 4494-4495

6 ਗੋਇਲ, ਜੈ ਭਗਵਾਨ (ਡਾ.), *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ*, ਪੰਨਾ 281

ਜਾਂ ਰਾਜ ਤਰੰਗਣੀ ਤੋਂ ਆਇਆ ਹੈ। ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਅਨੁਸਾਰ-*ਇਸ ਪੁਸਤਕ ਦਾ ਸਿਰਲੇਖ ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੇ ਵਿਚਾਰ ਤੋਂ ਲਿਆ ਜਾਪਦਾ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇ ਜਨਮ ਨੂੰ ਗੁਰੂ ਨਾਨਕ ਦਾ ਪ੍ਰਕਾਸ਼ ਹੋਣਾ ਤੇ ਅਗਿਆਨਤਾ ਦੇ ਹਨੇਰੇ ਦੇ ਮਿਟਣ ਨਾਲ ਮੁਕਾਬਲਾ ਕੀਤਾ ਹੈ।*[7] ਡਾ. ਹਰੀ ਸਿੰਘ ਜਾਚਕ ਨੇ ਵੀ ਆਪਣੇ ਖੋਜ-ਪ੍ਰਬੰਧ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਇਸ ਗ੍ਰੰਥ ਦੇ ਨਾਮਕਰਣ ਦਾ ਆਧਾਰ ਮੰਨ ਕੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਏ[8] ਇਸ ਕਬਿੱਤ ਨੂੰ ਅੰਕਿਤ ਕੀਤਾ ਹੈ-

ਸੂਰਜ ਪ੍ਰਗਾਸ ਨਾਸ ਉਡਗਨ ਅਗਿਨਤ ਜਿਉ ਆਨ ਦੇਵ ਸੇਵ ਗੁਰਦੇਵ ਕੇ ਧਿਆਨ ਕੈ।
ਹਾਟ ਬਾਟ ਘਾਟ ਠਾਠੁ ਘਟੈ ਘਟੈ ਨਿਸ ਦਿਨੁ ਤੈਸੋ ਲੋਗ ਬੇਦ ਭੇਦ ਸਤਿਗੁਰ ਗਿਆਨ ਕੈ।
ਚੋਰ ਜਾਰ ਅਉ ਜੂਆਰ ਮੋਹ ਦ੍ਰੋਹ ਅੰਧਕਾਰ ਪ੍ਰਾਤ ਸਮੈ ਸੋਭਾ ਨਾਮ ਦਾਨ ਇਸਨਾਨ ਕੈ।
ਆਨ ਸਰ ਮੇਡੁਕ ਸਿਵਾਲ ਘੋਘਾ ਮਾਨਸਰ ਪੂਰਨ ਬ੍ਰਹਮ ਗੁਰ ਸਰਬ ਨਿਧਾਨ ਕੈ ॥[9]

ਇਸ ਪ੍ਰਕਾਰ ਉਪਰੋਕਤ ਵਿਚਾਰ ਤੋਂ ਬਾਅਦ ਇਸ ਗ੍ਰੰਥ ਦੇ ਨਾਮਕਰਣ ਦਾ ਆਧਾਰ ਭਾਈ ਗੁਰਦਾਸ ਜੀ ਦੇ ਕਬਿੱਤ ਨੂੰ ਮੰਨਿਆ ਜਾ ਸਕਦਾ ਹੈ।

**ਗ੍ਰੰਥ ਦੀ ਰਚਨਾ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੀ ਅਰਾਧਨਾ**

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਦਾ ਕਾਰਜ ਆਪਣੇ ਆਪ ਵਿਚ ਵਡ-ਅਕਾਰੀ ਅਤੇ ਬਿਖਮ ਕਾਰਜ ਸੀ ਜਿਸ ਦੀ ਪੂਰਤੀ ਆਮ ਪੱਧਰ ਦੀ ਬੁੱਧੀ ਰਾਹੀਂ ਨਹੀਂ ਹੋ ਸਕਦੀ ਸੀ। ਅਜਿਹਾ ਕਾਰਜ ਗੁਰੂ ਸਾਹਿਬ ਦੀ ਕਿਰਪਾ ਤੋਂ ਬਿਨਾਂ ਲਗ-ਪਗ ਅਸੰਭਵ ਸੀ। ਇਸ ਗ੍ਰੰਥ ਦੀ ਰਚਨਾ ਸਮੇਂ ਦੇ ਅਜਿਹੇ ਬਹੁਤ ਸਾਰੇ ਪ੍ਰਸੰਗ ਪ੍ਰਾਪਤ ਹੁੰਦੇ ਹਨ ਜਦੋਂ ਗ੍ਰੰਥ ਦੀ ਰਚਨਾ ਲਈ ਸਹਾਇਕ ਸਮੱਗਰੀ ਦੀ ਘਾਟ ਕਾਰਨ ਜਾਂ ਕਿਸੇ

---

7 *ਮਹਾਂਕਵੀ ਭਾਈ ਸੰਤੋਖ ਸਿੰਘ ਦਾ ਰਚਨਾ ਸੰਸਾਰ*, ਹਰਮੀਤ ਸਿੰਘ, ਡਾ. (ਸੰਪਾ.), ਪੰਨਾ 13

8 ਹਰੀ ਸਿੰਘ, *ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਸਾਹਿਤ ਦਾ ਆਲੋਚਨਾਤਮਕ ਅਧਿਐਨ* (ਪੀਐਚ.ਡੀ. ਖੋਜ-ਪ੍ਰਬੰਧ), ਪੰਨਾ 41

9 ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਜੀ ਅਨੁਕ੍ਰਮਣਿਕਾ ਤੇ ਕੋਸ਼*, ਪੰਨਾ 124

ਦੁਨਿਆਵੀਂ ਸਮੱਸਿਆ ਕਾਰਨ ਕਵੀ ਜੀ ਦਾ ਮਨ ਨਿਰਾਸ਼ ਹੋ ਜਾਂਦਾ ਸੀ ਤਾਂ ਅਚਾਨਕ ਅਜਿਹੀ ਘਟਨਾ[10] ਵਾਪਰਦੀ ਸੀ ਜੋ ਇਸ ਮੰਤਵ ਦੀ ਪੂਰਤੀ ਕਰ ਕੇ ਨਿਰਾਸ਼ਾ ਦੂਰ ਕਰ ਦਿੰਦੀ ਸੀ। ਅਜਿਹੀ ਘਟਨਾ ਨੂੰ ਭਾਈ ਸੰਤੋਖ ਸਿੰਘ ਦਾ ਮਨ ਗੁਰੂ ਕਿਰਪਾ ਰਾਹੀਂ ਹੋਣਾ ਮੰਨਦਾ ਸੀ। ਜੇਕਰ ਅਸੀਂ ਭੌਤਿਕ ਪੱਧਰ ਤੋਂ ਉੱਪਰ ਉੱਠ ਕੇ ਇਸ ਸੰਬੰਧੀ ਵਿਚਾਰ ਕਰੀਏ ਤਾਂ ਇਹ ਗੱਲ ਪ੍ਰਤੱਖਮਾਨ ਹੁੰਦੀ ਹੈ ਕਿ ਅਜਿਹੇ ਸਮੇਂ 'ਤੇ ਹੋਣ ਵਾਲੀ ਕਿਰਪਾ ਭਾਈ ਸੰਤੋਖ ਸਿੰਘ ਦੀ ਅਰਾਧਨਾ ਦੇ ਪ੍ਰਭਾਵ ਸਦਕਾ ਹੀ ਸੀ। ਭਾਈ ਵੀਰ ਸਿੰਘ ਅਨੁਸਾਰ[11] ਭਾਈ ਸੰਤੋਖ ਸਿੰਘ ਇਸ ਗ੍ਰੰਥ ਦੀ ਰਚਨਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਬੂੜੀਆ ਨਿਵਾਸ ਦੌਰਾਨ ਜਮਨਾ ਦਰਿਆ ਦੇ ਕੰਢੇ ਇਸ਼ਨਾਨ ਕਰਨ ਤੋਂ ਬਾਅਦ ਪਉੜੀਆਂ 'ਤੇ ਬੈਠ ਕੇ ਲੰਮਾ ਸਮਾਂ ਬਾਣੀ ਦਾ ਪਾਠ ਤੇ ਨਾਮ ਸਿਮਰਨ

---

10 (ੳ) ਕਰਮਜੀਤ ਸਿੰਘ ਇੰਜੀ. ਦੁਆਰਾ ਸੰਪਾਦਿਤ ਪੁਸਤਕ *'ਸਾਹਿਤ ਗਗਨ ਦੇ ਸੂਰਜ: ਮਹਾਂਕਵਿ ਭਾਈ ਸੰਤੋਖ ਸਿੰਘ'* ਵਿਚ ਇਸ ਪ੍ਰਕਾਰ ਦੀਆਂ ਦੋ ਘਟਨਾਵਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ- ਪਹਿਲੀ ਘਟਨਾ ਕਵੀ ਜੀ ਦੁਆਰਾ ਇਸ ਗ੍ਰੰਥ ਦੀ ਸਮੱਗਰੀ ਲਈ ਭਾਈ ਰਾਮ ਕੁਇਰ ਦੀਆਂ ਪੋਥੀਆਂ ਬਹੁਤ ਜਿਆਦਾ ਲੱਭਣ 'ਤੇ ਵੀ ਨਾ ਮਿਲਣ ਤੋਂ ਬਾਅਦ ਇਸ ਦੀ ਪ੍ਰਾਪਤੀ ਦੀ ਆਸ ਗੁਰੂ ਸਾਹਿਬ ਉਪਰ ਛੱਡ ਦੇਣ ਵਾਲੀ ਹੈ। ਉਨ੍ਹਾਂ ਦੀ ਇਹ ਆਸ ਉਨ੍ਹਾਂ ਨੂੰ ਮਿਲਣ ਆਏ ਕਿਸੇ ਗੁਰਸਿੱਖ ਦੁਆਰਾ ਕਵੀ ਜੀ ਪਾਸ ਇਕ ਪੋਥੀ ਛੱਡ ਦੇਣ ਤੋਂ ਬਾਅਦ ਪੂਰੀ ਹੋਈ ਜੋ ਖੋਲ੍ਹ ਕੇ ਵੇਖਣ ਤੋਂ ਬਾਅਦ ਭਾਈ ਰਾਮ ਕੁਇਰ ਜੀ ਵਾਲੀ ਰਚਨਾ ਵਾਲੀ ਪੋਥੀ ਨਿਕਲੀ। -ਪੰਨਾ 38

ਦੂਸਰੀ ਘਟਨਾ ਉਸ ਸਮੇਂ ਦੀ ਹੈ ਜਦੋਂ ਭਾਈ ਸੰਤੋਖ ਸਿੰਘ ਨੂੰ ਗੁਰੂ ਤੇਗ ਬਹਾਦਰ ਜੀ ਦੀ ਯਤਾਰਾਵਾਂ ਦੇ ਕ੍ਰਮ ਅਤੇ ਵਿਸਤ੍ਰਿਤ ਵੇਰਵੇ ਸੰਬੰਧੀ ਕੋਈ ਸ੍ਰੋਤ ਨਹੀਂ ਮਿਲ ਰਿਹਾ ਸੀ ਜਿਸ ਕਾਰਨ ਗ੍ਰੰਥ ਰਚਨਾ ਦੇ ਕੰਮ ਵਿਚ ਰੁਕਾਵਟ ਪੈ ਰਹੀ ਸੀ। ਇਨ੍ਹਾਂ ਦਿਨਾਂ ਵਿਚ ਭਾਈ ਸੰਤੋਖ ਸਿੰਘ ਪਾਸ ਰਾਤ ਰੁਕਣ ਲਈ ਆਏ ਉਦਾਸੀ ਸਾਧੂ ਦੇ ਸਮਾਨ ਦੀ ਪੰਡ ਕਵੀ ਜੀ ਪਾਸ ਹੀ ਛੁੱਟ ਗਈ। ਇਸ ਪੰਡ ਵਿਚੋਂ ਭਾਈ ਸੰਤੋਖ ਸਿੰਘ ਨੂੰ ਗੁਰੂ ਤੇਗ ਬਹਾਦਰ ਜੀ ਦੀ ਯਤਾਰਾਵਾਂ ਸੰਬੰਧੀ ਲੋੜੀਂਦੀ ਸਮੱਗਰੀ ਪ੍ਰਾਪਤ ਹੋ ਗਈ। -ਪੰਨਾ 167

(ਅ) ਭਾਈ ਵੀਰ ਸਿੰਘ ਨੇ ਵੀ ਕਵੀ ਜੀ ਦੇ ਘਰ ਆਏ ਕਿਸੇ ਪ੍ਰਾਹੁਣੇ ਸੰਤ ਦਾ ਗਾਤਰਾ ਕਿੱਲੀ ਨਾਲ ਟੰਗੀ ਰਹਿ ਜਾਣ ਵਾਲੀ ਘਟਨਾ ਦਾ ਜ਼ਿਕਰ ਕੀਤਾ ਹੈ। ਇਸ ਗਾਤਰੇ ਵਿਚ ਮੌਜੂਦ ਲਿਖਤੀ ਗੁਟਕਾ ਰਾਮਰਾਇ ਦੁਆਰਾ ਔਰੰਗਜੇਬ ਨੂੰ ਵਿਖਾਈਆਂ ਕਰਾਮਾਤਾਂ ਦੇ ਵੇਰਵੇ ਦਾ ਸੰਗ੍ਰਹਿ ਸੀ। ਉਨ੍ਹਾਂ ਦਿਨਾਂ ਵਿਚ ਕਵੀ ਜੀ ਰਾਮਰਾਇ ਦਾ ਪ੍ਰਸੰਗ ਲਿਖ ਰਹੇ ਸਨ ਅਤੇ ਰਾਮਰਾਇ ਦੀਆਂ ਕਰਾਮਾਤਾਂ ਦੇ ਵੇਰਵੇ ਦਾ ਪਤਾ ਨਹੀਂ ਲੱਗ ਰਿਹਾ ਸੀ। -ਜਿਲਦ ਪਹਿਲੀ, ਪੰਨਾ 155

11 ਜਿਲਦ ਪਹਿਲੀ, ਪੰਨਾ 95

ਕਰਿਆ ਕਰਦੇ ਸਨ। ਇਹ ਪਉੜੀਆਂ ਦਿਆਲਗੜ੍ਹ ਦੇ ਸਰਦਾਰ ਰਾਇ ਸਿੰਘ ਦੀ ਪਤਨੀ ਰਾਣੀ ਹੁਕਮ ਕੌਰ ਨੇ ਬਣਵਾਈਆਂ ਸਨ। ਗਿਆਨੀ ਖ਼ਜਾਨ ਸਿੰਘ ਅਨੁਸਾਰ[12] ਭਾਈ ਸੰਤੋਖ ਸਿੰਘ ਨੇ ਪੰਜ ਸਾਲਾਂ ਤੱਕ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਗੁਰ ਇਤਿਹਾਸ ਲਿਖਣ ਦਾ ਵਰ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਦੀ ਅਰਾਧਨਾ ਕੀਤੀ। ਇਸ ਪ੍ਰਕਾਰ ਦੀ ਅਰਾਧਨਾ ਤੋਂ ਬਾਅਦ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਉਨ੍ਹਾਂ ਨੇ ਇਕ ਮਹਾਨ ਇਤਿਹਾਸਿਕ ਕਾਵਿ ਸਿੱਖ ਪੰਥ ਦੀ ਝੋਲੀ ਵਿਚ ਪਾਇਆ।

**ਰਚਨਾ ਲਈ ਵਰਤੇ ਗਏ ਸ੍ਰੋਤ:**

ਇਸ ਮਹਾਨ ਕਾਵਿਕ-ਇਤਿਹਾਸਿਕ ਵਿਸ਼ਾਲ ਆਕਾਰੀ ਗ੍ਰੰਥ ਨੂੰ ਲਿਖਣ ਲਈ ਭਾਈ ਸੰਤੋਖ ਸਿੰਘ ਨੇ ਉਸ ਸਮੇਂ ਮੌਜੂਦ ਲਗ-ਪਗ ਸਮੁੱਚੀ ਸਮੱਗਰੀ ਦਾ ਹੀ ਸਹਾਰਾ ਲਿਆ। ਇਸ ਕਾਰਜ ਲਈ ਉਨ੍ਹਾਂ ਨੇ ਦਿਨ-ਰਾਤ ਇਕ ਕਰਕੇ ਮਿਹਨਤ ਕੀਤੀ; ਜਿਥੋਂ ਕਿਤੋਂ ਵੀ ਗੁਰੂ ਸਾਹਿਬਾਨ ਸੰਬੰਧੀ ਸ੍ਰੋਤਾਂ ਦਾ ਪਤਾ ਲੱਗਿਆ, ਉਥੋਂ ਉਹ ਪ੍ਰਾਪਤ ਕੀਤੇ ਜਾਂ ਉਤਾਰਾ ਕੀਤਾ; ਬਜ਼ੁਰਗਾਂ ਪਾਸੋਂ ਘਟਨਾਵਾਂ ਦੀ ਪੁਸ਼ਟੀ ਲਈ ਬਿਆਨ ਲਏ ਅਤੇ ਆਪ ਸੰਬੰਧਿਤ ਗੁਰ ਅਸਥਾਨਾਂ 'ਤੇ ਜਾ ਕੇ ਵੇਰਵੇ ਇਕੱਤਰ ਕੀਤੇ। ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ 10ਵੀਂ, 11ਵੀਂ, 12ਵੀਂ ਆਦਿ ਵਿਚੋਂ ਕਵੀ ਜੀ ਦੇ ਗੁਰ ਇਤਿਹਾਸ ਦੀ ਖੋਜ ਲਈ ਹੰਡਿਆਇਆ, ਖਿਆਲਾ, ਬਾਰਨਾ, ਬਣੀ ਬਦਰਪੁਰ, ਮੁਕੰਦਪੁਰਾ, ਚੀਕਾ, ਠਸਕਾ, ਦਿੱਲੀ, ਜੈਪੁਰ ਆਦਿ ਅਸਥਾਨਾਂ 'ਤੇ ਜਾਣ ਦੇ ਸੰਕੇਤ[13] ਪ੍ਰਾਪਤ ਹੁੰਦੇ ਹਨ।

ਇਸ ਸੰਬੰਧ ਵਿਚ ਸਾਹਿਤ ਅਤੇ ਵਿਦਿਆ ਦੇ ਸਰਪ੍ਰਸਤ, ਕੈਥਲਪਤਿ ਭਾਈ ਉਦੈ ਸਿੰਘ (1812-1843) ਦੇ ਮਹਾਨ ਯੋਗਦਾਨ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਜਿਨ੍ਹਾਂ ਦੀ ਰਾਜਸੀ ਛਤਰ ਛਾਇਆ ਹੇਠ ਭਾਈ ਸੰਤੋਖ ਸਿੰਘ ਇਹ ਵਡਮੁੱਲਾ ਕਾਰਜ ਕਰ ਰਹੇ ਸਨ। ਭਾਈ ਵੀਰ ਸਿੰਘ ਲਿਖਦੇ ਹਨ[14] ਕਿ ਭਾਈ ਉਦੈ ਸਿੰਘ ਨੇ ਇਸ ਉਦੇਸ਼ ਦੀ ਪੂਰਤੀ ਲਈ ਦੂਰ-ਦੂਰ ਤੱਕ ਵੱਡੇ ਪੱਧਰ 'ਤੇ ਇਤਿਹਾਸਿਕ

---

[12] ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ*, ਪੰਨੇ 20-21

[13] ਪੋਥੀ ਪਹਿਲੀ, ਪੰਨੇ 154-55

[14] ਉਹੀ, ਪੰਨਾ 139

ਸਮੱਗਰੀ ਕੈਥਲ ਪਹੁੰਚਾਉਣ ਲਈ ਐਲਾਨ ਕਰਵਾਇਆ ਅਤੇ ਸਮੱਗਰੀ ਲੈ ਕੇ ਆਉਣ ਵਾਲਿਆਂ ਨੂੰ ਯੋਗ ਮਾਨ ਸਨਮਾਨ ਅਤੇ ਭੇਟਾ ਦੇ ਕੇ ਵਿਦਾ ਕੀਤਾ। ਸਮੱਗਰੀ ਭੇਟ ਨਾ ਕਰਨ ਦੇ ਚਾਹਵਾਨਾਂ ਪਾਸੋਂ ਇਸ ਦੀ ਨਕਲ ਅਤੇ ਉਤਾਰੇ ਕਰ ਕੇ ਦਰਸ਼ਨੀ ਭੇਟਾ ਪ੍ਰਦਾਨ ਕੀਤੀ ਗਈ। ਭਾਈ ਸੰਤੋਖ ਸਿੰਘ ਜੀ ਦੀ 'ਭਯੋ ਅਚਾਨਕ ਸੰਚੈ ਆਈ' ਵਾਲੀ ਲਾਈਨ ਸ਼ਾਇਦ ਇਸੇ ਪ੍ਰਸੰਗ ਵੱਲ ਇਸ਼ਾਰਾ ਕਰਦੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪਹਿਲੇ ਹਿੱਸੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਈ ਡਾ. ਸਬਿੰਦਰਜੀਤ ਸਿੰਘ ਸਾਗਰ ਨੇ ਹੇਠ ਲਿਖੇ ਸ੍ਰੋਤ ਵਰਤੇ ਜਾਣ ਦਾ ਜ਼ਿਕਰ[15] ਕੀਤਾ ਹੈ-

1. ਜਨਮ ਸਾਖੀ ਭਾਈ ਬਾਲਾ।
2. ਗਿਆਨ ਰਤਨਾਵਲੀ।
3. ਵਾਰਾਂ ਭਾਈ ਗੁਰਦਾਸ ਜੀ।
4. ਜਨਮ ਸਾਖੀ ਸੋਢੀ ਮਿਹਰਵਾਨ।
5. ਆਦਿ ਸਾਖੀਆਂ।
6. B- 40 ਜਨਮ ਸਾਖੀ।
7. ਪੁਰਾਤਨ ਜਨਮ ਸਾਖੀ (ਹਾਫ਼ਿਜਾਬਾਦ ਵਾਲੀ)।
8. ਸਿਧ ਗੋਸਟਿ।
9. ਮਹਿਮਾ ਪ੍ਰਕਾਸ਼।
10. ਸਿੱਖਾਂ ਦੀ ਭਗਤ ਮਾਲਾ।
11. ਹਿੰਦੂ ਮਿਥਿਹਾਸ।

'ਸ੍ਰੀ ਗੁਰ ਨਾਨਕ ਪ੍ਰਕਾਸ਼' ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪੁਰਬਾਰਧ ਦੇ 73 ਅਧਿਆਇਆਂ ਵਿਚੋਂ 51 ਅਧਿਆਇ ਜਨਮ ਸਾਖੀ ਭਾਈ ਬਾਲਾ, 4 ਪੁਰਾਤਨ ਜਨਮ ਸਾਖੀ, 3 ਸੋਢੀ ਮਿਹਰਵਾਨ ਵਾਲੀ ਜਨਮ ਸਾਖੀ 'ਤੇ ਆਧਾਰਤ ਹਨ ਅਤੇ ਬਾਕੀ ਅਧਿਆਇਆਂ ਦੇ ਸ੍ਰੋਤ ਵੱਖ-ਵੱਖ ਹਨ। ਇਸੇ ਪ੍ਰਕਾਰ ਉਤਰਾਰਧ ਦੇ 57 ਅਧਿਆਇਆਂ ਵਿਚੋਂ 31 ਗਿਆਨ ਰਤਨਾਵਲੀ, 9 ਭਾਈ ਬਾਲਾ ਜਨਮ ਸਾਖੀ, 5 ਪੁਰਾਤਨ ਜਨਮ ਸਾਖੀ, 5 B- 40 ਜਨਮ ਸਾਖੀ ਅਤੇ 2 ਸੋਢੀ ਮਿਹਰਵਾਨ ਵਾਲੀ ਜਨਮ ਸਾਖੀ 'ਤੇ ਆਧਾਰਤ ਹਨ।

ਸ. ਸਮਸ਼ੇਰ ਸਿੰਘ ਅਸ਼ੋਕ ਅਨੁਸਾਰ[16] ਇਸ ਗ੍ਰੰਥਾਵਲੀ ਦੇ ਦੂਜੇ ਹਿੱਸੇ 'ਗੁਰ ਪ੍ਰਤਾਪ ਸੂਰਜ' ਵਿਚ ਦਰਜ, ਗੁਰੂ ਨਾਨਕ ਸਾਹਿਬ ਤੋਂ ਅਗਲੇ ਨੌਂ ਗੁਰੂ ਸਾਹਿਬਾਨ ਦੇ ਇਤਿਹਾਸ ਲਈ ਵਰਤੇ ਗਏ ਸ੍ਰੋਤਾਂ ਦੀ ਸੂਚੀ

---

15 ਪੋਥੀ ਪਹਿਲੀ, ਪੰਨੇ 154-155

16 *ਸਿੰਘ ਸਭਾ ਪੱਤ੍ਰਿਕਾ*, ਗੁਰਦਿੱਤ ਸਿੰਘ, ਗਿਆਨੀ (ਸੰਪਾ.), ਮਾਰਚ 1983, ਪੰਨੇ 18-19

ਇਸ ਪ੍ਰਕਾਰ ਹੈ-

1. ਭਾਈ ਰਾਮ ਕੁਇਰ (ਗੁਰਬਖਸ਼ ਸਿੰਘ) ਦੀਆਂ ਸਾਖੀਆਂ।
2. ਗੁਰ ਦਰਬਾਰ ਦੇ ਢਾਡੀ ਅਬਦੁੱਲੇ ਤੇ ਨੱਥੇ ਦੀਆਂ ਪੰਜਾਬੀ ਇਤਿਹਾਸਿਕ ਵਾਰਾਂ।
3. ਸਿੱਖਾਂ ਦੀ ਭਗਤ ਮਾਲਾ ਕ੍ਰਿਤ ਭਾਈ ਮਨੀ ਸਿੰਘ ਜੋ ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਵਿਸਥਾਰ ਸਹਿਤ ਟੀਕਾ ਹੈ।
4. ਸ੍ਰੀ ਦਸਮੇਸ਼ ਦੇ ਢਾਡੀ ਮੀਰ ਛਬੀਲੇ ਤੇ ਮੁਸ਼ਕੀ ਦੀਆਂ ਵਾਰਾਂ- ਭੰਗਾਣੀ ਦੀ ਵਾਰ, ਅਨੰਦਪੁਰ ਦੀਆਂ ਵਾਰਾਂ ਆਦਿ।
5. ਗੁਰਸਿੱਖਾਂ ਦੇ ਜ਼ਬਾਨੀ ਸੁਣੇ ਕਥਾ-ਪ੍ਰਸੰਗ।
6. ਬਚਿਤ੍ਰ ਨਾਟਕ ਪਾਤਸ਼ਾਹੀ ੧੦।
7. ਜ਼ਫ਼ਰਨਾਮਾ ਪਾਤਸ਼ਾਹੀ ੧੦।
8. ਭਾਈ ਨੰਦ ਲਾਲ ਗੋਯਾ ਦੀਆਂ ਫ਼ਾਰਸੀ ਰਚਨਾਵਾਂ।
9. ਸ੍ਰੀ ਗੁਰ ਸੋਭਾ 'ਕ੍ਰਿਤ ਕਵਿ ਸੈਨਾਪਤਿ'।
10. ਸ੍ਰੀ ਗੁਰ ਰਤਨ ਮਾਲ- ਸੌ ਸਾਖੀ (ਸਾਹਿਬ ਸਿੰਘ)।
11. ਪਰਚੀਆਂ ਪੰਜਾਹ ਸੇਵਾ ਦਾਸ ਉਦਾਸੀ ਦੀਆਂ।
12. ਵਿਦਿਯਾਧਰ ਗ੍ਰੰਥ (ਪਾ. ੧੦) ਦੇ ਕੁੱਝ ਫੁਟਕਲ ਪਤਰੇ।
13. ਗੁਰ ਬਿਲਾਸ ਪਾਤਸ਼ਾਹੀ ੬ (ਕਵੀ ਸੋਹਨ) ਸੰ: ੧੭੭੫ ਬਿ:।
14. ਗੁਰ ਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ) ਸੰ: ੧੮੦੮ ਬਿ:।
15. ਗੁਰ ਬਿਲਾਸ ਪਾਤਸ਼ਾਹੀ ੧੦ (ਕਵਿ ਸੁਖਾ ਸਿੰਘ) ਸੰ: ੧੮੫੪ ਬਿ:।
16. ਗੁਰੂ ਨਵਮ ਪਾਤਸ਼ਾਹ ਦੀਆਂ ਮਾਲਵੇ ਦੇ ਦੌਰੇ ਦੀਆਂ ਸਾਖੀਆਂ ।
17. ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਬਾਬਾ ਕ੍ਰਿਪਾ ਦਿਆਲ ਸਿੰਘ)।
18. ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਬਾਵਾ ਸਰੂਪ ਦਾਸ, ਭੱਲਾ)।

19. ਫੁਟਕਲ ਹੱਥ ਲਿਖਤ ਇਤਿਹਾਸਿਕ ਪੱਤਰੇ।

20. ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ (ਕੇਸਰ ਸਿੰਘ, ਛਿੱਬਰ)।

21. ਸ੍ਰੀ ਦਸਮੇਸ਼ ਦੇ ਦਰਬਾਰੀ ਕਵੀਆਂ ਦੀਆਂ ਕੁੱਝ ਲਿਖਤਾਂ।

ਸ. ਰਣਜੀਤ ਸਿੰਘ ਖੜਗ (ਭਾਈ ਸੰਤੋਖ ਸਿੰਘ ਸੰਬੰਧੀ ਸਮਰਪਿਤ ਭਾਵਨਾ ਨਾਲ ਖੋਜ ਕਰਨ ਵਾਲੇ ਇਤਿਹਾਸਕਾਰ) ਨੇ ਉਪਰੋਕਤ ਸ੍ਰੋਤਾਂ ਵਿਚ ਵਰਣਿਤ ਜ਼ਫ਼ਰਨਾਮਾ ਪਾਤਸ਼ਾਹੀ ੧੦ ਦੀ ਥਾਂ 'ਤੇ ਪਰਚੀਆਂ ਸੇਵਾ ਦਾਸ ਨੂੰ ਇਸ ਮੰਤਵ ਲਈ ਵਰਤਣ ਦਾ ਜ਼ਿਕਰ ਕਰਦੇ ਹੋਏ ਇਸ ਸੂਚੀ ਤੋਂ ਇਲਾਵਾ ਇਸ ਗ੍ਰੰਥ ਲਈ ਵਰਤੇ ਗਏ ਤਿੰਨ ਹੋਰ ਸ੍ਰੋਤ ਦੱਸੇ ਹਨ [17]-

1. ਗੁਰਬਾਣੀ।
2. ਬਾਬਾ ਰਾਮ ਰਾਇ ਦੀਆਂ ਕਰਾਮਾਤਾਂ ਦੀ ਪੁਸਤਕ [*]।
3. ਮੁਕਤ ਨਾਮਾ।

ਭਾਈ ਵੀਰ ਸਿੰਘ ਦੀ ਇਸ ਗ੍ਰੰਥ ਦੀ ਪ੍ਰਸਤਾਵਨਾ ਵਾਲੀ ਪੋਥੀ ਵਿਚ ਉਪਰੋਕਤ ਸਰੋਤਾਂ ਤੋਂ ਇਲਾਵਾ ਕੁੱਝ ਹੋਰ ਸ੍ਰੋਤ ਵੀ ਲਿਖੇ ਹਨ-

1. ਗ੍ਰੰਥ ਵਿਚ ਵਰਣਿਤ ਸੱਜਣਾਂ ਦੇ ਵੰਸ਼ਜਾਂ ਪਾਸੋਂ ਪ੍ਰਾਪਤ ਕੀਤੇ ਪ੍ਰਸੰਗ, ਜਿਵੇਂ- ਪੀਰ ਬੁੱਧੂ ਸ਼ਾਹ ਦੇ ਪ੍ਰਸੰਗ ਦੇ ਸੰਬੰਧ ਵਿਚ।[18]
2. ਭਾਈ ਗੁਰਦਾਸ ਜੀ ਦੀ ਰਚਨਾ।[19]
3. ਗ੍ਰੰਥ ਦੇ ਮਸਾਲੇ ਦੀ ਖੋਜ ਲਈ ਕੀਤੇ ਪੱਤਰ ਵਿਹਾਰ।[20]

---

17 *ਸਾਹਿਤ ਗਗਨ ਦੇ ਸੂਰਜ ਮਹਾਂਕਵੀ ਭਾਈ ਸੰਤੋਖ ਸਿੰਘ ਜੀਵਨ ਤੇ ਰਚਨਾ*, ਕਰਮਜੀਤ ਸਿੰਘ, ਇੰਜੀ. (ਸੰਪਾ.), ਪੰਨਾ 53

* ਇਸ ਦਾ ਜ਼ਿਕਰ ਪ੍ਰਸਤਾਵਨਾ ਵਿਚ ਭਾਈ ਵੀਰ ਸਿੰਘ ਨੇ ਵੀ ਕੀਤਾ ਹੈ ਜਿਸ ਨੂੰ ਸਮਸ਼ੇਰ ਸਿੰਘ ਅਸ਼ੋਕ ਦੁਆਰਾ ਵਰਣਿਤ ਸ੍ਰੋਤਾਂ ਦੀ ਸੂਚੀ ਦੇ 'ਫੁਟਕਲ ਹੱਥ ਲਿਖਤ ਇਤਿਹਾਸਕ ਪੱਤਰੇ' ਅਧੀਨ ਵੀ ਰੱਖਿਆ ਜਾ ਸਕਦਾ ਹੈ।

18 ਪੋਥੀ ਪਹਿਲੀ, ਪੰਨਾ 180

19 ਉਹੀ, ਪੰਨਾ 182

20 ਉਹੀ, ਪੰਨੇ 189-90

ਇਸ ਸਮੁੱਚੀ ਆਧਾਰਭੂਤ ਅਤੇ ਸਹਾਇਕ ਸ੍ਰੋਤ ਸਮੱਗਰੀ ਨੂੰ ਇਕੱਠਾ ਕਰਨ ਤੋਂ ਬਾਅਦ ਕਵੀ ਜੀ ਨੇ ਇਸ ਗ੍ਰੰਥ ਦੀ ਰਚਨਾ ਆਰੰਭ ਕੀਤੀ। ਇਸ ਸੰਗ੍ਰਹਿ ਵਿਚੋਂ ਭਰੋਸੇਯੋਗ ਅਤੇ ਨਿੱਗਰ ਇਤਿਹਾਸ ਲੱਭਣ ਦਾ ਕਾਰਜ ਬਹੁਤ ਹੀ ਔਖਾ ਸੀ। ਭਾਈ ਸੰਤੋਖ ਸਿੰਘ ਅਨੁਸਾਰ ਇਹ ਰੇਤੇ ਵਿਚੋਂ ਇਕ ਸੋਨੇ ਦੇ ਛੋਟੇ ਟੁਕੜੇ ਲੱਭਣ ਦੇ ਬਰਾਬਰ ਸੀ-

ਜਿਮ ਸਿਕਤਾ ਮਹਿ ਕੰਚਨ ਮਿਲੇ। ਬੀਨ ਡਾਂਬਲਾ ਲੇ ਤਿਹ ਭਲੇ।

ਤਥਾ ਜਗਤ ਤੇ ਮੈਂ ਚੁਨਿ ਲੇਊਂ। ਕਥਾ ਸਮਸਤ ਸੁ ਲਿਖ ਕਰ ਦੇਊਂ।[21]

ਕਵੀ ਜੀ ਨੇ ਇਸ ਸੰਗ੍ਰਹਿ ਵਿਚੋਂ ਗੁਰ ਜਸ ਵਾਲੇ ਪ੍ਰਸੰਗ ਚੁਣ ਕੇ ਆਪਣੀ ਰਚਨਾ ਲਈ ਕੱਢ ਲਏ ਅਤੇ ਬਾਕੀ ਛੱਡ ਦਿੱਤੇ ਜਿਵੇਂ ਕਿ ਉਨ੍ਹਾਂ ਨੇ ਗੁਰ ਨਾਨਕ ਪ੍ਰਕਾਸ਼ ਦੇ ਸੰਗ੍ਰਹਿ ਸੰਬੰਧੀ ਲਿਖਿਆ ਹੈ-

ਆਦਿ ਸੁਧਾਸਰ ਜੇ ਇਸਥਾਨਾ। ਖੋਜਿ ਖੋਜਿ ਨੀਕੇ ਬਿਧਿ ਨਾਨਾ।

ਲਿਖਿ ਦੇਖੀ ਕੇਤੀ ਬਹੁ ਥਾਈਂ। ਕੇਤੀ ਸੁਣੀ ਜੁ ਮਨ ਮਹਿ ਭਾਈ॥

ਬੀਨ ਬੀਨ ਗੁਰ ਮਹਿਮਾ ਆਛੀ। ਮਾਖਨ ਜਯੋਂ ਲੀਨੀ, ਤਜਿ ਛਾਛੀ।[22]

**ਰਚਨਾ ਦਾ ਸਮਕਾਲੀ ਮਾਹੌਲ ਅਤੇ ਪ੍ਰਕਿਰਿਆ**

ਜਿਵੇਂ ਕਿ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਗ੍ਰੰਥ ਭਾਈ ਸੰਤੋਖ ਸਿੰਘ ਨੇ ਕੈਥਲਪਤਿ ਭਾਈ ਉਦੈ ਸਿੰਘ ਦੀ ਰਾਜਸੀ ਸਰਪ੍ਰਸਤੀ ਹੇਠ ਲਿਖਿਆ। ਭਾਈ ਉਦੈ ਸਿੰਘ ਦਾ ਸੰਬੰਧ[23] ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸਿੱਖ ਭਾਈ ਭਗਤੂ ਜੀ ਦੇ ਵੰਸ਼ਜ ਭਾਈ ਗੁਰਬਖਸ਼ ਸਿੰਘ ਨਾਲ ਜੁੜਦਾ ਹੈ ਜਿਨ੍ਹਾਂ ਦੇ ਪੁੱਤਰ ਭਾਈ ਦੇਸੂ ਸਿੰਘ ਨੇ 1767 ਈ. ਵਿਚ ਕੈਥਲ ਨੂੰ ਆਪਣੀ ਰਾਜਧਾਨੀ ਬਣਾਇਆ। ਪੌਰਾਣਿਕ ਮਤ ਅਨੁਸਾਰ ਇਸ ਸ਼ਹਿਰ ਦੀ ਸਥਾਪਨਾ ਯੁਧਿਸ਼ਟਰ ਨੇ ਕੀਤੀ ਜਿਸ ਨੂੰ ਹਨੂਮਾਨ ਦਾ ਜਨਮ ਸਥਾਨ ਵੀ ਮੰਨਿਆ ਜਾਂਦਾ ਹੈ

---

21 ਜਿਲਦ ਪੰਜਵੀਂ, ਪੰਨਾ 1324

22 ਜਿਲਦ ਚੌਥੀ, ਪੰਨਾ 1257

23 http://punjabipedia.org/topic.aspx?txt=%E0%A8%89%E0%A8%A6%E0%A9%88%20%E0%A8%B8%E0%A8%BF%E0%A9%B0%E0%A8%98,%20%E0%A8%AD%E0%A8%BE%E0%A8%88

ਜਿਸ ਕਾਰਨ ਇਹ ਵੇਦਾਂਤ ਦੇ ਮੁੱਖ ਕੇਂਦਰਾਂ ਵਿਚੋਂ ਇਕ ਰਿਹਾ ਹੈ। ਇਸ ਸ਼ਹਿਰ ਦਾ ਪੁਰਾਣਾ ਨਾਮ ਕਪਿਸਥਲ ਸੀ ਜਿਸ ਤੋਂ ਭਾਵ ਹੈ- ਕਪਿ (ਹਨੂਮਾਨ) ਦਾ ਸਥਾਨ। ਇਸੇ ਸਥਾਨ 'ਤੇ ਰਹਿ ਕੇ ਹੀ ਕਵੀ ਜੀ ਨੇ 'ਗੁਰ ਪ੍ਰਤਾਪ ਸੂਰਜ' ਵਰਗੇ ਗ੍ਰੰਥ ਦੀ ਰਚਨਾ ਕੀਤੀ। ਜੇਕਰ ਅਸੀਂ ਕੈਥਲ ਦੇ ਇਸ ਗ੍ਰੰਥ ਲਿਖਣ ਸਮੇਂ ਦੇ ਮਾਹੌਲ ਦੀ ਗੱਲ ਕਰੀਏ ਤਾਂ ਮਾਹੌਲ ਲਗ-ਪਗ ਪੂਰੀ ਤਰ੍ਹਾਂ ਵੇਦਾਂਤਕ ਸੀ ਜਿੱਥੇ ਗੁਰ ਇਤਿਹਾਸ ਨਾਲ ਸੰਬੰਧਿਤ ਗ੍ਰੰਥ ਦੀ ਰਚਨਾ ਹੋਣਾ ਬੰਜਰ ਭੂਮੀ ਵਿਚ ਰੁੱਖ ਉੱਗਣ ਵਾਂਗ ਹੈ। ਸਿਰਫ ਗੁਰੂ ਸਾਹਿਬ ਦੁਆਰਾ ਵਰੋਸਾਏ 'ਭਾਈ ਕਿਆਂ' ਦੇ ਸਿੱਖ ਸਾਸ਼ਕ ਹੋਣ ਕਾਰਨ ਹੀ ਇਹ ਗ੍ਰੰਥ ਲਿਖਣਾ ਸੰਭਵ ਹੋ ਸਕਿਆ ਕਿਉਂਕਿ ਇਸ ਰਿਆਸਤ ਦੀ ਪਰਜਾ ਅਤੇ ਦਰਬਾਰ ਦਾ ਮਾਹੌਲ ਬਿਲਕੁਲ ਵੀ ਸਿੱਖੀ ਦੇ ਅਨੁਕੂਲ ਨਹੀਂ ਸੀ। ਇਸ ਦੀ ਸਪਸ਼ਟਤਾ ਭਾਈ ਵੀਰ ਸਿੰਘ ਦੁਆਰਾ ਕੈਥਲ ਦੇ ਤਤਕਾਲੀ ਮਾਹੌਲ ਸੰਬੰਧੀ ਲਿਖੇ ਕਥਨ[24] ਤੋਂ ਹੋ ਜਾਂਦੀ

---

[24] *ਕੈਥਲ ਕੁਰਛੇਤ੍ਰ ਦੀ ਧਰਮ ਛੇਤ੍ਰ ਧਰਤੀ ਦਾ ਹਿੱਸਾ ਹੈ। ਇੱਥੇ ਸਨਾਤਨ ਸਮੇਂ ਤੋਂ ਵਿਸ਼ੇਸ਼ ਵਸੋਂ ਬ੍ਰਾਹਮਣਾਂ ਦੀ ਸੀ।ਤੁਰਕ ਰਾਜ ਸਮੇਂ ਇਸ ਵਿਚ ਉਦਾਸੀ ਤੇ ਨਯੂਨਤਾ ਹੋ ਗਈ ਸੀ। ਅਖੀਰਲੀ ਬਲੋਚ ਪਠਾਨ ਰਾਜ ਰੌਲੇ ਵਿਚ ਕੈਥਲ ਦੁਖੀ ਰਿਹਾ ਹੈ ਅਤੇ ਉਜਾੜੇ ਵੱਲ ਰੁਖ ਹੋ ਗਿਆ ਸੀ। ਸਿੱਖ ਰਾਜ ਹੁੰਦੇ ਹੀ ਬ੍ਰਾਹਮਣੀ ਬਲ ਜਾਗ ਪਿਆ। ਸਿੱਖ ਰਾਜਿਆਂ ਨੇ ਵਿੱਦਿਆ ਦੀ ਸਰਪ੍ਰਸਤੀ ਕੀਤੀ, ਵੱਸੋਂ ਟਹਿਕ ਪਈ। ਦੂਰੋਂ-ਦੂਰੋਂ ਪੰਡਿਤ ਆ ਆਬਾਦ ਹੋਏ। ਸੰਸਕ੍ਰਿਤ ਵਿੱਦਿਆ ਦਾ ਉਹ ਜ਼ੋਰ ਹੋਇਆ ਕਿ ਇਸ ਨੂੰ ਲੋਕ ਦੂਸਰੀ ਕਾਂਸੀ ਆਖਣ ਲੱਗ ਪਏ। ਉਂਞ ਬੀ ਧਰਤੀ ਕੁਰਛੇਤ੍ਰ ਦੀ ਹੋਣ ਕਰਕੇ ਕਾਂਸੀ ਵਾਂਗ ਪਵਿੱਤਰ ਮੰਨੀ ਹੋਈ ਸੀ। ਨਵ ਗ੍ਰੈਹਾਂ ਦਾ ਮੰਦਰ ਆਖਦੇ ਹਨ ਯਾ ਕਾਸ਼ੀ ਵਿੱਚ ਹੈ ਯਾ ਕੈਥਲ ਵਿੱਚ। ਭਾਈ ਉਦੇ ਸਿੰਘ ਦੇ ਵੇਲੇ ਤੱਕ ਹਜ਼ਾਰ ਤੋਂ ਵਧੀਕ ਘਰ ਵਿਦ੍ਵਾਨ ਬ੍ਰਾਹਮਣਾਂ ਦੇ ਕੈਥਲ ਵਿੱਚ ਹੋ ਗਏ ਹੋਏ ਸਨ। ਇਨ੍ਹਾਂ ਵਿੱਚੋਂ ਦੋ ਕੁ ਸੌ ਵਿਦਵਾਨ ਐਸੇ ਗਿਣੇ ਹੋਏ ਸਨ ਕਿ ਜੋ ਸ਼ਾਸਤ੍ਰਾਂ ਦੇ ਗਿਆਤਾ ਅਤੇ ਵੇਦਾਂ ਦੇ ਪੰਡਿਤ ਮੰਨੇ ਜਾਂਦੇ ਸਨ। ਰਾਜਾ ਆਪ ਵਿਦਵਾਨ ਸੀ ਤੇ ਵਿਦਵਾਨਾਂ ਦਾ ਕਦਰਦਾਨ ਸੀ। ਛੇਤ੍ਰ ਤੇ ਲੰਗਰ ਲੱਗੇ ਹੋਏ ਸਨ। ਸ਼ਹਿਰ ਦੀ ਰੌਣਕ ਤੇ ਵਿਦ੍ਵਤਾ ਦੀ ਗਰਮ ਬਜ਼ਾਰੀ ਸੀ। ਇਹ ਸਾਰਾ ਪ੍ਰਭਾਵ ਬ੍ਰਾਹਮਣੀ ਤੇ ਸੰਸਕ੍ਰਿਤ ਵਿੱਦਯਾ ਦਾ ਸੀ। ਮਹਾਰਾਜਾ ਉਦਯ ਸਿੰਘ ਦੇ ਵੇਲੇ ਤਾਂ ਦੂਰੋਂ-ਦੂਰੋਂ ਵਿਦਿਆਰਥੀ ਵਿੱਦਿਆ ਪਾਉਣ ਲਈ ਕੈਥਲ ਪਹੁੰਚਦੇ ਸਨ। ਚੰਗੇ-ਚੰਗੇ ਪੰਡਿਤ ਇੱਥੇ ਅੱਗੇ ਚਰਚਾ ਵਾਦ ਕਰਨ ਆਉਂਦੇ ਤੇ ਰਾਜਾ ਵੱਲੋਂ ਦਾਨ-ਸਨਮਾਨ ਪਾ ਕੇ ਜਾਂਦੇ। ਚਾਰ ਹਵੇਲੀਆਂ ਗੁਰ ਪ੍ਰਤਾਪ ਸੂਰਜ ਦੀ ਨਿਗਰਾਨੀ ਕਰਨ ਵਾਲੇ ਪੰਡਤਾਂ ਯੋਗ ਪ੍ਰਾਪਤ ਸਨ। ਯੋਗ ਮੱਤ ਦੇ ਆਚਾਰਯ ਅਤੇ ਸੰਨਿਆਸੀ ਸਾਧੂ ਸਨਮਾਨੇ ਜਾਂਦੇ ਸਨ। ਕਾਸ਼ੀ ਤੋਂ ਪੰਡਿਤ ਸ਼ਿਵ ਸਹਾਇ ਵਿੱਦਿਆ ਦਾ ਧੁਰੰਧਰ ਇੱਥੇ ਆਦਰ ਪਾ ਕੇ ਆ ਵੱਸਿਆ ਸੀ। ਮਰਹੱਟੇ ਪੰਡਿਤ ਮੂਲਚੰਦ ਲੱਛਮੀ ਨਾਰਾਯਣ ਇਸ ਨਗਰ ਵਿਚ ਆ ਵਸੇ ਸਨ ਜੋ ਬੜੇ ਪ੍ਰਸਿੱਧ ਹੋਏ ਹਨ। ਬਾਗੜੀਆ ਪੰਡਿਤਾਂ ਦੀ ਕਾਫੀ ਵੱਸੋਂ ਆਬਾਦ ਸੀ।ਹੋਰ ਕਵੀ ਤੇ ਵਿਦਵਾਨ ਵੀ ਬਹੁਤ ਸਨ। ਦਰਜਨ ਤੋਂ ਵਧੀਕ ਹਿੰਦੂ ਮੰਦਰ*

ਹੈ ਜਿਸ ਵਿਚ ਉਨ੍ਹਾਂ ਨੇ ਕੈਥਲ ਰਿਆਸਤ ਦੇ ਵੇਦਾਂਤਕ ਮਾਹੌਲ ਬਾਰੇ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਕੈਥਲ ਦੇ ਇਸ ਮਾਹੌਲ ਨੇ ਇਸ ਗ੍ਰੰਥ ਨੂੰ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਭਾਵਿਤ ਵੀ ਕੀਤਾ। ਇਸ ਗ੍ਰੰਥ ਵਿਚਲੇ ਵੇਦਾਂਤਕ ਪ੍ਰਭਾਵ ਦਾ ਇਕ ਵੱਡਾ ਕਾਰਨ ਇਸ ਮਾਹੌਲ ਨੂੰ ਵੀ ਕਿਹਾ ਜਾ ਸਕਦਾ ਹੈ।

ਇਸ ਗ੍ਰੰਥ ਦੀ ਰਚਨਾ ਪ੍ਰਕਿਰਿਆ ਸੰਬੰਧੀ ਇਹ ਉਲੇਖ[25] ਪ੍ਰਾਪਤ ਹੁੰਦਾ ਹੈ ਕਿ ਭਾਈ ਸੰਤੋਖ ਸਿੰਘ ਅੰਮ੍ਰਿਤ ਵੇਲੇ ਆਪਣੇ ਨਿਤਾ ਪ੍ਰਤਿ ਦੇ ਕਾਰਜਾਂ ਤੋਂ ਮੁਕਤ ਹੋ ਕੇ ਗੁਰਬਾਣੀ ਨਿਤਨੇਮ ਕਰਨ ਤੋਂ ਬਾਅਦ ਘੰਟਿਆਂ ਬੱਧੀ ਇਸ ਗ੍ਰੰਥ ਦੀ ਸੰਬੰਧਿਤ ਸਮੱਗਰੀ ਦਾ ਅਧਿਐਨ ਕਰਕੇ ਇਸ ਨੂੰ ਵਿਸ਼ੇ ਅਨੁਸਾਰ ਤਰਤੀਬਵਾਰ ਕਰਦੇ। ਦਿਨ ਦੇ ਦੂਸਰੇ ਪਹਿਰ ਵਿਚ ਇਸ ਗ੍ਰੰਥ ਦੇ ਲਿਖਣ ਦਾ ਕਾਰਜ ਆਰੰਭ ਕੀਤਾ ਜਾਂਦਾ ਜਿਸ ਦੀ ਪੂਰਤੀ ਲਈ ਭਾਈ ਉਦੈ ਸਿੰਘ ਵਲੋਂ ਚਾਰ ਲਿਖਾਰੀ ਪ੍ਰਦਾਨ ਕੀਤੇ ਗਏ ਸਨ। ਭਾਈ ਸੰਤੋਖ ਸਿੰਘ ਅਕਸਰ ਟਹਿਲ ਕੇ ਬੋਲਦੇ ਹੋਏ ਆਪਣੇ ਹੱਥ ਵਿਚਲੀ ਚਪਤ ਨੂੰ ਛੰਦ ਦੀ ਤਾਲ ਦੇ ਅਨੁਸਾਰੀ ਵਜਾ ਕੇ ਕਾਵਿ ਰਚਨਾ ਲਿਖਵਾਉਂਦੇ। ਇਤਿਹਾਸਿਕ ਘਟਨਾਵਾਂ ਦੇ ਕ੍ਰਮ-ਮਿਤੀਆਂ ਅਤੇ ਕੁੱਝ ਖਾਸ ਨੁਕਤਿਆਂ ਨੂੰ ਯਾਦ ਰੱਖਣ ਲਈ ਇਨ੍ਹਾਂ ਨੂੰ ਕਵੀ ਜੀ ਵਲੋਂ ਕਾਗਜ 'ਤੇ ਨੋਟ ਕਰ ਲਿਆ ਜਾਂਦਾ ਸੀ ਜਿਸ ਦੀ ਗ੍ਰੰਥ ਲਿਖਵਾਉਣ ਸਮੇਂ ਲੋੜ ਅਨੁਸਾਰ ਵਰਤੋਂ ਕੀਤੀ ਜਾਂਦੀ ਸੀ।

---

*ਉਸ ਵੇਲੇ ਗਹਿਮਾ ਗਹਿਮ ਕਰਦੇ ਸੇ। ਸਿੱਖ ਵੱਸੋਂ ਬਹੁਤ ਘੱਟ ਸੀ। ਰਾਜਾ, ਉਸ ਦੀ ਫੌਜ ਦੇ ਕੁੱਝ ਘਰਾਣੇ ਜੋ ਆ ਕੇ ਵਸੇ ਸਨ, ਗਿਣਤੀ ਵਿੱਚ ਬਹੁਤ ਨਹੀਂ ਸਨ। ਰਾਜਾ ਸਿੰਘ ਸੀ, ਪੂਜਯ ਘਰਾਣੇ ਦਾ ਸੀ। ਰਾਜਾ ਹੋ ਕੇ ਭਾਈ ਸਾਹਿਬ ਅਖਵਾਉਣਾ ਪਸੰਦ ਕਰਦਾ ਸੀ। ਸਿੱਖੀ ਵਿੱਚ ਸਿਆਣਾ ਸੀ ਪਰ ਵਿੱਦਿਆ ਦੇ ਪ੍ਰਭਾਵ ਹੇਠ ਉਹ ਵੀ ਝੁਕਾਉ ਉਸ ਰੁਖ ਦਾ ਰੱਖਦਾ ਸੀ ਜਿਸ ਰੁਖ ਦੀ ਵਿਦਿਆ ਦਾ ਉੱਥੇ ਪ੍ਰਚਾਰ ਸੀ। ਕਵੀ ਜੀ ਨੇ ਇਸ ਪ੍ਰਭਾਵ, ਇਸ ਵਾਯੂ ਮੰਡਲ ਵਿੱਚ ਬੈਠ ਕੇ ਕੰਮ ਕੀਤਾ ਹੈ। ਕੈਥਲ ਪਹੁੰਚ ਕੇ ਜਪੁਜੀ ਦੇ ਟੀਕੇ ਦੇ ਬਾਅਦ ਰਾਮਾਯਣ ਅਤੇ ਆਤਮ ਪੁਰਾਣ ਦੋ ਗ੍ਰੰਥ ਉਸੇ ਮਤਿ ਦੇ ਲਿਖੇ ਹਨ ਅਤੇ ਰਾਜਾ ਨੇ ਰਾਮਾਯਣ ਪੜ੍ਹੀ ਤੇ ਇਕ ਪਿੰਡ ਇਨਾਮ ਦਿੱਤਾ ਹੈ। ਇਹ ਬੀ ਸੂਚਕ ਹੈ ਉਸ ਚੁਗਿਰਦ ਦਾ ਜਿਸ ਵਿਚ ਕਵੀ ਜੀ ਨੇ ਕੰਮ ਕੀਤਾ ਹੈ ਤੇ ਰਾਜਾ ਦੀ ਰੁਚੀ ਦਾ ਜੋ ਪੰਡਤਾਂ ਅਤੇ ਸੰਨਿਯਾਸੀਆਂ- ਜੋਗੀਆਂ ਦੇ ਪ੍ਰਭਾਵ ਨਾਲ ਬਣ ਰਹੀ ਹੈਸੀ।*

– ਜਿਲਦ ਪਹਿਲੀ, ਪੰਨੇ 146-147

[25] ਉਹੀ, ਪੰਨੇ 140-143

ਭਾਈ ਵੀਰ ਸਿੰਘ ਅਨੁਸਾਰ[26] ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਗੱਲ ਦੇ ਵੀ ਸੰਕੇਤ ਪ੍ਰਾਪਤ ਹੁੰਦੇ ਹਨ ਕਿ ਕਵੀ ਜੀ ਗ੍ਰੰਥ ਦੀ ਸਮੱਗਰੀ ਨੂੰ ਲਿਖਵਾਉਣ ਤੋਂ ਪਹਿਲਾਂ ਇਸ ਦੀ ਸੰਗਤ ਵਿਚ ਕਥਾ ਵੀ ਕਰਦੇ ਸਨ ਤਾਂ ਜੋ ਸੰਗਤ ਦੇ ਪ੍ਰਸ਼ਨਾਂ ਅਤੇ ਸੁਝਾਵਾਂ ਅਨੁਸਾਰ ਇਸ ਗ੍ਰੰਥ ਵਿਚ ਸੁਧਾਈ ਕੀਤੀ ਜਾ ਸਕੇ ਪ੍ਰੰਤੂ ਜਾਪਦਾ ਹੈ ਕਿ ਇਹ ਕ੍ਰਮ ਕਦੇ ਕਦਾਈ ਹੁੰਦਾ ਸੀ, ਲਗਾਤਾਰ ਨਹੀਂ ਕਿਉਂਕਿ ਜੇ ਇਹ ਕ੍ਰਮ ਲਗਾਤਾਰ ਹੁੰਦਾ ਤਾਂ ਅੱਜ ਇਸ ਗ੍ਰੰਥ ਵਿਚ ਸੁਧਾਈ ਦੀ ਲੋੜ ਮਹਿਸੂਸ ਨਾ ਹੁੰਦੀ।

**ਅਧਿਆਇ ਕ੍ਰਮ- ਗ੍ਰੰਥ ਦੀ ਵੰਡ ਤਰਤੀਬ**

ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸੂਰਜ ਦੀ ਗਤੀ ਦੇ ਹਿਸਾਬ ਨਾਲ ਰੁੱਤਾਂ, ਰਾਸਾਂ, ਆਇਨਾਂ ਤੇ ਅੰਸੂਆਂ ਵਿਚ ਵੰਡਿਆ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਇਸ ਗ੍ਰੰਥ ਵਿਚ ਸ਼ਾਮਿਲ ਕਰਦੇ ਹੋਏ ਇਸ ਗ੍ਰੰਥ ਦੀ ਅਧਿਆਇ ਵੰਡ ਤਰਤੀਬ ਇਸ ਪ੍ਰਕਾਰ ਹੈ-

| **ਗ੍ਰੰਥ ਦੇ ਭਾਗ ਦਾ ਨਾਮ** | **ਅੰਸੂ (ਅਧਿਆਇ) ਦੀ ਗਿਣਤੀ** | **ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਗ੍ਰੰਥਾਵਲੀ ਦੀ ਜਿਲਦ ਦਾ ਕ੍ਰਮ** | **ਸੰਬੰਧਿਤ ਵਿਸ਼ਾ ਸਮੱਗਰੀ (ਸੰਖੇਪ ਵੇਰਵਾ)** |
|---|---|---|---|
| ਪੂਰਬਾਰਧ (ਸ੍ਰੀ ਗੁਰ ਨਾਨਕ ਪ੍ਰਕਾਸ਼) | 73 | ਜਿਲਦ ਦੂਜੀ ਅਤੇ ਤੀਜੀ (ਪਹਿਲੀ ਜਿਲਦ ਇਸ ਗ੍ਰੰਥ ਦੀ ਪ੍ਰਸਤਾਵਨਾ ਨਾਲ ਸੰਬੰਧਿਤ ਹੈ) | ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਆਰੰਭ |
| ਉਤਰਾਰਧ (ਸ੍ਰੀ ਗੁਰ ਨਾਨਕ ਪ੍ਰਕਾਸ਼) | 57 | ਜਿਲਦ ਚੌਥੀ | ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਜੀ ਸਮਾਪਤੀ |
| ਰਾਸਿ ਪਹਿਲੀ | 68 | ਜਿਲਦ ਪੰਜਵੀਂ | ਇਤਿਹਾਸ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ |
| ਰਾਸਿ ਦੂਜੀ | 57 | ਜਿਲਦ ਪੰਜਵੀਂ ਅਤੇ ਛੇਵੀਂ | ਇਤਿਹਾਸ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਤਿਹਾਸ ਸ਼ੁਰੂ |
| ਰਾਸਿ ਤੀਜੀ | 69 | ਜਿਲਦ ਛੇਵੀਂ | ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ ਜਾਰੀ |
| ਰਾਸਿ ਚੌਥੀ | 66 | ਜਿਲਦ ਛੇਵੀਂ ਅਤੇ ਸਤਵੀਂ | ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਤਿਹਾਸ ਜਾਰੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸ ਸ਼ੁਰੂ |
| ਰਾਸਿ ਪੰਜਵੀਂ | 66 | ਜਿਲਦ ਸਤਵੀਂ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸ |

[26] ਉਹੀ, ਪੰਨੇ 143-145

| | | | |
|---|---|---|---|
| | | | ਜਾਰੀ |
| ਰਾਸਿ ਛੇਵੀਂ | 59 | ਜਿਲਦ ਅਠਵੀਂ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸ ਜਾਰੀ (ਪਹਿਲਾ ਅਤੇ ਦੂਜਾ ਜੰਗ) |
| ਰਾਸਿ ਸਤਵੀਂ | 61 | ਜਿਲਦ ਅਠਵੀਂ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸ ਜਾਰੀ (ਤੀਜਾ ਜੰਗ) |
| ਰਾਸਿ ਅਠਵੀਂ | 60 | ਜਿਲਦ ਨੌਵੀਂ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸ ਜਾਰੀ (ਚੌਥਾ ਜੰਗ) |
| ਰਾਸਿ ਨੌਵੀਂ | 60 | ਜਿਲਦ ਨੌਵੀਂ | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਇਤਿਹਾਸ ਸ਼ੁਰੂ |
| ਰਾਸਿ ਦਸਵੀਂ | 56 | ਜਿਲਦ ਨੌਵੀਂ ਅਤੇ ਦਸਵੀਂ | ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਇਤਿਹਾਸ ਜਾਰੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਇਤਿਹਾਸ |
| ਰਾਸਿ ਗਿਆਰਵੀਂ | 61 | ਜਿਲਦ ਦਸਵੀਂ | ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਤਿਹਾਸ ਸ਼ੁਰੂ |
| ਰਾਸਿ ਬਾਹਰਵੀਂ | 68 | ਜਿਲਦ ਦਸਵੀਂ ਅਤੇ ਗਿਆਰਵੀਂ | ਸ੍ਰੀ ਗੁਰੂ ਤੇਗ ਬਹਾਦਰ ਜੀ ਜੀ ਦਾ ਇਤਿਹਾਸ ਜਾਰੀ (ਸ਼ਹੀਦੀ) |
| ਰੁਤਿ ਪਹਿਲੀ | 51 | ਜਿਲਦ ਗਿਆਰਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਸ਼ੁਰੂ |
| ਰੁਤਿ ਦੂਜੀ | 50 | ਜਿਲਦ ਗਿਆਰਵੀਂ ਅਤੇ ਬਾਹਰਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਤਿਹਾਸ ਜਾਰੀ |
| ਰੁਤਿ ਤੀਜੀ | 51 | ਜਿਲਦ ਬਾਹਰਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ (ਖਾਲਸਾ ਪੰਥ ਦੀ ਸਾਜਨਾ) |
| ਰੁਤਿ ਚੌਥੀ | 51 | ਜਿਲਦ ਬਾਹਰਵੀਂ ਅਤੇ ਤੇਰਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ |
| ਰੁਤਿ ਪੰਜਵੀਂ | 52 | ਜਿਲਦ ਤੇਰਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ |
| ਰੁਤਿ ਛੇਵੀਂ | 58 | ਜਿਲਦ ਤੇਰਵੀਂ ਜਿਲਦ ਚੌਦਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ, ਚਾਰ ਸਾਹਿਬਜਾਦਿਆਂ ਦੀ ਸ਼ਹੀਦੀ |
| ਐਨ ਪਹਿਲਾ | 51 | ਜਿਲਦ ਚੌਦਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ (ਮਾਲਵਾ ਦੌਰੇ, ਜ਼ਫਰਨਾਮਾ) |
| ਐਨ ਦੂਜਾ | 36 | ਜਿਲਦ ਚੌਦਵੀਂ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਾਰੀ, ਬਾਬਾ ਬੰਦਾ ਸਿੰਘ ਬਹਾਦਰ ਦਾ ਇਤਿਹਾਸ |
| **ਕੁੱਲ ਜੋੜ** | | **1281 ਅੰਸੂ / ਅਧਿਆਇ** **(ਸ੍ਰੀ ਗੁਰ ਨਾਨਕ ਪ੍ਰਕਾਸ਼- 130 + ਗੁਰ ਪ੍ਰਤਾਪ ਸੂਰਜ- 1151)** | |

**ਗ੍ਰੰਥ ਦੀ ਭਾਸ਼ਾ**

ਭਾਈ ਸੰਤੋਖ ਸਿੰਘ ਨੇ ਇਸ ਗ੍ਰੰਥ ਦੀ ਰਚਨਾ ਲਈ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ ਜਿਸ ਨੂੰ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਹੈ। ਪੱਛਮੀ ਉੱਤਰ ਪ੍ਰਦੇਸ਼ ਦੇ ਬ੍ਰਜ ਇਲਾਕੇ ਨਾਲ ਸੰਬੰਧਿਤ ਇਸ ਭਾਸ਼ਾ ਵਿਚ ਬਹੁਤਾਤ ਗਿਣਤੀ ਵਿਚ ਮਿਆਰੀ ਸਾਹਿਤ ਦੀ ਰਚਨਾ ਹੋਈ ਹੈ। ਜੇਕਰ ਕਵੀ ਜੀ ਦੁਆਰਾ ਪੰਜਾਬੀ ਭਾਸ਼ਾ ਦੀ ਥਾਂ ਇਸ ਭਾਸ਼ਾ ਨੂੰ ਆਪਣੀ ਰਚਨਾ ਲਈ ਵਰਤੋਂ ਕੀਤੇ ਜਾਣ ਵਾਲੇ ਕਾਰਨਾਂ ਦੀ ਗੱਲ ਕਰੀਏ ਤਾਂ ਸਾਹਿਤਿਕ ਖੇਤਰ ਵਿਚ ਉੱਘੇ ਸਾਹਿਤਕਾਰਾਂ ਦੁਆਰਾ ਇਸ ਭਾਸ਼ਾ ਵਿਚ ਆਪਣੀ ਰਚਨਾ ਕਰਨਾ ਇਸ ਦਾ ਇਕ ਵੱਡਾ ਕਾਰਨ ਜਾਪਦਾ ਹੈ। ਵੈਦਿਕ ਧਰਮ ਦਾ ਪ੍ਰਸਿੱਧ ਗ੍ਰੰਥ ਤੁਲਸੀ ਰਾਮਾਇਣ ਇਸੇ ਭਾਸ਼ਾ ਵਿਚ ਲਿਖਿਆ ਗਿਆ ਹੈ ਜਿਸ ਨੇ ਆਮ ਜਨ ਮਾਨਸਿਕਤਾ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਇਸ ਤੋਂ ਇਲਾਵਾ ਸਿੱਖ ਪ੍ਰੰਪਰਾ ਵਿਚ ਵੀ ਇਸ ਭਾਸ਼ਾ ਦੀ ਗੁਰਮੁਖੀ ਲਿਪੀ ਦੇ ਰੂਪ ਵਿਚ ਵਰਤੋਂ ਹੁੰਦੀ ਰਹੀ ਹੈ। ਭਾਈ ਗੁਰਦਾਸ ਜੀ ਆਪਣੇ ਕਬਿੱਤ ਸਵੱਈਆਂ ਲਈ ਇਸੇ ਭਾਸ਼ਾ ਦੀ ਚੋਣ ਕੀਤੀ। ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਵੱਡੇ ਪੱਧਰ 'ਤੇ ਇਸ ਭਾਸ਼ਾ ਦੀ ਬਹੁਤ ਸੁੰਦਰ ਢੰਗ ਨਾਲ ਵਰਤੋਂ ਕੀਤੀ ਹੈ। *ਅਚਾਰਯ ਹਜਾਰੀ ਪ੍ਰਸਾਦ ਦਿਵੇਦੀ ਨੇ ਤਾਂ ਇਥੋਂ ਤਕ ਕਿਹਾ ਕਿ ਦਸਮ ਗ੍ਰੰਥ ਭਾਰਤੀ ਸਾਹਿਤ, ਕਲਾ, ਸਭਿਆਚਾਰ ਅਤੇ ਬ੍ਰਜ-ਭਾਸ਼ਾ ਦੀ ਸ਼ਬਦਾਵਲੀ ਦਾ 'ਲੋਕ-ਕੋਸ਼' ਹੈ।*[27] ਇਸ ਤੋਂ ਇਲਾਵਾ ਲਗ-ਪਗ ਸਾਰੇ ਹੀ ਸਿੱਖ ਸ੍ਰੋਤ ਗ੍ਰੰਥ ਬ੍ਰਜ ਭਾਸ਼ਾ ਵਿਚ ਹੀ ਰਚੇ ਗਏ ਹਨ। *ਅਸਲ ਗੱਲ ਇਹ ਹੈ ਕਿ ਬ੍ਰਿਜ ਭਾਸ਼ਾ ਜਾਂ ਇਹ ਹਿੰਦੀ ਕਿਸੇ ਸਮੇਂ ਸਾਰੇ ਉਤਰੀ ਹਿੰਦ ਦੀ ਸਾਹਿਤਕ ਭਾਸ਼ਾ ਮੰਨੀ ਜਾਂਦੀ ਸੀ ਤੇ ਸਾਰੇ ਪ੍ਰਾਂਤਾਂ ਦੇ ਵਿਦਵਾਨ ਕਵੀ ਆਪਣੀਆਂ ਸਥਾਨਕ ਬੋਲੀਆਂ ਦੀ ਥਾਂ ਇਸ ਵਿਚ ਵਧੇਰੇ ਰਚਨਾ ਕਰਦੇ ਸਨ ਤਾਂ ਕਿ ਉਨ੍ਹਾਂ ਦੀ ਕਿਰਤ ਦੇਸਵਿਆਪੀ ਹੋਵੇ ਤੇ ਇਸ ਦਾ ਦੂਰ-ਦੂਰ ਤੱਕ ਲਾਭ ਹੋਵੇ।*[28] ਸਾਹਿਤਿਕ ਖੇਤਰ ਅਤੇ ਸਿੱਖ ਧਰਮ ਵਿਚ ਇਸ ਭਾਸ਼ਾ ਦੀ ਵੱਡੇ ਪੱਧਰ 'ਤੇ ਹੋਣ ਵਾਲੀ ਮਕਬੂਲਤਾ ਅਤੇ ਆਮ ਲੋਕਾਈ ਵਿਚ ਇਸ ਦੀ

---

[27] http://www.dushtdaman.panthic.org/article/74

[28] *ਸਿੰਘ ਸਭਾ ਪਤ੍ਰਿਕਾ*, ਗੁਰਦਿੱਤ ਸਿੰਘ, ਗਿਆਨੀ (ਸੰਪਾ.), ਮਾਰਚ 1983, ਪੰਨਾ 87 (ਪ੍ਰੋ. ਪਿਆਰਾ ਸਿੰਘ ਪਦਮ ਦੇ ਲੇਖ ਵਿਚੋਂ)

ਲੋਕਪ੍ਰਿਯਤਾ ਨੂੰ ਵੇਖਦੇ ਹੋਏ ਹੀ ਸ਼ਾਇਦ ਕਵੀ ਜੀ ਨੇ ਇਸ ਭਾਸ਼ਾ ਨੂੰ ਰਚਨਾ ਲਈ ਚੁਣਿਆ ਜਿਸ ਵਿਚ ਪਹਿਲਾਂ ਵੀ ਬਹੁਤ ਸਾਰਾ ਸਿੱਖ ਸਾਹਿਤ ਸਿਰਜਿਆ ਜਾ ਚੁੱਕਿਆ ਸੀ।

ਇਸ ਸੰਬੰਧੀ ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਜੇਕਰ ਭਾਈ ਸੰਤੋਖ ਸਿੰਘ ਇਸ ਰਚਨਾ ਨੂੰ ਬ੍ਰਜ ਭਾਸ਼ਾ ਦੀ ਥਾਂ ਪੰਜਾਬੀ ਭਾਸ਼ਾ ਵਿਚ ਕਰਦੇ ਤਾਂ ਸਿੱਖ ਸਾਹਿਤ ਦੇ ਨਾਲ-ਨਾਲ ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਇਕ ਵਿਸ਼ੇਸ਼ ਸਥਾਨ ਹੋਣਾ ਸੀ ਕਿਉਂਕਿ ਬ੍ਰਜ ਭਾਸ਼ਾ ਵਿਚ ਹੋਣ ਕਾਰਨ ਇਸ ਨੂੰ ਪੰਜਾਬੀ ਭਾਸ਼ਾ ਵਾਲੀਆਂ ਰਚਨਾਵਾਂ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ। ਦੂਸਰੇ ਪਾਸੇ ਸਾਹਿਤਿਕ ਪੱਖ ਤੋਂ ਬ੍ਰਜ ਭਾਸ਼ਾ ਦੀ ਇਕ ਉਚ ਕੋਟੀ ਦੀ ਅਮੀਰ ਰਚਨਾ ਹੋਣ ਦੇ ਬਾਵਜੂਦ ਵੀ ਇਹ ਇਸ ਭਾਸ਼ਾ ਦੇ ਜਾਣਕਾਰਾਂ ਤੱਕ ਗੁਰਮੁਖੀ ਲਿਪੀ ਵਿਚ ਹੋਣ ਕਾਰਨ ਵੱਡੇ ਪੱਧਰ ’ਤੇ ਨਹੀਂ ਪਹੁੰਚ ਸਕਿਆ। ਭਾਸ਼ਾ ਅਤੇ ਲਿਪੀ ਵਾਲੇ ਪੱਖ ਤੋਂ ਇਹ ਗ੍ਰੰਥ ਦੀ ਤ੍ਰਾਸਦੀ ਵਾਲਾ ਪੱਖ ਰਿਹਾ ਹੈ।

**ਰਚਨਾ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਬਿਘਨਕਾਰੀ ਤੱਤ**

ਭਾਈ ਸੰਤੋਖ ਸਿੰਘ ਦੇ ਜੀਵਨ ਸਮਾਚਾਰਾਂ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਧਿਐਨ ਤੋਂ ਬਾਅਦ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਬੇਸ਼ੱਕ ਭਾਈ ਸੰਤੋਖ ਸਿੰਘ ਨੂੰ ਕੈਥਲ ਰਿਆਸਤ ਵਿਚ ਰਾਜ ਆਸਰਾ ਪ੍ਰਾਪਤ ਸੀ ਪ੍ਰੰਤੂ ਫਿਰ ਵੀ ਉਨ੍ਹਾਂ ਨੂੰ ਇਸ ਗ੍ਰੰਥ ਦੀ ਰਚਨਾ ਸਮੇਂ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਗ੍ਰੰਥ ਲਈ ਇਕੱਤਰ ਸਮੱਗਰੀ ਦੇ ਸੰਗ੍ਰਹਿ (ਲਿਖਤੀ ਅਤੇ ਮੌਖਿਕ) ਵਿਚੋਂ ਭਰੋਸੇਯੋਗ ਸਮੱਗਰੀ ਦੀ ਚੋਣ ਕਰਨੀ ਆਪਣੇ ਆਪ ਵਿਚ ਚੁਣੌਤੀ ਭਰਿਆ ਕਾਰਜ ਸੀ। ਕਈ ਵਾਰ ਅਜਿਹਾ ਵੀ ਵਾਪਰਦਾ ਸੀ ਕਿ ਸੰਬੰਧਿਤ ਪ੍ਰਸੰਗ ਦੀ ਸਮੱਗਰੀ ਦੇ ਅਭਾਵ ਕਾਰਨ ਗ੍ਰੰਥ ਰਚਨਾ ਵਿਚ ਖੜੋਤ ਆ ਜਾਂਦੀ ਸੀ ਜਿਸ ਕਾਰਨ ਕਵੀ ਜੀ ਦਾ ਮਨ ਉਦਾਸ ਹੋ ਜਾਂਦਾ ਸੀ। ਉਦਾਸੀ ਦੇ ਅਜਿਹੇ ਆਲਮ ਵਿਚ ਕਵੀ ਜੀ ਦੇ ਮਨ ਵਿੱਚੋਂ ਨਿਕਲਣ ਵਾਲੀਆਂ ਅਰਦਾਸਾਂ ਦਾ ਇਸ ਗ੍ਰੰਥ ਵਿਚ ਕਈ ਥਾਵਾਂ ਤੇ ਜ਼ਿਕਰ[29] ਮਿਲਦਾ ਹੈ।

---

[29] (ੳ) ਅਰਜ਼ ਗੁਜ਼ਾਰੋਂ ਜੋਰਤਿ ਹਾਥਾ। ਬੰਦੋਂ ਧਰ ਪਰ ਧਰਿ ਧਰਿ ਮਾਥਾ।

ਹੋਇ ਨਿਰਬਿਘਨ ਕਥਾ ਪੂਰੀ। ਛੰਦ ਬੰਦ ਮਾਧੁਰਤਾ ਪੂਰੀ। -ਜਿਲਦ ਗਿਆਰਵੀਂ, ਪੰਨਾ 4497

(ਅ) ਗੁਰ ਸਿਖ ਸਿੰਘ ਸਗਲ ਜਗ ਬਯਾਪਤ। ਕਰਿ ਇਸ਼ਨਾਨ ਗੁਰੂ ਨਿਤ ਜਾਪਤਿ।

ਤਿਨ ਸਭਿਹਿਨ ਕੇ ਚਰਨ ਮਨਾਊਂ। ‘ਪੂਰਨ ਹੋਇ ਗ੍ਰਿੰਥ’ ਵਰ ਪਾਊਂ॥ -ਉਹੀ

ਕੈਥਲ ਸ਼ਹਿਰ ਦਾ ਵੇਦਾਂਤਕ ਅਤੇ ਗੈਰ ਸਿੱਖੀ ਪ੍ਰਭਾਵ ਵੀ ਕਈ ਵਾਰ ਇਸ ਗ੍ਰੰਥ ਦੀ ਰਚਨਾ ਲਈ ਵਿਰੋਧੀ ਮਾਹੌਲ ਬਣਾ ਦਿੰਦਾ ਸੀ। ਭਾਈ ਸੰਤੋਖ ਸਿੰਘ ਨੇ ਅਜਿਹੇ ਮਾਹੌਲ ਵਿਚ ਇਸ ਗ੍ਰੰਥ ਲਈ ਰੁਕਾਵਟ ਦਾ ਕੰਮ ਕਰ ਰਹੇ ਚਾਰ ਪਸ਼ੂ ਬੁੱਧੀ ਵਾਲੇ ਵਿਘਨਕਾਰੀ ਤੱਤਾਂ ਬਾਰੇ ਸੰਕੇਤ ਕੀਤਾ ਹੈ ਜਿਨ੍ਹਾਂ ਨੂੰ ਕਵੀ ਜੀ ਨੇ ਝੋਟੇ, ਸੂਰ, ਗਧੇ ਅਤੇ ਕੁੱਤੇ ਕਹਿ ਕੇ ਸੰਬੋਧਨ ਕੀਤਾ ਹੈ-

ਮਹਿਖ, ਕੋਲ, ਖਰ, ਸ੍ਵਾਨ ਮਿਲ ਚਹੈਂ ਮਲਿਨ ਕਰਿ ਗੰਗ।
ਤਿਮ ਬਾਦੀ ਗੁਰ ਕਥਾ ਕੋ ਚਲੈ ਨ ਬਸਿ ਕੁਛ ਸੰਗ ॥[30]

ਨਿੰਦਕ ਮੂਰਖ ਮਤਸਰ ਧਾਰੀ । ਰਾਸ਼ਭ, ਮਹਿਖ, ਕੋਲ ਸਮ ਭਾਰੀ ॥

ਖੌਰੂ ਪਾਇ ਕੁਬਚ ਕੋ ਭਾਖੈ। ਦੂਖਤਿ ਕਰਨ ਗਾਂਦਲੀ ਕਾਂਖੈ।[31]

ਭਾਈ ਵੀਰ ਸਿੰਘ ਅਨੁਸਾਰ[32] ਕਵੀ ਜੀ ਕਈ ਵਾਰ ਇਸ ਮਾਹੌਲ ਅਤੇ ਅਜਿਹੇ ਵਿਘਨਕਾਰੀ ਤੱਤਾਂ ਤੋਂ ਤੰਗ ਹੋ ਕੇ ਕੈਥਲ ਤੋਂ ਚਲੇ ਜਾਂਦੇ ਪਰ ਭਾਈ ਉਦੈ ਸਿੰਘ ਉਨ੍ਹਾਂ ਨੂੰ ਹਰ ਵਾਰ ਮਨਾ ਕੇ ਵਾਪਸ ਲੈ ਆਉਂਦੇ। ਇਹ ਭਾਈ ਉਦੈ ਸਿੰਘ ਦਾ ਸਿੱਖੀ ਪਿਆਰ ਹੀ ਸੀ ਜੋ ਕਵੀ ਜੀ ਨੂੰ ਕੈਥਲ ਵਾਪਸ ਲੈ ਆਉਂਦਾ ਸੀ।

ਇਨ੍ਹਾਂ ਸਭ ਮੁਸ਼ਕਿਲਾਂ ਦੇ ਬਾਵਜੂਦ ਭਾਈ ਸੰਤੋਖ ਸਿੰਘ ਨੇ ਅਣਥੱਕ ਮਿਹਨਤ ਅਤੇ ਗੁਰੂ ਕਿਰਪਾ ਦੁਆਰਾ ਇਸ ਗ੍ਰੰਥ ਨੂੰ ਸੰਪੂਰਨ ਕੀਤਾ।

**ਕਵੀ ਜੀ ਦੁਆਰਾ ਗ੍ਰੰਥ ਦੀ ਸਮਾਪਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਟ ਕਰਨਾ:**

ਭਾਈ ਸੰਤੋਖ ਸਿੰਘ ਜੀ ਨੇ ਕਈ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ 1843 ਈ: ਦੇ ਸਾਵਣ ਮਹੀਨੇ ਵਿਚ ਇਸ ਗ੍ਰੰਥ ਦੀ ਸਮਾਪਤੀ ਕੀਤੀ। ਇਸ ਗ੍ਰੰਥ ਦੀ ਸਮਾਪਤੀ ਦਾ ਜ਼ਿਕਰ ਕਵੀ ਜੀ ਨੇ ਇਸ ਪ੍ਰਕਾਰ ਕੀਤਾ ਹੈ-

ਸਾਵਨ ਮਹਿਂ ਇਸ ਗ੍ਰੰਥ ਕੀ ਭਈ ਸਮਾਪਤਿ ਆਇ ॥

ਬਿਘਨ ਬ੍ਰਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ ॥[33]

---

30 ਜਿਲਦ ਤੇਰਵੀਂ, ਪੰਨਾ 5734

31 ਜਿਲਦ ਗਿਆਰਵੀਂ, ਪੰਨਾ 4485

32 ਪੋਥੀ ਪਹਿਲੀ, ਪੰਨਾ 148

33 ਜਿਲਦ ਚੌਦਵੀਂ, ਪੰਨੇ 6413-14

ਇਸ ਦੀ ਦੂਸਰੀ ਸਤਰ ਵਿਚ 'ਬਿਘਨ ਬ੍ਰਿੰਦ' ਰਾਹੀਂ ਕਵੀ ਜੀ ਨੇ ਕੈਥਲ ਦੀ ਭਿਆਨਕ ਲੁੱਟ ਤੋਂ ਗੁਰੂ ਕਿਰਪਾ ਨਾਲ ਆਪਣੇ ਸਹੀ ਸਲਾਮਤ ਬਚੇ ਰਹਿਣ ਦਾ ਇਸ਼ਾਰਾ ਕੀਤਾ ਹੈ। ਕੈਥਲ ਦੀ ਇਹ ਲੁੱਟ, ਕੈਥਲਪਤਿ ਭਾਈ ਉਦੈ ਸਿੰਘ ਦੇ 14 ਮਾਰਚ, 1843 ਨੂੰ ਬੇਔਲਾਦ ਚੜ੍ਹਾਈ ਕਰ ਜਾਣ ਤੋਂ ਬਾਅਦ ਹੋਈ, ਜਦੋਂ ਅੰਗਰੇਜ਼ ਇਸ ਰਿਆਸਤ ਨੂੰ ਜ਼ਬਤ ਕਰਨ ਲੱਗੇ ਸਨ। ਲਾਰਡ ਹੈਨਰੀ ਲਾਰੰਸ ਦਾ ਜੀਵਨ ਲਿਖਣ ਵਾਲੇ ਬਾਸਵਰਥ ਸਮਿੱਥ ਅਤੇ ਸਰ ਹਰਬਰਟ ਐਡਬਰਡਜ਼ ਅਨੁਸਾਰ[34] ਕੈਥਲ ਰਿਆਸਤ ਦੇ ਕੁੱਝ ਰੀਟੇਨਰਾਂ (ਨੌਕਰਾਂ) ਅਤੇ ਮੁਲਾਜ਼ਮਾਂ ਨੇ ਰਿਆਸਤ ਦੇ ਸਿਪਾਹੀਆਂ ਨੂੰ ਕਬਜਾ ਲੈਣ ਆਈ ਅੰਗਰੇਜ਼ੀ ਫੌਜ ਨੂੰ ਰੋਕਣ ਲਈ ਉਕਸਾਇਆ ਜਿਸ ਉਪਰੰਤ ਅੰਗਰੇਜ਼ੀ ਫੌਜ ਨੂੰ ਪਿਛੇ ਹਟਾਏ ਜਾਣ ਤੋਂ ਬਾਅਦ ਕੈਥਲ ਰਿਆਸਤ ਦੀ ਲੁੱਟ ਸ਼ੁਰੂ ਹੋ ਗਈ। ਇਸ ਸਮੇਂ ਕਵੀ ਜੀ ਦਾ ਗ੍ਰੰਥ ਅਜੇ ਸੰਪੂਰਨ ਨਹੀਂ ਹੋਇਆ ਸੀ। ਇਸ ਭਿਆਨਕ ਸਮੇਂ ਨੂੰ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਵੀ ਕਲਮਬੱਧ ਕੀਤਾ ਹੈ-

ਸੂਨ ਸੂਨ ਗ੍ਰੈਹ ਆਤਮਾ ਸੰਮਤ ਆਦਿ ਪਛਾਨ। ਮਧੂ ਮਾਸ ਸ਼ੱਤ੍ਰੂਨ ਕਰਿ ਭਾ ਉਤਪਾਤ ਮਹਾਨ ॥

ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰਿ ਬਟਪਾਰ।

ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕਬਾਰ ॥

ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨ। ਸੰਤਨ ਕੇ ਅਸਥਾਨ ਬੀ ਲੂਟਿ ਕੂਟਿ ਭੈ ਦੀਨ ॥

ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ।

ਭਯੋ ਨਾ ਬੰਕੋ ਬਾਰ ਭੀ ਦੈ ਦੈ ਹਾਥਿ ਬਚਾਇ॥[35]

ਇਸ ਘਟਨਾ ਤੋਂ 4-5 ਮਹੀਨਿਆਂ ਬਾਅਦ ਸਾਵਣ ਵਿਚ ਇਸ ਗ੍ਰੰਥ ਦੀ ਸਮਾਪਤੀ ਹੋਈ। ਗ੍ਰੰਥ ਦੀ ਸਮਾਪਤੀ ਤੋਂ ਬਾਅਦ ਕਵੀ ਜੀ ਨੇ ਆਪਣੇ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ ਅਤੇ ਇਹ ਗ੍ਰੰਥ ਸ੍ਰੀ ਅਕਾਲ ਤਖ਼ਤ ਸਾਹਿਬ ਭੇਂਟ ਕਰਕੇ ਪੰਥ ਨੂੰ ਸਮਰਪਿਤ ਕੀਤਾ। ਪ੍ਰਸਤਾਵਨਾ ਵਾਲੀ

[34] ਜਿਲਦ ਚੌਦਵੀਂ, ਪੰਨਾ 6413

[35] ਉਹੀ, ਪੰਨੇ 6411-12

ਪੋਥੀ ਅਨੁਸਾਰ[36] ਕਵੀ ਜੀ ਨੇ ਇਹ ਗ੍ਰੰਥ ਆਪਣੇ ਵਿੱਦਿਆ ਦਾਤੇ ਗਿਆਨੀ ਸੰਤ ਸਿੰਘ ਦੇ ਸਪੁੱਤਰ ਗਿਆਨੀ ਗੁਰਮੁਖ ਸਿੰਘ ਰਾਹੀਂ ਅਕਾਲ ਤਖ਼ਤ ਸਾਹਿਬ ਭੇਟਾ ਕੀਤਾ ਜਿਸ ਲਈ ਆਪ ਜੀ ਨੂੰ ਅਕਾਲ ਤਖਤ ਸਾਹਿਬ ਵੱਲੋਂ ਸਨਮਾਨ ਵੀ ਪ੍ਰਾਪਤ ਹੋਇਆ ਪਰੰਤੂ ਡਾ. ਰੁਪਿੰਦਰ ਕੌਰ ਕਾਹਲੋਂ ਨੇ ਇਹ ਵਿਚਾਰ[37] ਪੇਸ਼ ਕੀਤਾ ਹੈ ਕਿ ਕਵੀ ਜੀ ਨੇ ਇਹ ਗ੍ਰੰਥ ਗਿਆਨੀ ਗੁਰਮੁਖ ਸਿੰਘ ਨੂੰ ਨਹੀਂ ਸਗੋਂ ਗਿਆਨੀ ਗੁਰਮੁਖ ਸਿੰਘ ਦੇ ਸਪੁੱਤਰ ਗਿਆਨੀ ਪ੍ਰਦੂਮਨ ਸਿੰਘ ਨੂੰ ਭੇਟ ਕੀਤਾ ਕਿਉਂਕਿ ਰਿਪੋਰਟ ਸ੍ਰੀ ਦਰਬਾਰ ਸਾਹਿਬ ਅਨੁਸਾਰ ਗਿਆਨੀ ਗੁਰਮੁਖ ਸਿੰਘ 1841 ਈ. ਵਿਚ ਚਲਾਣਾ ਕਰ ਚੁੱਕੇ ਸਨ। ਉਪਰੋਕਤ ਵਿਚਾਰ ਦੀ ਰੌਸ਼ਨੀ ਵਿਚ ਜੇਕਰ ਗਿਆਨੀ ਗੁਰਮੁੱਖ ਸਿੰਘ ਦੇ ਚਲਾਣੇ ਦਾ ਸੰਨ 1841 ਈ. ਹੈ ਤਾਂ ਗਿਆਨੀ ਗੁਰਮੁਖ ਸਿੰਘ ਵਾਲੀ ਰਵਾਇਤ ਠੀਕ ਨਹੀਂ ਜਾਪਦੀ ਹੈ ਕਿਉਂਕਿ ਗ੍ਰੰਥ ਭੇਟਾ ਕਰਨ ਦਾ ਸੰਨ 1843 ਈ. ਹੈ। ਕਵੀ ਜੀ ਦੀ ਆਪਣੀ ਗਵਾਹੀ[38] ਅਨੁਸਾਰ ਇਹ ਗ੍ਰੰਥ 1843 ਈ. ਦੇ ਸਾਵਣ ਵਿਚ ਸੰਪੂਰਨ ਹੋਇਆ। ਇਸ ਅਨੁਸਾਰ ਗ੍ਰੰਥ ਭੇਟਾ ਕਰਨ ਦਾ ਸਮਾਂ 1843 ਈ. ਦਾ ਸਾਵਣ ਜਾਂ ਅੱਸੂ ਦਾ ਮਹੀਨਾ ਮੰਨ ਲੈਣਾ ਉਚਿਤ ਹੋਵੇਗਾ। ਇਸ ਤੋਂ ਦੋ ਕੁ ਮਹੀਨਿਆਂ ਬਾਅਦ ਹੀ ਕਵੀ ਜੀ 1843 ਈ: ਦੇ ਕੱਤਕ ਮਹੀਨੇ ਦੀ ਏਕਾਦਸੀ ਨੂੰ ਅਕਾਲ ਚਲਾਣਾ ਕਰ ਗਏ।

### ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ: ਵਿਭਿੰਨ ਪਰਿਪੇਖ

ਮੂਲ ਰੂਪ ਵਿਚ ਭਾਵੇਂ ਇਹ ਗ੍ਰੰਥ ਗੁਰੂ ਉਪਮਾ ਰੂਪ ਗੁਰ ਇਤਿਹਾਸ ਨਾਲ ਸੰਬੰਧਿਤ ਹੈ ਪ੍ਰੰਤੂ ਇਸ ਦੇ ਅਧਿਐਨ ਤੋਂ ਇਸ ਗ੍ਰੰਥ ਦੇ ਬਹੁਤ ਸਾਰੇ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਪੱਖਾਂ ਵਿਚੋਂ ਜਿੱਥੇ ਇਸ ਗ੍ਰੰਥ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਅਤੇ ਭਾਈ ਸੰਤੋਖ ਸਿੰਘ ਦੀ ਬਹੁਪੱਖੀ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ ਉੱਥੇ ਇਹ ਆਪਣੇ ਵਿਸ਼ਿਆਂ ਅਨੁਸਾਰ ਮੌਜੂਦਾ ਸਮੇਂ ਵਿਚ ਵੀ ਪ੍ਰਸੰਗਿਕ ਹਨ। ਇਸ ਗ੍ਰੰਥ ਵਿਚੋਂ ਉਭਰ ਕੇ ਸਾਹਮਣੇ ਆਉਣ ਵਾਲੇ ਇਨ੍ਹਾਂ ਵਿਸ਼ਿਆਂ ਵਿਚੋਂ ਹਰੇਕ ਵਿਸ਼ੇ ਉੱਪਰ ਇਕ ਸਮੁੱਚਾ ਖੋਜ ਪ੍ਰਬੰਧ ਸਿਰਜਿਆ ਜਾ ਸਕਦਾ ਹੈ। ਵਿਸ਼ੇ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਕੁੱਝ ਪ੍ਰਮੁੱਖ ਗਿਣਵੇਂ-ਚੁਣਵੇਂ ਪੱਖਾਂ ਦਾ ਸੰਖੇਪ

---

[36] ਪੋਥੀ ਪਹਿਲੀ, ਪੰਨਾ 159

[37] ਕਾਹਲੋਂ, ਰੂਪਿੰਦਰ ਕੌਰ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ*, ਪੰਨਾ 17

[38] ਸਾਵਨ ਮਹਿਂ ਇਸ ਗ੍ਰੰਥ ਕੀ ਭਈ ਸਮਾਪਤਿ ਆਇ॥ ਬਿਘਨ ਬ੍ਰਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ॥

– ਪੋਥੀ ਚੌਦਵੀਂ, ਪੰਨੇ 6413-14

ਵੇਰਵਾ ਇੱਥੇ ਪ੍ਰਦਾਨ ਕੀਤਾ ਜਾ ਰਿਹਾ ਹੈ-

## 1. ਸਿੱਖੀ ਰਹਿਤ-ਬਹਿਤ

ਇਸ ਗ੍ਰੰਥ ਵਿਚ ਆਏ ਸਿੱਖ ਰਹਿਤ ਨਾਲ ਸੰਬੰਧਿਤ ਹਵਾਲਿਆਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਈ ਸੰਤੋਖ ਸਿੰਘ ਨੇ ਇਨ੍ਹਾਂ ਸੰਬੰਧੀ ਸਮੱਗਰੀ ਰਹਿਤਨਾਮਾ ਭਾਈ ਨੰਦ ਲਾਲ ਜੀ, ਰਹਿਤਨਾਮਾ ਭਾਈ ਚੌਪਾ ਸਿੰਘ, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਰਹਿਤਨਾਮਾ ਭਾਈ ਦੇਸਾ ਸਿੰਘ ਆਦਿ ਪੁਰਾਤਨ ਰਹਿਤਨਾਮਿਆਂ ਤੋਂ ਲਈ ਹੈ। ਇਨ੍ਹਾਂ ਪੁਰਾਤਨ ਰਹਿਤਨਾਮਿਆਂ ਵਾਂਗ ਭਾਈ ਸੰਤੋਖ ਸਿੰਘ ਦੇ ਇਸ ਰਹਿਤਨਾਮੇ ਵਿਚ ਵੀ ਕੁੱਝ ਗੱਲਾਂ ਅਜਿਹੀਆਂ ਹੋ ਸਕਦੀਆਂ ਹਨ ਜੋ ਸਾਨੂੰ ਗੁਰਮਤਿ ਦੇ ਅਨੁਕੂਲ ਨਾ ਜਾਪਣ। ਇਨ੍ਹਾਂ ਗੱਲਾਂ ਨੂੰ ਕੇਵਲ ਗੁਰਬਾਣੀ ਦੀ ਕਸਵਟੀ ਨਾਲ ਹੀ ਪਰਖਿਆ ਜਾ ਸਕਦਾ ਹੈ, ਨਿੱਜੀ ਵਿਚਾਰਾਂ ਨਾਲ ਨਹੀਂ। ਸਿੱਖੀ ਰਹਿਤ ਦਾ ਆਧਾਰ ਕੇਵਲ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਹੀ ਹੈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਾਂ ਕਿਸੇ ਹੋਰ ਸ੍ਰੋਤ ਗ੍ਰੰਥ ਦੇ ਹਵਾਲੇ ਨਹੀਂ। ਇਹ ਹਵਾਲੇ ਗੁਰਮਤਿ ਦੀ ਕਸਵਟੀ 'ਤੇ ਪੂਰਾ ਉਤਰਨ ਦੀ ਹਾਲਤ ਵਿਚ ਹੀ ਪ੍ਰਵਾਨਿਤ ਮੰਨੇ ਜਾ ਸਕਦੇ ਹਨ। ਇਥੇ ਇਸ ਗ੍ਰੰਥ ਵਿਚ ਆਉਣ ਵਾਲੇ ਸੰਬੰਧਿਤ ਪੱਖ ਨੂੰ ਸਾਹਮਣੇ ਲਿਆਉਣ ਦੇ ਉਦੇਸ਼ ਨਾਲ ਵੱਖ-ਵੱਖ ਵਿਸ਼ਿਆਂ ਅਨੁਸਾਰ ਕੁੱਝ ਹਵਾਲੇ ਪੇਸ਼ ਕੀਤੇ ਜਾ ਰਹੇ ਹਨ-

### 1.1 ਨਿਤਾਪ੍ਰਤੀ ਜੀਵਨ ਅਤੇ ਕਾਰ ਵਿਹਾਰ ਸੰਬੰਧੀ

- ਪਠਿ ਜਪ ਜਾਪੁ ਨਾਮੁ ਗੁਰ ਲੇਇ। 'ਤਵਪ੍ਰਸਾਦਿ ਕਹਿ ਕਰਿ ਅਚਵੇਇ ।[39]
- ਕਰਹਿ ਦੰਤਧਾਵਨ ਜਲ ਸਾਥਾ। ਪਠਿ ਗੁਰਬਾਣੀ ਟੇਕਹਿ ਮਾਥਾ।[40]
- ਸਿਮਰਨਿ ਸਤਿਨਾਮ ਕੋ ਧਰੈ। ਸੁਪਤਨ ਸਮੈ ਸੋਹਿਲਾ ਕਰੈ।.....

  ਗੁਰ ਕੀ ਪਾਹੁਲ ਸਿੱਖ ਲੇ ਰਹਿਤ ਕਮਾਵੈ ਗ੍ਰੰਥ। ਜਿਸ ਬੇੜੇ ਚੜ੍ਹਿ ਸੇਵਿ ਸੋ ਭਰਮੈ ਅਪਰ ਨ ਪੰਥ ॥

  ...ਗੁਰੂ ਮੰਤ੍ਰ ਕੋ ਨਿਸਦਿਨ ਰਰੈ।ਨਿਤ ਉਠਿ ਘਰ ਕੇ ਕਾਰਜ ਕਰੈ॥ ੨੧ ॥[41]

---

[39] ਜਿਲਦ ਬਾਹਰਵੀਂ, ਪੰਨਾ 5187

[40] ਉਹੀ, ਪੰਨਾ 5199

[41] ਉਹੀ, ਪੰਨਾ 5188

- ਨਹਿੰ ਸੁਪਤਹਿ ਸਿਖ ਸੰਝ ਸਵੇਰੇ। ਅਸੁੱਚ ਜੂਠ ਕੇ ਜਾਇ ਨ ਨੇਰੇ।

  ਰਖਹਿ ਨ ਕੇਸ ਖੁਲੇ ਕਰਿ ਜੂੜਾ। ਦੇ ਦਸਵੰਧ ਗੁਰੂ ਕੋ ਰੂੜਾ॥ ੩੨ ॥[42]

- ਮਲ ਕੌ ਤਜਹਿ ਸੌਚ ਪੁਨ ਧਾਰਹਿ। ਲੇ ਮ੍ਰਿਤਕਾ ਕਰ ਚਰਨ ਪਖਾਰਹਿ।

  ਜਲ ਕੋ ਲੇਹੁ ਮੂਤ੍ਰ ਕੇ ਪਾਛੇ। ਜਾਮ ਜਾਮਨੀ ਮੱਜਹਿ ਆਛੇ॥ ੧੩ ॥

  ਸੀਤਲ ਜਲ ਕੋ ਅੰਗੀਕਾਰੈ। ਜੇ ਨਹਿੰ ਸ਼ਕਤਿ ਤਪਤ ਘਰ ਬਾਰੈ।

  ਬਿਨ ਇਸ਼ਨਾਨ ਨ ਦਿਵਸੁ ਬਿਤਾਵੈ। ਬਿਨ ਇਸ਼ਨਾਨ ਨ ਭੋਜਨ ਖਾਵੈ॥ ੧੪ ॥

  ਮਹਾਂ ਦੋਸ਼ ਬਿਨ ਮੱਜਨ ਖਾਇ। ਸੁਚ ਕੋ ਰਾਖੈ ਸਦਾ ਬਨਾਇ।

  ਪ੍ਰਜਾ ਸਕਲ ਚਹੁੰ ਬਰਨਨਿ ਸਹਿਤ। ਇਨ ਤੇ ਰਾਖੈ ਨਯਾਰੀ ਰਹਿਤ॥ ੧੫ ॥

  ਸਭ ਕੈ ਸੰਗਿ ਰਖੈ ਬਿਵਹਾਰੈ। ਨਿਸ਼ਚਾ ਨੇਮ ਇਨਹੁੰ ਤੇ ਨਯਾਰੈ।

  ਜਗਤ ਜੂਠ ਤੇ ਰਹੀਐ ਦੂਰ। ਪਹਿਰੈ ਨਹੀਂ ਕਸੁੰਭਾ ਰੂਰ॥ ੧੬॥

  ਦਿਨ ਮਹਿੰ ਸੁਰਮਾ ਨੈਨ ਨਾ ਪਾਵੈ। ਕਛ ਬਿਨ ਨਗਨ ਨਹੀ ਸੁਪਤਾਵੈ।

  ਕਛ ਬਿਹੀਨ ਚਿਰਕਾਲ ਨ ਰਹੈ। ਇਕ ਤਜਿ ਦੁਤੀ ਤੁਰਤ ਹੀ ਗਹੈ॥ ੧੭ ॥[43]

- ਸਿੱਖ ਹੋਇ ਕਿਸ ਕਰਜ ਨ ਲੇਵੈ। ਜੇ ਕਰਿ ਲੇਯ ਭਾਵ ਕਰ ਦੇਵੈ।

  ਸੁਨੇ ਨ ਝੂਠ, ਨ ਮੁਖ ਤੇ ਕਹੈ। ਸੰਗ ਝੂਠ ਕੇ ਪ੍ਰੀਤਿ ਨ ਗਹੈ ॥ ੩ ॥

  ਸਤਿਸੰਗੀ ਹਇ ਸਾਚ ਕਮਾਵੈ। ਸੰਗਿ ਸਾਚ ਕੇ ਪ੍ਰੀਤਿ ਵਧਾਵੈ।

  ਸਚ ਉਰ ਧਰਹਿ ਮ੍ਰਿਜਾਦਾ ਸਾਚੀ। ਛਲ ਵਿਨ ਹੋਵੈ ਸਾਚ ਉਬਾਚੀ ॥ ੪ ॥[44]

- ਸਿਖ ਕੋ ਆਧਾ ਨਾਮ ਨ ਲੇਯ। ਲੇਯ ਜੁ ਜਮ ਕੇ ਵਸ ਹੁਇ ਤੇਯ।[45]

- ਭੇਖਨ ਕੀ ਬਾਣੀ ਕੋ ਤਜੈ। ਖਾਇ ਨ ਅਸਨ ਸੀਤਲਾ ਜਜੈ।

---

[42] ਜਿਲਦ ਬਾਹਰਵੀਂ, ਪੰਨਾ 5199

[43] ਉਹੀ, ਪੰਨੇ 5197-98

[44] ਉਹੀ, ਪੰਨਾ 5199

[45] ਉਹੀ, ਪੰਨਾ 5199

...ਬੰਚਕ ਬਿਪਰ ਦਰਬ ਮੁਸ ਲੇਯ। ਭੇਖੀ ਸਿੱਖ ਭੁਲਾਵੈ ਜੇਯ।

ਖੰਡਨ ਨਾਰੀ ਸੰਤਤਿ ਹੀਨ। ਦੇ ਬਿਸਵਾਸ ਘਾਤ ਜਿਨ ਕੀਨਿ॥ ੨੭ ॥

ਇਨ ਕੋ ਤਯਾਗਿਤ ਬਿਲਮ ਨ ਲਾਵੈ। ਤਜਹਿ ਕੁਸੰਗੀ ਸੰਗ ਜਿ ਪਾਵੈ।[46]

## 1.2 ਖਾਣ-ਪੀਣ ਸੰਬੰਧੀ

- ਸਿੱਖ ਹੋਇ ਕਿਸ ਜੂਠ ਨ ਖਾਵੈ। ਸਿੱਖ ਹੋਇ ਧੰਨ ਪ੍ਰੇਮ ਨ ਲਾਵੈ॥ ੯ ॥

  ...ਸਿੱਖ ਪ੍ਰਸਾਦਿ ਬਾਂਟ ਕਰਿ ਖਾਇ। ਨੰਗੇ ਕੇਸ ਨ ਕਰਿ ਚਿਰ ਲਾਇ॥ ੧੦ ॥

  ...ਕੁਠਿਆ ਮਾਸ ਨ ਖਾਈਏ ਪਾਲਿਓ ਖਾਇ ਨ ਸੂਰ॥ ੧੨ ॥

  ...ਬਿਨ ਇਸ਼ਨਾਨ ਨ ਦਿਵਸੁ ਬਿਤਾਵੈ।ਬਿਨ ਇਸ਼ਨਾਨ ਨ ਭੋਜਨ ਖਾਵੈ॥ ੧੪ ॥

  ਮਹਾਂ ਦੋਸ਼ ਬਿਨ ਮੱਜਨ ਖਾਇ।ਸੁਚ ਕੋ ਰਾਖੈ ਸਦਾ ਬਨਾਇ ।[47]

- ਉਠੈ ਨ ਛੋਡਹਿ ਥਿਰ ਜਿਸੁ ਥਾਇ।ਜੇ ਤਜਿ ਉਠਹਿ ਬਹੁਰ ਨਹਿੰ ਖਾਇ॥ ੨੪ ॥

  ...ਚਾਰਹੁੰ ਬਰਨ ਬਨਹਿ ਗੁਰ ਭਾਈ।ਸਾਦਰ ਭੋਜਨ ਖਾਇ ਖਵਾਈ॥ ੨੫ ॥[48]

- ਮੋਨੇ ਕਰ ਅਹਾਰ ਨਹਿੰ ਖਾਨਾ।ਸਿਲਾ ਨ ਪੂਜਹਿ ਪਾਨ ਨ ਪਾਨਾ।[49]

## 1.3 ਵਿਆਹ ਸੰਬੰਧੀ

- ਬਿਨਾ ਬਯਾਹ ਬਿਨ ਪਠੇ ਅਨੰਦ। ਪਰ ਤ੍ਰਿਯ ਰਮਹਿ ਨ ਹੇਤੁ ਅਨੰਦ॥ ੩੧ ॥

  ...ਨਾਨਕ ਦਾਦਕ ਤਜਿ ਦੁਇ ਗੋਤ। ਸਾਕ ਗੁਰੂ ਸਿੱਖਨਿ ਸੰਗ ਹੋਤਿ।[50]

- ਅਸਨ ਅਚਹਿ ਗੁਰ ਸਿੱਖ ਕੋ ਕੰਨਯਾ ਦੇ ਸਿਖ ਸੋਧਿ।[51]

---

[46] ਜਿਲਦ ਬਾਹਰਵੀਂ, ਪੰਨਾ 5199

[47] ਉਹੀ, ਪੰਨਾ 5197

[48] ਉਹੀ, ਪੰਨਾ 5202

[49] ਉਹੀ, ਪੰਨਾ 5201

[50] ਉਹੀ, ਪੰਨਾ 5199

[51] ਉਹੀ, ਪੰਨਾ 5198

### 1.4 ਕੜਾਹਿ-ਪ੍ਰਸਾਦਿ ਸੰਬੰਧੀ

- ਪਾਵਨ ਤਨ ਪਾਵਨ ਕਰਿ ਥਾਨ। ਘ੍ਰਿਤ ਮੈਦਾ ਲੇ ਖੰਡ ਸਮਾਨ॥ ੨੮ ॥

  ਕਰਹਿ ਕੜਾਹ ਜਪੁ ਪਾਠ ਸੁ ਠਾਨੈ। ਗੁਰਪ੍ਰਸਾਦਿ ਅਰਦਾਸ ਬਖਾਨੈ।

  ਹਾਥ ਜੋਰਿ ਠਾਂਢੋ ਹੁਇ ਕਰੈ। ਕੱਛ ਅਰੁ ਪਾਗ ਸ਼ਸਤ੍ਰ ਤਨ ਧਰੈ॥ ੨੯ ॥[52]

- ਧਨ ਪੂਜਾ ਪਰ ਨਹਿੰ ਲਲਚਾਇ। ਨਿਤ ਕੜਾਹ ਰੰਚਕ ਲਗਿ ਖਾਇ।

  ਸੀਤਪ੍ਰਸਾਦਿ ਗੁਰਨਿ ਕੋ ਲੇਇ। ਜੋ ਅਰਦਾਸੀ ਬੰਟਤਿ ਦੇਇ॥ ੨੨ ॥

ਜੋ ਪ੍ਰਸਾਦਿ ਕੋ ਬੰਟਨ ਕਰੈ। ਸਭਿ ਕੋ ਸਮ ਹੀ ਦੇ ਹਿਤ ਧਰੈ।

ਕਰੈ ਈਰਖਾ ਲੋਭ ਵਧਾਵੈ। ਸੋ ਪ੍ਰਸਾਦਿ ਤਨ ਰੋਗ ਉਠਾਵੈ॥ ੨੩ ॥[53]

### 1.5 ਮ੍ਰਿਤਕ ਸੰਸਕਾਰ ਸੰਬੰਧੀ

- ਮਰੇ ਸਿਖ ਤੇ ਕਰੇ ਕੜਾਹ। ਤਿਸ ਕੁਟੰਬ ਰਦਨਹਿ ਬਹੁ ਨਾਂਹ।

  ਤਜਹਿ ਸ਼ੋਕ ਸਭਿ ਅਨਦ ਬਢਾਇ। ਨਹਿੰ ਪੀਟਹਿੰ ਤ੍ਰਿਯਾ ਮਿਲਿ ਸਮੁਦਾਇ।

  ਪਢਹਿੰ ਸ਼ਬਦ ਕਿਰਤਨ ਕੋ ਕਰੈਂ। ਸੁਨਹਿੰ ਬੈਠ ਬੈਰਾਗ ਸੁ ਧਰੈਂ॥ ੩੫॥[54]

### 1.6 ਕੇਸਾਂ ਦੇ ਸਤਿਕਾਰ ਕਰਨ ਸੰਬੰਧੀ

ਕ੍ਰਿਆ ਸਮੇਤ ਸਿੱਖ ਕੋ ਸਾਰੈ। ਕੇਸ ਛਾਪ ਗੁਰ ਸਿਰ ਨ ਉਤਾਰੈ।

ਪਾਹੁਲੀਆ ਸਿਖ ਰਖੈ ਅਦਾਬਿ। ਰਖਹਿ ਬੇਮੁਖ ਹਵੈ ਸੁ ਖਰਾਬ॥ ੩੭ ॥

...ਛਾਪ ਗੁਰੂ ਕੀ ਗੁਰ ਸਮ ਜਾਨੈ। ਗੁਰ ਸਮ ਅਦਬ ਕੇਸ ਕੋ ਠਾਨੈ॥ ੩੮॥

ਜੋ ਉਤਰਾਹਿ ਤਾਂਹਿ ਤਹਿ ਦੇਨਾ । ਸਾਕ ਤਜਹਿ ਕਰ ਪਾਨ ਨ ਲੇਨਾ।

ਖਾਨ ਪਾਨ ਕੋ ਦੇਵੈ ਤਾਂਹਿ। ਪਾਪ ਭਾਗ ਸੋ ਭੀ ਕੁਛ ਪਾਹਿ॥ ੩੯॥[55]

---

[52] ਜਿਲਦ ਬਾਹਰਵੀਂ, ਪੰਨਾ 5199

[53] ਉਹੀ, ਪੰਨਾ 5198

[54] ਉਹੀ, ਪੰਨਾ 5200

[55] ਉਹੀ, ਪੰਨਾ 5200

## 2. ਗੁਰਬਾਣੀ / ਗੁਰੂ ਗ੍ਰੰਥ ਸਾਹਿਬ ਦੀ ਮਹਿਮਾ

- ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ, ਮਹਾਂ ਸੇਤ ਰੰਗਨੀ ਮਹਾਨ ਮਨ ਮਾਨੀ ਹੈ।

  ਕਿਧੌਂ ਯਹਿ ਹੰਸਨੀ ਸੀ ਮਾਨਸ ਵਿਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।

  ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।

  ਪ੍ਰੇਮ ਪਟਰਾਨੀ ਸਯਾਨੀ, ਗਯਾਨ ਕੀ ਜਨਨਿ ਜਾਨੀ,

  ਗੁਨੀ ਭਨੀ ਬਾਨੀ, ਤਾਂ ਕੀ ਗੁਰੂ ਗੁਰਬਾਨੀ ਹੈ ॥੧॥[56]

- ਜਿਸ ਮਹਿਂ ਅੰਮ੍ਰਿਤੁ ਗਯਾਨ ਹੈ ਮਾਣਿਕ ਭਗਤਿ ਬੈਰਾਗ।

  ਗੁਰੂ ਗ੍ਰੰਥ ਸਾਹਿਬ ਉਦਧਿ ਬੰਦੌਂ ਕਰਿ ਅਨੁਰਾਗ॥੧॥[57]

- ਬ੍ਰਹਮਗਯਾਨ ਹਰਿ ਭਗਤ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ।

  ਸੰਗਤਿ ਅਪਨੀ ਸਗਲ ਉਧਾਰਨ। 'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ ॥ ੩੦ ॥

  ਜਿਸ ਮਹਿਂ ਜ਼ਾਹਰ ਜਾਗਤਿ ਜੋਤਿ। ਸਿੱਖਯਨ ਅਭਿਮਤਿ ਪੂਰਨ ਹੋਤਿ।

  ਭੁਗਤਿ ਮੁਕਤਿ ਦਾਇਕ ਜਗਨਾਥਾ। ਨਮੋਂ ਕਰੋਂ ਧਰ ਪਰ ਧਰਿ ਮਾਥਾ॥ ੩੧ ॥

  ਲਾਖਹੁਂ ਲਿਖੇ ਧਰਾਤਲ ਸਾਰੇ। ਪਠਹਿਂ ਸੁਨਹਿਂ ਸਿਖ ਵਾਰ ਨਾ ਪਾਰੇ।

  ਸਕਲ ਕਾਮਨਾ ਲਹੀਅਤਿ ਜਿਸਤੇ। ਅੰਤ ਸਮੈਂ ਕੈਵਲ ਹੁਇ ਤਿਸ ਤੇ॥ **੩੨** ॥[58]

## 3. ਗੁਰੂ ਸਾਹਿਬਾਨ ਦੇ ਗੁਰਤਾ ਕ੍ਰਮ ਅਨੁਸਾਰ ਸੰਮਤਵਾਰ ਜੀਵਨ ਵੇਰਵੇ

### 3.1 ਗੁਰੂ ਨਾਨਕ ਦੇਵ ਜੀ

ਦੋਹਰਾ: ਪੰਦ੍ਰਹਿ ਸਤ ਖਟ ਬੀਸ ਮੈਂ, ਜਨਮ ਗੁਰੂ ਮਹਾਰਾਜ।

ਸਤ੍ਰਹ ਸੰਮਤਿ ਛਿਤਿ ਰਹੇ, ਅਨਿਕ ਗਰੀਬ ਨਿਵਾਜ ॥ ੧॥

---

56 ਜਿਲਦ ਦੂਜੀ, ਪੰਨਾ 236

57 ਜਿਲਦ ਤੀਜੀ, ਪੰਨਾ 632

58 ਜਿਲਦ ਗਿਆਰਵੀਂ, ਪੰਨਾ 4489

...ਪੰਦ੍ਰਹ ਸਤ ਛਿਆਨਵੇਂ ਮਾਂਹੂ। ਮਾਸ ਅਸੌਜ ਸਰਦ ਰੁਤਿ ਤਾਂਹੂ ॥ ੩ ॥

ਕ੍ਰਿਸ਼ਨਾ ਦਸਮੀ ਪਿਤਰਨ ਦਿਨ ਕੀ। ਪ੍ਰਭੂ ਬਿਕੁੰਠ ਗਏ ਸਹਿ ਤਨ ਕੀ।

...ਤਿਸ ਗਾਦੀ ਗੁਰ ਅੰਗਦ ਬੈਸੇ। ਪੋਸ਼ਸ਼ ਅਪਰ ਪਹਿਰ ਨ੍ਰਿਪ ਜੈਸੇ ॥ ੫ ॥[59]

### 3.2 ਗੁਰੂ ਅੰਗਦ ਦੇਵ ਜੀ

ਤੇਹਣ ਕੁਲ ਮਹਿਂ ਫੇਰੂ ਨਾਮ। ਪੁੰਨਾਤਮ ਸੁਸ਼ੀਲ ਸੁਚ ਧਾਮ।

ਸਾਧੀ ਦਯਾ ਕੌਰ ਬਰ ਦਾਰਾ। ਜਿਨ ਕੇ ਸੁਕ੍ਰਿਤ ਕੋ ਨਹਿਂ ਪਾਰਾ ॥ ੬॥

...ਪੰਦ੍ਰਹਿ ਸਤ ਸਤਾਹਠਾ ਸੰਮਤ। ਫੇਰੂ ਸੁਤ ਜਨਮੇ ਗੁਰੁ ਸੰਮਤ ॥ ੮॥

...ਖੀਵੀ ਸਤੀ ਭਾਰਜਾ ਹੋਈ। ਭਏ ਆਤਮਜ ਤਿਸ ਤੇ ਦੋਈ ॥ ੧੧॥

ਨਾਮ ਦਾਸੁ, ਅਰੁ ਦਾਤਾ ਦੂਵਾ। ਜਿਨ ਕੇ ਰਿਦੈ ਗਿਯਾਨ ਦਿਢ ਹੂਵਾ।

ਦਾਦਸ਼ ਬਰਖ ਟਿਕੇ ਗੁਰ ਗਾਦੀ। ਖਸ਼ਟ ਮਾਸ ਨੌ ਦਿਨ ਅਹਿਲਾਦੀ ॥ ੧੨ ॥

ਸੋਲਿਹਿ ਸਤ ਨੈ ਸੰਮਤ ਔਰ। ਚੌਥ ਚੇਤ ਸੁਦਿ ਨਰ ਸਿਰਮੌਰ।

ਤਨ ਕਉ ਤਜਿ ਬੈਕੁੰਠ ਸਿਧਾਰੇ। ਸ੍ਰੀ ਗੁਰ ਅਮਰ ਤਖਤ ਬੈਠਾਰੇ ॥ ੧੩ ॥[60]

### 3.3 ਗੁਰੂ ਅਮਰਦਾਸ ਜੀ

ਚੌਪਈ: ਬਾਸਰਕੇ ਇਕ ਗ੍ਰਾਮ ਸੁ ਨਾਮੂ। ਤੇਜੋ ਮਲ ਬਸਹਿ ਕਰਿ ਧਾਮੂ।

ਰੂਪ ਕੌਰ ਦਾਰਾ ਤਿਸ ਕੇਰੀ। ਤਪਸਾ ਕੀਨਸਿ ਜਿਨਹੁਂ ਬਡੇਰੀ ॥ ੧੫ ॥

...ਦਾਦਸ਼ ਸੰਮਤ ਕਰਿ ਸੁਸ਼੍ਰਾ। ਮੁਰੋ ਨ ਮਨ ਕਬਿ, ਰਹੋ ਅਦੂਖਾ।

ਬੈਸ ਚੁਰਾਸੀ ਸੰਮਤ ਜਬੈ। ਤਖਤ ਜਗਤ ਗੁਰਤਾ ਟਿਕ ਤਬੈ ॥ ੧੮ ॥

...ਸੋਲਹਿ ਸਤ ਇਕਤੀਸਾ ਫੇਰ। ਭਾਦੋਂ ਸੁਦਿ ਪੂਰਨਮਾ ਹੇਰ।

ਤਨ ਕੋ ਤਜਿ ਬੈਕੁੰਠ ਸਿਧਾਰੇ। ਹਮ ਸੇ ਜਿਨ ਬਹੁ ਪਤਿਤ ਉਧਾਰੇ ॥ ੨੯ ॥

---

59 ਜਿਲਦ ਪੰਜਵੀਂ, ਪੰਨਾ 1332

60 ਉਹੀ, ਪੰਨੇ 1332-33

ਇਕ ਸੌ ਖਸ਼ਟ ਬਰਖ ਬਯ ਲਹੀ। ਸੰਮਤ ਖਸ਼ਟ ਔਰ ਥੀ ਰਹੀ।

ਗੁਰਤਾ ਸਹਿਤ ਦਈ ਹਰਖਾਏ। ਸ੍ਰੀ ਗੁਰ ਰਾਮਦਾਸ ਬੈਠਾਏ ॥ ੩੦॥[61]

### 3.4 ਗੁਰੂ ਰਾਮਦਾਸ ਜੀ

ਲਵਪੁਰਿ ਮਹਿਂ ਛਤ੍ਰੀ ਹਰਿਦਾਸ। ਮਹਾਂ ਸੁਸ਼ੀਲ ਸੁਕ੍ਰਿਤਨ ਰਾਸ।

ਖੇਮ ਕੁਇਰ ਜਿਸ ਕੇ ਘਰ ਦਾਰਾ। ਹਿਤ ਕਰਿ ਨਿਤਿ ਪਤਿਬ੍ਰਤਿ ਪ੍ਰਤਿਪਾਰਾ ॥ ੩੧॥

ਤਿਨ ਤੇ ਉਤਪਤਿ ਭਏ ਸੁ ਨਦ। ਸ੍ਰੀ ਗੁਰ ਰਾਮਦਾਸ ਕੁਲਚੰਦ।

...ਸੋਢੀ ਬੰਸ ਚੰਦ ਕਹੁ ਬਾਹੀ। ਰਹੀ ਜੁ ਬਹੁ ਪਿਤ ਕੇ ਢਿਗ ਚਾਹੀ।

ਗੋਇੰਦਵਾਲ ਪੁਰੀ ਬਖਾਤੀ। ਤਹਾਂ ਬਸਤਿ ਬੀਤੇ ਦਿਨ ਰਾਤੀ ॥ ੩੩ ॥

ਤੀਨ ਪੁਤ੍ਰ ਉਪਜੇ ਤਿਨ ਕੇਰੇ। ਸ੍ਰੀ ਅਰਜਨ, ਪ੍ਰਿਥੀਆ ਸੁ ਬਡੇਰੇ।

ਤ੍ਰਿਤਿਯੇ ਮਹਾਂਦੇਵ ਜਿਹ ਨਾਮ। ਮਹਾਂ ਗੰਭੀਰ ਧੀਰ ਅਭਿਰਾਮ ॥ ੩੪ ॥

...ਸੰਮਤ ਖਸ਼ਟ ਇਕਾਦਸ਼ ਮਾਸ। ਦਿਵਸ ਅਸ਼ਟ ਦਸ ਸ੍ਰੀ ਸੁਖ ਰਾਸ ॥ ੩੫ ॥

ਗੁਰਤਾ ਗਾਦੀ ਪਰ ਥਿਤਿ ਰਹੇ। ਜਿਨ ਤੇ ਅਨਿਕ ਦਾਸ ਗਤਿ ਲਹੇ।

ਸੋਲਹ ਸਤ ਅਠਤੀਸਾ ਸਾਲ। ਭਾਦੋਂ ਸੁਦੀ ਤੀਜ ਗੁਰ ਦਾਲ ॥ ੩੬॥

ਤਜਿ ਸਰੀਰ ਬੈਕੁੰਠ ਪਧਾਰੇ। ਸ੍ਰੀ ਅਰਜਨ ਜੀ ਤਖਤ ਬਿਠਾਰੇ।[62]

### 3.5 ਗੁਰੂ ਅਰਜਨ ਦੇਵ ਜੀ

ਪੰਚਮ ਪਾਤਿਸ਼ਾਹ ਜਬਿ ਭਏ। ਤਾਲ ਸੁਧਾਸਰ ਤਬਿ ਨਿਰਮਏ।

ਬੀੜ ਗ੍ਰੰਥ ਸਾਹਿਬ ਕੀ ਹੋਈ। ਜਿਸ ਪਠਿ ਕੈ ਗਤਿ ਲਹਿ ਸਭਿ ਕੋਈ ॥ ੩੮॥

ਗੰਗਾ ਨਾਮ ਭਾਰਜਾ ਬਾਹੀ। ਸਾਧੀ ਕੇ ਗੁਨ ਸਭਿ ਜਿਸ ਮਾਂਹੀ।

ਨੰਦਨ ਉਪਜੋ ਇਕ ਕੁਲ ਚੰਦ। ਬਡ ਧਨੁਧਰਿ ਸ੍ਰੀ ਹਰਿ ਗੋਬਿੰਦ ॥ ੩੯ ॥

---

61 ਉਹੀ, ਪੰਨੇ 1333-35

62 ਜਿਲਦ ਪੰਜਵੀਂ, ਪੰਨਾ 1335

...ਬਿੰਸਤ ਚਤੁਰ ਬਰਖ ਨਵ ਮਾਸ। ਇਕ ਦਿਨ ਊਪਰ ਸ਼੍ਰੀ ਸੁਖਰਾਸ।

ਗੁਰਤਾ ਲਹਿ ਸਰੀਰ ਕਉ ਧਾਰਾ। ਪੁਨਹਿ ਚਹੋ ਸਚਖੰਡ ਸਿਧਾਰਾ ॥ ੪੧॥

ਦੋਹਰਾ: ਖੋੜਸ ਸਤ ਤ੍ਰੇਸਠ ਅਧਿਕ, ਜੇਸ਼ਟ ਮਾਸ ਮਹਾਨ।

ਸੁਦੀ ਚੌਥ ਦਿਨ ਮਹਿਂ ਗੁਰੂ, ਕੀਨ ਬਿਕੁੰਠ ਪਯਾਨ ॥ ੪੨॥ [63]

## 3.6 ਗੁਰੂ ਹਰਿਗੋਬਿੰਦ ਸਾਹਿਬ ਜੀ

ਪੁਨ ਸ਼੍ਰੀ ਹਰਿ ਗੋਬਿੰਦ ਗੁਰੁ ਹੋਏ। ਪ੍ਰਭੁ ਪੀਰੀ ਅਰੁ ਮੀਰੀ ਦੋਏ।

ਜਨਮ ਲੀਨ ਜਹਿਂ ਗ੍ਰਾਮ ਵਡਾਲੀ। ਬਲੀ ਮਹਿਦ ਤਨ ਡੀਲ ਬਿਸਾਲੀ ॥ ੧॥

ਦਾਰਾ ਤੀਨ ਸੁਸ਼ੀਲਾ ਬਾਹੀ। ਇਕ ਦਮੋਦਰੀ, ਦੁਤਿ ਮਰਵਾਹੀ।

ਨਾਮ ਨਾਨਕੀ ਤ੍ਰਿਤਾ ਕੇਰਾ। ਮਨ ਸਿਮਰਤਿ ਜਿਨ ਅਨੰਦ ਘਨੇਰਾ ॥ ੨॥

ਪੰਚ ਪੁਤ੍ਰ ਇਨ ਤੇ ਉਤਪਤਾ। ਜੇਠੋ ਸ਼੍ਰੀ ਬਾਬਾ ਗੁਰਦਿਤਾ।

ਸੂਰਜ ਮਲ ਅਰੁ ਅਨੀ ਰਾਇ ਭਨਿ। ਅਟਲ ਰਾਇ ਬ੍ਰਹਗਾਨ ਸਭਿਨਿ ਮਨ ॥ ੩॥

ਪੰਚਮ ਭੇ ਸ਼੍ਰੀ ਤੇਗ ਬਹਾਦਰ। ਨਿਕਟ ਬਿਠਾਵਹਿਂ ਜਿਨ ਪਿਤ ਸਾਦਰ।

...ਇਕ ਤ੍ਰਿੰਸਤ ਸੰਮਤ ਦਸ ਮਾਸ। ਖਟ ਦਿਨ ਗੁਰਤਾ ਥਿਤਿ ਸੁਖਰਾਸ ॥ ੫॥

ਸੋਲਹਿ ਸਤ ਪਚਾਨਵੇ ਸਾਲ। ਚੇਤ ਪੰਚਮੀ ਸ਼ੁਦੀ ਕ੍ਰਿਪਾਲ।

ਸਚਖੰਡ ਕੋ ਤਬਹਿ ਪਧਾਰੇ। ਸ਼੍ਰੀ ਹਰਿਰਾਇ ਤਖਤ ਬੈਠਾਰੇ ॥ ੬॥[64]

## 3.7 ਗੁਰੂ ਹਰਿ ਰਾਇ ਜੀ

ਸ਼੍ਰੀ ਬਾਬਾ ਗੁਰਦਿਤਾ ਰੂਪ। ਬਾਹੀ ਨੇਤੀ ਨਾਮ ਅਨੂਪ।

ਦੈ ਸੁਤ ਇਨ ਤੇ ਉਤਪਤਿ ਹੋਏ। ਸ਼੍ਰੀ ਹਰਿਰਾਇ, ਧੀਰ ਮਲ ਦੋਏ ॥ ੭॥

ਟਿਕੋ ਪਿਤਾਮੇ ਤੇ ਗੁਰ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ।

---

[63] ਜਿਲਦ ਪੰਜਵੀਂ, ਪੰਨੇ 1335-36

[64] ਉਹੀ, ਪੰਨਾ 1336

ਕੀਰਤ ਪੁਰਿ ਮਹਿੰ ਜਨਮੁ ਭਯੋ ਹੈ। ਸ੍ਰੀ ਹਰਿਰਾਇ ਗੁਰ ਸੁ ਥਿਯੋ ਹੈ ॥ ੮॥

...ਦੈ ਸੁਤ ਸ੍ਰੀ ਹਰਿਰਾਇ ਉਪਾਏ। ਰਾਮਰਾਇ ਹਰਕ੍ਰਿਸ਼ਨ ਸੁਹਾਏ।

...ਸੰਮਤ ਤ੍ਰੈ ਬਿੰਸਤ ਖਟ ਮਾਸ। ਦਿਵਸ ਚਤੁਰ ਦਸ ਲੈ ਸੁਖਰਾਸ।

ਗੁਰਤਾ ਗਾਦੀ ਪਰ ਥਿਤਿ ਰਹੇ। ਸ੍ਰੀ ਹਰਿਰਾਇ ਦਾਸ ਦੁਖ ਦਹੇ ॥ ੧੨॥

ਸੰਮਤ ਸਤ੍ਰਹ ਸਤ ਅਸ਼ਟਾਦਸ਼। ਕਾਤਕ ਵਦਿ ਨਵਮੀ ਮਹਿੰ ਸੁਖ ਬਸਿ।

ਸ੍ਰੀ ਹਰਿ ਕ੍ਰਿਸ਼ਨ ਤਖਤ ਗੁਰਿਆਈ। ਬੈਠੇ ਸਿਸੁ ਅਤਿ ਬੈਸ ਸੁਹਾਈ ॥ ੧੩॥[65]

## 3.8 ਗੁਰੂ ਹਰਿ ਕ੍ਰਿਸ਼ਨ ਜੀ

ਦੋਹਰਾ: ਸੰਮਤ ਸਤ੍ਰਾ ਸੈ ਬਿਤੇ, ਊਪਰ ਬੀਸ ਰੁ ਏਕ।

ਚੇਤ ਸੁਦੀ ਚੌਦਸ ਦਿਵਸ, ਸ੍ਰੀ ਗੁਰੁ ਜਲਧਿ ਬਿਬੇਕ ॥ ੧੫॥

ਚੌਪਈ: ਏਕ ਜਾਮ ਖਟ ਘਟੀ ਬਿਤਾਏ। ਨਿਸਾ ਬਿਖੇ ਸ੍ਰੀ ਗੁਰੂ ਸਮਾਏ।

ਬਾਬਾ ਕਹੋ ਬਕਾਲੇ ਮਾਂਹਿ। ਸਤਿਗੁਰ ਤੇਗ ਬਹਾਦਰ ਤਾਂਹਿ ॥ ੧੬॥

ਅਰਪਤਿ ਭਏ ਤਿਨਹਿ ਗੁਰਿਆਈ। ਤਖਤ ਬਿਰਾਜੇ ਸਿਖ ਸੁਖਦਾਈ।[66]

## 3.9 ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰ ਹਰਿ ਗੋਬਿੰਦ ਕੇ ਨੰਦ। ਸੋਢੀ ਬੰਸ਼ ਗਗਨ ਕੇ ਚੰਦ ॥ ੧੭॥

ਮਾਤ ਨਾਨਕੀ ਜਿਨ ਕੀ ਜਾਨਿ। ਜਨਮ ਸੁਧਾਸਰ ਪੁਰਿ ਕੇ ਥਾਨ।

ਸ੍ਰੀ ਗੁਜਰੀ ਮਹਿਲਾ ਸ਼ੁਭ ਬਾਹੀ। ਤਪ ਕੋ ਤੇਜ ਪੁੰਜ ਜਿਨ ਮਾਂਹੀ ॥ ੧੮॥

...... ਹਿੰਦਵਾਨੇ ਕੀ ਰਾਖਨ ਕਾਨ। ਦਿਯੋ ਸੀਸ ਜਨੁ ਕਰਿ ਕੈ ਦਾਨ ॥ ੨੧॥

ਸੰਮਤ ਸਤ੍ਰਾ ਸਹਸ ਬਤੀਸ। ਮੰਗਸਿਰ ਸੁਦੀ ਪੰਚਮੀ ਥੀਸ।

---

65 ਜਿਲਦ ਪੰਜਵੀਂ, ਪੰਨੇ 1336-37

66 ਉਹੀ, ਪੰਨਾ 1337

ਸੁਰਗੁਰ ਦਿਵਸ ਜਾਮ ਜੁਗ ਆਵਾ। ਊਪਰ ਘਟਿਕਾ ਏਕ ਬਿਤਾਵਾ ॥ ੨੨॥[67]

## 3.10 ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰ ਤੇਗ ਬਹਾਦਰ ਪਾਛੇ। ਸ੍ਰੀ ਗੋਬਿੰਦ ਸਿੰਘ ਭੇ ਗੁਰ ਆਛੇ।

ਸ੍ਰੀ ਗੁਜਰੀ ਤੇ ਜਨਮ ਲਿਯੋ ਹੈ। ਪੁਰਿ ਪਟੈਂ ਮਹਿਂ ਖੇਲ ਕਿਯੋ ਹੈ ॥ ੨੯॥

ਬ੍ਰਧੋ ਸਰੀਰ ਬਹੁਰ ਚਲਿ ਆਏ। ਮਦਰ ਦੇਸ਼ ਨਿਰਖੇ ਹਰਖਾਏ।

ਤੀਨ ਭਾਰਜਾ ਜਿਨ ਘਰ ਹੋਈ। ਨਾਮ ਅਜੀਤੋ ਦੀਰਘ ਸੋਈ ॥ ੩੦॥

ਪੁਤ੍ਰ ਤੀਨ ਉਪਜੇ ਬਲ ਭਾਰੀ। ਮਾਨਹੁਂ ਅਗਨਿ ਤੀਨਹੁ ਤਨ ਧਾਰੀ।

ਅਪਰ ਸੁੰਦਰੀ ਨਾਮ ਪਛਾਨੋ। ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ ॥

ਤਿਸ ਕੇ ਸੁਤ ਅਜੀਤ ਸਿੰਘ ਹੋਵਾ। ਬਹੁ ਰਿਪੁ ਹਤਿ ਜੋ ਰਨ ਮਹਿਂ ਸੋਵਾ।

ਤੀਸਰ ਸਾਹਿਬ ਦੇਵੀ ਦਾਰਾ। ਤਾਂਹਿ ਖਾਲਸਾ ਪੁਤ੍ਰ ਅਪਾਰਾ ॥

...ਪੰਥ ਖਾਲਸਾ ਉਤਪਤਿ ਕਰਿ ਕੈ। ਤੁਰਕ ਤੇਜ ਕੀ ਜੜ੍ਹਾਂ ਉਖਰਿ ਕੈ।

ਬਰਖ ਬਤੀਸ ਇਕਾਦਸ਼ ਮਾਸ। ਜਗ ਮਹਿਂ ਕੀਨਸਿ ਧਰਮ ਪ੍ਰਕਾਸ਼ ॥

...ਸਤ੍ਰਹ ਸਹਸ ਪੈਸਠਾ ਉਪਰ। ਕਾਤਿਕ ਸ਼ੁਦਿ ਪੰਚੈ ਦਿਨ ਸੁਰਗੁਰ ॥

ਰਹੀ ਜਾਮਨੀ ਜਾਮ ਸਵਾ ਜਬਿ। ਸਚਿਖੰਡਿ ਪਹੁੰਚੇ ਸ੍ਰੀ ਗੁਰ ਤਬਿ।

ਅਵਿਚੱਲ ਨਗਰ ਨਾਮ ਸ਼ੁਭ ਥਾਨ। ਭਯੋ ਦੇਹੁਰਾ ਜੋਤਿ ਮਹਾਨ ॥[68]

# 4. ਖਾਲਸਾ ਉਪਮਾ

- ਸਰਬ ਸ਼ਿਰੋਮਣਿ ਖਾਲਸਾ, ਰਚੋ ਪੰਥ ਸੁਖਦਾਇ।

  ਇਕ ਬਿਨ ਗੰਦੇ ਧੂਮ ਤੇ, ਜਗ ਮੈਂ ਅਧਿਕ ਸੁਹਾਇ ॥੪੩॥[69]

---

67 ਜਿਲਦ ਪੰਜਵੀਂ, ਪੰਨੇ 1337-38

68 ਉਹੀ, ਪੰਨੇ 1338-39

69 ਉਹੀ, ਪੰਨਾ 1309

- ਪੰਥ ਖਾਲਸਾ ਸੁਰਤਰੁ ਬੋਵਾ। ਸਤਿਗੁਰ ਤਪ ਦਿੜ ਮੂਲ ਖਰੋਵਾ।

  ਸਿਖ ਸੰਗਤਿ ਛਾਯਾ ਜਿਸ ਪਾਇ। ਦੁਹਿ ਲੋਕਨ ਸੁਖ ਕੋ ਉਪਜਾਇ ॥੩੫॥

  ਕਲਪ ਲਤਾ ਸਿਖੀ ਗੁਨ ਭੋਵਾ। ਤਿਸ ਕੋ ਆਸ੍ਰੈ ਦਿੜ ਇਹ ਹੋਵਾ।

  ਸਭਿਹਿਨ ਕੋ ਅਭਿਬੰਦਨ ਕੈ ਕੈ। ਕਰੋਂ ਗ੍ਰਿੰਥ ਚਿੰਤਾ ਉਰ ਖੈ ਕੈ ॥੩੬॥[70]

- ਪਾੜ੍ਹੇ ਸੇ ਪਠਾਨ ਹੋਤਿ ਸਸੇ ਸੂਬੇ ਊਕਸੇ ਨਾ ਕਾਬਲੀ ਕੁਰੰਗ ਆਗੈ ਠਹਿਰ ਸਕੈ ਨਹੀਂ।

  ਰੋਝ ਰਜਪੂਤ ਹੈ ਝੰਖਾੜ ਸੇ ਮਲੇਛ ਬਹੁ ਬਿਚਰੇ ਬਰਾਹ ਜੋਂ ਬਲੋਚ ਕੋ ਜਕੈ ਨਹੀਂ।

  ਮੁਲ ਮਤੰਗ ਮਾਰ ਗਾਜਤਿ ਸੰਤੋਖ ਸਿੰਘ ਸਯਦ ਸਯਾਲ ਹੈ ਸਮੁਖ ਸੋ ਤਕੈ ਨਹੀਂ।

  ਤੁਰਕਨ ਤੇਜ ਤਾਮਾ ਤੌ ਲਗ ਤਰੋ ਈ ਤਰੈ ਖਾਲਸਾ ਸਰੂਪ ਸਿੰਘ ਜੌ ਲਗ ਛਕੈ ਨਹੀਂ ॥੪੨॥[71]

## 5. ਜੀਵਨ ਦੀਆਂ ਯਥਾਰਥਕ ਸਚਾਈਆਂ

ਗੁਣਹੀਨ ਪੂਜਾ ਕਹਾਂ, ਬਿੱਦਯਾ ਬਿਨ ਮਾਨਾ। ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਗਯਾਨਾ।

ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾਂ ਨ ਰਾਜੂ। ਗਯਾਨ ਕਹਾਂ ਬਿਨ ਸਤਿਗੁਰੂ, ਸ਼ੋਭਾ ਬਿਨ ਲਾਜੂ।

ਬਿਨ ਜਹਾਜ ਤਰਿਬੋ ਕਹਾਂ, ਸਾਗਰ ਅਸਗਾਹੂ। ਭਤ ਕਹਾਂ ਬਿਨ ਪ੍ਰੇਮ ਕੇ ਪਗ ਪੰਕਜ ਮਾਹੂ।

ਕਵਿਤਾ ਬਿਨ ਕੀਰਤ ਕਹਾਂ, ਜਸੁ ਬਿਨਾ ਨ ਦਾਨਾ। ਮੁਕਤਿ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨ ਗਾਨਾ।

ਸਦ ਗੁਣ ਬਿਨਾ ਨ ਸ਼੍ਰੇਯ ਹੈ, ਸ਼ਰਧਾ ਬਿਨ ਸੇਵਾ। ਮੰਤ੍ਰ ਸਿੱਧਿ ਬਿਨ ਜਪੁ ਕਹਾਂ, ਬਰ ਬਿਨਾ ਨ ਦੇਵਾ।

ਬਿਨ ਸਿੱਖੀ ਤਰਿਬੋ ਕਹਾਂ ਜਗ ਸਾਗਰ ਭਾਰਾ। ਦਯੋਸ ਕਹਾਂ ਸੂਰਜ ਬਿਨਾ, ਮੈਂ ਏਵ ਬਿਚਾਰਾ।[72]

## 6. ਸਾਹਿਤਿਕ ਪੱਖ

ਸਾਹਿਤਿਕ ਪੱਖ ਤੋਂ ਇਹ ਗ੍ਰੰਥ ਇਕ ਵਿਸ਼ੇਸ਼ ਸਥਾਨ ਰੱਖਦਾ ਹੈ ਜਿਸ ਵਿਚ ਉਸ ਸਮੇਂ ਦੇ ਪ੍ਰਚਲਿਤ ਸਾਹਿਤ ਦੇ ਸਾਰੇ ਹੀ ਰੂਪਾਂ- ਛੰਦ, ਰਸ, ਅਲੰਕਾਰ ਦੀ ਬਹੁਤ ਹੀ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਹੈ। ਇਹੀ

---

70 ਜਿਲਦ ਪੰਜਵੀਂ, ਪੰਨਾ 1302

71 ਉਹੀ, ਪੰਨਾ 1309

72 ਜਿਲਦ ਛੇਵੀਂ, ਪੰਨਾ 2069

ਕਾਰਨ ਹੈ ਕਿ ਭਾਈ ਸੰਤੋਖ ਸਿੰਘ ਨੂੰ 'ਚੂੜਾਮਣੀ ਮਹਾਂਕਵੀ' ਦਾ ਉੱਚ ਰੁਤਬਾ ਪ੍ਰਾਪਤ ਹੈ। ਇਨ੍ਹਾਂ ਸਾਹਿਤਿਕ ਰੂਪਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ-

### 6.1 ਛੰਦ

ਕਾਵਿ ਰਚਨਾ ਨੂੰ ਮਾਤਰਾ ਅਤੇ ਵਰਣਾਂ ਦੇ ਨਿਯਮਾਂ ਦੇ ਅਨੁਸਾਰ ਰਚੇ ਜਾਣ ਦੀ ਪੱਧਤੀ ਨੂੰ ਛੰਦ ਕਿਹਾ ਜਾਂਦਾ ਹੈ। ਪੁਰਾਤਨ ਅਤੇ ਮੱਧਯੁਗੀ ਬਹੁਤਾਤ ਕਾਵਿ ਰਚਨਾਵਾਂ ਛੰਦ ਰੂਪ ਵਿਚ ਹੀ ਪ੍ਰਾਪਤ ਹੁੰਦੀਆਂ ਹਨ। ਬਹੁਭਾਂਤੀ ਛੰਦਾਂ ਦੀ ਸੁਚੱਜੇ ਢੰਗ ਨਾਲ ਵਰਤੋਂ ਨੂੰ ਕਿਸੇ ਕਵਿ ਦੀ ਕਾਵਿਕ ਕੁਸ਼ਲਤਾ ਦਾ ਮਾਪਦੰਡ ਸਮਝਿਆ ਜਾਂਦਾ ਰਿਹਾ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਲਗ-ਪਗ 62000 ਛੰਦਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਨੂੰ ਪ੍ਰਸੰਗਾਂ ਅਤੇ ਘਟਨਾਵਾਂ ਦੇ ਅਨੁਸਾਰੀ ਵਰਤ ਕੇ ਗ੍ਰੰਥ ਦਾ ਸਾਹਿਤਿਕ ਖ਼ੂਬਸੂਰਤੀ ਵਿਚ ਵਾਧਾ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਕਈ ਛੰਦ ਤਾਂ ਅਜਿਹੇ ਵੀ ਜਿਨ੍ਹਾਂ ਦੀ ਚਾਲ ਅਤੇ ਮਾਤਰਾਵਾਂ ਅਨੁਸਾਰ ਕਾਵਿਕ ਰਚਨਾ ਵਿਚ ਕਠਿਨਾਈਆਂ ਆਉਣ ਕਾਰਨ ਇਨ੍ਹਾਂ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ, ਜਿਵੇਂ- ਕੁੰਡਲੀਆ ਛੰਦ*। ਡਾ. ਜੈ ਭਗਵਾਨ ਗੋਇਲ ਅਨੁਸਾਰ ਇਕੱਲੇ ਗੁਰ ਪ੍ਰਤਾਪ ਸੂਰਜ ਵਿਚ ਹੀ ਲਗ-ਪਗ 33 ਪ੍ਰਕਾਰ ਦੇ ਛੰਦ (20 ਵਰਣਿਕ ਅਤੇ 12 ਮਾਤ੍ਰਿਕ ਛੰਦ) ਵਰਤੇ ਗਏ ਹਨ ਜਿਨ੍ਹਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਹੈ-

*(ੳ) ਮਾਤ੍ਰਿਕ ਛੰਦ- ਚੌਪਈ, ਹਾਕਲ, ਅੜਿਲ, ਪਾਧੜੀ, ਲਲਿਤਪਦ, ਤ੍ਰਿਭੰਗੀ, ਨਿਸ਼ਾਨੀ।*

*(ਅ) ਮਾਤ੍ਰਿਕ ਅਰਧ ਸਮ ਛੰਦ- ਦੋਹਾ, ਸੋਰਠਾ।*

*(ੲ) ਮਾਤ੍ਰਿਕ ਮਿਸ੍ਰ ਛੰਦ- ਅੰਮ੍ਰਿਤਧੁਨੀ, ਛਪੈ।*

*(ਸ) ਵਰਣਿਕ ਸਮ ਛੰਦ- ਚੰਚਰੀ, ਰਸਾਵਲ, ਸੰਖਨਾਰੀ, ਮਧੁਭਾਰ, ਰੁਣਝੁਣ, ਹਰਿਬੋਲਮਨਾ,*

---

* 'ਕੁੰਡਲੀਆ ਛੰਦ' ਨਿਭਾਉਣਾ ਤੇ ਇਸ ਨੂੰ ਗਾਉਣਾ ਆਪਣੇ ਆਪ ਵਿਚ ਹੀ ਇਕ ਚੁਣੌਤੀ ਮੰਨੀ ਜਾਂਦੀ ਹੈ। ਯੂ.ਪੀ. ਵਿਚ ਪੈਦਾ ਹੋਏ ਸੰਤ ਪਲਟੂ ਸਾਹਿਬ ਨੇ ਆਪਣੀ ਸਮੁੱਚੀ ਅਧਿਆਤਮਿਕ ਕਵਿਤਾ ਏਸੇ ਛੰਦ ਵਿਚ ਲਿਖੀ ਹੈ। ਇਹ ਛੰਦ ਛੇ ਤੁਕਾਂ ਦਾ ਹੁੰਦਾ ਹੈ। ਦੂਸਰੀ ਤੁਕ ਦੀ ਮਗਰਲੀ ਅੱਧੀ ਤੁਕ, ਤੀਜੀ ਤੁਕ ਵਿਚ ਦੁਹਰਾਈ ਜਾਂਦੀ ਹੈ।

– *ਸਾਹਿਤ ਗਗਨ ਦੇ ਸੂਰਜ ਮਹਾਂਕਵੀ ਸੰਤੋਖ ਸਿੰਘ*, ਕਰਮਜੀਤ ਸਿੰਘ ਇੰਜ. (ਸੰਪਾ.), ਪੰਨਾ 162

*ਨਵਨਾਮਕ, ਹੰਸਕ, ਸਾਵਾਸ, ਪ੍ਰਮਾਣਿਕਤਾ, ਤੋਮਰ, ਚੰਪਕਮਾਲਾ, ਭੁਜੰਗਪ੍ਰਯਾਤ, ਤੋਟਕ, ਨਿਸਪਾਲਿਕਾ, ਚੰਚਰੀ, ਨਾਰਾਚ, ਸਵੈਯਾ।*

*(ਹ) ਵਰਣਿਕ ਮੁਕਤ ਅਤੇ ਦੰਡਕ ਛੰਦ- ਅਨੁਸ਼ਟ੍ਰਪ, ਕਬਿੱਤ, ਅਨੰਗਸ਼ੇਖਰ।*

*(ਕ) ਪੰਜਾਬੀ ਛੰਦ- ਸਿਰਖੰਡੀ।*

*(ਕ) ਅਰਬੀ ਅਤੇ ਫ਼ਾਰਸੀ ਛੰਦ- ਬਾਹਰਲੇ ਮੁਤਕਾਰਿਬ ਮੁਸੰਮਨ ਮਕਸੂਰ ਮਹਜ਼ੂਫ।*[73]

ਇਸੇ ਪ੍ਰਕਾਰ 'ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ' ਵਿਚ 20 ਪ੍ਰਕਾਰ[74] ਦੇ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਗ੍ਰੰਥਾਂ ਦੇ ਸੰਗ੍ਰਹਿ ਰੂਪ ਵਾਲੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਵਰਤੇ ਗਏ ਕੁੱਝ ਛੰਦਾਂ ਦੇ ਨਮੂਨੇ ਇਸ ਪ੍ਰਕਾਰ ਹਨ-

**6.1.1 ਦੋਹਰਾ[**]:**

ਜਿਤ ਕਾਰਜ ਗੁਰ ਭਾਵ ਹਿਤ ਹੋਇ ਭਾਵਨੀ ਪੂਰ।
ਇਹਾਂ ਸਿਦਕ ਸਾਬਤ ਭਯੋ ਆਗੈ ਸੁਖ ਭਰਪੂਰ।[75]

**6.1.2 ਚੌਪਈ:**

ਸਿਰ ਪਰ ਸਤਿਗੁਰ ਸ਼ਾਲ ਸਜਾਈ। ਸੁੰਦਰ ਦਰਸ਼ਨ ਅਧਿਕ ਸੁਹਾਈ।
ਆਨਿ ਸਿੰਘਾਸਨ ਊਪਰ ਬੈਸੇ। ਸੁਰ ਗਨ ਮਹਿ ਸੁਰਪਤਿ ਹੈ ਜੈਸੇ ॥੨॥[76]

**6.1.3 ਸ੍ਵੈਯਾ:**

ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ, ਭਵ ਫੰਧਨ ਕੇ।

---

[73] ਗੋਇਲ, ਜੈ ਭਗਵਾਨ (ਡਾ.), *ਮਹਾਂਕਵੀ ਸੰਤੋਖ ਸਿੰਘ: ਜੀਵਨ ਤੇ ਰਚਨਾ*, ਪੰਨਾ 101

[74] *ਸਾਹਿਤ ਗਗਨ ਦੇ ਸੂਰਜ ਮਹਾਂਕਵੀ ਸੰਤੋਖ ਸਿੰਘ: ਜੀਵਨ ਤੇ ਰਚਨਾ*, ਇੰਜੀ. ਕਰਮਜੀਤ ਸਿੰਘ (ਸੰਪਾ.), ਪੰਨੇ 285-86

[**] ਹਿੰਦੀ ਅਤੇ ਬ੍ਰਜ ਭਾਸ਼ਾ ਵਿਚ ਦੋਹਰਾ ਅਤੇ ਚੌਪਈ ਛੰਦ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਗਈ ਹੈ। ਇਕੱਲੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ 51829 ਛੰਦਾਂ ਵਿਚੋਂ ਲਗ-ਪਗ 40000 ਛੰਦ ਦੋਹਰਾ-ਚੌਪਈ ਰੂਪ ਵਾਲੇ ਵਰਤੇ ਗਏ ਹਨ।

– ਗੋਇਲ, ਜੈ ਭਗਵਾਨ (ਡਾ.), *ਮਹਾਂਕਵੀ ਸੰਤੋਖ ਸਿੰਘ*, ਪੰਨਾ 99

[75] ਜਿਲਦ ਬਾਹਰਵੀਂ,ਪੰਨਾ 5199

[76] ਉਹੀ, ਪੰਨਾ 5178

ਸੁਖ ਮੂਲ ਭਲੇ, ਅਨਕੂਲ ਢਲੇ, ਰਿਪੁ ਸੂਲ ਮਿਲੇ, ਅਘ ਕੰਦਨ ਕੇ।

ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰਿ ਕਾਜ ਚਲੇ ਸੁ ਅਨੰਦਨ ਕੇ।

ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗ ਬਹਾਦਰ ਨੰਦਨ ਕੇ ॥੩੯॥[77]

### 6.1.4 ਛਪਯ/ਛਪੈ ਛੰਦ:

ਦਰਸ਼ਨ ਪਰਸਤਿ ਮਿਟਤਿ ਕਲੁਖ, ਸ਼ੁਭ ਬਦਨ ਬਿਰਾਜਹਿ।

ਜਨਮ ਮਰਨ ਭਵਮਧ ਨਸ਼ਟ ਕਰਿ ਤਮ ਤਨ ਛਾਜਹਿ।

ਹਮ ਸਮ ਨਰ ਅਘ ਕਰਤਿ ਤਿਨਹਿ ਅਪਵਰਗ ਉਦਾਰਹਿ।

ਉਪਜਤਿ ਸੁਖ ਉਰ ਮੱਧ ਸਨਤਿ ਹਉਂ ਬਚਨ ਤਿਹਾਰਹਿ।

ਸੁਖਕੰਦ ਮੁਕੰਦ ਸੁ ਸੰਤ ਹੋ ਨਾਮ ਉਚਾਰਨ ਨਿਜ ਕਰੋ।

ਤੁਮ ਚਰਨ ਸ਼ਰਨ ਮਨ ਪਰਨ ਮਮ ਕਰੁਨਾ ਕਰ! ਕਰੁਨਾ ਢਰੋ ॥੧੧॥[78]

### 6.1.5 ਤ੍ਰਿਭੰਗੀ ਛੰਦ:

ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ, ਤਨ ਕੋ ਧਾਰਨ ਕੀਨ ਪ੍ਰਭੋ!

ਸਿਖਨ ਹਿਤਕਾਰੀ ਜਮ ਭੈ ਹਾਰੀ ਭਗਤਿ ਬਿਥਾਰੀ ਆਪ ਬਿਭੋ।

ਦਾਸਨ ਸੁਖਦਾਤਾ ਪੁਰਖ ਬਿਧਾਤਾ, ਅਨ ਭੈ ਰਾਤਾ ਰੂਪ ਥਿਰੇ।

ਜੈ ਜੈ ਗੁਰਦੇਵਾ, ਅਲਖ ਅਭੇਵਾ, ਸੁਰ ਨਰ ਸੇਵਾ ਦੇਵ ਹਰੇ ॥੨੬॥[79]

### 6.1.6 ਭੁਜੰਗ ਪ੍ਰਯਾਤ ਛੰਦ:

ਲਗਯੋ ਬਾਨ ਕਾਨੰ ਨਜੀਕੰ ਬਿਸਾਲਾ। ਗਿਰਯੋ ਭੂਮ ਮੈਂ ਖਾਨ ਕੀਨੇ ਉਤਾਲਾ॥

---

[77] ਜਿਲਦ ਪੰਜਵੀਂ, ਪੰਨਾ 1305 (ਇਹ ਸੈ੍ਯਾ ਥੋੜ੍ਹੇ ਜਿਹੇ ਪਾਠਾਂਤਰ ਭੇਦ ਨਾਲ ਰਿਤੁ ਪਹਿਲੀ ਦੇ ਅੰਸੂ 1 ਵਿਚ 22 ਨੰ. ਅੰਕ 'ਤੇ ਵੀ ਮੌਜੂਦ ਹੈ। -ਜਿਲਦ ਗਿਆਰਵੀਂ, ਪੰਨਾ 4496)

[78] ਜਿਲਦ ਤੀਜੀ, ਪੰਨਾ 447

[79] ਜਿਲਦ ਪੰਜਵੀਂ, ਪੰਨਾ 1437

ਗਯੋ ਭਾਜ ਘੋਰਾ ਜਬੈ ਛੂਛ ਹੋਵਾ। ਪਰਯੋ ਬੀਰ ਭਾਰੋ ਚਮੂੰ ਦੌਨ ਜੋਵਾ ॥੧੬॥[80]

### 6.1.7 ਮਧੁਭਾਰ ਛੰਦ:

ਲਰਿਤੇ ਸੁ ਬੀਰ। ਬਿਧਿਤੇ ਸਰੀਰ। ਹੁਇ ਅਗ੍ਰ ਧੀਰ। ਪ੍ਰਵਿਸ਼ੰਤਿ ਤੀਰ ॥੨॥

ਤੁਪਕੈਂ ਤੜਾਕ। ਗੁਲਕਾਂ ਸੜਾਕ। ਲਗਿ ਅੰਗ ਫੋਰ। ਊਕਸੈਂ ਨ ਥੋਰ ॥੩॥

ਗਿਰਤੇ ਬਿਹਾਲ। ਬਹਿ ਸ੍ਰੋਂ ਲਾਲ। ਛੁਟਕੇ ਤੁਰੰਗ। ਅਸਵਾਰ ਭੰਗ ॥੪॥[81]

### 6.1.8 ਕਬਿੱਤ:

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ, ਤੋ ਸੋ ਨ ਦਿਆਲ ਦੁਖੀ ਮੋ ਸੋ ਨਾ ਅਲਾਈਏ।

ਮੋ ਸੋ ਨਹੀ ਕ੍ਰਿੱਤਘਨ, ਤੋ ਸੋ ਉਪਕਾਰੀ ਨਾਂਹਿ ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ।

ਔਗੁਨੀ ਨ ਮੋ ਸੋ ਕੋਊ, ਗੁਣਵਾਨ ਤੋ ਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ।

ਕਵਿ ਆਇਓ ਹੈ ਸ਼ਰਨ, ਗਹੇ ਧਾਇਕੈ ਚਰਨ, ਗੁਰੂ ਤਾਰਨ ਤਰਨ, ਨਿਜ ਹਾਥ ਦੈ ਬਚਾਈਏ ॥[82]

### 6.1.9 ਚਾਚਰੀ ਛੰਦ

ਤੁਫੰਗੈ। ਨਿਸੰਗੈ। ਉਠਾਈ। ਚਲਾਈ ॥ ੩੫ ॥

ਦੁਗੋਰੀ। ਕਿ ਛੋਰੀ। ਪਲੀਤੇ। ਧੁਖੀਤੇ ॥ ੩੬ ॥[83]

### 6.1.10 ਰਸਾਵਲ ਛੰਦ:

ਚਲੇ ਤੀਰ ਗੋਰੀ। ਮਨੋ ਖੇਲਿ ਹੋਰੀ। ਸਟਾ ਸਟ ਸੋਲੇ। ਮਨੋ ਮੂਠ ਮੇਲੇ ॥੨॥

ਸਮੂਹੈਂ ਤੁਫੰਗਾ। ਕਰੇ ਘਾਉ ਅੰਗਾ। ਲਗੀ ਪੀਚਕਾਰੀ। ਖਿਰੋ ਰੰਗ ਭਾਰੀ ॥੩॥[84]

---

80 ਜਿਲਦ ਬਾਹਰਵੀਂ, ਪੰਨਾ 5245

81 ਜਿਲਦ ਨੌਵੀਂ, ਪੰਨਾ 3401

82 ਜਿਲਦ ਚੌਦਵੀਂ, ਪੰਨੇ 6410-11 (ਇਹ ਸ੍ਵੈਯਾ ਥੋੜ੍ਹੇ ਜਿਹੇ ਲਗਾਂ ਮਾਤਰਾ ਦੇ ਭੇਦ ਨਾਲ ਪੂਰਬਾਰਧ, ਅਧਿਆਇ 1 ਵਿਚ 27 ਨੰ. ਅੰਕ 'ਤੇ ਵੀ ਮੌਜੂਦ ਹੈ। -ਜਿਲਦ ਦੂਸਰੀ, ਪੰਨਾ 53)

83 ਜਿਲਦ ਅਠਵੀਂ, ਪੰਨਾ 2832

84 ਉਹੀ, ਪੰਨਾ 2961

**6.1.11 ਅੜਿੱਲ:**

ਸ਼੍ਰੀ ਨਾਨਕ ਜੀ ਧੰਨ! ਅਮਰ ਗਨ ਮੰਨਿ ਹੈਂ। ਤੂੰ ਭਗਨੀ ਤਿਨ ਕੇਰਿ, ਅਧਿਕ ਮਤ, ਧੰਨ ਹੈਂ।

ਹੌਂ ਭੀ ਕਛੂਅਕ ਧੰਨ ਅਪਨ ਉਰਮਹਿਂ ਲਖੌਂ। ਹੋ ਜਗ ਪ੍ਰਸੰਗ ਮਮ ਤੋਰ, ਭਯੋ ਅਸ ਬਿਧਿ ਪਿਖੌਂ ॥[85]

**6.1.12 ਚੰਚਲਾ ਛੰਦ:**

ਸ਼੍ਰੀ ਗੁਰੂ ਬਿਲੋਕ ਕੈ ਬਿਲੰਦ ਓਜਵਾਨ ਜਾਨਿ। ਸਾਮਹੁ ਥਿਰਯੋ ਸੁ ਬੀਰ ਹਾਥ ਧਾਰਿ ਆਯੁਧਾਨ।

ਮਾਨਿ ਹੈ ਪ੍ਰਭੂ ਸੁ ਬਾਕੁ, ਹੈ ਅਨੰਦ ਧੀਰ ਮਾਹਿ। ਬਾਸਤੋ ਹਜ਼ੂਰ ਨੀਤਿ ਭਾਉ ਦੀਹ ਚੀਤ ਜਾਹਿ॥੬॥[86]

**6.1.13 ਦੁਵੱਯਾ ਛੰਦ:**

ਚਰਨ ਕਮਲ ਕਲਿਮਲਹਿ ਨਿਵਾਰਨ, ਉਰ ਧਰਿ ਧਾਨਹਿ ਤਿਨਕੋ।

ਸ਼੍ਰੀ ਨਾਨਕ ਇਤਿਹਾਸ ਬਖਾਨੋਂ, ਦੁਖ ਨਾਸ਼ਨ ਪ੍ਰਨ ਜਿਨਕੋ।[87]

**6.1.14 ਕੁੰਡਲੀਆ ਛੰਦ:**

ਨਿਜ ਖੇਤੀ ਕਰਵਾਇਯੇ, ਕਾਮੇਂ ਦੇਉਂ ਰਖਾਇ। ਨਹਿਂ ਹਾਲਾ ਲੇਵੈਂ ਕਛ, ਸਭਿਹਿ ਇਨਾਮ ਕਰਾਇ।

ਸਭਿਹਿ ਇਨਾਮ ਕਰਾਇ, ਸਦਨ ਨਿਜ ਰਹੁ ਦੁਖ ਕਦਨਾ।

ਮਾਤਾ ਬਿਰਹਿ ਅਧੀਨ ਹੋਤਿ, ਨਹਿਂ ਪੇਖਤਿ ਬਦਨਾ।

ਸੁਨਿ ਬੁਲਾਰ ਕੇ ਬਚਨ ਕੋ, ਦੀਨਾ ਨਾਥ ਸੁਭਾਇ। ਸ਼੍ਰੀ ਮੁਖ ਖੇਤੀ ਬਿਧਿ ਕਹੀ, ਸੋਰਠ ਰਾਗ ਉਠਾਇ॥[88]

**6.1.15 ਸੋਰਠਾ:**

ਸ਼੍ਰੀ ਸਤਿਗੁਰ ਕੋ ਰੂਪ ਜਗਹਿ ਜੋਤਿ ਜਾਹਰ ਜਗਤ।

ਪੁੰਜ ਸੁ ਪੰਥ ਅਨੂਪ ਕਰਿ ਬੰਦਨ ਰਚਿਬੇ ਲਗਤਿ ॥੪੪॥[89]

---

85 ਜਿਲਦ ਤੀਜੀ, ਪੰਨਾ 402

86 ਜਿਲਦ ਬਾਹਰਵੀਂ, ਪੰਨਾ 5306

87 ਜਿਲਦ ਤੀਜੀ, ਪੰਨਾ 419

88 ਉਹੀ, ਪੰਨਾ 480

89 ਜਿਲਦ ਪੰਜਵੀਂ, ਪੰਨਾ 1311

### 6.1.16 ਨਰਾਜ ਛੰਦ:

ਭਨੈਂ ਪ੍ਰਮਾਨ ਆਨਨੰ, ਅਜਾਨ ਬੈਨ ਯਾ ਬਿਧੇ। ਭਲੋ ਤਮਾਸ਼ ਦੇਖਿ ਹੈਂ, ਬਿਸ਼ੇਖ ਭੂਤ ਕਾਢਿਧੇ।

ਚਲੇ ਸਚਾਇ ਧਾਇ ਧਾਇ, ਆਇ ਬ੍ਰਿੰਦ ਸੋ ਭਏ ਨ ਭੇਵ ਮੂਲ ਜਾਨਹੀ, ਸੁ ਭੂਲ ਭਰਮ ਮੈਂ ਗਏ ॥[90]

### 6.1.17 ਮਤਦ੍ਰਮਲਾ ਛੰਦ*:

ਉਰ ਡਰਿ ਮਰਦਾਨੇ ਬਚਨ ਬਖਾਨੇ ਕੇਚਿਤ ਨਰ, ਇਉਂ ਬੈਨ ਕਹੈਂ।

-ਇਹ ਡੂੰਮੰ ਤਾਂਹੀ ਭਾ ਜੁ ਕੁਰਾਹੀ- ਨਹਿਂ ਰਬਾਬ ਕੋ ਦੇਨਿ ਚਹੈ।

ਦੁਰਮਤਿ ਭ੍ਰਮ ਭੂਲੇ, ਜਸੁ ਪ੍ਰਤਿਕੂਲੇ, ਸਠ ਮੁਖ ਤੇ ਨਿੰਦ ਬਖਾਨੇ।

ਹੌਂ ਮਨ ਇਹ ਚਾਹੌਂ ਰਸਿਓ ਲਯਾਵੋਂ, ਸੋ ਪਾਇ ਨ ਨਗਰ ਖੁਜਾਨੇ ॥[91]

### 6.1.18 ਹਰਿਗੀਤਕਾ ਛੰਦ:

ਫਿਰਿ ਕਰਿ ਸਗਰੇ ਨਗਰ ਮੈਂ ਮਰਦਾਨਾ ਉਰ ਅਕੁਲਾਇ ਕੈ।

ਬੈਸੇ ਸ੍ਰੀ ਨਾਨਕ ਜਹਾਂ ਤਹਿਂ ਥਕਤ ਸੁ ਬੈਠੋ ਆਇਕੈ।

ਸ੍ਰੀ ਮੁਖ ਸੋਂ ਬੂਝਤਿ ਭਏ ਤਿਹ ਬਦਨਹਿ ਬਿਕਲ ਨਿਹਾਰਿ ਕੈ।

ਬਿਨ ਰਬਾਬ ਆਵਨ ਭਯੋ ਨਿਜ ਬਿਰਥਾ ਭਨਹੁ ਸੁਧਾਰਿ ਕੈ ॥੧੬॥[92]

### 6.1.19 ਚਿਤ੍ਰਪਦਾ ਛੰਦ:

ਸੂਰ, ਸੁਰਾਨਿ ਕੇ ਹਾਨਿ ਕਰੇ ਛਿਤ ਆਨਤਿ ਭੇ ਬਨਿ ਕੇ ਤਨ ਸੂਰ।

ਸੂਰਤ ਸੁੰਦਰ ਜੋ ਸਿਮਰੈ ਉਰ ਮੈਂ ਤਤ ਗਯਾਨ ਲਹੈ ਮਤਿ ਸੂਰ।

---

[90] ਜਿਲਦ ਤੀਜੀ, ਪੰਨਾ 389

* ਭਾਈ ਵੀਰ ਸਿੰਘ ਛੰਦ ਦੇ ਇਸ ਨਾਮ ਨੂੰ ਕਿਸੇ ਲਿਖਾਰੀ ਦੀ ਗਲਤੀ ਆਖਦੇ ਹੋਏ ਛੰਦ ਦਾ ਅਸਲੀ ਨਾਮ 'ਮਾਤ੍ਰਿਕ ਦੁਰਮਿਲ ਲਿਖਿਆ ਹੈ। -ਭਾਗ ਤੀਜਾ, ਪੰਨਾ 423

[91] ਜਿਲਦ ਤੀਜੀ, ਪੰਨਾ 423

[92] ਉਹੀ, ਪੰਨਾ 422

ਸੂਰ ਗਹੈ ਕਰ ਮੈਂ ਰਣ ਕੇ ਪ੍ਰਿਯ ਨਿੰਦਕ ਜੇ ਦੁਖ ਪਾਇ ਬਿਸੂਰ।

ਸੂਰ ਬਿਸਾਲ ਕ੍ਰਿਪਾਲ ਗੁਰੂ ਹਰਿ ਗੋਬਿੰਦ ਜੀ ਤਮ ਸ਼ੱਤ੍ਰਨ ਸੂਰ ॥੧੩॥ [93]

**6.1.20 ਪਾਧੜੀ ਛੰਦ:**

ਕਰਿ ਖਾਨ ਪਾਨ ਸਵਧਾਨ ਬੀਰ। ਕਰਤਾਰ ਪੁਰੇ ਚਹੁੰ ਦਿਸ਼ਨਿ ਭੀਰ।

ਹੁਇ ਸਨਧ ਬੱਧ ਭਟ ਅਰਧ ਜੋਇ। ਬਿਸਰਾਮ ਹੇਤੁ ਲਿਹੁ ਅਰਧ ਸੋਇ ॥ ੨ ॥[94]

**6.1.21 ਲਲਿਤਪਦੁ ਛੰਦ:**

ਹੁਕਮ ਕੀਨਿ ਸ੍ਰੀ ਸਤਿਗੁਰ ਪੂਰੇ ਸ਼ਸਤ੍ਰ ਨਿਕਾਸੋ ਸਾਰੇ।

ਮੈਲ ਨਿਵਿਰਤਹਿ ਮਾਰਵਾਰਿਯੇ ਪੂਜਹਿ ਬਹੁਰ ਸੁਧਾਰੇ ॥ ੨ ॥[95]

**6.1.22 ਤੋਮਰ ਛੰਦ:**

ਸਰਿਤਾ ਗਿਰੀ ਜਿਸ ਨਾਇ। ਤਿਸ ਮੈਂ ਗਿਰੇ ਬਹੁ ਜਾਇ।

ਤਰ ਹੋਇ ਪਾਰਹਿ ਕੋਇ। ਬਿਚ ਡੂਬਿ ਗੇ ਤਿਸ ਜੋਇ ॥ ੩ ॥[96]

**6.1.23 ਮਰਹਰੀ ਛੰਦ:**

ਸੁਨਿਯੇ ਮਰਦਾਨਾ! ਕਰਿ ਗੁਜਰਾਨਾ ਜਿਹ ਬਿਧਿ ਹੋਇ ਤੁਮਾਰ।

ਰਹੁ ਪੁਰਿ ਸੁਲਤਾਨਾ ਕਰਿ ਘਰ ਖਾਨਾ ਦੋਨੋ ਕਾਲ ਅਹਾਰ।

ਜੇ ਗਵਨਹੁ ਆਨਾ ਲਿਹੁ ਧਨ ਪਾਨਾ, ਕਰਿ ਖਰੀਦ ਤਹਿ ਖਾਉ।

ਨਾ ਕਰਹੁ ਪਯਾਨਾ, ਰਹੁ ਇਹ ਥਾਨਾ, ਨਾਨਕ ਢਿਗ ਹਰਿਖਾਉ ॥ ੨੪ ॥[97]

---

[93] ਜਿਲਦ ਪੰਜਵੀਂ, ਪੰਨਾ 1282

[94] ਜਿਲਦ ਨੌਵੀਂ, ਪੰਨਾ 3387

[95] ਜਿਲਦ ਤੇਰਵੀਂ, ਪੰਨਾ 5340

[96] ਪੋਥੀ ਗਿਆਰਵੀਂ, ਪੰਨਾ 4818

[97] ਜਿਲਦ ਤੀਜੀ, ਪੰਨਾ 431

### 6.1.24 ਹਾਕਲ ਛੰਦ:

ਇਕ ਨਾਹਨ ਨਗਰ ਬਿਰਾਜਾ। ਗਿਰ ਊਪਰ ਸੁੰਦਰ ਸਾਜਾ।

ਦੁਤਿ ਅਦਭੁਤ ਜਿਸ ਕੀ ਸੋਹੈ। ਥਲ ਤੁੰਗ ਮਹਿਤ ਪਰ ਜੋ ਹੈ ॥ ੨ ॥

ਤਹਿ ਰਾਜਾ ਰਾਜ ਕਰੰਤਾ। ਰਜਧਾਨੀ ਠਾਨਿ ਬਸੰਤਾ।

ਪਰਕਾਸ਼ ਮੇਦਨੀ ਨਾਮੂ। ਤਿਨ ਸੁਨੋ ਗੁਰੂ ਅਭਿਰਾਮੂ ॥ ੩ ॥[98]

### 6.1.25 ਤੋਟਕ ਛੰਦ:

ਕਰ ਜੋਰਿ ਨਰੇਸ਼੍ਵਰ ਬਾਕ ਕਹੈ। 'ਬਿਸਰਾਮ ਕਰੋ ਇਸਥਾਨ ਅਹੈ'।

ਉਤਰੇ ਸੁਨਿ ਛੋਰਿ ਤੁਰੰਗ ਬਲੀ। ਪਰਯੰਕ ਥਿਰੇ ਤਹਿਂ ਭਾਂਤਿ ਭਲੀ॥ ੨੨ ॥

ਚਿਰ ਕੇਤਿਕ ਬੈਠਿ ਮਹੀਪ ਗਯੋ। ਹਿਤ ਸੇਵ ਸਮਾਜ ਪਠਾਇ ਦਯੋ।

ਘ੍ਰਿਤ ਚੂਨ ਸਿਤਾ ਬਹੁ ਤਯਾਰ ਕੀਏ। ਜੁਤਿ ਚਾਵਰਿ ਸੂਖਮ ਭੇਜਿ ਦੀਏ॥ ੨੩ ॥[99]

### 6.1.26 ਨਿਸ਼ਾਨੀ ਛੰਦ:

ਤਬਿ ਤੇ ਜੰਗ ਸਮਾਜ ਕੋ, ਅਧਿਕਾਇ ਵਧਾਵਹਿ। ਤਾਰੀ ਸ਼ਸਤ੍ਰ ਤੁਰੰਗ ਕੀ, ਨੀਕੇ ਕਰਿਵਾਵਹਿ।

ਬਖਸ਼ਤਿ ਹੈਂ ਗਨ ਸੁਭਟ ਕੋ, ਬਹੁ ਦੇ ਉਤਸਾਹਾ। ਛੁਟਹਿ ਤੁਫੰਗਨ ਕੀ ਸ਼ਲਖ, ਬਡ ਨਾਦ ਉਠਾਹਾ॥[100]

## 6.2 ਰਸ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵੱਖ-ਵੱਖ ਪ੍ਰਸੰਗਾਂ ਦੇ ਭਾਵਾਂ ਅਨੁਸਾਰ ਰਸਾਂ ਦੀ ਸੁੰਦਰ ਅਭਿਵਿਅਕਤੀ ਹੋਈ ਹੈ ਜਿਸ ਨਾਲ ਪ੍ਰਸੰਗਾਂ ਵਿਚ ਰੋਚਕਤਾ ਅਤੇ ਕਾਵਿਕ ਸੁੰਦਰਤਾ ਪੈਦਾ ਹੋਈ ਹੈ। ਭਾਈ ਸੰਤੋਖ ਸਿੰਘ ਨੇ ਇਸ ਗ੍ਰੰਥ ਨੂੰ 9 ਰਸਾਂ ਨਾਲ ਭਰਪੂਰ ਰਚਨਾ ਕਿਹਾ ਹੈ-

ਭਏ ਪ੍ਰਕਰਣ ਸਰਬ ਕੇ ਬਾਈ। ਨੈ ਰਸ ਤੇ ਪੂਰਨ ਮਤ ਥਾਂਈ।

---

98 ਜਿਲਦ ਗਿਆਰਵੀਂ, ਪੰਨਾ 4660

99 ਉਹੀ, ਪੰਨਾ 4671

100 ਉਹੀ, ਪੰਨਾ 4656

ਡਾ. ਗੋਇਲ ਅਨੁਸਾਰ[101] ਇਸ ਗ੍ਰੰਥ ਵਿਚ ਮੁੱਖ ਰੂਪ ਵਿਚ ਸਾਂਤ ਰਸ ਅਤੇ ਬੀਰ ਰਸ ਦਾ ਪ੍ਰਗਟਾਅ ਹੋਇਆ ਹੈ। ਉਸ ਤੋਂ ਬਾਅਦ ਅਦਭੁਤ ਰਸ, ਕਰੁਣਾ ਰਸ ਅਤੇ ਸ਼ਿੰਗਾਰ ਰਸ ਦਾ ਸਥਾਨ ਹੈ। ਰੌਦ੍ਰ ਰਸ, ਵੀਭਤਸ ਰਸ ਅਤੇ ਭਿਆਨਕ ਰਸ ਦਾ ਜਿਆਦਾਤਰ ਬੀਰ ਰਸ ਦੇ ਨਾਲ ਹੀ ਚਿਤ੍ਰਿਤ ਹੋਏ ਹਨ। ਹਾਸ ਰਸ ਬਹੁਤ ਘੱਟ ਹੈ। ਇਨ੍ਹਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ-

### 6.2.1 ਸਾਂਤ ਰਸ

ਸੁੰਦਰ ਮੰਦਰ ਆਂਗਨਾ ਸੇਜਾ ਅੰਤ ਸਮੇ ਜਮ ਗਹਿ ਕਰਿ ਲੇ ਜਾ।

ਚਤੁਰੰਗਨ ਧੁਜਨੀ ਬਲ ਧਰਨੀ ਤਿਹ ਛਿਨ ਕਾਹੁ ਨ ਤੇ ਹੁਇ ਕਰਨੀ ॥ ੪੦ ॥

ਗਜ, ਬਾਜੀ, ਸੰਦਨ, ਬਹੁ ਰੰਗੇ ਹੋਤਿ ਕੋਸ਼, ਗਮਨੇ ਪਗ ਨਗੇ

ਸਿਵਕਾ, ਡੋਰੇ ਤਜਿ ਕਰਿ ਨਾਨਾ ਨਾਮ ਬਿਨਾ ਜਮ ਪੁਰੀ ਪਯਾਨਾ ॥ ੪੧ ॥[102]

### 6.2.2 ਬੀਰ ਰਸ

ਥਿਰੋ ਗਗਨ ਮਹਿ ਹੇਰਤਿ ਜੁੱਧਾ। ਦੋਨਹੁਂ ਬੀਰ ਭਰੇ ਉਰ ਕ੍ਰੁੱਧਾ।

ਕਬਹੁ ਖਾਨ ਗੁਰੁ ਊਪਰ ਆਵੈ। ਕਬਹੁ ਖਾਨ ਪਰ ਸ਼੍ਰੀ ਗੁਰ ਜਾਵੈ॥ ੧੬ ॥

ਕਬਿ ਬਾਵੈ ਨਿਕਸਹਿ ਕਬਿ ਦਾਏ। ਬਿਚਰਤਿ ਉਛਰਤਿ ਖੜਗ ਉਠਾਏ।

ਅਬਦੁਲ ਖਾਂ ਤਬਿ ਵਾਰ ਪ੍ਰਹਾਰਾ। ਖੜਗ ਅੱਗ੍ਰ ਕਰਿ ਗੁਰੂ ਸਹਾਰਾ॥ ੧੭ ॥

ਬਹੁਰ ਹਟਯੋ ਲਖਿ ਛੂਛੋ ਵਾਰਿ। ਸਤਿਗੁਰ ਫਾਂਦਤਿ ਹਾਥ ਉਭਾਰਿ।

ਊਚੇ ਬੋਲਿ ਕਰਯੋ ਰਿਪੁ ਡਾਟਨਿ। ਤਕਯੋ ਤਰੇ ਕੋ ਜੰਘਨ ਕਾਟਨਿ॥ ੧੮ ॥[103]

### 6.2.3 ਅਦਭੁਤ ਰਸ

ਜੋ ਸੰਗਤਿ ਰੁਚਿ ਕਰਤਿ ਅਹਾਰਾ। ਸੋ ਮੁਝ ਪਹੁੰਚੈ ਸ੍ਵਾਦਲ ਸਾਰਾ।

---

[101] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ,* ਪੰਨੇ 69-70

[102] ਜਿਲਦ ਦੂਜੀ, ਪੰਨਾ 71

[103] ਜਿਲਦ ਅਠਵੀਂ, ਪੰਨਾ 2969

ਕਰਤੇ ਚੁਰਾ ਬਚਨ ਇਮ ਕਹੈ। ਦੇਖੋ ਮੁਖ ਮੇਰੇ ਮਹਿ ਅਹੈ॥ ੧੦ ॥

ਕਰਿਕੈ ਚੁਰਾ ਦਿਖਾਵਨ ਕੀਨਾ। ਸਕਲ ਅਸਨ ਕਨ ਤਿਸ ਮਹਿ ਚੀਨਾ।[104]

### 6.2.4 ਕਰੁਣਾ ਰਸ

ਜਹਿਂ ਕਹਿਂ ਬਿਧਵਾ ਗਨ ਤੁਰਕਾਨੀ। ਸਿਰ ਮੁਖ ਪੀਟਤਿ ਦੁਖੀ ਮਹਾਨੀ।

ਉਤ ਕਾਲ ਅਰ ਦਿੱਲੀ ਦੇਸ਼। ਚਾਕਰ ਗ੍ਰਾਮਨਿ ਨਗਰ ਅਸ਼ੇਸ਼॥ ੩੭ ॥

ਸ਼ੋਕ ਬਾਸ ਕਰਿ ਬਿਚ ਤੁਰਕਾਨੇ। ਭ੍ਰਾਤ ਪਿਤਾਦਿ ਬੰਧੁ ਜਿਨ ਹਾਨੇ।

ਕਿਸ ਕੋ ਪੁਤ੍ਰ ਭਤੀਜਾ ਕਾਹੂ। ਭਏ ਸੰਘਾਰਨ ਸੰਘਰ ਮਾਂਹੂ॥ ੩੮ ॥[105]

### 6.2.5 ਸ਼ਿੰਗਾਰ ਰਸ

ਸ਼ਮਸ ਬਦਨ ਪਰ ਸੁੰਦਰ ਸੋਹੀ। ਮਧੁਪਾਵਲ ਪੰਕਜ ਪਰ ਹੋਹੀ।

ਕੁੰਡਲ ਚੰਚੱਲ ਕਾਨਨ ਮਾਂਹੀ। ਮੁਖ ਮੰਡਲ ਪਰ ਸ਼ੋਭਤਿ ਛਾਹੀ॥ ੨੫ ॥

ਕ੍ਰਿਪਾ ਭਰੇ ਦੋ ਨੈਨ ਰਸੀਲੇ। ਚਿਤਵਨ ਤਿਰਛੇ ਛਕਤਿ ਛਬੀਲੇ।

...ਸੀਸ ਬੰਧੀ ਉਸ਼ਨੀਕ ਸੁਹਾਈ। ਊਪਰ ਜਿਗਾ ਅਧਿਕ ਛਬਿ ਛਾਈ॥੨੭॥

ਕਲਗੀ ਝੁਲਤਿ ਉਤੰਗ ਸੁਰੰਗਾ। ਜਟਤਿ ਜਵਾਹਰ ਜੇ ਬਹੁ ਰੰਗਾ।[106]

### 6.2.6 ਰੌਦ੍ਰ ਰਸ

ਸੁਨਿ ਪ੍ਰਭਿ ਕੇ ਰਿਸ ਭਈ ਘਨੇਰੀ। ਜਲਤ ਅਗਨਿ ਬਹੁਤੀ ਜਨੁ ਹੇਰੀ॥ ੧੧ ॥

ਹੁਕਮ ਕਰਯੋ ਪ੍ਰਭੁ ਬਜਹਿ ਨਗਾਰਾ। ਸਕਲ ਖਾਲਸਾ ਚਢਹਿ ਸ਼ਿਕਾਰਾ।

...ਪਰੀ ਦੁਬੋਚ ਖਾਲਸਾ ਚਢਯੋ। ਸ਼ਸਤ੍ਰਨ ਸਹਤ ਬੀਰ ਰਸ ਬਢਯੋ।

ਕ੍ਰੁੱਧਤਿ ਪ੍ਰਭੂ ਕਰਯੋ ਪ੍ਰਸਥਾਨਾ। ਥਰਹਰ ਪ੍ਰਿਥਵੀ ਕੰਪ ਮਹਾਨਾ॥ ੧੪ ॥[107]

---

[104] ਰਾਸਿ 1, ਅੰਸੂ 65, ਉਧਰਿਤ *ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ*, ਪੰਨਾ 94

[105] ਜਿਲਦ ਨੌਵੀਂ, ਪੰਨਾ 3432

[106] ਜਿਲਦ ਬਾਹਰਵੀਂ, ਪੰਨਾ 5048

[107] ਰਿਤੁ 4, ਅੰਸੂ 48 ਉਧਰਿਤ ਜਿਲਦ ਪਹਿਲੀ, ਪੰਨਾ 204

### 6.2.7 ਵੀਭਤਸ ਰਸ

ਟੂਟੇ ਚਰਨ, ਫੁਟੀ ਕਿਸ ਛਾਤੀ, ਕੋ ਕਟ ਤੇ ਕਟਿ ਡਾਰਾ।

ਕਾਨ ਕਟੇ, ਕਿਹ ਪਾਨ ਕਟੇ, ਕਿਹ ਪੇਟ ਫਟੇ, ਕਟ ਫਾਰਾ॥ ੩੪ ॥

ਨੈਨ ਫੂਟਿ ਕੋ ਅੰਧ ਭਯੋ ਭਟ, ਜੰਘ ਕਾਂਹੁ ਕੀ ਫੂਟੀ।

ਕੇਚਿਤ ਸ਼੍ਰੋਣਤ ਨਿਚੁਰਤਿ ਬਿਚਰਤਿ ਕਿਸ ਕੀ ਮੁੰਡੀਆ ਟੂਟੀ॥ ੩੫ ॥[108]

### 6.2.8 ਭਿਆਨਕ ਰਸ

ਕੰਪਮਾਨ ਤਨ ਭੈ ਵਡ ਧਾਰੀ। ਨਿਸ਼ਚੈ ਕਰਿ ਨ ਸਕੈ, ਸੁਧ ਹਾਰੀ।

ਤਬ ਲੌ ਸ੍ਰੀ ਨਰਸਿੰਘ ਬਿਸਾਲਾ। ਗਰਜ ਉਠੇ ਕਰਿ ਸ਼ਬਦ ਕਰਾਲਾ ॥੧੩॥

ਬਾਰ ਬਾਰ ਮੁਖ ਲੇਤਿ ਜੰਭਾਈ। ਦੇਖਤਿ ਦਾੜ੍ਹੈਂ ਧੀਰ ਨਸਾਈ।

ਸ਼੍ਰੋਨਤਿ ਸਰਸੇ ਆਰੁਨ ਲੋਚਨ। ਜੀਭ ਖੜਗ ਸਮ ਜਨ ਦੁਖ ਮੋਚਨ ॥੧੪॥

.....ਕੁਟਿਲ ਬਿਕਟ ਨਖ ਅਤਿਸ਼ੈ ਘੋਰਾ। ਬਜ੍ਰ ਆਦਿ ਤੇ ਅਧਿਕ ਕਠੋਰਾ।

ਦੇਖਤਿ ਭਾਜੇ ਦਾਨਵ ਸਰਬਾ। ਦੈਂਤਰਾਜ ਗਹਿ ਗਦਾ ਸੁ ਗਰਬਾ॥੧੭॥ [109]

### 6.2.9 ਹਾਸ ਰਸ

ਬਿਗਸਤ ਖੜਗ ਸਿਪਰ ਤਬ ਬਖ਼ਸ਼ੇ, ਬੂਝਤ ਭਯੋ ਹਤਨ ਕੋ ਦਾਇ।

'ਕਿਸ ਕਰ ਸਿਪਰ ਗਹੌਂ? ਕਿਸ ਮੈਂ ਅਸਿ? ਕਿਮ ਮਾਰੌਂ ਮੈਂ ਦੁਹੁ ਬਤਾਇ'।

ਦੇਖਤ ਸੁਨਤਿ ਦੁਹਨਿ ਦਿਸਿਕੇ ਭਟ ਹਸਹਿ ਪਰਸਪਰ ਪੁਨ ਬਿਸਮਾਇੰ॥ ੪ ॥[110]

## 6.3 ਅਲੰਕਾਰ

*ਅਲੰਕਾਰ ਇੱਕ ਭਾਰਤੀ ਸਿਧਾਂਤ ਹੈ ਜਿਸ ਦੀ ਵਰਤੋਂ ਕਾਵਿ ਦੀ ਬਾਹਰੀ ਸੁੰਦਰਤਾ ਵਧਾਉਣ ਲਈ*

---

[108] ਜਿਲਦ ਬਾਹਰਵੀਂ, ਪੰਨਾ 5318

[109] ਜਿਲਦ ਤੀਜੀ, ਪੰਨੇ 726-27

[110] ਰਿਤੁ 2, ਅੰਸੂ 9 ਉਧਰਿਤ ਜਿਲਦ ਪਹਿਲੀ, ਪੰਨਾ 202

*ਕੀਤੀ ਜਾਂਦੀ ਹੈ। ਇਸ ਸਿਧਾਂਤ ਨੂੰ ਪ੍ਰਾਚੀਨ ਸਿਧਾਂਤ ਮੰਨਿਆ ਜਾਂਦਾ ਹੈ ਜਿਸ ਨੂੰ ਘੜਨ ਵਾਲਾ ਸਿਧਾਂਤਕਾਰ ਆਨੰਦ ਵਰਧਨ ਹੈ। ਆਨੰਦ ਵਰਧਨ ਨੇ "ਅਲੰਕਾਰ" ਨੂੰ ਕਾਵਿ ਦੀ ਆਤਮਾ ਕਿਹਾ ਹੈ ਜੋ ਕਾਵਿ ਦੀ ਸ਼ੋਭਾ ਵਧਾਉਂਦੀ ਹੈ। ਇਹ ਮਨੁੱਖੀ ਭਾਵਾਂ ਦੇ ਪ੍ਰਭਾਵਸ਼ਾਲੀ ਅਤੇ ਆਕਰਸ਼ਕ ਪ੍ਰਗਟਾਅ ਦੇ ਵਿਚ ਸਹਾਇਤਾ ਕਰਨ ਵਾਲੇ ਉਪਾਦਾਨ ਦਾ ਕਾਰਜ ਕਰਦੇ ਹਨ।*[111] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਅਲੰਕਾਰਾਂ ਸੰਬੰਧੀ ਵਿਸ਼ਾਲ ਗਿਆਨ ਦੇ ਧਾਰਨੀ ਸਨ। ਜਪੁ ਜੀ ਸਾਹਿਬ ਦੇ ਅਲੰਕ੍ਰਿਤ ਟੀਕੇ 'ਗਰਬ ਗੰਜਨੀ' ਵਿਚ ਉਨ੍ਹਾਂ ਨੇ ਲਗ-ਪਗ 50 ਅਲੰਕਾਰਾਂ ਦਾ ਲੱਛਣਾਂ ਸਹਿਤ ਵਰਣਨ ਕੀਤਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਉਣ ਵਾਲੇ ਕੁੱਝ ਅਲੰਕਾਰ ਨਮੂਨੇ ਵਜੋਂ ਪੇਸ਼ ਕੀਤੇ ਜਾ ਰਹੇ ਹਨ-

### 6.3.1 ਉਪਮਾ ਅਲੰਕਾਰ

ਹਰਿਗੋਬਿੰਦ ਨੰਦਨ ਨੰਦਨ ਕੋ, ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੁੰਦ ਨਿਕੰਦਨ ਆਨਦ ਕੰਦ, ਮੁਕੰਦ ਬਿਲਦ ਕਰੇ ਜਿਨ ਹਿੰਦੂ।
ਤੁਰਕਿੰਦ ਉਡਿੰਦ ਦਿਨਿਦ ਤਿਨੇ, ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲ, ਬਲਵੰਡ ਅਖੰਡ ਸੁਰਿੰਦਹਿ ਇੰਦੂ ॥੨੩॥[112]

### 6.3.2 ਦ੍ਰਿਸ਼ਟਾਂਤ ਅਲੰਕਾਰ:

ਇਸ ਭਾਂਤਿ ਲਗਯੋ ਸਿਰ ਫੋਰ ਦਯੋ। ਨਿਕਸੀ ਮਿਝ ਸੇਤ ਸੁ ਮ੍ਰਿੱਤ ਭਯੋ।
....ਗੁਰ ਸ੍ਰੀ ਮੁਖ ਤੇ ਉਪਮਾ ਸੁ ਭਨੀ। ਦਧਿ ਕੀ ਮਟਕੀ ਜਨੁ ਸ਼ਯਾਮ ਹਨੀ।
ਜਿਮ ਭੀਮ ਗਦਾ ਗਹਿ ਹਾਥਨ ਮੈ। ਦੁਰਜੋਧਨ ਕੇ ਹਨੀ ਪਾਟਨ ਮੈਂ॥ ੩੭॥[113]

### 6.3.3 ਅਨੁਪ੍ਰਾਸ ਅਲੰਕਾਰ

---

111 https://pa.wikipedia.org/wiki/%E0%A8%85%E0%A8%B2%E0%A9%B0%E0%A8%95%E0%A8%BE%E0%A8%B0_(%E0%A8%B8%E0%A8%BE%E0%A8%B9%E0%A8%BF%E0%A8%A4)

112 ਜਿਲਦ ਪੰਜਵੀਂ, ਪੰਨੇ 1305-06

113 ਜਿਲਦ ਗਿਆਰਵੀਂ, ਪੰਨੇ 4803-04

ਥਿਤਿ ਦਾ ਚਿਤ ਕੀ, ਨਿਤ ਦਾ ਬਿਤ ਕੀ, ਹਿਤ ਦਾ ਕਿਤ ਕੀ, ਸੁਨਿ ਹੰਤ ਜਰੀ।

ਸ਼ਰਧਾ ਗੁਰ ਕੀ ਸੁਧ ਦਾ ਉਰ ਕੀ, ਹਰਤਾ ਜੁਰ ਕੀ ਸੁਖ ਪੁੰਜ ਜਰੀ।

ਸਭਿ ਸਾਰ ਮਥਾ, ਘ੍ਰਿਤ ਆਰ ਜਥਾ, ਇਹ ਚਾਰੁ ਕਥਾ ਅਜਰਾਨ ਜਰੀ।

ਗੁਨ ਬਿੰਦ੍ਰ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦ ਬਿਲੰਦ ਜਰਾਉ ਜਰੀ ॥੪੦॥[114]

### 6.3.4 ਰੂਪਕ ਅਲੰਕਾਰ

ਸਿੰਘਾਸਨ ਸੰਤੋਖ ਪਰ, ਸਤ ਛਤਰ ਅਭਿਰਾਮੁ।

ਸਤਨਾਮ ਝੰਡਾ ਝੁਲਤਿ, ਰਾਜਤਿ ਸਤਿਗੁਰ ਰਾਮ ॥

ਮੈਤ੍ਰੀ, ਧ੍ਰਿਤ, ਕਰੁਨਾ, ਖਿਮਾ, ਮੁਦਿਤਾ, ਆਠਹੁ ਜਾਮ।

...ਸੰਤਨ ਕੀ ਸੈਨਾ ਸਹਤ, ਰਾਜਤਿ ਸਤਿਗੁਰ ਰਾਮ ॥[115]

## 7. ਇਕ ਸ਼ਬਦ ਦੇ ਬਹੁਅਰਥੀ ਰੂਪ ਵਿਚ ਵਰਤੋਂ ਦੇ ਕੁੱਝ ਨਮੂਨੇ:

### 7.1 ਬੇਰੀ

ਸਤਿਗੁਰ ਮਮ ਬੇਰੀ ਕਟਹੁ, ਨਿਜ ਬੇਰੀ ਪਰ ਚਾਰਿ

ਇਸ ਬੇਰੀ ਹੈ ਭਵ ਸੁਫਲ, ਬਿਨ ਬੇਰੀ ਕਰਿ ਪਾਰ ॥੧॥[116]

### 7.2 ਸਾਰੰਗ

ਸਾਰੰਗ ਪੈ ਕਬਿ ਸਾਰੰਗ ਪੈ ਚਢਿ, ਸਾਰੰਗ ਸਤ੍ਰਨਿ ਕੋ ਬਲਿ ਸਾਰੰਗ।

ਸਾਰੰਗ ਜਯੋਂ ਜਗਿ ਮੈਂ ਕੁਲ ਸਾਰੰਗ, ਸਾਰੰਗ ਗਯਾਨ ਪ੍ਰਕਾਸ਼ਨਿ ਸਾਰੰਗ।

ਸਾਰੰਗ ਦਾਸਨਿ ਕੋ ਪ੍ਰਿਯ ਸਾਰੰਗ, ਸਾਰੰਗ ਦੋਸ਼ਨਿ ਕੋ ਸਮ ਸਾਰੰਗ।

---

114 ਜਿਲਦ ਗਿਆਰਵੀਂ, ਪੰਨਾ 4496 (ਇਹ ਛੰਦ ਥੋੜ੍ਹੇ ਜਿਹੇ ਪਾਠਾਂਤਰ ਨਾਲ ਰਾਸਿ ਪਹਿਲੀ ਦੇ ਅੰਸੂ 1 ਵਿਚ 40 ਨੰ. ਅੰਕ 'ਤੇ ਵੀ ਮੌਜੂਦ ਹੈ। -ਜਿਲਦ ਪੰਜਵੀਂ, ਪੰਨਾ 1306)

115 ਜਿਲਦ ਪੰਜਵੀਂ, ਪੰਨਾ 1647

116 ਜਿਲਦ ਤੀਜੀ, ਪੰਨਾ 725

ਸਾਰੰਗ ਪਾਨਿ ਭਯੋ ਨਰ ਸਾਰੰਗ, ਸਾਰੰਗ ਸ੍ਰੀ ਹਰਿ ਗੋਬਿੰਦ ਸਾਰੰਗ ॥ [117]

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਬਾਰੇ ਵੱਖ-ਵੱਖ ਵਿਦਵਾਨ ਸ਼ਖ਼ਸੀਅਤਾਂ ਦੇ ਵਿਚਾਰ

ਭਾਈ ਸੰਤੋਖ ਸਿੰਘ ਦੁਆਰਾ ਰਚਿਤ ਇਹ ਗ੍ਰੰਥ ਸਿੱਖ ਇਤਿਹਾਸ ਦਾ ਇਕ ਆਧਾਰਭੂਤ ਸ੍ਰੋਤ ਹੈ ਜਿਸ ਨੂੰ ਬਾਅਦ ਦੇ ਲਿਖਾਰੀਆਂ ਨੇ ਆਪਣੀਆਂ ਰਚਨਾਵਾਂ ਲਈ ਇਕ ਸ੍ਰੋਤ ਵਜੋਂ ਵਰਤਿਆ। ਬੇਸ਼ੱਕ ਇਸ ਗ੍ਰੰਥ ਦੇ ਮਹੱਤਵ ਤੋਂ ਅਣਜਾਣ ਕੁੱਝ ਅਲਪ ਬੁੱਧੀਆਂ ਦੁਆਰਾ ਇਸ ਗ੍ਰੰਥ ਨੂੰ ਬਿਨਾਂ ਪੜ੍ਹੇ-ਵਿਚਾਰੇ ਇਸ ਨੂੰ ਸਿੱਖ ਵਿਰੋਧੀ ਰਚਨਾ ਤੱਕ ਵੀ ਕਿਹਾ ਜਾਂਦਾ ਹੈ ਪਰ ਇਸ ਨੂੰ ਵਿਚਾਰਨ ਵਾਲੇ ਵਿਦਵਾਨਾਂ ਲਈ ਇਹ ਇਕ ਕੀਮਤੀ ਸਿੱਖ ਸ੍ਰੋਤ ਗ੍ਰੰਥ ਹੈ। ਇਨ੍ਹਾਂ ਵਿਚੋਂ ਕੁੱਝ ਵਿਦਵਾਨਾਂ ਦੇ ਪ੍ਰਾਪਤ ਹੋਣ ਵਾਲੇ ਵਿਚਾਰ ਇਸ ਪ੍ਰਕਾਰ ਹਨ-

### ਭਾਈ ਵੀਰ ਸਿੰਘ

ਸ੍ਰੀ ਕਲਗੀਆਂ ਵਾਲੇ ਦੇ ਆਦਰਸ਼ ਮੂਜਬ ਖਾਲਸਾ ਹੋਣਾ, ਅੰਦਰੋਂ ਜਾਗਦੀ ਜੋਤ ਨਾਲ ਲਗੇ ਹੋਣਾ, ਬਾਹਰੋਂ ਪਰਉਕਾਰ ਵਿਚ ਵੱਸਣਾ; ਏਹ ਤੇ ਹੋਰ ਸਾਰੇ ਗੁਣਾਂ ਦਾ ਉਪਦੇਸ਼ ਇਸ ਗ੍ਰੰਥ ਵਿਚ ਹੈ। ਇਸ ਵਿਚ 'ਇਹ ਕਰੋ, ਇਹ ਮਤ ਕਰੋ' ਦਾ ਨਿਰਾ ਖੁਸ਼ਕ ਤੇ ਬੇਰਸ ਉਪਦੇਸ਼ ਮਾਤ੍ਰ ਦਾ ਸੰਗ੍ਰਹ ਨਹੀਂ, ਸਗੋਂ ਇਸ ਵਿਚੋਂ ਕਮਾਲ ਦੇ ਪਵਿਤ੍ਰਤਾ ਵਾਲੇ, ਪਿਆਰ ਤੇ ਕੁਰਬਾਨੀਆਂ ਵਾਲੇ ਜੀਵਨ ਦੀ ਮਨੋਹਰ ਕਥਾ ਵਿਚ ਪ੍ਰੋਤਾ ਹੋਇਆ ਉਪਦੇਸ਼ ਮਿਲਦਾ ਹੈ, ਜੋ ਰਸਮਯ ਅਤੇ ਸੁਆਦਲਾ ਹੈ।[118]

### *ਡਾ. ਜੈ ਭਗਵਾਨ ਗੋਇਲ*

ਮੌਜੂਦਾ ਸਮੇਂ ਵਿਚ ਇਹ ਇਕੋ ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਇੰਨ੍ਹੇ ਵਿਸਥਾਰ ਸਹਿਤ ਗੁਰ ਇਤਿਹਾਸ ਲਿਖਿਆ ਗਿਆ ਹੈ। ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਿੰਨੀ ਨਿੱਗਰ ਯਥਾਰਥ ਇਤਿਹਾਸਕ ਸਮੱਗਰੀ ਇਸ ਗ੍ਰੰਥ ਵਿਚੋਂ ਮਿਲਦੀ ਹੈ ਉਹ ਕਿਧਰੇ ਹੋਰ ਨਹੀਂ ਮਿਲਦੀ।[119]ਇਹ ਪੌਰਾਣਿਕ ਭਾਵਨਾ ਨਾਲ ਪ੍ਰੇਰਿਤ ਇਕ ਇਤਿਹਾਸਕਿ ਕਾਵਿ ਹੈ, ਜਿਸ ਵਿਚ ਸਿੱਖ ਗੁਰੂਆਂ ਦੀ ਚਰਿੱਤਰ-ਕਥਾ ਅਤੇ ਉਨ੍ਹਾਂ ਦੀ ਚਿੰਤਨ

---

117 ਜਿਲਦ ਚੌਦਵੀਂ, ਪੰਨਾ 6399

118 ਪੋਥੀ ਪਹਿਲੀ, ਪੰਨਾ 79

119 ਗੋਇਲ, ਜੈ ਭਗਵਾਨ, *ਗੁਰ ਪ੍ਰਤਾਪ ਸੂਰਜ (ਸੰਖਿਪਤ)*, ਪੰਨਾ 35

ਧਾਰਾ ਦਾ ਸੁੰਦਰ ਰੂਪ ਵਿਚ ਵਰਣਨ ਹੋਇਆ ਹੈ।[120]

**ਡਾ. ਪਿਆਰਾ ਸਿੰਘ ਪਦਮ**

ਜਾਇਸੀ ਵਾਲੀ ਕੋਮਲਤਾ, ਤੁਲਸੀ ਵਾਲੀ ਸਰਲਤਾ, ਸੂਰਦਾਸ ਵਾਲੀ ਮਧੁਰਤਾ ਤੇ ਕੇਸ਼ਵ ਦਾਸ ਵਾਲੀ ਵਿਦਵਤਾ ਦੀ ਚਮਕ ਜੇ ਅਸੀਂ ਕਿਸੇ ਥਾਂ ਇਕੱਠੀ ਹੀ ਦੇਖਣੀ ਹੋਵੇ ਤਾਂ ਭਾਈ ਸਾਹਿਬ ਦੀ ਰਚਨਾ ਵਿਚ ਇਸ ਦੇ ਸਹਿਜੇ ਹੀ ਦਰਸ਼ਨ ਹੋ ਜਾਂਦੇ ਹਨ।[121] ਇਹ ਗੱਲ ਬਗੈਰ ਕਿਸੇ ਬਹਿਸ ਦੇ ਹੀ ਮੰਨਣੀ ਪੈਂਦੀ ਹੈ ਕਿ ਭਾਈ ਸੰਤੋਖ ਸਿੰਘ ਦੀ ਕਾਵਿ ਖ਼ੂਬੀਆਂ ਭਰਪੂਰ ਇਤਿਹਾਸਕ ਮਹਾਨ ਰਚਨਾ ਨੂੰ ਕੋਈ ਨਹੀਂ ਪਹੁੰਚਦਾ, ਨਾ ਕੀ ਪੁਰਾਣਾ ਇਤਿਹਾਸਕਾਰ ਅਤੇ ਨਾ ਹੀ ਨਵਾਂ।..... ਜੇ ਅੱਜ 'ਸੂਰਜ ਪਰਕਾਸ਼' ਨੂੰ ਠੱਪ ਦੇਈਏ ਤਾਂ ਗੁਰੂਆਂ ਦਾ ਇਤਿਹਾਸ ਦੱਸਣ ਵਾਲੀ ਕੋਈ ਵੀ ਪੁਸਤਕ ਨਹੀਂ ਰਹਿ ਜਾਂਦੀ।[122]

**ਡਾ. ਸ਼ਮਸ਼ੇਰ ਸਿੰਘ ਅਸ਼ੋਕ**

ਸਿੱਖ-ਇਤਿਹਾਸ ਤੇ ਗੁਰ ਇਤਿਹਾਸ ਇਸ ਤੋਂ ਪਹਿਲਾਂ (ਸਿਵਾਇ ਜਨਮ ਸਾਖੀਆਂ, ਗੁਰ ਬਿਲਾਸ ਆਦਿ ਦੇ) ਕ੍ਰਮ ਰੂਪ ਵਿਚ ਨਹੀਂ ਲਿਖਿਆ ਗਿਆ।ਇਸ ਲਈ ਇਸ ਬਾਰੇ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਯ ਗ੍ਰੰਥ ਦੇ ਰੂਪ ਵਿਚ ਪਹਿਲ ਕੀਤੀ, ਸੋ ਇਸ ਵਾਸਤੇ ਉਨ੍ਹਾਂ ਦਾ ਇਹ ਪ੍ਰਬੰਧ ਕਾਵਯ ਕਵਿਤਾ ਦੇ ਰੂਪ ਵਿਚ ਹੋਣ ਦੇ ਬਾਵਜੂਦ ਵੀ ਇਸ ਸੰਬੰਧ ਵਿਚ ਇਕ ਪ੍ਰਕਾਰ ਦਾ ਮੀਲ ਪੱਥਰ ਹੈ, ਕਿਉਂਕਿ ਇਸ ਕਾਵਯ ਰਚਨਾ ਰਾਹੀਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਮੁੱਚੇ ਇਤਿਹਾਸ ਗੁਰੂ ਇਤਿਹਾਸ ਦੀ ਰੂਪ ਰੇਖਾ ਬੜੇ ਸੁਚੱਜੇ ਢੰਗ ਨਾਲ ਚਿਤ੍ਰਿਤ ਕੀਤੀ ਗਈ ਹੈ।[123]

**ਡਾ. ਕਿਰਪਾਲ ਸਿੰਘ ਹਿਸਟੋਰੀਅਨ**

ਸਿੱਖ ਇਤਿਹਾਸ ਦੇ ਸ੍ਰੋਤ ਗ੍ਰੰਥਾਂ ਵਿਚ ਇਸ ਗ੍ਰੰਥ ਦਾ ਇਕ ਵਿਸ਼ੇਸ਼ ਸਥਾਨ ਹੈ ਜੋ ਗੁਰ ਇਤਿਹਾਸ ਸੰਬੰਧੀ ਵਿਸਤ੍ਰਿਤ ਸਮੱਗਰੀ ਪ੍ਰਦਾਨ ਕਰਦਾ ਹੈ। ਦੂਸਰੇ ਸ੍ਰੋਤ ਗ੍ਰੰਥਾਂ ਦੀ ਤੁਲਨਾ ਵਿਚ ਇਹ ਇਤਿਹਾਸਕ ਪੱਖੋਂ

---

[120] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ: ਜੀਵਨ ਤੇ ਰਚਨਾ* , ਪੰਨਾ 51

[121] ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨਾ 70

[122] ਉਹੀ, ਪੰਨੇ 33-35

[123] *ਸਿੰਘ ਸਭਾ ਪਤ੍ਰਿਕਾ*, ਮਾਰਚ 1983, ਗੁਰਦਿੱਤ ਸਿੰਘ, ਗਿਆਨੀ (ਸੰਪਾ.), ਪੰਨਾ 23

ਮਹੱਤਵਪੂਰਨ ਗ੍ਰੰਥ ਹੈ। ਇਸ ਵਿਚਲੇ ਗੁਰਮਤਿ ਵਿਰੋਧੀ ਤੱਤਾਂ ਕਾਰਨ ਇਸ ਗ੍ਰੰਥ ਨੂੰ ਰੱਦ ਕਰਨ ਦੀ ਨਹੀਂ ਸਗੋਂ ਗੁਰਮਤਿ ਦੀ ਕਸਵਟੀ ਅਨੁਸਾਰ ਸਮਝਣ ਦੀ ਜ਼ਰੂਰਤ ਹੈ।[124]

### ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ

ਭਾਈ ਸੰਤੋਖ ਸਿੰਘ ਦੀ ਮਹਾਨ ਕ੍ਰਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜੋ ਕਿ 'ਸੂਰਜ ਪ੍ਰਕਾਸ਼' ਕਰਕੇ ਜਾਣਿਆ ਜਾਂਦਾ ਹੈ। ਮਹਾਂ-ਕਾਵਿ ਰੂਪ ਇਹ ਗ੍ਰੰਥ ਬ੍ਰਜ (ਗੁਰਮੁਖੀ ਲਿਪੀ) ਭਾਸ਼ਾ ਵਿਚ ਦਸਾਂ ਗੁਰੂਆਂ ਦੀ ਜੀਵਨੀਆਂ ਬਾਰੇ ਸੰਖਿਪਤ ਜਾਣਕਾਰੀ ਦਿੰਦਾ ਹੈ। ਆਪਣੀਆਂ ਕਈ ਇਤਿਹਾਸਿਕ ਖ਼ਾਮੀਆਂ ਦੇ ਬਾਵਜੂਦ ਵੀ ਇਹ ਸਿੱਖ ਗੁਰੂਆਂ ਦੇ ਸੋਮੇ ਨਾਲ ਸੰਬੰਧਿਤ ਇਤਿਹਾਸ ਲਈ ਇਕ ਵੱਡਾ ਸੋਮਾ ਰਿਹਾ ਹੈ।[125]

### ਡਾ. ਰਤਨ ਸਿੰਘ ਜੱਗੀ

ਗੁਰ ਪ੍ਰਤਾਪ ਸੂਰਜ (ਗੁਰ ਨਾਨਕ ਪ੍ਰਕਾਸ਼ ਸਹਿਤ) ਕੇਵਲ ਗੁਰੂ ਸਾਹਿਬਾਨ ਦੇ ਉਪਕਾਰਾਂ ਦਾ ਇਤਿਹਾਸ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਦਾ ਵੀ ਗੌਰਵ ਗ੍ਰੰਥ ਹੈ ਜਿਸ ਵਿਚ ਆਦਰਸ਼ ਮਨੁੱਖ ਦੇ ਸਰੂਪ ਦਾ ਚਿਤ੍ਰਣ ਬੜੀ ਸਹਿਜ ਬਿਰਤੀ ਨਾਲ ਹੋਇਆ ਹੈ।...ਸਿੱਖ ਧਰਮ ਦਰਸ਼ਨ, ਇਤਿਹਾਸ, ਜੀਵਨ-ਵਿਧੀ, ਸਾਧਨਾ-ਪੱਧਤੀ, ਰਹਿਤ ਮਰਯਾਦਾ ਦੀ ਸਰਬਾਂਗੀ ਵਿਆਖਿਆ ਇਸ ਗ੍ਰੰਥ ਵਿਚ ਸਮੋਈ ਪਈ ਹੈ। ਸਚਮੁੱਚ ਇਹ ਗ੍ਰੰਥ ਸਿੱਖ ਧਰਮ ਦਾ ਹੀ ਨਹੀਂ, ਭਾਰਤੀ ਗਿਆਨ ਦਾ ਵੀ ਰਤਨਾਕਰ ਹੈ।[126]

### ਗਿਆਨੀ ਬਲਵੰਤ ਸਿੰਘ ਕੋਠਾਗੁਰੂ

ਗੁਰ ਪ੍ਰਤਾਪ ਸੂਰਜ (ਗ੍ਰੰਥ) ਇਤਿਹਾਸ, ਸਾਹਿੱਤ, ਕਾਵਯ, ਕੋਸ਼ ਆਦਿਕ ਸਰਬ ਵਿਦਿਆ, ਬ੍ਰਹਮ ਵਿਦਿਆ, ਗਿਆਨ, ਵਿਗਿਆਨ, ਸ਼ਾਸਤ੍ਰ, ਮੀਰੀ, ਪੀਰੀ, ਭਗਤੀ-ਸ਼ਕਤੀ ਦਾ ਰਤਨਾਕਰ ਹੈ।.....ਕਵੀ ਦਾ ਗੁਰ ਪ੍ਰਤਾਪ ਸੂਰਜ ਸੱਚਮੁੱਚ ਸਤਿਗੁਰਾਂ ਦੇ ਤੇਜ ਪ੍ਰਤਾਪ ਦਾ ਸੂਰਜ ਹੈ। ਸਤਿਗੁਰਾਂ ਦੇ ਉਪਕਾਰ, ਚਰਿਤ੍ਰ,

---

124 *ਨਿਜੀ ਮੁਲਾਕਾਤ,* ਹਿਸਟੋਰੀਅਨ, ਕਿਰਪਾਲ ਸਿੰਘ (ਡਾ.), 20 ਮਾਰਚ 2019

125 *ਮਹਾਂ ਕਵੀ ਭਾਈ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਹਰਮੀਤ ਸਿੰਘ (ਸੰਪਾ.), ਪੰਨਾ 13

126 ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨਾ 646

ਅਦਭੁਤ ਕਾਰਨਾਮੇ, ਇਤਿਹਾਸ, ਸਿੱਖੀ ਮਰਯਾਦਾ, ਉਪਮਾ, ਉਸਤਤੀ ਦਾ ਪ੍ਰਕਾਸ਼ ਕਰ ਰਿਹਾ ਹੈ।[127]

**ਡਾ. ਗੁਰਬਚਨ ਸਿੰਘ ਨਈਅਰ**

ਗੁਰ ਪ੍ਰਤਾਪ ਸੂਰਜ ਸਿਖ ਇਤਿਹਾਸ ਨੂੰ ਇਕ ਵਡਮੁਲੀ ਦੇਣ ਹੈ ਅਤੇ ਇਸ ਵਿਚ ਵਰਤੀ ਕਾਫੀ ਮਾਤਰਾ ਵਿਚ ਸਮੱਗਰੀ ਬਿਲਕੁਲ ਅਣਛੋਹੀ ਹੈ ਜੋ ਕਿਸੇ ਹੋਰ ਪੁਸਤਕ ਦਾ ਵਿਸ਼ਾ ਨਹੀਂ ਬਣੀ। ਗੁਰ ਵਿਅਕਤੀਆਂ ਦੇ ਜੀਵਨ ਦੇ ਇਤਿਹਾਸ ਨੂੰ, ਜੋ ਇਸ ਗ੍ਰੰਥ ਵਿਚ ਅੰਕਿਤ ਹੈ, ਹੋਰਨਾਂ ਇਤਿਹਾਸਿਕ ਸੋਮਿਆਂ ਦੀ ਸਹਾਇਤਾ ਦੁਆਰਾ ਪੜ੍ਹਣ ਨਾਲ ਵਡਮੁਲਾ ਇਤਿਹਾਸ ਪੈਦਾ ਹੋ ਸਕਦਾ ਹੈ। ਸਿੱਖੀ ਸਿਧਾਂਤਾਂ ਦਾ ਵਡਮੁਲਾ ਅਧਿਐਨ ਗੁਰ ਪ੍ਰਤਾਪ ਸੂਰਜ ਵਿਚ ਅੰਕਿਤ ਕੀਤਾ ਗਿਆ ਹੈ। ਨਿਸ਼ਚੇ ਹੀ ਗੁਰ ਪ੍ਰਤਾਪ ਸੂਰਜ ਸਿਖ ਇਤਿਹਾਸ ਨੂੰ ਇਕ ਵਡਮੁਲੀ ਦੇਣ ਹੈ।[128]

**ਡਾ. ਜਸਪਾਲ ਸਿੰਘ**

ਗੁਰ ਪ੍ਰਤਾਪ ਸੂਰਜ ਗ੍ਰੰਥ ਧਾਰਮਿਕ, ਇਤਿਹਾਸਿਕ ਅਤੇ ਸਭਿਆਚਾਰਕ ਦ੍ਰਿਸ਼ਟੀਆਂ ਤੋਂ ਆਪਣੇ ਸਮੇਂ ਦੀ ਇਕ ਨਿਵੇਕਲੀ ਰਚਨਾ ਹੈ। ਇਸ ਰਚਨਾ ਦੀ ਵੱਡੀ ਖਾਸੀਅਤ ਇਹ ਵੀ ਹੈ ਕਿ ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਿਧਾਂਤਾਂ ਤੇ ਸੰਕਲਪਾਂ ਦੀ ਟਕਸਾਲੀ ਵਿਆਖਿਆ ਬੜੇ ਖ਼ੂਬਸੂਰਤ ਢੰਗ ਨਾਲ ਕੀਤੀ ਗਈ ਹੈ।[129]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਿੱਖ ਇਤਿਹਾਸ ਲਈ ਇਕ ਦਰਪਣ ਦਾ ਕਾਰਜ ਕਰ ਰਿਹਾ ਹੈ ਜੋ ਭਾਈ ਸੰਤੋਖ ਸਿੰਘ ਜੀ ਦੀ ਸਾਲਾਂ ਬੱਧੀ ਕੀਤੀ ਸਖ਼ਤ ਮਿਹਨਤ ਦਾ ਨਤੀਜਾ ਹੈ। ਇਸ ਗ੍ਰੰਥ ਵਿਚ ਜਿੱਥੇ ਕਵੀ ਜੀ ਦੀ ਵਿਦਵਤਾ, ਕਾਵਿਕ ਹੁਨਰ, ਵੇਦਾਂਤ ਅਤੇ ਫ਼ਲਸਫ਼ੇ ਬਾਰੇ ਗਿਆਨ ਦੇ ਦਰਸ਼ਨ ਹੁੰਦੇ ਹਨ ਉੱਥੇ ਕਵੀ ਜੀ ਦੀ ਗੁਰੂ ਸਾਹਿਬਾਨ ਪ੍ਰਤਿ ਅਪਾਰ ਸ਼ਰਧਾ, ਗੁਰ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਦੀ ਸੋਝੀ ਦੇ ਝਲਕਾਰੇ ਵੀ ਮਿਲਦੇ ਹਨ। ਵਰਤਮਾਨ ਸਮੇਂ ਵਿਚ ਵਿਦਵਾਨਾਂ ਅਤੇ

---

[127] *ਨਾਨਕ ਪ੍ਰਕਾਸ਼ ਪਤ੍ਰਿਕਾ,* ਜੂਨ 2007, ਸਰਬਜਿੰਦਰ ਸਿੰਘ, ਡਾ. (ਸੰਪਾ.), ਪੰਨਾ 189

[128] *ਸਿੰਘ ਸਭਾ ਪਤ੍ਰਿਕਾ,* ਮਾਰਚ 1983, ਗੁਰਦਿੱਤ ਸਿੰਘ, ਗਿਆਨੀ (ਸੰਪਾ.), ਪੰਨਾ 156

[129] ਡਾ. ਜਸਪਾਲ ਸਿੰਘ, *ਸਿੱਖ ਵਿਰਾਸਤ: ਸਿਧਾਂਤ ਤੇ ਵਿਵਹਾਰ,* ਪੰਨਾ 175

ਇਤਿਹਾਸਕਾਰਾਂ ਦੁਆਰਾ ਦੱਸੀਆਂ ਗਲਤੀਆਂ ਜਾਂ ਕਮੀਆਂ ਦੇ ਬਾਵਜੂਦ, ਇਹ ਗੁਰੂ ਸਾਹਿਬਾਨ ਦੇ ਸਮੇਂ ਬਾਰੇ ਅਤੇ ਸਮੁੱਚੇ ਸਿੱਖ ਇਤਿਹਾਸ ਦੇ ਸੋਮਿਆਂ ਬਾਰੇ ਇਕ ਕੀਮਤੀ ਸ੍ਰੋਤ ਹੈ।

ਭਾਈ ਸੰਤੋਖ ਸਿੰਘ ਦਾ ਨਾਮ ਸਿੱਖ ਜਗਤ ਵਿਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਇਤਿਹਾਸ ਨਾਲ ਸੰਬੰਧਿਤ ਇਤਿਹਾਸਿਕ ਕਾਵਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲਈ ਵਿਸ਼ੇਸ਼ ਤੌਰ ਤੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਸਤਿਕਾਰ ਅਤੇ ਰੁਤਬੇ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਮਹਾਂਕਵੀ ਅਤੇ ਚੂੜਾਮਣੀ ਦੀਆਂ ਉਪਾਧੀਆਂ ਨਾਲ ਸਤਿਕਾਰਿਆ ਜਾਂਦਾ ਹੈ। ਸਿੱਖ ਧਰਮ ਦੇ ਸ਼ਰਧਾਵਾਨਾਂ ਲਈ ਉਨ੍ਹਾਂ ਦੀ ਰਚਨਾ ਗੁਰੂ ਸਾਹਿਬਾਨ ਦੇ ਜੀਵਨ ਦੀ ਕਥਾ ਦੇ ਇਤਿਹਾਸਿਕ ਗ੍ਰੰਥ ਵਜੋਂ ਇਕ ਵਿਸ਼ੇਸ਼ ਦਰਜਾ ਰੱਖਦੀ ਹੈ। ਭਾਈ ਸੰਤੋਖ ਸਿੰਘ ਨੂੰ ਬੇਸ਼ੱਕ ਅਸੀਂ ਸਿੱਧੇ ਤੌਰ 'ਤੇ ਇਤਿਹਾਸਕਾਰ ਨਹੀਂ ਕਹਿ ਸਕਦੇ ਪਰੰਤੂ ਉਨ੍ਹਾਂ ਦੀ ਰਚਨਾ ਦਾ ਇਤਿਹਾਸਿਕ ਸ੍ਰੋਤ ਗ੍ਰੰਥ ਵਾਂਗ ਹੀ ਪਠਨ-ਪਾਠਨ ਕੀਤਾ ਜਾਂਦਾ ਹੈ। ਸਿੱਖ ਅਕਾਦਮਿਕਤਾ ਵਿਚ ਇਨ੍ਹਾਂ ਦੀ ਰਚਨਾ ਹਵਾਲਾ ਗ੍ਰੰਥ ਦਾ ਕਾਰਜ ਕਰਦੀ ਹੈ।

ਵਿਦਵਾਨਾਂ ਅਨੁਸਾਰ ਜੋ ਦਰਜਾ ਉੱਤਰੀ ਭਾਰਤ ਦੇ ਸਨਾਤਨ ਹਿੰਦੂ ਜਗਤ ਵਿਚ ਗੋਸਵਾਮੀ ਤੁਲਸੀ ਦਾਸ ਅਤੇ ਉਨ੍ਹਾਂ ਦੀ ਰਚਨਾ ਰਾਮ ਚਰਿੱਤ ਮਾਨਸ ਨੂੰ ਪ੍ਰਾਪਤ ਹੈ ਉਸੇ ਪ੍ਰਕਾਰ ਦਾ ਹੀ ਸਤਿਕਾਰਤ ਦਰਜਾ ਸਿੱਖ ਜਗਤ ਵਿਚ ਭਾਈ ਸੰਤੋਖ ਸਿੰਘ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਪ੍ਰਾਪਤ ਹੈ।

ਭਾਈ ਸੰਤੋਖ ਸਿੰਘ ਦਾ ਜੀਵਨ ਅਣਥੱਕ ਮਿਹਨਤ ਅਤੇ ਲਗਨ ਵਾਲਾ ਆਦਰਸ਼ਕ ਜੀਵਨ ਹੈ ਜਿਸ ਵਿੱਚੋਂ ਸਿੱਖੀ ਆਦਰਸ਼ ਦੇ ਝਲਕਾਰੇ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੇ ਗੁਰੂ ਜੱਸ ਦੀ ਇੱਛਾ ਪੂਰਤੀ ਵਜੋਂ ਸਿੱਖ ਧਰਮ ਨੂੰ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਇਕ ਇਤਿਹਾਸਿਕ ਕਾਵਿ ਭੇਟਾ ਕੀਤਾ। ਇਸ ਰਚਨਾ ਦੀ ਮੁਕੰਮਲਤਾ ਲਈ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਹ ਆਪਣੇ ਉਦੇਸ਼ ਤੋਂ ਨਹੀਂ ਥਿੜਕੇ ਅਤੇ ਗੁਰੂ ਆਸਰੇ ਰਾਹੀਂ ਨਿਰੰਤਰ ਚੱਲਦੇ ਰਹੇ। ਇਸ ਅਟੁੱਟ ਸਿਦਕ ਅਤੇ ਅਣਥੱਕ ਮਿਹਨਤ ਦਾ ਨਤੀਜਾ ਵਿਸ਼ਾਲ ਇਤਿਹਾਸਿਕ ਕਾਵਿ ਦੇ ਖਜ਼ਾਨੇ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

**ਭਾਈ ਸੰਤੋਖ ਸਿੰਘ ਦੀ ਸਮਕਾਲੀ ਸਥਿਤੀ**

ਭਾਈ ਸੰਤੋਖ ਸਿੰਘ ਦਾ ਸਮਕਾਲ ਸਿੱਖ ਇਤਿਹਾਸ ਵਿਚ ਸਿੱਖਾਂ ਦੇ ਮੁਗ਼ਲਾਂ ਤੇ ਅਫ਼ਗਾਨਾਂ ਨਾਲ ਇਕ ਲਹੂ ਡੋਲਵੇਂ ਸੰਘਰਸ਼ ਤੋਂ ਬਾਅਦ ਸਿੱਖ ਰਾਜ ਦੀ ਸਥਾਪਤੀ ਵਾਲਾ ਸਮਾਂ ਸੀ। ਸਿੱਖ ਮਿਸਲਦਾਰਾਂ ਨੇ ਸਮੁੱਚੇ

ਪੰਜਾਬ ਵਿਚ ਆਪਣੇ-ਆਪਣੇ ਰਾਜ ਸਥਾਪਤ ਕਰ ਲਏ ਸਨ। ਕੁੱਝ ਸਿੱਖ ਮਿਸਲਾਂ ਨੂੰ ਛੱਡ ਕੇ ਲਗ-ਪਗ ਸਮੁੱਚੀਆਂ ਸਿੱਖ ਮਿਸਲਾਂ ਨੂੰ ਇਕ ਝੰਡੇ ਹੇਠ ਇਕੱਠਾ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਮਾਂ ਵੀ ਭਾਈ ਸੰਤੋਖ ਸਿੰਘ ਦੇ ਜਨਮ ਸਮੇਂ ਦੇ ਲਗ-ਪਗ ਬਰਾਬਰ ਹੀ ਆ ਢੁੱਕਦਾ ਹੈ। ਸ਼ੇਰ-ਏ-ਪੰਜਾਬ ਦਾ ਰਾਜਨੀਤਿਕ ਉਥਾਨ, ਲਾਹੌਰ ਦੀ ਜਿੱਤ ਤੋਂ ਬਾਅਦ ਤਾਜਪੋਸ਼ੀ, ਖ਼ਾਲਸਾ ਰਾਜ ਦਾ ਵਿਸਥਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਵਾਲੀਆਂ ਸਭ ਘਟਨਾਵਾਂ ਭਾਈ ਸੰਤੋਖ ਸਿੰਘ ਦੇ ਜੀਵਨ ਕਾਲ ਦੌਰਾਨ ਹੀ ਵਾਪਰੀਆਂ। ਇਸ ਪ੍ਰਕਾਰ ਇਹ ਸਮਾਂ ਸਿੱਖ ਰਾਜ ਦੀ ਪ੍ਰਾਪਤੀ ਅਤੇ ਸਿਖਰਾਂ ਦਾ ਸਮਾਂ ਸੀ। ਇਸ ਤੋਂ ਇਲਾਵਾ ਉਸ ਸਮੇਂ ਪਟਿਆਲਾ, ਨਾਭਾ, ਜੀਂਦ, ਕੈਥਲ, ਫਰੀਦਕੋਟ ਆਦਿ ਸਿੱਖ ਰਿਆਸਤਾਂ ਵੀ ਸਿੱਖ ਰਾਜਨੀਤੀ ਦਾ ਅਹਿਮ ਅੰਗ ਬਣ ਕੇ ਰਾਜ ਕਰ ਰਹੀਆਂ ਸਨ। ਇਹਨਾਂ ਰਿਆਸਤਾਂ ਵਿੱਚੋਂ ਹੀ ਕੈਥਲ ਨਾਮਕ ਸਿੱਖ ਰਿਆਸਤ ਵਿਚ ਭਾਈ ਸੰਤੋਖ ਸਿੰਘ ਨੇ ਆਪਣੀਆਂ ਬਹੁਤ ਸਾਰੀਆਂ ਉੱਚ ਪੱਧਰ ਦੀਆਂ ਸਾਹਿਤਿਕ ਰਚਨਾਵਾਂ ਦੀ ਰਚਨਾ ਕੀਤੀ।

**ਜਨਮ, ਮਾਤਾ-ਪਿਤਾ ਅਤੇ ਵਿਦਿਆ ਪ੍ਰਾਪਤੀ**

ਭਾਈ ਸੰਤੋਖ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਸਾਨੂੰ ਉਨ੍ਹਾਂ ਦੇ ਸਮੇਂ ਨਾਲ ਸੰਬੰਧਿਤ ਗਵਾਹੀਆਂ, ਤੱਥਾਂ ਅਤੇ ਬਾਅਦ ਦੇ ਖੋਜਕਾਰਾਂ ਦੁਆਰਾ ਕੀਤੀ ਸਖ਼ਤ ਮਿਹਨਤ ਵਾਲੀ ਖੋਜ ਤੋਂ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ ਭਾਈ ਸਾਹਿਬ ਦੀਆਂ ਰਚਨਾਵਾਂ ਵਿੱਚੋਂ ਉਨ੍ਹਾਂ ਦੇ ਜੀਵਨ ਬਾਰੇ ਕੁੱਝ ਖ਼ਾਸ ਸੰਕੇਤ ਹੀ ਪ੍ਰਾਪਤ ਹੁੰਦੇ ਹਨ। ਇਸ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ ਬਾਰੇ ਵਿਦਵਾਨਾਂ ਦੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਤੱਥਾਂ ਦੇ ਹਵਾਲਿਆਂ ਬਾਰੇ ਸੰਕੇਤ ਮਾਤਰ ਵਿਚਾਰ ਕਰਦੇ ਹੋਏ ਪ੍ਰਮਾਣਿਕ ਤੱਥਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਕਵੀ ਜੀ ਦੇ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਵਿਦਵਾਨਾਂ ਦੀ ਇਕ ਰਾਏ ਪ੍ਰਾਪਤ ਨਹੀ ਹੁੰਦੀ।

ਭਾਈ ਸੰਤੋਖ ਸਿੰਘ ਦੇ ਜਨਮ ਸਾਲ ਅਤੇ ਜਨਮ ਸਥਾਨ ਬਾਰੇ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਭਾਈ ਵੀਰ ਸਿੰਘ[1], ਭਾਈ ਕਾਨ੍ਹ ਸਿੰਘ ਨਾਭਾ[2], ਮੈਕਾਲਫ[3] ਆਦਿ ਵਿਦਵਾਨਾਂ ਨੇ ਭਾਈ ਸਾਹਿਬ ਦਾ ਜਨਮ,

---

1 ਜਿਲਦ ਪਹਿਲੀ, ਪੰਨਾ 93

2 *ਮਹਾਨ ਕੋਸ਼*, ਪੰਨਾ 244

ਸੰਮਤ 1845 (1788 ਈ.) ਮੰਨਿਆ ਹੈ ਪਰੰਤੂ ਬਾਅਦ ਵਾਲੇ ਵਿਦਵਾਨਾਂ ਪਿਆਰਾ ਸਿੰਘ ਪਦਮ[4], ਗਿਆਨੀ ਖਜ਼ਾਨ ਸਿੰਘ[5], ਡਾ. ਤਾਰਨ ਸਿੰਘ[6], ਡਾ. ਜੈ ਭਗਵਾਨ ਗੋਇਲ[7] ਆਦਿ ਨੇ ਇਹ ਸਮਾਂ ਸੰਮਤ 1844 (1787 ਈ.) ਲਿਖਿਆ ਹੈ ਜਿਸ ਨੂੰ ਮੌਜੂਦਾ ਸਮੇਂ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਦੁਆਰਾ ਪ੍ਰਵਾਨ ਕੀਤਾ ਗਿਆ ਹੈ। ਇਸ ਸੰਬੰਧ ਵਿਚ ਗਿਆਨੀ ਖਜ਼ਾਨ ਸਿੰਘ ਨੇ ਆਪਣੀ ਪੁਸਤਕ ਵਿਚ ਸਰਦਾਰ ਭਾਗ ਸਿੰਘ ਪਿੰਡ ਛੋਟਾ ਕੋਟ ਦੀ ਗਵਾਹੀ[8] ਦਾ ਜ਼ਿਕਰ ਕੀਤਾ ਹੈ ਜਿਸ ਵਿਚ ਭਾਈ ਸੰਤੋਖ ਸਿੰਘ ਦਾ ਜਨਮ 1787 ਈ. ਵਿਚ ਹੋਣ ਦੀ ਪੁਸ਼ਟੀ ਹੁੰਦੀ ਹੈ। ਵਰਤਮਾਨ ਸਮੇਂ ਵਿਚ ਕਵੀ ਜੀ ਦਾ ਜਨਮ ਸਮਾਂ 22 ਸਤੰਬਰ, 1787 ਈ. ਲਗ-ਪਗ ਪ੍ਰਵਾਨ ਹੋ ਚੁੱਕਿਆ ਹੈ।

ਇਸੇ ਪ੍ਰਕਾਰ ਜਨਮ ਸਥਾਨ ਸੰਬੰਧੀ ਵੀ ਵਿਦਵਾਨਾਂ ਦੀ ਵੱਖਰੀ-ਵੱਖਰੀ ਰਾਏ ਹੈ। ਮੈਕਾਲਿਫ[9] ਅਤੇ ਭਾਈ ਕਾਨ੍ਹ ਸਿੰਘ ਨਾਭਾ[10] ਅਨੁਸਾਰ ਇਹ ਜਨਮ ਸਥਾਨ ਅੰਮ੍ਰਿਤਸਰ ਹੈ ਜਿਸ ਦਾ ਕੋਈ ਖਾਸ ਆਧਾਰ ਨਹੀਂ ਜਾਪਦਾ। ਕੁੱਝ ਵਿਦਵਾਨਾਂ ਨੇ ਕਵੀ ਜੀ ਦਾ ਜਨਮ ਸਥਾਨ ਬੂੜੀਆ ਨਾਮਕ ਨਗਰ ਨੂੰ ਵੀ ਮੰਨਿਆ ਹੈ ਜਿਸ ਦਾ ਆਧਾਰ ਕਵੀ ਜੀ ਦੀ ਇਸ ਤੁਕ ਨੂੰ ਬਣਾਇਆ ਗਿਆ ਹੈ-

ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ ॥[11]

ਮੌਜੂਦਾ ਸਮੇਂ ਵਿਚ, ਭਾਈ ਵੀਰ ਸਿੰਘ ਦੁਆਰਾ ਵਿਸਥਾਰਪੂਰਵਕ ਖੋਜ[12] ਕਰ ਕੇ ਪ੍ਰਮਾਣਿਤ ਕੀਤੇ

---

3 *Max Arthur Macauliffe, The Sikh Religion (Vol. I & II),* P. IXXVI (Introduction)

4 ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ,* ਪੰਨਾ 13

5 ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ,* ਪੰਨੇ 12-13

6 ਤਾਰਨ ਸਿੰਘ, ਡਾ., *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਨਾ 119

7 ਗੋਇਲ, ਜੈ ਭਗਵਾਨ, *ਗੁਰ ਪ੍ਰਤਾਪ ਸੂਰਜ ਸੰਖਿਪਤ,* ਪੰਨਾ 16

8 ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ,*, ਪੰਨੇ 12-13

9 , *Max Arthur Macauliffe, The Sikh Religion (Vol. I & II),* P. IXXVI (Introduction)

10 *ਮਹਾਨ ਕੋਸ਼,* ਪੰਨਾ 244

11 ਜਿਲਦ ਚੌਥੀ, ਪੰਨਾ 1257

ਜਨਮ ਸਥਾਨ ਨੂਰ ਦੀ ਸਰਾਂ (ਅੱਜ ਕੱਲ੍ਹ ਕਿਲ੍ਹਾ ਭਾਈ ਸੰਤੋਖ ਸਿੰਘ, ਜ਼ਿਲ੍ਹਾ ਤਰਨ ਤਾਰਨ) ਨੂੰ, ਲੱਗਭੱਗ ਸਾਰੇ ਹੀ ਵਿਦਵਾਨਾਂ ਦੁਆਰਾ ਬਿਨਾਂ ਕਿਸੇ ਵਿਵਾਦ ਦੇ ਪ੍ਰਵਾਨ ਕੀਤਾ ਗਿਆ ਹੈ। ਇਸ ਲਈ ਜਨਮ ਸਥਾਨ, ਨੂਰ ਦੀ ਸਰਾਂ (ਕਿਲ੍ਹਾ ਭਾਈ ਸੰਤੋਖ ਸਿੰਘ) ਮੰਨਣਾ ਉਚਿਤ ਹੈ।

ਜੇਕਰ ਉਨ੍ਹਾਂ ਦੇ ਮਾਤਾ ਪਿਤਾ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਪਿਤਾ ਦਾ ਨਾਮ ਦੇਵਾ ਸਿੰਘ ਸੀ ਜਿਸ ਦੀ ਪੁਸ਼ਟੀ[13] ਸਾਨੂੰ ਕਵੀ ਜੀ ਦੀ ਰਚਨਾ ਵਿੱਚੋਂ ਹੋ ਜਾਂਦੀ ਹੈ। ਉਨ੍ਹਾਂ ਨੇ ਆਪਣੀ ਮਾਤਾ ਨੂੰ ਵੀ ਆਪਣੀ ਰਚਨਾ ਵਿਚ ਨਮਸਕਾਰ ਕੀਤੀ ਹੈ[14] ਪਰੰਤੂ ਨਾਮ ਦਾ ਜ਼ਿਕਰ ਨਹੀਂ ਕੀਤਾ।

ਭਾਈ ਵੀਰ ਸਿੰਘ ਨੇ ਕੁਰੂਕਸ਼ੇਤਰ ਦੇ ਪੰਡੇ ਤੋਤਾਰਾਮ ਚੂਨੀ ਲਾਲ ਦੀ ਵਹੀ ਦੇ ਆਧਾਰ 'ਤੇ ਭਾਈ ਸਾਹਿਬ ਦੀ ਮਾਤਾ ਦਾ ਨਾਮ 'ਰਜਾਦੀ' ਲਿਖਦੇ ਹੋਏ ਇਸ ਨੂੰ ਰਾਜ ਦੇਈ ਜਾਂ ਰਾਇਜ਼ਾਦੀ ਦਾ ਸੰਖੇਪ ਦੱਸਿਆ ਹੈ।[15] ਹਰਿਦੁਆਰ ਦੇ ਪਾਂਡੇ ਮੰਗਲ ਦੱਤ ਰਾਮ ਚੰਦ ਵਾਲੇ ਦੀ ਬਹੀ ਵਿਚ ਕਵੀ ਜੀ ਦੀ ਭਰਜਾਈ ਦੁਆਰਾ ਪਰਿਵਾਰ ਦੇ ਕਿਸੇ ਮੈਂਬਰ ਦੇ ਲਿਖਵਾਏ ਗਏ ਵੇਰਵੇ[16] ਤੋਂ ਵਰਣ ਵੰਡ ਪੱਖੋਂ ਭਾਈ ਸੰਤੋਖ ਸਿੰਘ ਦੇ ਛੀਂਬਾ ਜਾਤ ਅਤੇ ਕਰੀਰ ਗੋਤ ਨਾਲ ਸੰਬੰਧਿਤ ਹੋਣ ਦਾ ਪਤਾ ਚੱਲਦਾ ਹੈ।

ਕਵੀ ਜੀ ਦੇ ਪਿਤਾ ਭਾਈ ਦੇਵਾ ਸਿੰਘ ਵਿੱਦਿਆ ਦੇ ਪ੍ਰੇਮੀ ਅਤੇ ਜਾਣਕਾਰ ਸਨ ਜੋ, ਭਾਈ ਕਾਨ੍ਹ ਸਿੰਘ

---

12 ਜਿਲਦ ਪਹਿਲੀ, ਪੰਨੇ 86-89

13 (ੳ) ਦੇਵਾ ਸਿੰਘ ਪਿਤਾ ਨਾਮੂ॥ ਤਿਨ ਕੇ ਪਦ ਅਰਵਿੰਦ ਪ੍ਰਣਾਮੂ॥ -ਜਿਲਦ ਗਿਆਰਵੀਂ, ਪੰਨਾ 4499

(ਅ) ਦੇਵਾ ਸਿੰਘ ਪਿਤ ਤੇ ਕਵਿ ਸੰਤੋਖ ਸਿੰਘ ਨਾਮ ॥

ਬਰ ਮਾਗੇ ਸਤਿਸੰਗ ਕੋ ਕਰਿ ਸਤਿਗੁਰੂ ਪ੍ਰਣਾਮ ॥ -ਜਿਲਦ ਚੌਥੀ, ਪੰਨਾ 1258

14 ਨਿਜ ਮਾਤਾ ਕੋ ਕਰਿ ਅਭਿਬੰਦਨ ॥ -ਜਿਲਦ ਗਿਆਰਵੀਂ, ਪੰਨਾ 4448

15 ਜਿਲਦ ਪਹਿਲੀ, ਪੰਨਾ 89

16 ਉਹੀ, ਪੰਨੇ 88-89

ਨਾਭਾ ਅਨੁਸਾਰ,[17] ਸੰਤ ਕਰਮ ਸਿੰਘ ਨਿਰਮਲੇ ਦੀ ਸੰਗਤ ਕਰਨ ਕਰਕੇ ਗੁਰਬਾਣੀ ਅਤੇ ਵੇਦਾਂਤ ਦਾ ਗਿਆਨ ਰੱਖਦੇ ਸਨ। ਭਾਈ ਸੰਤੋਖ ਸਿੰਘ ਦੀ ਮੁੱਢਲੀ ਵਿੱਦਿਆ ਘਰ ਵਿਚ ਹੀ ਉਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਦੀ ਦੇਖ ਰੇਖ ਵਿਚ ਆਰੰਭ ਹੋਈ। ਅਗਲੇਰੀ ਵਿੱਦਿਆ ਲਈ ਭਾਈ ਦੇਵਾ ਸਿੰਘ ਨੇ ਗਿਆਰਾਂ ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗਿਆਨੀ ਸੰਤ ਸਿੰਘ ਕੋਲ ਅੰਮ੍ਰਿਤਸਰ ਭੇਜਿਆ ਜਿੱਥੇ ਕਵੀ ਜੀ ਨੇ ਆਪਣਾ ਪਹਿਲਾ ਨਿਵਾਸ ਆਪਣੇ ਚਾਚਾ ਰਾਮ ਸਿੰਘ ਕੋਲ ਕਟੜਾ ਨਿਹਾਲ ਸਿੰਘ ਵਿਚ ਰੱਖਿਆ ਅਤੇ ਬਾਅਦ ਵਿਚ ਪੱਕੇ ਤੌਰ 'ਤੇ ਗਿਆਨੀਆਂ ਦੇ ਬੁੰਗੇ ਵਿਚ ਰਹਿੰਦੇ ਰਹੇ। ਭਾਈ ਸੰਤੋਖ ਸਿੰਘ ਦਾ ਆਪਣੇ ਵਿੱਦਿਆ ਦਾਤਾ ਗਿਆਨੀ ਸੰਤ ਸਿੰਘ ਪ੍ਰਤੀ ਮਨ ਵਿਚ ਅਥਾਹ ਸਤਿਕਾਰ ਸੀ ਜੋ ਉਨ੍ਹਾਂ ਦੀ ਰਚਨਾਵਾਂ ਵਿੱਚੋਂ ਪ੍ਰਗਟ[18] ਹੋ ਜਾਂਦਾ ਹੈ।

ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਕੁੱਝ ਨੁਕਤੇ[19] ਪੇਸ਼ ਕਰਦੇ ਹੋਏ ਭਾਈ ਸੰਤੋਖ ਸਿੰਘ ਦਾ ਵਿੱਦਿਅਕ ਗੁਰੂ, ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਸੰਤ ਸਿੰਘ ਦਾ ਹੋਣਾ ਸੰਦੇਹ ਜਨਕ ਮੰਨਿਆ ਹੈ।

---

[17] *ਮਹਾਨ ਕੋਸ਼*, ਪੰਨਾ 244

[18] (ੳ) ਸੰਤ ਸਿੰਘ ਗੁਰੁ ਅਖਰ ਦਾਤਾ ॥ ਨਮੋ ਕਰੋਂ ਤਿਨ ਪਦ ਜਲ ਦਾਤਾ ॥ - ਜਿਲਦ ਨੌਂਵੀਂ, ਪੰਨਾ 4449

(ਅ) ਸ੍ਰੀ ਮਤਿ, ਸਿਮਰਨ ਰਤਿ ਗੁਰੂ ਸੰਤ ਸਿੰਘ ਸੁਭ ਨਾਮ ॥

ਬਿੱਦਯਾ ਜਿਨ ਤੇ ਮੈ ਪਠੀ ਤਿਨ ਪਦ ਕਰੋਂ ਪ੍ਰਣਾਮ ॥ - ਜਿਲਦ ਚੌਥੀ, ਪੰਨਾ 1256

[19] 1. ਗਿਆਨੀ ਸੰਤ ਸਿੰਘ ਦੇ ਵਿਦਿਆਰਥੀ ਮੇਘ ਸਿੰਘ ਨੇ ਆਪਣੇ ਵਿੱਦਿਅਕ ਗੁਰੂ ਦੀ ਮਹਿਮਾ ਵਿਚ ਰਚੇ ਗ੍ਰੰਥ ਭਾਈ ਸਾਹਿਬ ਚੰਦਰਕਾ ਵਿਚ ਕਿਤੇ ਵੀ ਭਾਈ ਸੰਤੋਖ ਸਿੰਘ ਦਾ ਉਨ੍ਹਾਂ ਦੇ ਵਿਦਿਆਰਥੀ ਦੇ ਰੂਪ ਵਿਚ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਭਾਈ ਸੰਤੋਖ ਸਿੰਘ ਨੂੰ ਉਨ੍ਹਾਂ ਦੀ ਪ੍ਰਸਿੱਧੀ ਹੋਣ ਦੇ ਬਾਵਜੂਦ ਵੀ ਆਪਣਾ ਗੁਰਭਾਈ ਲਿਖਿਆ ਹੈ।

2. ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਆਪਣੇ ਵਿੱਦਿਅਕ ਗੁਰੂ ਨਾਲ ਗਿਆਨੀ ਲਫਜ਼ ਨਹੀਂ ਲਿਖਿਆ।

3. ਗਿਆਨੀ ਸੰਤ ਸਿੰਘ ਦੇ ਸਮੇਂ ਹੀ ਅੰਮ੍ਰਿਤਸਰ ਵਿਚ ਸੰਤ ਸਿੰਘ ਨਾਮ ਦੇ ਦੋ ਹੋਰ ਵਿਦਵਾਨ ਪੰਡਿਤ ਸੰਤ ਸਿੰਘ ਅਤੇ ਹਰ ਸੰਤ ਦਾ ਨਾਮ ਵੀ ਪ੍ਰਾਪਤ ਹੈ।

4. ਭਾਈ ਸੰਤੋਖ ਸਿੰਘ ਨੇ ਆਪਣੇ ਵਿੱਦਿਅਕ ਗੁਰੂ ਸੰਤ ਸਿੰਘ ਦੇ ਭਜਨੀਕ ਹੋਣ ਦੀ ਗੱਲ ਤਾਂ ਕੀਤੀ ਹੈ ਪਰ ਕਥਾਕਾਰ ਹੋਣ ਦੀ ਗੱਲ ਨਹੀਂ ਕੀਤੀ। -ਸਿੰਘ ਸਭਾ ਪੱਤ੍ਰਿਕਾ, ਗੁਰਦਿੱਤ ਸਿੰਘ, ਗਿਆਨੀ (ਸੰਪਾ.), ਮਾਰਚ 1983, ਪੰਨਾ 50

ਭਾਵੇਂ ਇਹ ਨੁਕਤੇ ਕੁੱਝ ਹੱਦ ਤੱਕ ਠੀਕ ਹੋ ਸਕਦੇ ਹਨ ਪਰੰਤੂ ਇਹ ਗੱਲ ਵਰਤਮਾਨ ਸਮੇਂ ਵਿਚ ਇਕ ਅਟੱਲ ਸਚਾਈ ਵਾਂਗ ਸਥਾਪਤ ਹੋ ਚੁੱਕੀ ਹੈ ਕਿ ਭਾਈ ਸੰਤੋਖ ਸਿੰਘ ਦੇ ਵਿੱਦਿਅਕ ਗੁਰੂ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਸੰਤ ਸਿੰਘ ਸਨ। ਇਸ ਲਈ ਕਿਸੇ ਠੋਸ ਸਬੂਤ ਦੇ ਅਭਾਵ ਵਿਚ ਸਾਰੀਆਂ ਵਿਚਾਰਾਂ ਅਤੇ ਦਲੀਲਾਂ ਨੂੰ ਇਕ ਪਾਸੇ ਰੱਖ ਕੇ ਇਸੇ ਤੱਥ ਨੂੰ ਹੀ ਮੰਨਣਾ ਯੋਗ ਹੋਵੇਗਾ।

ਗਿਆਨੀ ਸੰਤ ਸਿੰਘ (1768-1832 ਈ.) ਆਪਣੇ ਸਮੇਂ ਦੀ ਇਕ ਪ੍ਰਤਿਭਾਸ਼ਾਲੀ ਗੁਣੀ ਗਿਆਨੀ ਸ਼ਖ਼ਸੀਅਤ ਅਤੇ ਸਿੱਖ ਪੰਥ ਦੇ ਉੱਘੇ ਵਿਦਵਾਨ ਹੋਏ ਹਨ ਜਿਨ੍ਹਾਂ ਦਾ ਸਿੱਖ ਸੰਗਤਾਂ ਵਿਚ ਅਥਾਹ ਸਤਿਕਾਰ ਸੀ। ਮਹਾਰਾਜਾ ਰਣਜੀਤ ਸਿੰਘ ਗਿਆਨੀ ਸੰਤ ਸਿੰਘ ਦਾ ਉਨ੍ਹਾਂ ਦੇ ਸਿੱਖੀ ਪ੍ਰੇਮ ਵਿਦਵਤਾ ਅਤੇ ਕਿਸੇ ਮੁਸ਼ਕਿਲ ਸਮੇਂ ਕੀਤੀ ਸਹਾਇਤਾ ਕਾਰਨ ਅਥਾਹ ਸਤਿਕਾਰ ਕਰਦੇ ਸਨ। ਸ਼ੇਰੇ ਪੰਜਾਬ ਦਾ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਸੇਵਾ ਗਿਆਨੀ ਸੰਤ ਸਿੰਘ ਦੁਆਰਾ ਕਰਵਾਉਣਾ, ਗਿਆਨੀ ਜੀ ਦੇ ਸਤਿਕਾਰ ਅਤੇ ਸ਼ਖ਼ਸੀਅਤ ਨੂੰ ਪ੍ਰਮਾਣਿਤ ਕਰਦਾ ਹੈ। ਅਜਿਹੇ ਗੁਣੀ ਗਿਆਨੀ ਵਿਦਿਆ ਦਾਤੇ ਦੀ ਸੰਗਤ ਵਿਚ ਰਹਿ ਕੇ ਭਾਈ ਸੰਤੋਖ ਸਿੰਘ ਇਕ ਹੀਰੇ ਵਾਂਗ ਤਰਾਸ਼ੇ ਗਏ ਅਤੇ ਪੰਥ ਦੀਆਂ ਬਹੁਮੁੱਲੀਆਂ ਸੇਵਾਵਾਂ ਕੀਤੀਆਂ।

ਕਵੀ ਜੀ ਨੇ ਗਿਆਨੀ ਸੰਤ ਸਿੰਘ ਪਾਸੋਂ ਕਿਹੜੀ-ਕਿਹੜੀ ਵਿੱਦਿਆ ਪੜ੍ਹੀ, ਇਸ ਸੰਬੰਧੀ ਸਪਸ਼ਟ ਰੂਪ ਵਿਚ ਕੋਈ ਪ੍ਰਤੱਖ ਸੰਕੇਤ ਪ੍ਰਾਪਤ ਨਹੀਂ ਹੁੰਦੇ। ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਭਾਈ ਸੰਤੋਖ ਸਿੰਘ ਨੂੰ ਗੁਰਮਤਿ ਦਰਸ਼ਨ, ਵੇਦਾਂਤ ਦਰਸ਼ਨ, ਜੋਤਿਸ਼ ਸ਼ਾਸਤਰ, ਕਾਵਿ ਕਲਾ (ਪਿੰਗਲ, ਛੰਦ, ਰਸ, ਅਲੰਕਾਰ), ਵੇਦਾਂਤਕ ਕਥਾ ਕਹਾਣੀਆਂ ਆਦਿ ਬਾਰੇ ਭਰਪੂਰ ਗਿਆਨ ਸੀ। ਡਾ. ਰੁਪਿੰਦਰ ਕੌਰ ਕਾਹਲੋਂ ਨੇ[20] ਉਨ੍ਹਾਂ ਦੀਆਂ ਲਿਖਤਾਂ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਹੈ ਕਿ ਭਾਈ ਸੰਤੋਖ ਸਿੰਘ ਸੰਸਕ੍ਰਿਤ, ਬ੍ਰਜ, ਗੁਰਮਤਿ, ਪਿੰਗਲ, ਜੋਤਿਸ਼ ਦੇ ਕਾਵਿ ਸ਼ਾਸਤਰ ਤੋਂ ਇਲਾਵਾ ਵੇਦ, ਪੁਰਾਣ, ਖਟ ਸ਼ਾਸਤਰ, ਯੋਗ, ਵੇਦਾਂਤ ਆਦਿ ਵਿਚ ਨਿਪੁੰਨ ਸਨ। ਡਾ. ਕਾਹਲੋਂ ਨੇ ਗਿਆਨੀ ਸੇਵਾ ਸਿੰਘ ਤਰਨ ਤਾਰਨ ਵਾਲਿਆਂ ਦੇ ਹਵਾਲੇ ਨਾਲ ਇਹ ਤੱਥ ਪੇਸ਼ ਕੀਤਾ ਹੈ ਕਿ ਕਵੀ ਜੀ ਨੇ ਗਿਆਨੀ ਸੰਤ ਸਿੰਘ ਪਾਸੋਂ ਕਾਵਿ,

---

[20] ਕਾਹਲੋਂ, ਰੂਪਿੰਦਰ ਕੌਰ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ*, ਪੰਨਾ 13

ਪਰਯਾਯ, ਰਸਿਕ ਪ੍ਰਿਯ, ਅਲੰਕਾਰ, ਸੁਧਾ ਸਾਗਰ, ਰਸ ਪ੍ਰਬੋਧ, ਛੰਦ ਦਰਪਣ ਤੇ ਚਿੱਤਰ ਬਿਲਾਸ ਆਦਿ ਗ੍ਰੰਥਾਂ ਦਾ ਬੋਧ ਪ੍ਰਾਪਤ ਕੀਤਾ।

ਕੁੱਝ ਵਿਦਵਾਨ, ਜਿਵੇਂ ਪਿਆਰਾ ਸਿੰਘ ਪਦਮ ਨੇ[21] ਇਹ ਗੱਲ ਵੀ ਲਿਖੀ ਹੈ ਕਿ ਭਾਈ ਸੰਤੋਖ ਸਿੰਘ ਨੇ ਸੰਸਕ੍ਰਿਤ ਦੀ ਵਿੱਦਿਆ ਪੰਜ ਸਾਲ ਕਾਸ਼ੀ ਵਿਚ ਰਹਿ ਕੇ ਪ੍ਰਾਪਤ ਕੀਤੀ ਹੈ। ਭਾਈ ਵੀਰ ਸਿੰਘ ਅਨੁਸਾਰ[22] ਸੰਤ ਗੁਲਾਬ ਸਿੰਘ ਦੁਆਰਾ ਕਾਸ਼ੀ ਵਿਚ ਕਿਸੇ ਪੰਡਤ ਦੇ ਬੱਚੇ ਖਿਡਾ ਕੇ ਪੜ੍ਹਨ ਵਾਲੀ ਕਥਾ ਨੂੰ ਕਈ ਗਿਆਨੀਆਂ ਨੇ ਭਾਈ ਸੰਤੋਖ ਸਿੰਘ ਨਾਲ ਜੋੜ ਦਿੱਤਾ ਹੈ ਜੋ ਕਿ ਠੀਕ ਨਹੀਂ ਹੈ।

ਡਾ. ਜੈ ਭਗਵਾਨ ਗੋਇਲ ਨੇ[23] ਵੀ ਭਾਈ ਸਾਹਿਬ ਦੇ ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਵਾਲੀ ਗੱਲ ਦਾ ਖੰਡਨ ਕੀਤਾ ਹੈ। ਅਸਲ ਵਿਚ ਭਾਈ ਸੰਤੋਖ ਸਿੰਘ ਦੇ ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਵਾਲੀ ਗੱਲ ਦਰੁਸਤ ਨਹੀਂ ਜਾਪਦੀ ਕਿਉਂਕਿ ਉਨ੍ਹਾਂ ਦੇ ਵਿੱਦਿਅਕ ਗੁਰੂ ਦੇ ਸੰਸਕ੍ਰਿਤ ਭਾਸ਼ਾ ਵਿਚ ਮਾਹਿਰ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਦੀ ਜ਼ਰੂਰਤ ਨਹੀਂ ਸੀ। ਬਾਕੀ ਵਿੱਦਿਆ ਵਾਂਗ ਸੰਸਕ੍ਰਿਤ ਦੀ ਵਿੱਦਿਆ ਵੀ ਉਨ੍ਹਾਂ ਨੇ ਆਪਣੇ ਗੁਰੂ ਗਿਆਨੀ ਸੰਤ ਸਿੰਘ ਪਾਸੋਂ ਹੀ ਪ੍ਰਾਪਤ ਕੀਤੀ।

ਭਾਈ ਸੰਤੋਖ ਸਿੰਘ ਦੁਆਰਾ ਬਚਪਨ ਵਿਚ ਅਰਬੀ ਅਤੇ ਫ਼ਾਰਸੀ ਦਾ ਗਿਆਨ ਵੀ ਪ੍ਰਾਪਤ ਕਰਨ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿਉਂਕਿ ਮੁਗ਼ਲ ਹਕੂਮਤ ਅਤੇ ਬਾਅਦ ਵਿਚ ਸਿੱਖ ਰਾਜ ਸਮੇਂ ਫ਼ਾਰਸੀ, ਦਫਤਰੀ ਭਾਸ਼ਾ ਸੀ ਜੋ ਕਿ ਪਿੰਡਾਂ ਦੇ ਮਦਰੱਸਿਆਂ ਵਿਚ ਛੋਟੇ ਬੱਚੇ ਆਮ ਤੌਰ ’ਤੇ ਪੜ੍ਹ ਹੀ ਲੈਂਦੇ ਸਨ। ਭਾਈ ਸੰਤੋਖ ਸਿੰਘ ਦੇ ਪਿਤਾ ਦੇਵਾ ਸਿੰਘ ਵਿੱਦਿਆ ਪ੍ਰੇਮੀ ਸਨ ਇਸ ਲਈ ਇਹ ਗੱਲ ਸੰਭਵ ਨਹੀਂ ਜਾਪਦੀ ਕਿ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਫ਼ਾਰਸੀ ਪੜ੍ਹਨ ਲਈ ਨਾ ਭੇਜਿਆ ਹੋਵੇ। ਦੂਸਰੀ ਗੱਲ, ਭਾਈ ਸੰਤੋਖ ਸਿੰਘ ਕੈਥਲਪਤਿ ਭਾਈ ਉਦੈ ਸਿੰਘ ਦੇ ਰੁਕਨ ਵਜੋਂ ਵੀ ਸੇਵਾ ਨਿਭਾ ਦੇ ਨਿਭਾਉਂਦੇ ਰਹੇ ਹਨ। ਕਾਗਜ਼ੀ ਕਾਰਵਾਈ ਵਾਲੀ ਦਫ਼ਤਰੀ ਭਾਸ਼ਾ

---

[21] ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨਾ 23

[22] ਜਿਲਦ ਪਹਿਲੀ, ਪੰਨਾ 93

[23] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ*, ਪੰਨਾ 9

ਫ਼ਾਰਸੀ ਹੋਣ ਕਾਰਨ ਫ਼ਾਰਸੀ ਤੋਂ ਅਣਜਾਣ ਵਿਅਕਤੀ ਰੁਕਨ ਦਾ ਕਾਰਜ ਨਹੀਂ ਕਰ ਸਕਦਾ ਸੀ। ਇਸ ਦੇ ਬਾਵਜੂਦ ਵੀ ਕੁੱਝ ਲਿਖਾਰੀਆਂ ਨੇ[24] ਭਾਈ ਸੰਤੋਖ ਸਿੰਘ ਦੇ ਅਰਬੀ ਫ਼ਾਰਸੀ ਦੇ ਗਿਆਤਾ ਹੋਣ ਸੰਬੰਧੀ ਸੰਦੇਹ ਪ੍ਰਗਟ ਕੀਤਾ ਹੈ ਜੋ ਕਿ ਠੀਕ ਨਹੀਂ ਜਾਪਦਾ। ਡਾ. ਜੈ ਭਗਵਾਨ ਗੋਇਲ ਨੇ ਤਾਂ ਉਨ੍ਹਾਂ ਦੀ ਰਚਨਾ ਵਿਚ ਵਰਤੇ ਗਏ ਅਰਬੀ ਫ਼ਾਰਸੀ ਸ਼ਬਦਾਂ ਦੀ ਇਕ ਸੂਚੀ[25] ਪ੍ਰਦਾਨ ਕੀਤੀ ਹੈ ਅਤੇ ਉਨ੍ਹਾਂ ਦੁਆਰਾ ਰੱਖੇ ਗਏ ਅਰਬੀ ਫ਼ਾਰਸੀ ਛੰਦ ਦਾ ਜ਼ਿਕਰ[26] ਵੀ ਕੀਤਾ ਜਿਸ ਤੋਂ ਕਵੀ ਜੀ ਦੇ ਇਸ ਭਾਸ਼ਾ ਦਾ ਗਿਆਤਾ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ। ਜਿੱਥੋਂ ਤੱਕ ਉਨ੍ਹਾਂ ਦੀ ਰਚਨਾ ਵਿਚ ਮੁਗ਼ਲ ਹਾਕਮਾਂ ਦੇ ਇਤਿਹਾਸ ਵਿਚਲੀਆਂ ਉਕਾਈਆਂ ਦੀ ਗੱਲ ਹੈ ਉਸ ਦਾ ਕਾਰਨ ਭਾਈ ਸੰਤੋਖ ਸਿੰਘ ਦੀ ਫ਼ਾਰਸੀ ਤੋਂ ਅਣਜਾਣਤਾ ਨਹੀਂ ਸਗੋਂ ਫ਼ਾਰਸੀ ਸ੍ਰੋਤ ਗ੍ਰੰਥਾਂ ਦਾ ਉਸ ਸਮੇਂ ਉਨ੍ਹਾਂ ਕੋਲ ਮੌਜੂਦ ਨਾ ਹੋਣਾ ਹੈ।

**ਬੂੜੀਆ ਨਿਵਾਸ**

ਲਗ-ਪਗ ਪੰਦਰਾਂ ਸਾਲ ਗਿਆਨੀ ਸੰਤ ਸਿੰਘ ਕੋਲ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਸੰਮਤ 1870 (1813 ਈ.) ਦੇ ਆਸ ਪਾਸ ਭਾਈ ਸੰਤੋਖ ਸਿੰਘ ਨੇ ਬੂੜੀਆ ਨਾਮਕ ਨਗਰ ਤੋਂ ਆਪਣਾ ਸਾਹਿਤਕ ਜੀਵਨ ਆਰੰਭ ਕੀਤਾ। ਸੰਮਤ 1870 ਈ. ਵਿਚ ਉਨ੍ਹਾਂ ਦੇ ਬੂੜੀਆ ਹੋਣ ਦੀ ਪੁਸ਼ਟੀ ਉਨ੍ਹਾਂ ਦੀ ਆਪਣੀ ਰਚਨਾ ਵਿੱਚੋਂ ਹੋ ਜਾਂਦੀ ਹੈ ਜਿੱਥੇ ਉਨ੍ਹਾਂ ਨੇ ਕਿਸੇ ਮਹਾਨ ਸਰਦਾਰ ਦੇ ਪਾਸ ਰਹਿਣ ਦਾ ਵੀ ਜ਼ਿਕਰ[27] ਕੀਤਾ ਹੈ ਪਰੰਤੂ ਉਸ ਮਹਾਨ ਸਰਦਾਰ ਦੇ ਨਾਮ ਦਾ ਵੇਰਵਾ ਪ੍ਰਦਾਨ ਨਹੀਂ ਕੀਤਾ।

ਬੂੜੀਆ ਦਾ ਇਹ ਮਹਾਨ ਸਰਦਾਰ ਕੌਣ ਸੀ, ਇਸ ਬਾਰੇ ਵੱਖ-ਵੱਖ ਤੱਥ ਪ੍ਰਾਪਤ ਹੁੰਦੇ ਹਨ। ਭਾਈ

---

[24] ਕਾਹਲੋਂ, ਰੂਪਿੰਦਰ ਕੌਰ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ*, ਪੰਨੇ 13-14

[25] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ,* ਪੰਨਾ 87

[26] ਉਹੀ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨੇ 209-210

[27] ਅਠਦਸ ਸੈ ਸੱਤ੍ਰਹਿ ਬਿਖੈ ਔਚਕ ਗਿਰੀ ਜੁ ਜਾਇ ॥
ਨਿਕਸੀ ਤਬ ਸੰਦੂਕਰੀ ਹੁਕਮ ਪੱਤ੍ਰ ਪਠਿ ਜਾਨਿ ॥
ਰਹਿਤ ਹੁਤੇ ਕਵਿ ਜਿਸ ਨਿਕਟ ਸੋ ਸਰਦਾਰ ਮਹਾਨ ॥ -ਜਿਲਦ ਗਿਆਰਵੀਂ, ਪੰਨਾ 4822

ਵੀਰ ਸਿੰਘ ਅਨੁਸਾਰ[28] ਇਸ ਸਮੇਂ ਵਿਚ ਕਵੀ ਜੀ ਦਾ ਨਿਵਾਸ ਦਿਆਲਗੜ੍ਹ ਦੇ ਸਰਦਾਰ ਭਗਵਾਨ ਸਿੰਘ ਪਾਸ ਸੀ ਜਿੱਥੇ ਉਨ੍ਹਾਂ ਨੂੰ ਭਗਵਾਨ ਸਿੰਘ ਦਾ ਜਰਨੈਲ ਦਿਆਲ ਸਿੰਘ ਆਪਣੇ ਅਸਰ ਰਸੂਖ਼ ਸਦਕਾ ਦਰਬਾਰ ਵਿਚ ਰਾਜ ਕਵੀ ਵਜੋਂ ਲੈ ਆਇਆ ਸੀ। ਇਹ ਦਿਆਲ ਸਿੰਘ ਕਵੀ ਜੀ ਦੀ ਬਿਰਾਦਰੀ ਨਾਲ ਸੰਬੰਧ ਰੱਖਦਾ ਸੀ ਅਤੇ ਕਵੀ ਜੀ ਦੇ ਪਿਤਾ ਦਾ ਵਧੀਆ ਜਾਣਕਾਰ ਸੀ ਭਾਵ ਕਿ ਭਾਈ ਵੀਰ ਸਿੰਘ ਨੇ ਭਾਈ ਸਾਹਿਬ ਦਾ ਬੂੜੀਆ ਦੀ ਥਾਂ ਦਿਆਲਗੜ੍ਹ ਵਿਚ ਰਹਿਣਾ ਪ੍ਰਵਾਨ ਕੀਤਾ ਹੈ ਜਿੱਥੇ ਉਨ੍ਹਾਂ ਨੂੰ ਰਾਜ ਆਸਰਾ ਪ੍ਰਾਪਤ ਸੀ।

ਮੈਕਾਲਿਫ ਨੇ ਭਾਈ ਸੰਤੋਖ ਸਿੰਘ ਦੁਆਰਾ ਵਰਣਿਤ ਮਹਾਨ ਸਰਦਾਰ ਦਾ ਨਾਮ ਮੇਘ ਸਿੰਘ ਲਿਖਿਆ[29] ਹੈ ਜਿਸ ਸੰਬੰਧੀ ਡਾ. ਜੈ ਭਗਵਾਨ ਗੋਇਲ ਨੇ ਵੀ ਸਹਿਮਤੀ ਪ੍ਰਗਟ ਕੀਤੀ ਹੈ। ਡਾ. ਗੋਇਲ ਨੇ ਭਾਈ ਵੀਰ ਸਿੰਘ ਦੁਆਰਾ ਦਿੱਤੇ ਗਏ ਕਵੀ ਜੀ ਦੇ ਦਿਆਲਗੜ੍ਹ ਵਿਚ ਰਹਿਣ ਵਾਲੇ ਵਿਚਾਰ ਤੋਂ ਵੱਖਰਾ ਵਿਚਾਰ ਦਿੱਤਾ ਹੈ। ਉਨ੍ਹਾਂ ਨੇ ਬੂੜੀਆ ਅਤੇ ਦਿਆਲਗੜ੍ਹ ਨੂੰ ਦੋ ਵੱਖ-ਵੱਖ ਥਾਂਵਾਂ ਮੰਨਿਆ ਹੈ ਅਤੇ ਦਿਆਲਗੜ੍ਹ ਨਾਮ ਦਾ ਭਾਈ ਸੰਤੋਖ ਸਿੰਘ ਦੀ ਰਚਨਾ ਵਿਚ ਜ਼ਿਕਰ ਨਾ ਹੋਣ ਕਾਰਨ ਬੂੜੀਆ ਨੂੰ ਉਨ੍ਹਾਂ ਦਾ ਨਿਵਾਸ ਸਥਾਨ ਮੰਨਿਆ ਹੈ। ਇਸ ਸੰਬੰਧੀ ਉਹ ਲਿਖਦੇ ਹਨ- *ਬੂੜੀਆ ਵਿਚ ਲੋਕਾਂ ਦਾ ਕਹਿਣਾ ਹੈ ਕਿ ਉਹ ਕਥਾ ਆਦਿ ਕਰਕੇ ਆਪਣਾ ਨਿਰਵਾਹ ਕਰਦੇ ਸਨ। ਮੇਘ ਸਿੰਘ ਨਾਂ ਦੇ ਇੱਕ ਧਨੀ ਸਰਦਾਰ ਤੋਂ ਵੀ ਇਨ੍ਹਾਂ ਨੂੰ ਸਹਾਇਤਾ ਮਿਲਦੀ ਰਹਿੰਦੀ ਸੀ। ਮੈਕਾਲਿਫ ਸਾਹਿਬ ਨੇ ਇਨ੍ਹਾਂ ਦਾ ਮੇਘ ਸਿੰਘ ਪਾਸ ਰਹਿਣ ਦਾ ਵਰਣਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਖ਼ੁਦ ਵੀ ਉਸ ਸਮੇਂ ਆਪਣਾ ਕਿਸੇ ਮਹਾਨ ਸਰਦਾਰ ਠਹਿਰਨ ਦਾ ਸੰਕੇਤ ਤਾਂ ਕੀਤਾ ਹੈ ਪਰ ਰਾਜ ਆਸ਼ਰਿਤ ਹੋਣ ਦਾ ਨਹੀਂ। ਸੰਭਵ ਹੈ ਉਹ ਮਹਾਨ ਸਰਦਾਰ ਮੇਘ ਸਿੰਘ ਹੀ ਹੋਣ।*[30] ਭਾਈ ਸੰਤੋਖ ਸਿੰਘ ਦੇ ਬੂੜੀਆ ਨਿਵਾਸ ਦੌਰਾਨ ਰਾਜ ਆਸ਼ਰਿਤ ਹੋਣ ਵਾਲੇ ਪੱਖ ਸੰਬੰਧੀ ਡਾ. ਗੋਇਲ ਨੇ ਬੂੜੀਆ ਨਰੇਸ਼ ਭਗਵਾਨ ਸਿੰਘ ਦੇ ਉਤਰਾਧਿਕਾਰੀ

---

[28] ਜਿਲਦ ਪਹਿਲੀ, ਪੰਨਾ 95

[29] *Max Arthur Macauliffe, The Sikh Religion (Vol. I & II),* P. IXXVI (Introduction)

[30] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ,* ਪੰਨਾ 5

ਟਿੱਕਾ ਰਤਨ ਅਮੋਲ ਸਿੰਘ ਨਾਲ ਕੀਤੀ ਮੁਲਾਕਾਤ ਦਾ ਵੀ ਜ਼ਿਕਰ[31] ਕੀਤਾ ਹੈ ਜਿਸ ਦੌਰਾਨ ਡਾ. ਗੋਇਲ ਨੂੰ ਇਸ ਸੰਬੰਧੀ ਕੋਈ ਠੋਸ ਪ੍ਰਮਾਣ ਨਹੀਂ ਦੇ ਸਕੇ ਕਿ ਭਾਈ ਸੰਤੋਖ ਸਿੰਘ ਉਨ੍ਹਾਂ ਦੇ ਪੂਰਵਜਾਂ ਦੇ ਆਸ਼ਰਿਤ ਸਨ।

ਭਾਈ ਕਾਨ੍ਹ ਸਿੰਘ ਨਾਭਾ ਨੇ[32] ਵੀ ਕਵੀ ਜੀ ਦੇ ਪਟਿਆਲਾ ਅਤੇ ਕੈਥਲ ਦੋ ਰਿਆਸਤਾਂ ਵਿਚ ਰਾਜ ਆਸਰਾ ਪ੍ਰਾਪਤ ਹੋਣ ਦਾ ਜ਼ਿਕਰ ਕੀਤਾ ਹੈ, ਬੂੜੀਆ ਰਿਆਸਤ ਵਿਚ ਨਹੀਂ। ਭਾਈ ਵੀਰ ਸਿੰਘ ਜੀ ਦੀ ਬੂੜੀਆ ਵਿਖੇ ਰਾਜ ਆਸਰਾ ਪ੍ਰਾਪਤ ਹੋਣ ਵਾਲੀ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਜੇਕਰ ਕਵੀ ਜੀ ਨੂੰ ਉੱਥੇ ਰਾਜ ਆਸਰਾ ਪ੍ਰਾਪਤ ਹੁੰਦਾ ਤਾਂ ਉਹ ਇਸ ਸਮੇਂ ਦੌਰਾਨ ਆਰਥਿਕ ਪੱਖੋਂ ਬੇਹੱਦ ਤੰਗੀ ਵਾਲੇ ਦਿਨ ਨਾ ਵੇਖਦੇ ਜਿਸ ਬਾਰੇ ਉਨ੍ਹਾਂ ਨੇ ਆਪਣੀ ਰਚਨਾ ਵਿਚ ਵੀ ਲਿਖਿਆ ਹੈ। ਇਸ ਆਰਥਿਕ ਤੰਗੀ ਵਾਲੇ ਪੱਖ ਸੰਬੰਧੀ ਵਿਚਾਰ ਅੱਗੇ ਚੱਲ ਕੇ ਕੀਤੀ ਜਾਵੇਗੀ। ਬੂੜੀਆ ਨਿਵਾਸ ਦੌਰਾਨ ਹੀ ਭਾਈ ਸੰਤੋਖ ਸਿੰਘ ਨੇ ਆਪਣੀ ਪਹਿਲੀ ਲਿਖਤ (ਅਨੁਵਾਦਿਤ) 'ਨਾਮ ਕੋਸ਼' ਦੀ ਰਚਨਾ ਕੀਤੀ ਅਤੇ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਸੰਪੂਰਨ ਕੀਤਾ।

**ਵਿਆਹ ਅਤੇ ਸੰਤਾਨ**

ਭਾਈ ਸੰਤੋਖ ਸਿੰਘ ਨੇ ਆਪਣੇ ਸਾਹਿਤਕ ਰੁਝੇਵਿਆਂ ਕਾਰਨ ਆਪਣਾ ਵਿਆਹ ਉਸ ਸਮੇਂ ਦੀ ਰੀਤੀ ਅਨੁਸਾਰ ਛੋਟੀ ਉਮਰ ਵਿਚ ਨਹੀਂ ਕਰਵਾਇਆ, ਸਗੋਂ ਉਨ੍ਹਾਂ ਦਾ ਵਿਆਹ ਲਗ-ਪਗ 34 ਸਾਲ ਦੀ ਉਮਰ ਵਿਚ ਹੋਇਆ। ਇਹ ਵਿਆਹ ਉਨ੍ਹਾਂ ਨੇ ਜਾਤੀ ਬੰਧਨਾਂ ਤੋਂ ਉੱਪਰ ਉੱਠ ਕੇ ਕਰਵਾਇਆ। ਉਨ੍ਹਾਂ ਦਾ ਵਿਆਹ 1821 ਈ. ਵਿਚ ਜਗਾਧਰੀ ਨਿਵਾਸੀ ਬੀਬੀ ਰਾਮ ਕੌਰ ਨਾਲ ਹੋਇਆ ਜੋ ਰੁਹੇਲਾ ਵੰਸ਼ ਨਾਲ ਸੰਬੰਧ ਰੱਖਦੇ ਸਨ ਜਦੋਂ ਕਿ ਭਾਈ ਸੰਤੋਖ ਸਿੰਘ ਦੀ ਬਿਰਾਦਰੀ ਵਾਲੇ ਰੁਹੇਲਿਆਂ ਨਾਲ ਵਰਤਣ ਤੋਂ ਵੀ ਗੁਰੇਜ਼ ਕਰਦੇ ਸਨ। ਇਹ ਸਿੱਖੀ ਆਸ਼ੇ ਨੂੰ ਮੁੱਖ ਰੱਖ ਕੇ ਕੀਤਾ ਹੋਇਆ ਵਿਆਹ ਸੀ ਜਿਸ ਵਿਚ ਜਾਤੀ ਬੰਧਨਾਂ ਦੀ ਕੋਈ ਥਾਂ ਨਹੀਂ ਸੀ। ਕਵੀ ਜੀ ਦੇ ਘਰ ਪੰਜ ਪੁੱਤਰ ਅਜੈ ਸਿੰਘ, ਵਿਜੈ ਸਿੰਘ, ਮਕਸੂਦਨ ਸਿੰਘ, ਬਲਦੇਵ ਸਿੰਘ ਅਤੇ ਅਨੁਰੁੱਧ ਸਿੰਘ; ਤਿੰਨ ਪੁੱਤਰੀਆਂ ਖੇਮ ਕੌਰ, ਮੈਮਨ ਕੌਰ ਅਤੇ ਮਾਨ ਕੌਰ ਸੰਤਾਨ ਰੂਪ ਵਿਚ ਪੈਦਾ ਹੋਏ। ਭਾਈ ਵੀਰ ਸਿੰਘ ਨੇ ਕਵੀ ਜੀ ਦੀ

---

31 ਉਹੀ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 11

32 *ਮਹਾਨ ਕੋਸ਼,* ਪੰਨਾ 244

ਸੰਤਾਨ ਦੇ ਪਰਿਵਾਰਾਂ ਦੇ ਕੈਥਲ ਅਤੇ ਪਟਿਆਲਾ ਵਿਚ ਹੋਣ ਦੇ ਵੇਰਵੇ[33] ਪ੍ਰਦਾਨ ਕੀਤੇ ਹਨ।

**ਆਰਥਿਕ ਤੰਗੀ ਦਾ ਸਮਾਂ**

ਸਿੱਖ ਪੰਥ ਦੇ ਇਸ ਮਹਾਂ ਕਵੀ ਦੀ ਜ਼ਿੰਦਗੀ ਵਿਚ ਅਜਿਹਾ ਸੰਘਰਸ਼ਮਈ ਸਮਾਂ ਵੀ ਆਇਆ ਜਦੋਂ ਉਨ੍ਹਾਂ ਨੂੰ ਆਰਥਿਕ ਤੰਗੀ ਵਾਲਾ ਸਮਾਂ ਵੀ ਵੇਖਣਾ ਪਿਆ ਜਿਸ ਸੰਬੰਧੀ ਸੰਕੇਤ ਮਾਤਰ ਜ਼ਿਕਰ ਪਿੱਛੇ ਵੀ ਆ ਚੁੱਕਾ ਹੈ। ਇਹ ਅਜਿਹਾ ਬੇਰੁਜ਼ਗਾਰੀ ਵਾਲਾ ਸਮਾਂ ਸੀ ਜਿਸ ਬਾਰੇ ਕਵੀ ਜੀ ਲਿਖਦੇ ਹਨ[34] ਕਿ ਇਸ ਸਮੇਂ ਵਿਚ ਉਨ੍ਹਾਂ ਦੇ ਸਾਰੇ ਆਪਣੇ ਵੀ ਬੇਗਾਨੇ ਹੋ ਗਏ ਕਿਉਂਕਿ ਆਰਥਿਕ ਤੰਗੀ ਕਾਰਨ ਉਨ੍ਹਾਂ ਦਾ ਬਲ ਪ੍ਰਭਾਵ ਖ਼ਤਮ ਹੋ ਗਿਆ ਸੀ। ਘਰ ਦੀ ਇਸਤ੍ਰੀ ਤਾਨੇ ਮਿਹਣੇ ਦੇ ਰਹੀ ਸੀ ਤੇ ਮਿੱਤਰ ਵੀ ਅੱਖਾਂ ਫੇਰ ਗਏ ਸਨ ਜੋ ਸਿੱਧੇ ਮੂੰਹ ਗੱਲ ਨਹੀਂ ਸਨ ਕਰਦੇ। ਘਰ ਦੇ ਦਰਵਾਜ਼ੇ 'ਤੇ ਪੈਸੇ ਲੈਣ ਵਾਲੇ ਆ ਕੇ ਖੜ੍ਹ ਜਾਂਦੇ ਤੇ ਗਾਲਾਂ ਦੇ ਰੂਪ ਵਿਚ ਭੱਦੀ ਸ਼ਬਦਾਵਲੀ ਬੋਲਦੇ। ਬਿਨਾਂ ਰੁਜ਼ਗਾਰ ਤੋਂ ਰੋਜ਼ ਹੀ ਗਾਲ੍ਹਾਂ ਖਾਣੀਆਂ ਪੈਂਦੀਆਂ।

ਇਹ ਆਰਥਿਕ ਮੰਦਹਾਲੀ ਵਾਲਾ ਸਮਾਂ ਬੂੜੀਆ ਨਿਵਾਸ ਦੇ ਸਮੇਂ ਤੋਂ ਲੈ ਕੇ ਕੈਥਲ ਆਉਣ ਦੇ ਵਿਚਕਾਰਲਾ ਸਮਾਂ ਹੋ ਸਕਦਾ ਹੈ। ਜੇਕਰ ਮੰਨ ਲਿਆ ਜਾਵੇ ਕਿ ਉਨ੍ਹਾਂ ਨੇ ਪਟਿਆਲਾ ਰਿਆਸਤ ਵਿਚ ਆਸਰਾ ਪ੍ਰਾਪਤ ਕੀਤਾ ਤਾਂ ਇਹ ਸਮਾਂ ਬੂੜੀਆ ਤੋਂ ਪਟਿਆਲਾ ਆਉਣ ਤੱਕ ਦਾ ਵਿਚਕਾਰਲਾ ਸਮਾਂ ਬਣ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ[35] ਭਾਈ ਸੰਤੋਖ ਸਿੰਘ 1880 ਬਿਕ੍ਰਮੀ (1823 ਈ.) ਵਿਚ ਬੂੜੀਆ ਤੋਂ ਪਟਿਆਲਾ ਆਏ ਅਤੇ ਸੰਮਤ 1882 (1825 ਈ.) ਵਿਚ ਪਟਿਆਲਾ ਤੋਂ ਕੈਥਲ। ਇਸ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਤਕਲੀਫ਼ਾਂ ਵਾਲਾ ਸਮਾਂ 1813 ਈ. ਤੋਂ 1823 ਈ. ਦਾ ਹੈ। ਕਵੀ ਜੀ ਦੁਆਰਾ ਰਾਸ

---

33 ਜਿਲਦ ਪਹਿਲੀ, ਪੰਨੇ 168-170

34 ਛੁਟਯੋ ਹੈ ਪ੍ਰਾਕ੍ਰਮ ਔ ਬਿਸਰਯੋ ਹੈ ਨੇਮ ਧ੍ਰਮ, ਔਰ ਖੋਈ ਹਜਾਉ ਸ੍ਰਮ ਅਤਿ ਦੁਖ ਪਾਈਯਤਿ ਹੈ।
ਘਰ ਕੇ ਰੁਸਾਨੇ, ਸਭ ਆਪਨੇ ਭਏ ਬਿਰਾਨੇ, ਨਾਰੀ ਦੇਤਿ ਤਾਨੇ, ਸੁਨ ਸਿਰ ਨਜਾਈਯਤਿ ਹੈ।
ਮਿੱਤ੍ਰ ਹੂੰ ਛੁਪਾਏ ਨੈਨ, ਸੂਧੇ ਹੂੰ ਨ ਬੋਲੈਂ ਬੈਨ, ਮਨ ਮੈਂ ਨ ਧਰੈਂ ਜਾਕੇ ਢਿਗ ਜਾਈਯਤਿ ਹੈ।
ਦ੍ਵਾਰ ਪੈ ਕਰਜ਼ਦਾਰ ਠਾਂਢੇ ਮੁਖ ਦੇਤਿ ਗਾਰ, ਬਿਨਾ ਰੋਜ਼ਗਾਰ ਰੋਜ਼ ਗਾਰ ਖਾਈਯਤਿ ਹੈ ।। -ਜਿਲਦ ਪਹਿਲੀ, ਪੰਨਾ 102

35 ਮਹਾਨ ਕੋਸ਼, ਪੰਨਾ 244

ਪਹਿਲੀ ਦੇ ਅੰਸੂ 5 ਵਿਚ ਲਿਖੀ ਲਾਈਨ 'ਪਰਾਲਬਧ ਕਰ ਕਿਤ ਕਿਤ ਰਹੇ' ਵੀ ਇਸੇ ਗੱਲ ਵੱਲ ਇਸ਼ਾਰਾ ਕਰਦੀ ਹੈ। ਭਾਈ ਸੰਤੋਖ ਸਿੰਘ ਅਨੁਸਾਰ[36] ਇਸ ਸਮੇਂ ਦੌਰਾਨ ਉਹ ਰੋਜ਼ਗਾਰ ਲਈ ਵੱਖ-ਵੱਖ ਸਿੱਖ ਰਿਆਸਤਾਂ ਸਰਦਾਰਾਂ ਕੋਲ ਵੀ ਗਏ ਪਰ ਨਿਰਾਸ਼ਾ ਹੀ ਹੱਥ ਲੱਗੀ ਸੀ।

ਕਵੀ ਜੀ ਨੇ ਆਪਣੀ ਰਚਨਾ ਵਿਚ ਗ੍ਰੰਥ ਦੀ ਇਤਿਹਾਸਿਕ ਸਮੱਗਰੀ ਲਈ ਹੰਡਿਆਇਆ, ਖਿਆਲਾ, ਬਾਰਨਾ, ਬਣੀ ਬਦਰਪੁਰ, ਮੁਕੰਦਪੁਰਾ, ਚੀਕਾ, ਠਸਕਾ ਆਦਿ ਥਾਵਾਂ 'ਤੇ ਜਾਣ ਦਾ ਜ਼ਿਕਰ[37] ਕੀਤਾ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਥਾਵਾਂ 'ਤੇ ਉਹ ਇਸ ਸਮੇਂ ਦੌਰਾਨ ਹੀ ਗਏ ਹੋਣਗੇ ਕਿਉਂਕਿ ਕੈਥਲ ਪਹੁੰਚਣ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਇਕ ਥਾਂ ਬੈਠ ਕੇ ਹੀ ਸਾਰਾ ਕਾਰਜ ਕੀਤਾ।

**ਪਟਿਆਲੇ ਵਿਚ**

ਬੂੜੀਏ ਤੋਂ ਬਾਅਦ ਭਾਈ ਸਾਹਿਬ ਦੇ ਪਟਿਆਲੇ ਵਿਚ ਆਉਣ ਦਾ ਪਤਾ ਚੱਲਦਾ ਹੈ। ਭਾਈ ਵੀਰ ਸਿੰਘ ਅਨੁਸਾਰ[38] ਉਨ੍ਹਾਂ ਨੂੰ ਭਾਈ ਸੰਤ ਸਿੰਘ ਜੀ ਦੀ ਮਾਰਫਤ ਮਹਾਰਾਜਾ ਕਰਮ ਸਿੰਘ ਨੇ ਪਟਿਆਲਾ ਬੁਲਾਇਆ ਜਿੱਥੇ ਉਨ੍ਹਾਂ ਨੂੰ ਰਾਜ ਕਵੀਆਂ ਵਿਚ ਸ਼ਾਮਿਲ ਕਰਕੇ ਰਸਦਾਂ, ਰੋਜੀਨਾ ਅਤੇ ਹੋਰ ਸਨਮਾਨ ਪ੍ਰਦਾਨ ਕੀਤਾ ਗਿਆ ਪਰੰਤੂ ਪਟਿਆਲਾ ਵਿਚ ਭਾਈ ਸੰਤੋਖ ਸਿੰਘ ਨੂੰ ਉੱਚ ਜਾਤੀ ਦੇ ਦਰਬਾਰੀ ਵਿਦਵਾਨਾਂ ਦੇ ਅਭਿਮਾਨ ਕਾਰਨ ਉਨ੍ਹਾਂ ਦੀ ਖੁੰਦਕ ਦਾ ਵੀ ਸਾਹਮਣਾ ਕਰਨਾ ਪਿਆ। ਭਾਈ ਵੀਰ ਸਿੰਘ ਨੇ ਇਕ ਘਟਨਾ ਦਾ ਵੀ ਜ਼ਿਕਰ[39] ਕੀਤਾ ਹੈ ਜਦੋਂ ਕਵੀ ਜੀ ਨੇ ਪਟਿਆਲਾ ਦਰਬਾਰ ਵਿਚ ਕ੍ਰਿਸ਼ਨ ਲੀਲ੍ਹਾ ਤੇ ਕਵੀਆਂ ਦੀ ਹੋ ਰਹੀ ਜ਼ੋਰ ਅਜਮਾਇਸ਼ ਵਾਲੇ

---

[36] ਰੋਜ਼ੀ ਕੀ ਗਰਜ਼ ਰਜੁ ਰਾਜਨ ਕੀ ਰਾਜੀਯਤਿ, ਪਾਜੀ ਪਾਇ ਪੂਜ ਪਰ ਪੀਰ ਪਾਈਯਤਿ ਹੈ।
ਦਾਸ ਕੌਨ ਦੂਸਰੋ ਨ ਦੇਖੀਆ ਗਰਜ਼ ਸਮ, ਬਰਜਿ ਹਟਾਵੈ ਤਾਂ ਪੈ ਫਰ ਜਾਈਯਤਿ ਹੈ।
ਜੀਵਕਾ ਅਧੀਨ ਦੀਨ ਦੀਨਤਾ ਮੈਂ ਦਾਹ ਕੋ ਨ, ਲੋਗ ਐ ਲੁਗਾਈਯਨ ਮੈਂ ਯੂਹੀ ਗਾਈਯਤਿ ਹੈ :-
ਗੁਨ ਕੋ ਗਰੂਰ ਕੂਰ, ਸਾਹਿਬ ਸ਼ਹੂਰ ਭੂਰ! ਅਪਨੀ ਜਾ ਜਰੂਰ ਜਾਈਯਤਿ ਹੈ॥ -ਜਿਲਦ ਪਹਿਲੀ, ਪੰਨਾ 102

[37] ਉਹੀ, ਪੰਨੇ 153-155

[38] ਉਹੀ, ਪੰਨੇ 101-103

[39] ਉਹੀ, ਪੰਨਾ 102

ਮਾਹੌਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਾਲੇ ਕਾਵਿ ਬੰਦ ਸੁਣਾਏ।

ਪਰੰਤੂ ਭਾਈ ਸੰਤੋਖ ਸਿੰਘ ਨੂੰ ਪਟਿਆਲਾ ਨਿਵਾਸ ਦੌਰਾਨ ਰਾਜ ਆਸਰਾ ਪ੍ਰਾਪਤ ਹੋਣ ਦੇ ਪੁਖਤਾ ਪ੍ਰਮਾਣ ਨਹੀਂ ਮਿਲਦੇ। ਡਾ. ਜੈ ਭਗਵਾਨ ਗੋਇਲ ਕਵੀ ਜੀ ਪਟਿਆਲਾ ਨੂੰ ਪਟਿਆਲਾ ਨਿਵਾਸ ਦੌਰਾਨ ਰਾਜ ਆਸਰਾ ਮਿਲਣ ਸੰਬੰਧੀ ਅਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ- *ਪਟਿਆਲਾ ਦੇ ਆਪਣੇ ਕਿਸੀ ਆਸਰਾ ਦਾਤਾ ਦਾ ਨਾਂ ਉਨ੍ਹਾਂ ਨੇ ਨਹੀਂ ਲਿਖਿਆ ਅਤੇ ਨਾ ਹੀ ਕਰਮ ਸਿੰਘ ਦੇ ਸੰਬੰਧ ਵਿਚ ਪ੍ਰਸੰਸਾਜਨਕ ਜਾਂ ਮੰਗਲ ਕਾਮਨਾ ਸੰਬੰਧੀ ਕੋਈ ਕਦਮ ਹੀ ਲਿਖਿਆ ਹੈ। ਭਾਈ ਸੰਤੋਖ ਸਿੰਘ ਦੇ ਵੰਸ਼ਜ ਦਿਆਲ ਸਿੰਘ ਆਦਿ ਦੇ ਮੱਤ ਅਨੁਸਾਰ ਉਹ ਪਟਿਆਲਾ ਵਿਚ ਵੀਰ ਸਿੰਘ ਦੇ ਬੁੰਗੇ ਵਿੱਚ ਰਹਿੰਦੇ ਸਨ। ਇਸ ਲਈ ਸਾਡਾ ਵਿਸ਼ਵਾਸ ਹੈ ਕਿ ਇੱਥੇ ਵੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਰਾਜ ਆਸਰਾ ਪ੍ਰਾਪਤ ਨਹੀਂ ਸੀ।* [40]

ਭਾਈ ਸੰਤੋਖ ਸਿੰਘ ਦੀ ਪਟਿਆਲਾ ਵਿੱਚ ਸੰਤ ਬੀਰ ਸਿੰਘ ਦੇ ਡੇਰੇ ਵਿਚ ਰਹਿਣ, ਕਥਾ ਕਰਨ ਅਤੇ ਵਿੱਦਿਆ ਪੜ੍ਹਾਉਣ ਦੀ ਪੁਸ਼ਟੀ ਭਾਈ ਵੀਰ ਸਿੰਘ ਨੇ ਵੀ ਕੀਤੀ ਹੈ। ਜੇਕਰ ਕਵੀ ਜੀ ਨੂੰ ਪਟਿਆਲਾ ਰਿਆਸਤ ਵਿਚ ਰਾਜ ਆਸਰਾ ਪ੍ਰਾਪਤ ਹੁੰਦਾ ਤਾਂ ਉਨ੍ਹਾਂ ਦੀ ਰਿਹਾਇਸ਼ ਵੀ ਸਨਮਾਨ ਯੋਗ ਪ੍ਰਬੰਧ ਪਟਿਆਲਾਪਤਿ ਵੱਲੋਂ ਹੋਣਾ ਸੰਭਵ ਸੀ ਜੋ ਕਿ ਨਹੀਂ ਹੋਇਆ। ਪਟਿਆਲਾ ਦਰਬਾਰ ਦੀ ਰੋਜ਼ਨਾਮਚਿਆਂ ਦੇ ਰਿਕਾਰਡ ਵਿਚ ਵੀ ਕਵੀ ਜੀ ਦਾ ਕੋਈ ਵੇਰਵਾ ਪ੍ਰਾਪਤ ਨਹੀਂ ਆਉਂਦਾ। ਇਸ ਦੀ ਪੁਸ਼ਟੀ ਖੁਦ ਭਾਈ ਵੀਰ ਸਿੰਘ ਦੇ ਇਸ ਕਥਨ ਤੋਂ ਹੋ ਜਾਂਦੀ ਹੈ-*1880-86 ਦੇ ਸਮੇਂ ਦੇ ਮਹਾਰਾਜ ਸਾਹਿਬ ਦੇ ਰੋਜ਼ਨਾਮਚੇ ਮੁਕੰਮਲ ਤੇ ਸਿਲਸਿਲੇ ਵਾਰ ਨਹੀਂ ਮਿਲਦੇ। ਰੋਜ਼ਨਾਮਚਿਆਂ ਵਿੱਚ ਚੰਗੀ ਖੋਜ ਕਰਨ ਪਰ ਵੀ ਕਵੀ ਜੀ ਦੇ ਹਾਲਾਤ ਪਰ ਕੋਈ ਰੌਸ਼ਨੀ ਪ੍ਰਾਪਤ ਨਹੀਂ ਹੋ ਸਕੀ।* [41]

ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਭਾਈ ਸੰਤੋਖ ਸਿੰਘ ਨੂੰ ਪਟਿਆਲਾ ਦਰਬਾਰ ਵਿਚ ਰਾਜ ਆਸਰਾ ਮਿਲਣ ਵਾਲਾ ਤੱਥ ਸੰਦੇਹਪੂਰਨ ਹੋ ਜਾਂਦਾ ਹੈ। ਫਿਲਹਾਲ ਦੀ ਘੜੀ ਇਹੀ ਮੰਨ ਲੈਣਾ ਉਚਿਤ ਹੈ ਕਿ ਪਟਿਆਲਾ

---

[40] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ*, ਪੰਨਾ 5

[41] ਜਿਲਦ ਪਹਿਲੀ, ਪੰਨਾ 101 (ਫੁੱਟਨੋਟ)

ਵਿਚ ਉਨ੍ਹਾਂ ਨੂੰ ਰਾਜ ਆਸਰਾ ਪ੍ਰਾਪਤ ਨਹੀਂ ਸੀ।

**ਕੈਥਲ ਰਿਆਸਤ ਵਿਚ ਮਾਣ ਸਨਮਾਨ ਵਾਲਾ ਜੀਵਨ**

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ[42] ਕਵੀ ਜੀ ਸੰਨ 1825 ਈਸਵੀ ਵਿਚ ਪਟਿਆਲਾ ਤੋਂ ਕੈਥਲ ਰਿਆਸਤ ਆਏ। ਕੈਥਲ ਰਿਆਸਤ ਵਿਚ ਆਉਣ ਦਾ ਸਬੱਬ ਕੈਥਲਪਤਿ ਭਾਈ ਉਦੈ ਸਿੰਘ ਦੇ ਸੱਦੇ ਨਾਲ ਬਣਿਆ ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਦੀ ਵਿਦਵਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਕੇ ਆਦਰ ਸਹਿਤ ਆਪਣੇ ਦਰਬਾਰ ਵਿਚ ਰੱਖਿਆ। ਇਸ ਦੀ ਪੁਸ਼ਟੀ ਖ਼ੁਦ ਕਵੀ ਜੀ ਨੇ ਵੀ ਆਪਣੀ ਰਚਨਾ ਵਿਚ ਭਾਈ ਉਦੈ ਸਿੰਘ ਦੀ ਸਿਫਤ ਕਰਦੇ ਹੋਏ ਕੀਤੀ ਹੈ –

ਉਦੈ ਸਿੰਘ ਬਡ ਭੂਪ ਬਹਾਦਰ ॥ ਕਵਿ ਬੁਲਾਇ ਰਖਿਓ ਢਿਗ ਸਾਦਰ ॥[43]

ਭਾਈ ਸੰਤੋਖ ਸਿੰਘ ਦੇ ਪਟਿਆਲਾ ਤੋਂ ਕੈਥਲ ਜਾਣ ਸੰਬੰਧੀ ਇਹ ਰਵਾਇਤ ਵੀ ਮਿਲਦੀ ਹੈ ਕਿ ਕੈਥਲਪਤਿ ਭਾਈ ਉਦੈ ਸਿੰਘ ਨੇ ਮਹਾਰਾਜਾ ਕਰਮ ਸਿੰਘ ਪਾਸੋਂ ਆਪ ਨੂੰ ਉਚੇਚੇ ਤੌਰ 'ਤੇ ਮੰਗਿਆ ਅਤੇ ਮਹਾਰਾਜਾ ਕਰਮ ਸਿੰਘ ਨੇ ਆਪ ਨੂੰ ਕੈਥਲ ਭੇਜ ਦਿੱਤਾ। ਇਸ ਸੰਬੰਧ ਵਿਚ ਦੋ ਨੁਕਤੇ ਵਿਚਾਰਨਯੋਗ ਹਨ। ਪਹਿਲਾ, ਕੀ ਇਹ ਸੰਭਵ ਹੈ ਕਿ ਭਾਈ ਸੰਤੋਖ ਸਿੰਘ ਵਰਗੇ ਗੁਣੀ ਗਿਆਨੀ ਵਿਦਵਾਨ ਨੂੰ ਮਹਾਰਾਜਾ ਕਰਮ ਸਿੰਘ ਇੰਨੀ ਸਹਿਜਤਾ ਨਾਲ ਕੈਥਲ ਭੇਜ ਦੇਣ। ਦੂਸਰਾ, ਭਾਈ ਸੰਤੋਖ ਸਿੰਘ ਦੁਆਰਾ ਮਹਾਰਾਜਾ ਕਰਮ ਸਿੰਘ ਵਰਗੇ ਯੋਗ ਮਹਾਰਾਜ ਦੀ ਸਰਪ੍ਰਸਤੀ ਅਧੀਨ ਪਟਿਆਲਾ ਵਰਗੀ ਵੱਡੀ ਰਿਆਸਤ ਨੂੰ ਛੱਡ ਕੇ ਦੂਸਰੀ ਰਿਆਸਤ ਵਿਚ ਜਾਣ ਦਾ ਕੋਈ ਠੋਸ ਕਾਰਨ ਨਹੀਂ ਜਾਪਦਾ। ਜਾਤੀ ਅਭਿਮਾਨ ਵਾਲੀ ਖ਼ੁੰਦਕ ਵਾਲੇ ਮਾਹੌਲ ਨੂੰ ਪਟਿਆਲਾ ਰਿਆਸਤ ਛੱਡਣ ਦਾ ਕਾਰਨ ਮੰਨਣਾ ਠੀਕ ਨਹੀਂ ਕਿਉਂਕਿ ਕੈਥਲ ਵਿਚ ਵੀ ਕੁੱਝ ਹੱਦ ਤੱਕ ਭਾਈ ਸੰਤੋਖ ਸਿੰਘ ਨੂੰ ਸਿੱਖ ਵਿਰੋਧੀ ਬ੍ਰਾਹਮਣਵਾਦੀ ਮਾਹੌਲ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮਾਹੌਲ ਤੋਂ ਗੁੱਸੇ ਹੋ ਕੇ ਕਈ ਵਾਰ ਕਵੀ ਜੀ ਰਿਆਸਤ ਛੱਡ ਕੇ ਚਲੇ ਵੀ ਜਾਂਦੇ ਸਨ ਪਰ ਭਾਈ ਉਦੈ ਸਿੰਘ ਉਨ੍ਹਾਂ ਨੂੰ ਮਨਾ ਕੇ

---

[42] ਮਹਾਨ ਕੋਸ਼, ਪੰਨਾ 244

[43] ਸੰਤੋਖ ਸਿੰਘ, ਭਾਈ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 9

ਵਾਪਸ ਲੈ ਆਉਂਦੇ। ਭਾਈ ਸੰਤੋਖ ਸਿੰਘ ਦੀ ਸ਼ਖਸੀਅਤ ਹੀ ਇੰਨੀ ਪ੍ਰਤਿਭਾਸ਼ਾਲੀ ਸੀ ਕਿ ਉਹ ਵਿਰੋਧੀ ਮਾਹੌਲ ਵਿਚ ਵੀ ਰਹਿ ਕੇ ਆਪਣਾ ਕਾਰਜ ਕਰ ਸਕਦੇ ਸਨ। ਇਸ ਲਈ ਦਰਬਾਰ ਦੇ ਮਾਹੌਲ ਤੋਂ ਤੰਗ ਹੋ ਕੇ ਰਿਆਸਤ ਛੱਡਣ ਵਾਲਾ ਕਾਰਨ ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ ਨਾਲ ਮੇਲ ਨਹੀਂ ਖਾਂਦਾ।

ਕਵੀ ਜੀ ਨੂੰ ਪਟਿਆਲਾ ਰਿਆਸਤ ਵਿਚ ਰਾਜ ਆਸਰਾ ਪ੍ਰਾਪਤ ਹੋਣ ਵਾਲਾ ਤੱਥ ਸੰਦੇਹਜਨਕ ਹੋਣ ਕਾਰਨ ਮਹਾਰਾਜਾ ਕਰਮ ਸਿੰਘ ਤੋਂ ਕੈਥਲਪਤਿ ਦੁਆਰਾ ਭਾਈ ਸਾਹਿਬ ਨੂੰ ਮੰਗ ਕੇ ਆਪਣੀ ਰਿਆਸਤ ਵਿਚ ਬੁਲਾਉਣ ਵਾਲੀ ਰਵਾਇਤ ਧੁੰਦਲੀ ਪੈ ਜਾਂਦੀ ਹੈ। ਇਹੀ ਕਿਹਾ ਜਾ ਸਕਾ ਹੈ ਕਿ ਪਟਿਆਲਾ ਵਿਚ ਭਾਈ ਸੰਤੋਖ ਸਿੰਘ ਬਿਨਾਂ ਕਿਸੇ ਰਾਜ ਆਸਰੇ ਦੇ ਰਹਿ ਰਹੇ ਸਨ ਜਿੱਥੋਂ ਭਾਈ ਉਦੈ ਸਿੰਘ ਇਨ੍ਹਾਂ ਨੂੰ ਸਨਮਾਨਪੂਰਵਕ ਕੈਥਲ ਲੈ ਗਏ।

ਭਾਈ ਉਦੈ ਸਿੰਘ ਵਿਦਵਤਾ ਦੀ ਕਦਰ ਕਰਨ ਵਾਲੇ ਗੁਰਸਿੱਖ ਮਹਾਰਾਜਾ ਸਨ ਜਿਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਦਾ ਵਰਣਨ[44] ਕਰਦੇ ਹੋਏ ਭਾਈ ਵੀਰ ਸਿੰਘ ਨੇ ਪ੍ਰਸਤਾਵਨਾ ਵਾਲੀ ਜਿਲਦ ਵਿਚ ਉਨ੍ਹਾਂ ਦੀ ਬੁੱਧੀਮਤਾ, ਨਿਆਂਸ਼ੀਲਤਾ, ਅਸੂਲ ਪ੍ਰਸਤੀ, ਉੱਚ ਚਰਿੱਤਰ, ਸੂਰਬੀਰਤਾ ਆਦਿ ਗੁਣਾਂ ਬਾਰੇ ਲਿਖਿਆ ਹੈ।

ਭਾਈ ਸੰਤੋਖ ਸਿੰਘ ਦੇ ਕੈਥਲ ਰਿਆਸਤ ਵਿਚ ਆਉਣ ਤੋਂ ਬਾਅਦ ਭਾਈ ਉਦੈ ਸਿੰਘ ਨੇ ਉਨ੍ਹਾਂ ਦੇ ਗੁਣਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਮਾਣ ਸਨਮਾਨ ਪ੍ਰਦਾਨ ਕੀਤਾ। ਪ੍ਰਾਪਤ ਵੇਰਵਿਆਂ ਅਨੁਸਾਰ[45] ਕੈਥਲਪਤਿ ਨੇ ਕਵੀ ਜੀ ਦੇ ਰਹਿਣ ਲਈ ਇਕ ਵਧੀਆ ਹਵੇਲੀ ਪ੍ਰਦਾਨ ਕੀਤੀ ਜਿਸ ਦੀ ਡਿਉੜੀ ਵਿੱਚੋਂ ਉਸ ਸਮੇਂ ਹਾਥੀ ਦਾ ਹੰਦਾ ਅੰਦਰ ਪ੍ਰਵੇਸ਼ ਹੋ ਜਾਂਦਾ ਸੀ। ਦਰਵਾਜਿਆਂ 'ਤੇ ਇਮਾਰਤੀ ਸ਼ੇਰ ਬਣੇ ਹੋਏ ਹੋਣ ਕਾਰਨ ਇਸ ਨੂੰ ਸ਼ੇਰਾਂ ਵਾਲੀ ਹਵੇਲੀ ਵੀ ਕਿਹਾ ਜਾਂਦਾ ਸੀ। ਕੈਥਲ ਰਿਆਸਤ ਵੱਲੋਂ ਭਾਈ ਸਾਹਿਬ ਨੂੰ ਹਾਥੀ ਦੀ ਸਰਕਾਰੀ ਸਵਾਰੀ ਮਿਲਦੀ ਸੀ। ਖੁੱਲ੍ਹੀਆਂ ਰਸਦਾਂ ਲੱਗੀਆਂ ਸਨ। ਦੋ ਰੁਪਏ ਰੋਜ਼ ਜੇਬ ਖਰਚ ਅਤੇ ਛੇ ਮਹੀਨੇ ਬਾਅਦ ਅੱਧੇ ਪਿੰਡ ਦੀ ਆਮਦਨ ਮਿਲ ਜਾਂਦੀ ਸੀ।

---

[44] ਜਿਲਦ ਪਹਿਲੀ, ਪੰਨੇ 107-120

[45] ਉਹੀ, ਪੰਨਾ 104

ਇਸ ਪ੍ਰਕਾਰ ਕੈਥਲ ਰਿਆਸਤ ਵਿਚ ਆਉਣ ਤੋਂ ਬਾਅਦ ਭਾਈ ਸੰਤੋਖ ਸਿੰਘ ਆਰਥਿਕ ਪੱਖੋਂ ਸੁਖਾਲੇ ਹੋ ਗਏ ਅਤੇ ਅਜਿਹੇ ਸੁਖਾਵੇਂ ਮਾਹੌਲ ਵਿਚ ਉਨ੍ਹਾਂ ਨੇ ਵੱਡੇ ਪੱਧਰ ’ਤੇ ਸਾਹਿਤਕ ਰਚਨਾ ਕੀਤੀ। ਕੈਥਲ ਨਿਵਾਸ ਦੌਰਾਨ ਉਨ੍ਹਾਂ ਨੇ ਜਪੁਜੀ ਸਾਹਿਬ ਦਾ ਗਰਬ ਗੰਜਨੀ ਟੀਕਾ ਕੀਤਾ, ਬਾਲਮੀਕੀ ਰਾਮਾਇਣ ਦਾ ਸੰਸਕ੍ਰਿਤ ਤੋਂ ਕਵਿਤਾ ਮਈ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨ ਤੋਂ ਬਾਅਦ ਆਤਮ ਪੁਰਾਣ ਦਾ ਟੀਕਾ ਵੀ ਕੈਥਲ ਰਹਿ ਕੇ ਹੀ ਕੀਤਾ। ਸਿੱਖ ਧਰਮ ਦੇ ਪ੍ਰਸਿੱਧ ਇਤਿਹਾਸਿਕ ਕਾਵਿ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਵੀ ਕਵੀ ਜੀ ਨੇ ਇਸੇ ਸਥਾਨ 'ਤੇ ਹੀ ਲਿਖਿਆ ਜਿਸ ਲਈ ਕੈਥਲਪਤਿ ਭਾਈ ਉਦੈ ਸਿੰਘ ਨੇ ਇਨ੍ਹਾਂ ਦੀ ਹਰ ਪੱਖੋਂ ਸਰਕਾਰੀ ਤੌਰ ’ਤੇ ਸਹਾਇਤਾ ਕੀਤੀ। ਇਸ ਰਿਆਸਤ ਵਿਚ ਰਹਿੰਦੇ ਹੋਏ ਜਿੱਥੇ ਕਵੀ ਜੀ ਰਾਜਸੀ ਤੌਰ ’ਤੇ ਵਿੱਦਿਅਕ ਕਾਰਜ ਕਰ ਰਹੇ ਸਨ, ਉੱਥੇ ਉਨ੍ਹਾਂ ਦੇ ਭਾਈ ਉਦੈ ਸਿੰਘ ਵੱਲੋਂ ਰਿਆਸਤ ਦੇ ਰੁਕਨ ਦੇ ਤੌਰ 'ਤੇ ਵੀ ਰਿਆਸਤ ਦੀਆਂ ਸੇਵਾਵਾਂ ਨਿਭਾਉਣ ਦੇ ਵੇਰਵੇ[46] ਵੀ ਪ੍ਰਾਪਤ ਹੁੰਦੇ ਹਨ।

ਕੈਥਲ ਨਿਵਾਸ ਦੌਰਾਨ ਭਾਈ ਸਾਹਿਬ ਦੁਆਰਾ ਵਿਦਵਾਨਾਂ ਨਾਲ ਵਿਚਾਰ ਚਰਚਾ ਹੋਣ ਵਾਲੀ ਘਟਨਾਵਾਂ[47] ਵੀ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚ ਕਵੀ ਜੀ ਨੇ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ ਅਤੇ ਵਿਦਵਾਨ ਕਹਾਉਣ ਵਾਲੇ ਪੰਡਤਾਂ ਨੂੰ ਮੈਦਾਨ ਛੱਡਣ ਲਈ ਮਜਬੂਰ ਕੀਤਾ। ਉਨ੍ਹਾਂ ਸਮਿਆਂ ਵਿਚ ਇਸ ਪ੍ਰਕਾਰ ਦੀਆਂ ਚਰਚਾਵਾਂ ਹੋਣਾ ਇਕ ਆਮ ਗੱਲ ਸੀ ਜੋ ਵਿਦਵਾਨਾਂ ਦੇ ਸਰਪ੍ਰਸਤ ਜਾਂ ਵਿਦਵਾਨ ਆਪਣੀ ਵਿਦਵਤਾ ਸਿੱਧ ਕਰਨ ਲਈ ਕਰਦੇ ਸਨ।

ਭਾਈ ਸੰਤੋਖ ਸਿੰਘ ਆਪਣੇ ਅਖੀਰਲੇ ਸਮੇਂ ਤੱਕ ਰਿਆਸਤ ਵਿਚ ਰਹਿ ਕੇ ਆਪਣੇ ਸਾਹਿਤਕ ਕਾਰਜ ਕਰਦੇ ਰਹੇ ਅਤੇ ਇਸੇ ਥਾਂ ਤੋਂ ਹੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੂਰਾ ਕਰਕੇ ਹਰਿਮੰਦਰ ਸਾਹਿਬ ਦੀ ਯਾਤਰਾ ਕਰਨ ਤੋਂ ਬਾਅਦ ਇਹ ਗ੍ਰੰਥ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਪੰਥ ਨੂੰ ਭੇਟਾ ਕੀਤਾ।

---

[46] ਜਿਲਦ ਪਹਿਲੀ, ਪੰਨਾ 135

[47] ਉਹੀ, ਪੰਨਾ 123 ਅਤੇ 137-138

## ਸ੍ਰੀ ਹਰਿਮੰਦਰ ਸਾਹਿਬ ਦੀ ਅੰਤਿਮ ਯਾਤਰਾ

ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕੈਥਲ ਰਿਆਸਤ ਵਿਚ ਕੈਥਲਪਤਿ ਭਾਈ ਉਦੈ ਸਿੰਘ ਦੀ ਸਰਪ੍ਰਸਤੀ ਹੇਠ ਆਰੰਭ ਕੀਤਾ ਸੀ ਜਿਸ ਨੂੰ ਕੈਥਲਪਤਿ ਨੇ ਖੁੱਲ੍ਹੇ ਦਿਲ ਨਾਲ ਸਹਿਯੋਗ ਪ੍ਰਦਾਨ ਕੀਤਾ। ਭਾਈ ਉਦੈ ਸਿੰਘ ਦੇ ਅਚਾਨਕ ਦੇਹਾਂਤ ਤੋਂ ਬਾਅਦ ਕੈਥਲ ਵਿਚ ਭਾਰੀ ਲੁੱਟ ਤੋਂ ਬਾਅਦ ਅੰਗਰੇਜ਼ਾਂ ਦਾ ਇਸ ਰਿਆਸਤ 'ਤੇ ਕਬਜ਼ਾ ਹੋ ਗਿਆ ਜਿਸ ਦਾ ਜ਼ਿਕਰ ਪਿਛਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਇਸ ਸਮੇਂ ਅੰਤਿਮ ਪੜਾਅ 'ਤੇ ਪਹੁੰਚੇ ਗ੍ਰੰਥ ਨੂੰ ਕਵੀ ਜੀ ਨੇ ਆਪਣੀ ਹਿੰਮਤ ਤੇ ਹੌਂਸਲੇ ਰਾਹੀਂ ਗੁਰੂ ਕਿਰਪਾ ਦੁਆਰਾ ਸੰਪੂਰਨ ਕੀਤਾ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੂਰਾ ਹੋਣ ਤੋਂ ਬਾਅਦ ਕਵੀ ਜੀ ਨੇ ਇਹ ਗ੍ਰੰਥ ਪੰਥ ਨੂੰ ਭੇਟਾ ਕਰਨ ਵਾਲੀ ਆਪਣੀ ਹਾਰਦਿਕ ਇੱਛਾ ਦੀ ਪੂਰਤੀ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ। ਇਸ ਸਮੇਂ ਉਨ੍ਹਾਂ ਦਾ ਸਰੀਰ ਬਿਮਾਰ ਰਹਿਣ ਕਾਰਨ ਕਾਫੀ ਕਮਜ਼ੋਰ ਹੋ ਚੁੱਕਾ ਸੀ ਅਤੇ ਉਹ ਲਗ-ਪਗ 57 ਸਾਲ ਦੀ ਬਿਰਧ ਅਵਸਥਾ ਵਿਚ ਹਰਿਮੰਦਰ ਸਾਹਿਬ ਪਹੁੰਚੇ।

ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਭੇਟਾ ਕਰਨ ਲਈ, ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਦੀਆਂ ਦੋ ਸਮਕਾਲੀ ਗਵਾਹੀਆਂ[48] ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਤੋਂ ਸਿੱਖ ਪੰਥ ਵਿਚ ਭਾਈ ਸੰਤੋਖ ਸਿੰਘ

---

[48] ਪਹਿਲੀ ਗਵਾਹੀ, ਭਾਈ ਮਤਾਬ ਸਿੰਘ ਹਡਾਲੀ, ਜ਼ਿਲ੍ਹਾ ਸ਼ਾਹਪੁਰ ਦੇ ਬਾਬਾ ਭਾਈ ਸੰਤ ਸਿੰਘ ਦੀ ਹੈ ਜੋ ਕਿਸੇ ਕਾਰਜ ਲਈ ਗੁਰਦਾਸਪੁਰ ਗਏ ਹੋਏ ਸਨ। *ਜਦੋਂ ਉਹ ਗੁਰਦਾਸਪੁਰੋਂ ਵਾਪਸ ਅੰਮ੍ਰਿਤਸਰ ਪੁੱਜੇ ਤਾਂ ਸੁਣਿਆ ਕਿ ਲੋਕੀਂ ਕਵੀ ਸੰਤੋਖ ਸਿੰਘ ਜੀ ਨੂੰ ਫੁੱਲਾਂ ਦੇ ਹਾਰ ਲੈਕੇ ਲੈਣ ਜਾ ਰਹੇ ਹਨ ਤੇ ਆਪ ਬੀ ਹਾਰ ਲੈਕੇ ਸੰਗਤ ਦੇ ਨਾਲ ਤੁਰ ਪਏ ਤੇ ਦਰਵਾਜ਼ਿਓਂ ਬਾਹਰ ਜਾ ਕੇ ਮਿਲੇ। ਕਵੀ ਜੀ ਆਪਣੀ ਸਵਾਰੀ ਤੋਂ ਉੱਤਰ ਕੇ ਬੈਠੇ ਹੋਏ ਸਨ। ਸਰੀਰ ਦੁਰਬਲ ਸੀ ਸੰਗਤ ਨੇ ਪੀਨਸ ਪੇਸ਼ ਕੀਤੀ। ਆਪ ਨੇ ਪੀਨਸ ਤੇ ਚੜ੍ਹ ਕੇ ਯਾਤਰਾ ਕਰਨੀ ਮੁਨਾਸਬ ਨਾ ਸਮਝੀ। ਸੰਗਤ ਦੇ ਬਹੁਤ ਜੋਰ ਦੇਣ ਪਰ ਆਗਿਆ ਪਾਲਣ ਨਮਿੱਤ ਆਪ ਪਈ ਪੀਨਸ ਵਿਚ ਇੱਕ ਵੇਰ ਬੈਠ ਕੇ ਉੱਠ ਬੈਠੇ ਤੇ ਫੇਰ ਸਨੇ ਸਨੇ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਪਏ।*

ਦੂਸਰੀ ਗਵਾਹੀ ਸੰਤ ਕਰਮ ਦਾਸ ਬਿੱਝਾਂ ਵਾਲਿਆਂ ਦੀ ਹੈ ਜੋ ਬਾਬਾ ਸ਼ਾਮ ਦਾਸ ਬਿੱਝਾਂ ਰਾਹੀਂ ਪ੍ਰਾਪਤ ਹੋਈ ਹੈ। ਇਸ ਵਿਚ ਕਵੀ ਜੀ ਦੀ ਇਸ ਯਾਤਰਾ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ- *ਅਸੀਂ ਇੱਕ ਵੇਰ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਨੂੰ ਗਏ ਸਾਂ। ਪੁਲ*

ਦੇ ਸਤਿਕਾਰ ਅਤੇ ਉਨ੍ਹਾਂ ਦੀ ਨਿਮਰਤਾ ਦਾ ਪਤਾ ਚੱਲਦਾ ਹੈ। ਇਹ ਯਾਤਰਾ ਕਵੀ ਜੀ ਦੀ ਹਰਿਮੰਦਰ ਸਾਹਿਬ ਦੀ ਅੰਤਿਮ ਯਾਤਰਾ ਸੀ।

**ਅਕਾਲ ਚਲਾਣਾ**

ਭਾਈ ਸੰਤੋਖ ਸਿੰਘ ਦੇ ਅਕਾਲ ਚਲਾਣੇ ਦੇ ਸਮੇਂ ਬਾਰੇ ਕੋਈ ਵੀ ਸਮਕਾਲੀ ਗਵਾਹੀ, ਲਿਖਤ ਜਾਂ ਹਰਿਦੁਆਰ/ਕੁਰੂਕਸ਼ੇਤਰ ਦੇ ਕਿਸੇ ਪੰਡਿਤ ਦੀ ਵਹੀ ਵਾਲੇ ਪ੍ਰਮਾਣ ਪ੍ਰਾਪਤ ਨਹੀਂ ਹੁੰਦੇ। ਭਾਈ ਕਾਨ੍ਹ ਸਿੰਘ ਨਾਭਾ ਨੇ ਉਨ੍ਹਾਂ ਦੇ ਚਲਾਣੇ ਦਾ ਸਮਾਂ 1900 ਬਿ: (1843 ਈ.) ਅਤੇ ਸਥਾਨ ਕੈਥਲ ਲਿਖਿਆ[49] ਹੈ, ਮਿਤੀ ਜਾਂ ਮਹੀਨੇ ਦਾ ਕੋਈ ਜ਼ਿਕਰ ਨਹੀਂ ਕੀਤਾ। ਉਨ੍ਹਾਂ ਦੇ ਚਲਾਣੇ ਸਮੇਂ ਦਾ ਮਿਤੀਬੱਧ ਮਹੀਨਾਵਾਰ ਅੰਦਾਜ਼ਨ ਵੇਰਵਾ ਇਸ ਪ੍ਰਕਾਰ ਮਿਲਦਾ ਹੈ- *ਕਵੀ ਜੀ ਦੇ ਖਾਨਦਾਨ ਵਿੱਚ ਆਪ ਦੀ ਯਾਦਗਾਰੀ ਤਿੱਥ ਇਕਾਦਸ਼ੀ ਮਨਾਈ ਜਾਂਦੀ ਹੈ। ਪਰ ਮਹੀਨੇ ਤੇ ਪੱਖ ਦਾ ਪਤਾ ਕਿਸੇ ਨੂੰ ਨਹੀਂ। ਇਕ ਮਹੰਤ ਸਾਹਿਬ ਜੀ ਦੀਆਂ ਯਾਦਦਾਸ਼ਤਾਂ ਵਿੱਚ ਕਵੀ ਜੀ ਦਾ ਚਲਾਣਾ ਗ੍ਰੰਥ ਸਮਾਪਤੀ ਹੋਣ ਤੋਂ ਤ੍ਰੈ ਮਹੀਨੇ ਮਗਰੋਂ ਦਾ ਲਿਖਿਆ ਹੈ। ਇਸ ਹਿਸਾਬ ਚ ਅਨੁਮਾਨ ਲਾਈਏ ਤਾਂ ਆਪ ਦੇ ਚਲਾਣੇ ਦੀ ਤਿੱਥ ਕੱਤਕ ਵਦੀ ਯਾ ਸੁਦੀ ਇਕਾਦਸ਼ੀ ਸੰਮਤ 1900 'ਤੇ ਜਾ ਟਿਕੇਗੀ।*[50]

---

*ਪਰ ਬੈਠੇ ਸਾਂ ਕਿ ਕੁੱਝ ਪੁਜਾਰੀ ਸਿੰਘ ਅੰਦਰੋਂ ਸਿਹਰੇ ਹੱਥ ਵਿੱਚ ਲਈ ਕਾਹਲੀ ਕਾਹਲੀ ਦਰਸ਼ਨੀ ਡਿਉੜੀ ਨੂੰ ਜਾ ਰਹੇ ਸਨ ਤੇ ਸ਼ਹਿਰ ਦੇ ਹੋਰ ਪ੍ਰਤਿਸ਼ਠਤ ਸੱਜਣ ਬੀ ਨਾਲ ਜਾ ਰਹੇ ਸਨ ਤਾਂ ਅਸੀਂ ਪੁੱਛਿਆ ਕਿ ਚੌਧਰੀ ਜੀ ਕਾਹਲੀ ਕਾਹਲੀ ਕਿਉਂ ਤੇ ਕਿੱਧਰ ਜਾ ਰਹੇ ਹੋ? ਤਾਂ ਇੱਕ ਪੁਜਾਰੀ ਸਿੰਘ ਨੇ ਦੱਸਿਆ ਕਿ ਸੂਰਜ ਪ੍ਰਕਾਸ਼ ਦੇ ਕਰਤਾ ਸ੍ਰੀ ਭਾਈ ਸੰਤੋਖ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਹਨ, ਤੇ ਅਸੀਂ ਉਸ ਗੁਰੂ ਪਿਆਰੇ ਨੂੰ ਲੈਣ ਜਾ ਰਹੇ ਹਾਂ।*

*"ਪੁਜਾਰੀ ਸਿੰਘ ਤੇ ਹੋਰ ਸਾਰੇ ਚਲੇ ਗਏ। ਕੁੱਝ ਸਮਾਂ ਬੀਤ ਗਿਆ। ਅਸੀਂ ਅਜੇ ਪੁੱਲ ਤੇ ਬੈਠੇ ਸਾਂ ਤਾਂ ਕਿ ਹੀ ਦੇਖਦੇ ਹਾਂ ਕਿ ਕਵੀ ਜੀ ਆ ਰਹੇ ਹਨ, ਸਰੀਰ ਲਿੱਸਾ ਸੀ ਤੇ ਬਹੁਤ ਸਹਿਜੇ ਸਹਿਜੇ ਤੁਰਦੇ ਸਨ। ਪੁਜਾਰੀ ਸਿੰਘ ਤੇ ਹੋਰ ਸਿੰਘ ਸਤਿਕਾਰ ਨਾਲ ਆਪ ਦੇ ਮਗਰ ਮਗਰ ਜਾ ਰਹੇ ਸਨ। ਉਸ ਵੇਲੇ ਆਪ ਦੇ ਤੇੜ ਕਛਹਿਰਾ ਸੀ, ਸਿਰ ਤੇ ਸਿੱਧੀ ਦਸਤਾਰ ਸੀ, ਦਾਹੜਾ ਚੰਗਾ ਸੁਹਣਾ ਸੀ, ਸਰੀਰ ਬਹੁਤ ਲੰਮਾ ਨਹੀਂ ਸੀ। ਆਪ ਸਨੇ ਸਨੇ ਅੰਦਰ ਚਲੇ ਗਏ, ਯਾਤ੍ਰਾ ਕੀਤੀ, ਅਰਦਾਸਾ ਸੁਧਾਇਆ ਤੇ ਫੇਰ ਡੇਰੇ ਚਲੇ ਗਏ।"* -ਜਿਲਦ ਪਹਿਲੀ, ਪੰਨਾ 160

49 *ਮਹਾਨ ਕੋਸ਼*, ਪੰਨਾ 244

50 ਜਿਲਦ ਪਹਿਲੀ, ਪੰਨਾ 161

ਸ਼ਾਇਦ ਇਸੇ ਵੇਰਵੇ ਨੂੰ ਆਧਾਰ ਮੰਨ ਕੇ ਗਿਆਨੀ ਖਜ਼ਾਨ ਸਿੰਘ ਨੇ ਉਹਨਾਂ ਦੇ ਚਲਾਣੇ ਦੀ ਮਿਤੀ 6 ਕੱਤਕ 1900 ਬਿ. (21 ਅਕਤੂਬਰ 1843 ਈ.) ਲਿਖੀ[51] ਹੈ। ਇਸ ਸਮੇਂ ਕਵੀ ਜੀ ਦੀ ਉਮਰ 56 ਸਾਲ, ਇਕ ਮਹੀਨਾ ਸੀ। ਉਪਰੋਕਤ ਵੇਰਵਿਆਂ ਅਨੁਸਾਰ ਭਾਈ ਸੰਤੋਖ ਸਿੰਘ ਜੀ ਦਾ ਅਕਾਲ ਚਲਾਣਾ 21 ਅਕਤੂਬਰ, 1843 ਈ. ਨੂੰ ਲਗ-ਪਗ 56 ਸਾਲ ਦੀ ਉਮਰ ਵਿਚ ਕੈਥਲ ਵਿਖੇ ਹੋਇਆ।

ਇਸ ਪ੍ਰਕਾਰ ਸਿੱਖ ਪੰਥ ਦਾ ਇਹ ਮਹਾਂਕਵੀ ਆਪਣੀ ਸਮੁੱਚੀ ਜ਼ਿੰਦਗੀ ਦੌਰਾਨ ਸਿੱਖ ਧਰਮ ਦੀ ਸਾਹਿਤਕ ਸੇਵਾ ਕਰਦਾ ਹੋਇਆ ਗੁਰੂ ਚਰਨਾਂ ਵਿਚ ਲੀਨ ਹੋ ਗਿਆ ਅਤੇ ਆਪਣੇ ਪਿੱਛੇ ਗੁਰੂ ਇਤਿਹਾਸ ਵਾਲਾ ਇਕ ਵਿਸ਼ਾਲ ਕਾਵਿ ਗ੍ਰੰਥ ਛੱਡ ਗਿਆ; ਅਜਿਹਾ ਗ੍ਰੰਥ ਜੋ ਸਦੀਵ ਸਮੇਂ ਤੱਕ ਸਿੱਖਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਕੇ ਪ੍ਰੇਰਨਾ ਅਤੇ ਵਡਮੁੱਲੀ ਜਾਣਕਾਰੀ ਦਿੰਦਾ ਰਹੇਗਾ।

**ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ**

ਭਾਈ ਸੰਤੋਖ ਸਿੰਘ ਨੇ ਆਪਣੇ 56 ਸਾਲਾਂ ਦੇ ਜੀਵਨ ਵਿਚ ਆਪਣੀਆਂ ਰਚਨਾਵਾਂ ਦਾ ਬੇਸ਼ਕੀਮਤੀ ਖਜ਼ਾਨਾ ਸਿੱਖ ਧਰਮ ਅਤੇ ਸਾਹਿਤ ਜਗਤ ਨੂੰ ਪ੍ਰਦਾਨ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਨਾ ਕੇਵਲ ਇਤਿਹਾਸਿਕ, ਸਿਧਾਂਤਿਕ ਅਤੇ ਅਧਿਆਤਮਿਕ ਪੱਖ ਤੋਂ ਮਹੱਤਵਪੂਰਨ ਹਨ ਸਗੋਂ ਭਾਸ਼ਾ ਅਤੇ ਸਾਹਿਤਿਕ ਪੱਖੋਂ ਵੀ ਇਨ੍ਹਾਂ ਰਚਨਾਵਾਂ ਦਾ ਇਕ ਅਹਿਮ ਸਥਾਨ ਹੈ। ਭਾਈ ਵੀਰ ਸਿੰਘ ਅਤੇ ਗਿਆਨੀ ਖਜ਼ਾਨ ਸਿੰਘ ਨੂੰ ਛੱਡ ਕੇ ਲਗ-ਪਗ ਸਾਰੇ ਹੀ ਵਿਦਵਾਨ ਭਾਈ ਸਾਹਿਬ ਦੀਆਂ ਰਚਨਾਵਾਂ ਦੀ ਗਿਣਤੀ 6 ਹੋਣ ਨਾਲ ਸਹਿਮਤ ਹਨ। ਭਾਈ ਵੀਰ ਸਿੰਘ ਅਤੇ ਗਿਆਨੀ ਖਜ਼ਾਨ ਸਿੰਘ ਦੁਆਰਾ ਦੱਸੀਆਂ ਗਈਆਂ ਰਚਨਾਵਾਂ ਦੇ ਵਖਰੇਵੇਂ ਦਾ ਕਾਰਨ, ਇਨ੍ਹਾਂ ਰਚਨਾਵਾਂ ਦਾ ਪ੍ਰਮਾਣਿਕ ਜਾਂ ਅਪ੍ਰਮਾਣਿਕ ਹੋਣ ਨਾਲ ਸੰਬੰਧਤ ਨਹੀਂ ਹੈ। ਇਨ੍ਹਾਂ ਵਖਰੇਵਿਆਂ ਦਾ ਕਾਰਨ ਭਾਈ ਸਾਹਿਬ ਦੀਆਂ ਕੁੱਝ ਸੁਤੰਤਰ ਛੋਟੀ ਲਿਖਤਾਂ/ਛੋਟੇ ਖਰੜਿਆਂ ਨੂੰ ਉਨ੍ਹਾਂ ਦੀਆਂ ਸੁਤੰਤਰ ਰਚਨਾਵਾਂ ਮੰਨਣ ਜਾਂ ਨਾ ਮੰਨੇ ਜਾਣ ਕਾਰਨ ਹੈ। ਭਾਈ ਵੀਰ ਸਿੰਘ[52] ਅਤੇ ਗਿਆਨੀ ਖਜ਼ਾਨ ਸਿੰਘ[53] ਨੇ ਇਨ੍ਹਾਂ ਗਿਆਰਾਂ ਲਿਖਤਾਂ ਨੂੰ

---

[51] ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ*, ਪੰਨਾ 40

[52] ਜਿਲਦ ਪਹਿਲੀ, ਪੰਨਾ 124

[53] ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ*, ਪੰਨਾ 11

ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਜੋਂ ਪ੍ਰਵਾਨ ਕੀਤਾ ਹੈ-

1. ਨਾਮ ਕੋਸ਼
2. ਸ੍ਰੀ ਗੁਰ ਨਾਨਕ ਪ੍ਰਕਾਸ਼
3. ਗਰਬ ਗੰਜਨੀ ਟੀਕਾ
4. ਬਾਲਮੀਕੀ ਰਾਮਾਇਣ (ਅਨੁਵਾਦਿਤ)
5. ਆਤਮ ਪੁਰਾਣ ਦਾ ਟੀਕਾ
6. ਗੁਰ ਪ੍ਰਤਾਪ ਸੂਰਜ ਗ੍ਰੰਥ

ਇਨ੍ਹਾਂ ਛੇ ਰਚਨਾਵਾਂ ਤੋਂ ਇਲਾਵਾ ਪੰਜ ਹੋਰ ਛੋਟੇ ਆਕਾਰ ਦੀਆਂ ਖਰੜੇ ਰੂਪ ਰਚਨਾਵਾਂ ਦਾ ਜ਼ਿਕਰ ਕੀਤਾ ਹੈ-

7. ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ
8. ਸ੍ਰੀ ਗੁਰੂ ਉਸਤਤ (ਇਹ ਦੋਵੇਂ ਖਰੜੇ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੇ ਪਿਤਾ ਡਾ. ਚਰਨ ਸਿੰਘ ਦੇ ਸੰਗ੍ਰਹਿ ਵਿੱਚੋਂ ਪ੍ਰਾਪਤ ਹੋਏ ਸਨ।)
9. ਪ੍ਰਸ਼ਨ ਵਿਧੀ
10. ਘਰ ਬਣਾਉਣ ਦੀ ਵਿਧੀ
11. ਗ੍ਰਹਿ ਨਛੱਤਰ ਅਤੇ ਰਾਸਾਂ ਵੇਖ ਕੇ ਕੁੰਡਲੀ ਭਰਨ ਨਾਲ ਸੰਬੰਧਿਤ ਰਚਨਾ ਜਿਸ ਦਾ ਨਾਮ ਪ੍ਰਾਪਤ ਨਹੀਂ ਹੁੰਦਾ ਹੈ।

(ਇਨ੍ਹਾਂ ਰਚਨਾਵਾਂ ਤੋਂ ਇਲਾਵਾ ਪਿਆਰਾ ਸਿੰਘ ਪਦਮ ਨੇ ਇਕ ਪੰਜਾਬੀ ਸੀਹਰਫ਼ੀ ਨੂੰ ਵੀ ਭਾਈ ਸੰਤੋਖ ਸਿੰਘ ਦੀ ਰਚਨਾ ਮੰਨਿਆ ਹੈ ਜਿਸ ਦੇ ਕਵੀ ਜੀ ਦੀ ਰਚਨਾ ਹੋਣ ਜਾਂ ਨਾ ਹੋਣ ਸੰਬੰਧੀ ਵਿਚਾਰ ਰਚਨਾਵਾਂ ਦੇ ਵਿਸਥਾਰਤ ਜਾਣਕਾਰੀ ਵਾਲੇ ਹਿੱਸੇ ਵਿਚ ਕੀਤੀ ਗਈ ਹੈ।)

ਲੜੀ ਨੰਬਰ 7 ਤੋਂ ਲੜੀ ਨੰਬਰ 11 ਤੱਕ ਵਾਲੀਆਂ ਰਚਨਾਵਾਂ ਸੰਖੇਪ ਜਾਂ ਛੋਟੇ ਰੂਪ ਵਾਲੀਆਂ ਫੁਟਕਲ ਰਚਨਾਵਾਂ ਵਾਂਗ ਹਨ ਜਿਨ੍ਹਾਂ ਬਾਰੇ ਵੱਡੇ ਪੱਧਰ ਤੇ ਕੋਈ ਵੀ ਜਾਣਕਾਰੀ ਨਹੀਂ ਮਿਲਦੀ। ਭਾਈ ਵੀਰ ਸਿੰਘ ਨੇ ਵੀ ਇਨ੍ਹਾਂ ਪੰਜ ਰਚਨਾਵਾਂ ਬਾਰੇ ਜਾਣਕਾਰੀ ਅੱਠ-ਦੱਸ ਲਾਈਨਾਂ ਵਿਚ ਹੀ ਦਿੱਤੀ ਹੈ। ਇਨ੍ਹਾਂ ਰਚਨਾਵਾਂ ਸੰਬੰਧੀ

ਵਿਸਤ੍ਰਿਤ ਜਾਣਕਾਰੀ ਦਾ ਅਭਾਵ ਅਤੇ ਇਨ੍ਹਾਂ ਦੇ ਸੰਖੇਪ ਰੂਪ ਹੋਣ ਕਾਰਨ, ਵਿਦਵਾਨਾਂ ਨੇ ਇਨ੍ਹਾਂ ਪੰਜ ਰਚਨਾਵਾਂ ਨੂੰ ਕਵੀ ਜੀ ਦੀਆਂ ਸੁਤੰਤਰ ਰਚਨਾਵਾਂ ਵਿਚ ਨਹੀਂ ਗਿਣਿਆ। ਭਾਈ ਕਾਨ੍ਹ ਸਿੰਘ ਨਾਭਾ[54], ਮੈਕਾਲਿਫ਼[55], ਡਾ. ਜੈ ਭਗਵਾਨ ਗੋਇਲ[56] ਆਦਿ ਵਿਦਵਾਨਾਂ ਨੇ ਭਾਈ ਸਾਹਿਬ ਦੀਆਂ ਛੇ ਰਚਨਾਵਾਂ ਹੀ ਪ੍ਰਵਾਨ ਕੀਤੀਆਂ ਹਨ। ਭਾਈ ਵੀਰ ਸਿੰਘ ਨੇ ਵੀ ਛੇ ਰਚਨਾਵਾਂ ਬਾਰੇ ਹੀ ਜਾਣਕਾਰੀ ਪ੍ਰਦਾਨ ਕੀਤੀ ਹੈ ਭਾਵੇਂ ਨਾਮ 11 ਰਚਨਾਵਾਂ ਦਾ ਦਿੱਤਾ ਹੈ। ਭਾਈ ਸੰਤੋਖ ਸਿੰਘ ਨੇ ਵੀ ਆਪਣੀ ਲਿਖਤਾਂ ਵਿਚ ਉਨ੍ਹਾਂ ਦੀਆਂ ਛੇ ਰਚਨਾਵਾਂ ਦਾ ਹੀ ਜ਼ਿਕਰ[57] ਕੀਤਾ ਹੈ। ਬਹੁਗਿਣਤੀ ਵਿਦਵਾਨਾਂ ਦੁਆਰਾ ਕਵੀ ਜੀ ਦੀਆਂ ਛੇ ਰਚਨਾਵਾਂ ਪ੍ਰਮਾਣਿਤ ਹਨ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

---

[54] *ਮਹਾਨ ਕੋਸ਼,* ਪੰਨਾ 244

[55] Max Arthur Macauliffe, *The Sikh Religion (Vol. I & II),* P. IXXVI-VII (Introduction)

[56] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ,* ਪੰਨਾ 9

[57] (ੳ) ਪੂਰਬ ਮੈਂ ਗੁਰ ਨਾਨਕ ਕਥਾ। ਛੰਦਨ ਬਿਖੈ ਰਚੀ ਮਤ ਜਥਾ।

...ਕਰਮ ਕਾਲ ਤੇ ਕੈਂਥਲ ਆਏ। ਥਿਤ ਹੁਇ ਜਪੁਜੀ ਅਰਥ ਬਨਾਏ।

...ਬਾਲਮੀਕ ਕ੍ਰਿਤ ਕਥਾ ਸੁਨੀ ਜਬਿ। ਛੰਦਨਿ ਬਿਖੈ ਰਚੀ ਤਬ ਹਮ ਸਬਿ।

...ਪੁਨਿ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਧਨਿ ਕੋ ਜਹਿਂ ਬਖਯਾਨ।

ਆਤਮ ਕੋ ਪੁਰਾਨ ਜਿਸ ਨਾਮ। ਸਕਲ ਬਨਾਯੋ ਸੁ ਅਭਿਰਾਮ।

......ਭਯੋ ਅਚਾਨਕ ਸੰਚੈ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ।

ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੰਚਯ ਦਸ ਗੁਰ ਜਸ ਸਭਹੂੰ।

ਹੋਰਿ ਉਮੰਗਿ ਮੋਹਿ ਮਨਿ ਆਈ। ਕਰਨ ਲਗਯੋ ਇਹ ਗ੍ਰੰਥ ਸੁਹਾਈ। -ਜਿਲਦ ਪੰਜਵੀਂ, ਪੰਨੇ 1324-25

(ਅ) ਇਨ੍ਹਾਂ ਪੰਜ ਰਚਨਾਵਾਂ ਤੋਂ ਇਲਾਵਾ ਨਾਮ ਕੋਸ਼ ਰਚਨਾ ਵਿਚ ਉਨ੍ਹਾਂ ਨੇ ਆਪਣੇ ਨਾਮ ਦੀ ਛਾਪ ਛੱਡ ਕੇ ਇਸ ਨੂੰ ਆਪਣੀ ਰਚਨਾ ਦੇ ਤੌਰ 'ਤੇ ਇਸ ਪ੍ਰਕਾਰ ਪ੍ਰਮਾਣਿਤ ਕੀਤਾ ਹੈ- ਕਵਿ ਸੰਤੋਖ ਸਿੰਘ ਇਸ ਪੜੇ ਹੋਇ ਅਧਿਕ ਬੁਧੀਮਾਨ।

-ਨਾਮ ਕੋਸ਼, ਉਧਰਿਤ ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 21

### 1. ਨਾਮ ਕੋਸ਼

ਇਹ ਭਾਈ ਸੰਤੋਖ ਸਿੰਘ ਜੀ ਦੀ ਮੁੱਢਲੀ ਰਚਨਾ ਹੈ ਜੋ ਅਮਰ ਸਿੰਘ ਦੁਆਰਾ ਲਿਖੇ ਗਏ ਸੰਸਕ੍ਰਿਤ ਭਾਸ਼ਾ ਦੇ ਕੋਸ਼ 'ਅਮਰ ਕੋਸ਼' ਦਾ ਬ੍ਰਜ ਭਾਸ਼ਾ ਵਿਚ ਕੀਤਾ ਗਿਆ ਕਵਿਤਾਮਈ ਅਨੁਵਾਦ ਹੈ। ਸੰਸਕ੍ਰਿਤ ਦੇ ਵਿਦਿਆਰਥੀਆਂ ਲਈ ਅਮਰ ਕੋਸ਼ ਇਕ ਜ਼ਰੂਰੀ ਚੀਜ਼ ਸਮਝੀ ਜਾਂਦੀ ਰਹੀ ਹੈ। ਸ਼ਾਇਦ ਇਸੇ ਲੋੜ ਨੂੰ ਮੁੱਖ ਰੱਖ ਕੇ ਅਤੇ ਭਾਸ਼ਾ ਵਿਚ ਆਪਣੀ ਨਿਪੁੰਨਤਾ ਨੂੰ ਹੋਰ ਨਿਖਾਰਨ ਲਈ ਕਵੀ ਜੀ ਨੇ ਇਸ ਗ੍ਰੰਥ ਦਾ ਅਨੁਵਾਦ ਕਰਕੇ ਇਸ ਦਾ 'ਨਾਮ ਕੋਸ਼' ਵਜੋਂ ਨਾਮਕਰਨ ਕੀਤਾ। ਇਸ ਦੇ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਵੱਖ-ਵੱਖ ਨਾਵਾਂ ਦਾ ਕੋਸ਼ ਹੈ। ਇਸ ਅਨੁਵਾਦਿਤ ਕੋਸ਼ ਵਿਚ ਇਕ ਵਸਤੂ ਦੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਨਾਵਾਂ ਨੂੰ ਇਕ ਦੋ ਛੰਦਾਂ ਵਿਚ ਇਕੱਠਾ ਕੀਤਾ ਗਿਆ ਹੈ। ਨਮੂਨੇ ਵਜੋਂ, ਇਸ ਕੋਸ਼ ਵਿਚ ਪ੍ਰਾਪਤ ਹੋਣ ਵਾਲੇ ਸ਼ਿਵ ਦੇ 48 ਨਾਵਾਂ ਦਾ ਵੇਰਵਾ ਪ੍ਰਦਾਨ ਕਰਨ ਵਾਲੇ ਦੋ ਛੰਦ[58] ਵੇਖੇ ਜਾ ਸਕਦੇ ਹਨ।

ਇਸ ਗ੍ਰੰਥ ਦੀ ਆਰੰਭਤਾ ਬੂੜੀਆ ਨਗਰ ਵਿਚ ਹੋਈ ਅਤੇ ਸੰਪੂਰਨਤਾ ਸ੍ਰੀ ਅੰਮ੍ਰਿਤਸਰ ਵਿਚ ਜਦੋਂ ਕਵੀ ਜੀ ਕਿਸੇ ਕਿਸੇ ਇਤਿਹਾਸਿਕ ਸਮੱਗਰੀ ਲਈ ਬੂੜੀਏ ਤੋਂ ਸ੍ਰੀ ਅੰਮ੍ਰਿਤਸਰ ਗਏ ਹੋਏ ਸਨ। ਇਸ ਗ੍ਰੰਥ ਦੇ ਸੰਪੂਰਨ ਹੋਣ ਦਾ ਸਾਲ, ਸੰਮਤ 1878 (1821 ਈ.) ਹੈ ਜਿਸ ਦਾ ਵੇਰਵਾ ਕਵੀ ਜੀ ਨੇ ਇਸ ਗ੍ਰੰਥ ਵਿਚ ਇਸ ਪ੍ਰਕਾਰ ਦਿੱਤਾ ਹੈ-

---

[58] ਰੁਦ੍ਰ, ਸ਼ਿਵ ਸੂਲੀ, ਮ੍ਰਿੜ, ਸ਼ਵ, ਕਿਰਸਾਨ ਰੇਤ ਚੰਦ੍ਰ ਸੇਖ, ਧੂਰ ਜਟੀ, ਈਸ਼, ਗੰਗ ਧਰ ਹੈ।

ਉਮਾਪਤਿ, ਪਸ਼ਪਤਿ, ਭਾਰਗ, ਕਪਾਲ। ਭ੍ਰਿਤ, ਕ੍ਰਤਾਵਾਸ, ਬ੍ਰਖ ਕੇਤ, ਸਿਤਕੰਠ, ਹਰ ਹੈ।

ਨੀਲਕੰਠ, ਬਿਪਾਖਯ, ਬਾਮਦੇਵ, ਮਹਾਂਦੇਵ, ਈਸ਼ਾਨ, ਉਗ੍ਰ, ਪੰਚਸਰ ਹਰ ਹੈ।

ਪ੍ਰਥਮ, ਅਧਿਪ, ਭਵਖੰਡਨ, ਪਰਸ ਸੰਭੂ, ਕ੍ਰਿਤ ਧਵੰਸੀ, ਬਯੋਮਕੋਸ਼, ਗਿਰਿਸ, ਸ਼ੰਕਰ ਹੈ।

ਚੌਪਈ-ਅੰਧਕ, ਰਿਪੂ, ਪਿਨਾਕੀ ਰਹੋ। ਤ੍ਰਿਲੋਚਨ ਸੁ ਮ੍ਰਿਤੁੰਜਯ ਲਹੋ।

ਤਿਰਯੰਬਕ, ਤ੍ਰਿਪੁਰਾਂਤਕ ਜਾਨ। ਭੁਤੇਸਵਰ, ਸਰਵੱਗਯ ਬਖਾਨ।

ਭੀਮ, ਮਥਾਣੂ, ਨੀਲ ਲੋਹਿਤ ਭਨ। ਉਗਰੀ ਕੰਠ, ਕਪਰਦੀ ਗੁਨਮਾਨ।

ਚਾਲਿਸ ਅਸ਼ਟ ਨਾਮ ਗਿਨ ਲਹੋ। ਨਾਮ ਕਪਰਦ ਜੁਟਾ ਜੁਟ ਕਹੋ। -*ਸਿੰਘ ਸਭਾ ਪਤ੍ਰਿਕਾ,* ਮਾਰਚ 1983, ਪੰਨਾ 176

ਜਮਨਾ ਤਟ ਜੋ ਬੂਰੀਆ ਗ੍ਰਿੰਥ ਕਰਨ ਲਗ ਤਾਂਹਿ।

ਆਨਿ ਸੁਧਾਸਰ ਤੀਰ ਪੁਨ ਕਰੀ ਸਮਾਪਤ ਯਾਹਿ।

ਸੰਮਤ ਦਸ ਅਸ਼ਟਾ ਸਹਸ ਬਹੁਰ ਅਠੱਤਰਾ ਬੀਤ।

ਕਿਯੋ ਗ੍ਰਿੰਥ ਪੂਰਨ ਭਲੇ ਗੁਨੀ ਪਢਹਿੰ ਧਰਿ ਚੀਤ।[59]

*ਗ੍ਰੰਥ ਦਾ ਆਰੰਭ '੧ਓ' ਤੋਂ ਹੋਇਆ ਹੈ। ਉਸ ਦੇ ਬਾਅਦ ਕੁੱਲ ਛੰਦਾਂ ਵਿੱਚ ਆਪਣੇ ਇਸ਼ਟ ਦੇਵ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂਆਂ ਦੀ ਕ੍ਰਮ ਅਨੁਸਾਰ ਉਸਤਤ ਅਤੇ ਵੰਦਨਾ ਕੀਤੀ ਗਈ ਹੈ ਹੋਰ ਸਰਗਾਂ ਦੇ ਸ਼ੁਰੂ ਵਿੱਚ ਵੀ ਇਸ ਪ੍ਰਕਾਰ ਦੇ ਉਸਤਤ ਸੰਬੰਧੀ ਕੁੱਝ ਛੰਦ ਆਏ ਹਨ ਇਨ੍ਹਾਂ ਛੰਦਾਂ ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਨੂੰ ਦੰਭ ਖੰਡ ਵਿਨਾਸਨ, ਗਤੀਕਾਰ, ਸਿੱਖ ਹਿੱਤਕਾਰੀ, ਗੁਰੂ ਹਰਿਗੋਬਿੰਦ ਸਾਹਿਬ ਨੂੰ ਨਿਸੰਗਧਾਰੀ, ਚੰਦਰਹਾਸ ਧਾਰੀ, ਹਿੰਦ ਦਾ ਆਲੰਬ, ਸੁਪੰਥ ਪ੍ਰਕਾਸ਼ੀ ਅਤੇ ਕਲਗੀਧਰ ਗੁਰੂ ਗੋਬਿੰਦ ਸਿੰਘ ਨੂੰ ਦੁਖ ਹਤੁ, ਗਿਰ ਰਾਜਨ ਨਾਸੀ, ਦਾਸਨ ਕੇ ਗਤਿਦਾ ਅਵਿਨਾਸ਼ੀ ਆਦਿ ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕੀਤਾ ਹੈ ਅਤੇ ਉਨ੍ਹਾਂ ਦੇ ਚਰਨਾਂ ਤੇ ਸਿਰ ਰੱਖ ਕੇ ਵੰਦਨਾ ਕੀਤੀ ਹੈ ਇਨ੍ਹਾਂ ਦੇ ਇਹ ਵਰਣਨ ਅਲੰਕਾਰਕ ਸ਼ੈਲੀ ਵਿੱਚ ਹਨ।*[60] ਡਾ. ਗੋਇਲ ਅਨੁਸਾਰ[61] ਅਮਰ ਕੋਸ਼ ਵਾਂਗ ਇਹ ਗ੍ਰੰਥ ਵੀ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ ਜਿਸ ਦੇ ਛੰਦਾਂ ਦੀ ਸੰਖਿਆ ਡੇਢ ਹਜ਼ਾਰ ਤੋਂ ਉਪਰ ਹੈ। ਇਸ ਗ੍ਰੰਥ ਵਿਚ ਜ਼ਿਆਦਾਤਰ ਦੋਹਾ ਚੌਪਈ ਸਵੱਈਆ ਕਬਿੱਤ ਆਦਿ ਛੰਦ ਪ੍ਰਯੋਗ ਹੋਏ ਹਨ।

ਇਸ ਗ੍ਰੰਥ ਦਾ ਅਸਲ ਨੁਸਖਾ ਭਾਈ ਵੀਰ ਸਿੰਘ ਨੇ ਉਨ੍ਹਾਂ ਦੇ ਪਿਤਾ ਡਾਕਟਰ ਹਜ਼ਾਰਾ ਸਿੰਘ ਦੇ ਸੰਗ੍ਰਹਿ ਵਿੱਚੋਂ ਪ੍ਰਾਪਤ ਹੋਣ ਦਾ ਵੇਰਵਾ[62] ਪ੍ਰਦਾਨ ਕੀਤਾ ਹੈ। ਇਸ ਗ੍ਰੰਥ ਦੇ ਹੱਥ ਲਿਖਤ ਖਰੜੇ ਸੈਂਟਰਲ ਲਾਇਬ੍ਰੇਰੀ

---

59 ਜਿਲਦ ਪਹਿਲੀ, ਪੰਨਾ 96

60 ਗੋਇਲ, ਜੈ ਭਗਵਾਨ, ਮਹਾਂਕਵੀ ਸੰਤੋਖ ਸਿੰਘ, ਪੰਨੇ 9-10

61 ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 21

62 ਜਿਲਦ ਪਹਿਲੀ, ਪੰਨਾ 96

ਪਟਿਆਲਾ ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ ਅਤੇ ਦੋ ਕਾਪੀਆਂ ਸ. ਸ਼ਮਸ਼ੇਰ ਸਿੰਘ ਪਾਸ ਮੌਜੂਦ ਹੋਣ ਦਾ ਹਵਾਲਾ[63] ਪ੍ਰਾਪਤ ਹੁੰਦਾ ਹੈ।

**2. ਸ੍ਰੀ ਗੁਰ ਨਾਨਕ ਪ੍ਰਕਾਸ਼**

ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ, ਬੂੜੀਆ ਨਿਵਾਸ ਦੌਰਾਨ ਕਵੀ ਜੀ ਦੁਆਰਾ ਕੀਤੀ ਗਈ, ਇਹ ਦੂਸਰੀ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ, ਉਦਾਸੀਆਂ ਆਦਿ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਅਖੀਰ ਵਿਚ ਗੁਰੂ ਸਾਹਿਬ ਦੇ ਕਰਤਾਰਪੁਰ ਨਿਵਾਸ ਅਤੇ ਭਾਈ ਲਹਿਣਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਗੁਰਗੱਦੀ ਦੇਣ ਵਾਲੀ ਘਟਨਾ ਤੱਕ ਦਾ ਵੇਰਵਾ ਪ੍ਰਦਾਨ ਕੀਤਾ ਗਿਆ ਹੈ।

ਕਵੀ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਅਲੌਕਿਕ ਸ਼ਕਤੀਆਂ ਨਾਲ ਸੰਪੰਨ ਇਕ ਅਵਤਾਰੀ ਪੁਰਸ਼ ਦੇ ਰੂਪ ਵਿਚ ਦਰਸਾਉਂਦੇ ਹੋਏ, ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਅਲੌਕਿਕ ਵੇਰਵਿਆਂ ਦੀ ਵਰਣਾਤਮਕ ਸ਼ੈਲੀ ਰਾਹੀਂ ਕਾਵਿ ਰੂਪ ਵਿਚ ਦਰਜ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਨੂੰ ਦੇਵੀ-ਦੇਵਤਿਆਂ ਦੇ ਮੁਕਾਬਲੇ, ਉੱਚਤਾ ਵੱਜੋਂ ਸਥਾਪਿਤ ਕੀਤਾ ਹੈ ਜਿਸ ਕਾਰਨ ਇਸ ਗ੍ਰੰਥ ਵਿਚ ਪੌਰਾਣਿਕ ਕਥਾ ਕਹਾਣੀਆਂ ਵੀ ਦਰਜ ਹਨ।

ਇਸ ਗ੍ਰੰਥ ਦਾ ਮੁੱਖ ਆਧਾਰ ਭਾਈ ਬਾਲਾ ਜਨਮ ਸਾਖੀ ਨੂੰ ਬਣਾਇਆ ਗਿਆ ਹੈ ਅਤੇ ਉਸ ਸਮੇਂ ਪ੍ਰਾਪਤ ਉਹ ਸਾਰੇ ਸ੍ਰੋਤ ਇਸ ਰਚਨਾ ਲਈ ਵਰਤੇ ਗਏ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਨ। ਇਨ੍ਹਾਂ ਸਰੋਤਾਂ ਦਾ ਵੇਰਵਾ ਇਸ ਖੋਜ ਕਾਰਜ ਦੇ ਦੂਸਰੇ ਅਧਿਆਏ ਵਿਚ ਪ੍ਰਦਾਨ ਕੀਤਾ ਗਿਆ ਹੈ।

ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਕੁਦਰਤ ਦੇ ਹਿਸਾਬ ਨਾਲ ਦੋ ਭਾਗਾਂ- ਪੂਰਬਾਰਧ ਅਤੇ ਉਤਰਾਰਧ ਵਿਚ ਵੰਡਿਆ ਗਿਆ ਹੈ। ਪੂਰਬਾਰਧ ਦੇ 73 ਅਤੇ ਉਤਰਾਰਧ ਦੇ 67 ਅਧਿਆਇ ਹਨ। ਇਸ ਪ੍ਰਕਾਰ ਇਸ ਗ੍ਰੰਥ ਦੇ

[63] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 21

ਕੁੱਲ 130 ਅਧਿਆਇ ਹਨ ਅਤੇ ਛੰਦਾਂ ਦੀ ਕੁੱਲ ਗਿਣਤੀ 9700 ਹੈ।

ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਦੇ ਵਰਨਣ ਲਈ ਵਿਸਥਾਰਿਤ ਸ਼ੈਲੀ ਅਤੇ ਰੌਚਕਤਾ ਭਰਪੂਰ ਪੇਸ਼ਕਾਰੀ ਸਦਕਾ ਇਹ ਗ੍ਰੰਥ ਇਸ ਦੀ ਰਚਨਾ ਦੇ ਸਮੇਂ ਹੀ ਸਿੱਖ ਸੰਗਤਾਂ ਵਿਚ ਬਹੁਤ ਜ਼ਿਆਦਾ ਪ੍ਰਸਿੱਧ ਹੋ ਗਿਆ ਸੀ। ਕਵੀ ਜੀ ਇਸ ਗ੍ਰੰਥ ਦੀ ਰਚਨਾ ਦੇ ਨਾਲ-ਨਾਲ ਇਸ ਦੀ ਕਥਾ ਵੀ ਸਿੱਖ ਸੰਗਤਾਂ ਵਿਚ ਕਰਿਆ ਕਰਦੇ ਸਨ ਜਿਸ ਨੇ ਇਸ ਗ੍ਰੰਥ ਦੀ ਲੋਕਪ੍ਰਿਅਤਾ ਅਤੇ ਲੋਕ ਦਿਲਚਸਪੀ ਵਿਚ ਹੋਰ ਵੀ ਵਾਧਾ ਕੀਤਾ। ਇਸ ਗ੍ਰੰਥ ਵਿੱਚੋਂ ਕਵੀ ਜੀ ਦੀ ਕਾਵਿਕ ਕੁਸ਼ਲਤਾ ਅਤੇ ਇਤਿਹਾਸਿਕ ਪ੍ਰਸੰਗਾਂ ਨੂੰ ਦਿਲਚਸਪ ਰੂਪ ਰਾਹੀਂ ਪੇਸ਼ ਕਰਨ ਦੀ ਕਲਾ ਦੇ ਸੁੰਦਰ ਝਲਕਾਰੇ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੇ ਇਸ ਗ੍ਰੰਥ ਵਿਚ ਵਿਭਿੰਨ ਪ੍ਰਕਾਰ ਦੇ ਛੰਦ ਪ੍ਰਯੋਗ ਕੀਤੇ ਹਨ ਜਿਨ੍ਹਾਂ ਵਿੱਚੋਂ 'ਕੁੰਡਲੀਆ ਛੰਦ' ਵਰਗੇ ਛੰਦ ਵਿਚ ਰਚਨਾ ਕਰਨਾ ਕਾਵਿਕ ਪੱਖ ਤੋਂ ਬਹੁਤ ਮੁਸ਼ਕਿਲ ਕਾਰਜ ਹੈ।

ਬੁੜੀਆ ਨਿਵਾਸ ਦੌਰਾਨ ਹੀ ਭਾਈ ਸੰਤੋਖ ਸਿੰਘ ਨੇ ਸੰਮਤ 1880 ਦੀ ਕਤੱਕ ਦੀ ਪੂਰਨਮਾਸੀ (1823 ਈ.) ਨੂੰ ਇਹ ਗ੍ਰੰਥ ਸੰਪੂਰਨ ਕੀਤਾ ਜਿਸ ਦਾ ਵੇਰਵਾ ਉਨ੍ਹਾਂ ਨੇ ਆਪਣੀ ਲਿਖਤ ਵਿਚ ਇਸ ਪ੍ਰਕਾਰ ਦਿੱਤਾ ਹੈ –

ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸ਼ੂਨ ॥

ਕਾਤਿਕ ਪੂਰਨਮਾਂ ਬਿਖੇ ਭਯੋ ਗ੍ਰੰਥ ਬਿਨ ਊਨ ॥[64]

ਇਸ ਗ੍ਰੰਥ ਨੂੰ ਪੜ੍ਹ ਕੇ ਅਤੇ ਇਸ ਦੀ ਕਥਾ ਸੁਣ ਕੇ ਸਿੱਖ ਸੰਗਤਾਂ ਵੱਲੋਂ ਇਸ ਤਰਜ਼ ਤੇ ਭਾਈ ਸੰਤੋਖ ਸਿੰਘ ਨੂੰ ਅਗਲੇ ਗੁਰੂ ਸਾਹਿਬਾਨ ਦਾ ਵੀ ਜੀਵਨ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਜਿਸ ਨੂੰ ਕਵੀ ਜੀ ਨੇ ਅਗਲੇ ਸਾਲਾਂ ਦੌਰਾਨ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰੂਪ ਵਿਚ ਲਿਖਿਆ।

ਇਸ ਇਸ ਗ੍ਰੰਥ ਦੇ ਹੱਥ ਲਿਖਤ ਖਰੜੇ ਇਨ੍ਹਾਂ ਥਾਵਾਂ ਤੇ ਮੌਜੂਦ ਹੋਣ ਦੇ ਵੇਰਵੇ[65] ਮਿਲਦੇ ਹਨ-

---

[64] ਜਿਲਦ ਚੌਥੀ, ਪੰਨਾ 1257

[65] *ਗੁਰਮੁਖੀ ਲਿਪੀ ਮੇਂ ਹਿੰਦੀ ਸਾਹਿਤਯ,* ਪੰਨਾ 262 ਅਤੇ *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 23

ੳ. ਭਾਈ ਕਾਨ ਸਿੰਘ ਨਾਭਾ ਲਾਇਬ੍ਰੇਰੀ, ਬ੍ਰਿਜੇਸ਼ ਭਵਨ, ਨਾਭਾ।

ਅ. ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ, ਨੰ. 25 ਅਤੇ 2.

ੲ. ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਨੰ. 2162.

ਸ. ਭਾਸ਼ਾ ਵਿਭਾਗ, ਪਟਿਆਲਾ, ਨੰ. 178.

ਮੌਜੂਦਾ ਸਮੇਂ ਵਿਚ ਇਹ ਗ੍ਰੰਥ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਨਾਲ ਹੀ ਸੰਯੁਕਤ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਨ ਕੀਤਾ ਸੀ। ਇਕੱਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਹੱਥ ਲਿਖਤ ਖਰੜੇ ਵੀ ਪ੍ਰਾਪਤ ਹੁੰਦੇ ਹਨ ਪਰੰਤੂ ਵਰਤਮਾਨ ਸਮੇਂ ਵਿਚ ਇਸ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਵੱਖ ਕਰਕੇ ਨਹੀਂ ਵੇਖਿਆ ਜਾਂਦਾ।

### 3. ਗਰਬ ਗੰਜਨੀ ਟੀਕਾ

ਕੈਥਲ ਨਿਵਾਸ ਦੌਰਾਨ, ਇਹ ਭਾਈ ਸੰਤੋਖ ਸਿੰਘ ਦੀ ਪਹਿਲੀ ਰਚਨਾ ਹੈ, ਜੋ ਕਵੀ ਜੀ ਨੇ ਕੈਥਲਪਤਿ ਭਾਈ ਉਦੈ ਸਿੰਘ ਦੇ ਕਹਿਣ 'ਤੇ ਕੀਤੀ। ਇਸ ਰਚਨਾ ਦਾ ਮੂਲ ਕਾਰਨ ਉਦਾਸੀ ਸਾਧੂ ਅਨੰਦਘਨ ਦੁਆਰਾ ਕੀਤਾ ਗਿਆ ਜਪੁ ਜੀ ਬਾਣੀ ਦਾ ਟੀਕਾ ਸੀ ਜਿਸ ਵਿਚ ਉਸ ਨੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਲਿਖੀਆਂ ਜੋ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਸਨ ਅਤੇ ਇਨ੍ਹਾਂ ਵਿਚ ਅਨੰਦਘਨ ਦਾ ਨਿਜੀ ਹੰਕਾਰ ਭਾਰੂ ਸੀ। ਅਜਿਹੀਆਂ ਗੱਲਾਂ ਨੂੰ ਪੜ੍ਹ ਕੇ ਭਾਈ ਉਦੈ ਸਿੰਘ ਨੇ ਇਸ ਦੀਆਂ ਹੰਕਾਰ ਭਰੀਆਂ ਅਤੇ ਗੁਰਮਤਿ ਵਿਰੋਧੀ ਗੱਲਾਂ ਦਾ ਭਾਈ ਸੰਤੋਖ ਸਿੰਘ ਨੂੰ ਜਵਾਬ ਦੇਣ ਲਈ ਕਿਹਾ[66] ਜਿਸ ਦੇ ਫਲਸਰੂਪ ਇਹ ਗਰਬ ਗੰਜਨੀ ਟੀਕਾ ਹੋਂਦ ਵਿਚ ਆਇਆ।

---

[66] ਸ੍ਰੀ ਗ੍ਰੰਥ ਸਾਹਿਬ ਗੁਰਬਾਨੀ। ਸਰਬ ਸ਼ਿਰੋਮਨਿ ਜਪੁ ਜੀ ਜਾਨੀ।

ਅਰਥ ਗੰਭੀਰ ਮਹਾਨ ਮਹਾਨੋ। ਅਸ ਲਖਿ ਕਵਿ ਸੋਂ ਬਚਨ ਬਖਾਨੇ:

'ਅਲੰਕਾਰ ਯੁਤ ਟੀਕਾ ਰਚੀਏ। ਨਿਰਨੈਂ ਅਰਥ ਧਰਹੁ ਮਤਿ ਖਚੀਏ।

ਹੋਤ ਅਸ਼ੰਕਾ ਯਾ ਮਹਿ ਜੇਤੀ। ਬੁਧਿ ਬਲ ਕਰਹੁ ਹਰਹੁ ਅਬ ਤੇਤੀ।

ਸੁਨਿ ਕਰਿ ਬਚਨ ਨ੍ਰਿਪਤਿਕੋ ਨੀਕਾ। ਕਵਿ ਨੇ ਰੁਚਿਕ ਰਚਯੋ ਜਪੁ ਟੀਕਾ।

-ਸੰਤੋਖ ਸਿੰਘ, ਭਾਈ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 9

ਇਸ ਟੀਕੇ ਦਾ ਨਾਮ ਹੀ ਇਸ ਦੀ ਰਚਨਾ ਦੇ ਕਾਰਨ ਨੂੰ ਸਪਸ਼ਟ ਕਰਦਾ ਹੈ, ਜਿਸ ਦਾ ਅਰਥ ਹੈ- ਹੰਕਾਰ ਨੂੰ ਨਸ਼ਟ ਕਰਨ ਵਾਲਾ। ਇਸ ਦੇ ਅਰਥ ਨੂੰ ਸਪੱਸ਼ਟ ਕਰਦੇ ਹੋਏ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ- *ਗਰਬ ਗੰਜਨੀ ਕੋ ਅਰਥ: ਇਸ ਦੇ ਪਦਨ ਵਿਚਾਰੇਵਾਰੇ ਕੇ ਅਗਾਰੀ, ਜੇ ਕੋਈ ਅਰਥਨ ਕੋ ਗਰਬ ਕਰੈ, ਤਿਸ ਕੋ ਗੰਜਨ ਹੋਇ ਜਾਤ ਹੈ, ਕਯਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋਂ ਅਰਥ ਔਰ: ਇਸ ਕੋ ਪਢਿਕੈ ਆਪਨ ਗਰਬ ਕੋ ਗੰਜਨ ਕਰੈ। ਗਰੀਬੀ ਕੋ ਗਹਿ ਕਰਿ ਮੁਕਤਿ ਕੋ ਮਾਰਗ ਪਰੈ। ਯਾਂਤੇ ਇਸ ਟੀਕੇ ਕੋ ਨਾਮ ਗਰਬ ਗੰਜਨੀ ਧਰਯੋ।* [67]

ਇਸ ਗ੍ਰੰਥ ਵਿਚ ਕਵੀ ਜੀ ਨੇ ਅਨੰਦਘਨ ਦੀਆਂ ਗੁਰਮਤਿ ਵਿਰੋਧੀ ਗੱਲਾਂ ਦਾ ਜਵਾਬ ਸੁਚੱਜੇ ਢੰਗ ਰਾਹੀਂ ਸੁੰਦਰ ਦਲੀਲਾਂ ਨਾਲ ਦਿੱਤਾ ਹੈ। ਕੁੱਝ ਥਾਵਾਂ ਤੇ ਸਖ਼ਤ ਲਹਿਜੇ[68] ਨਾਲ ਉਸ ਨੂੰ ਉੱਲੂ ਅਤੇ ਮੂੜ (ਮੂਰਖ) ਆਖਦੇ ਹੋਏ ਉਸ ਦੀ ਰਚਨਾ ਨੂੰ 'ਪਾਣੀ ਰਿੜਕਣ ਵਾਲੇ ਕਾਰਜ' ਦਾ ਨਾਮ ਵੀ ਦਿੱਤਾ ਹੈ।

ਇਹ ਜਪੁ ਜੀ ਸਾਹਿਬ ਦਾ ਅਲੰਕ੍ਰਿਤ ਟੀਕਾ ਹੈ ਜਿਸ ਵਿਚ ਹਰ ਤੁਕ ਦੇ ਭਾਵ ਨੂੰ ਸਪਸ਼ਟ ਕਰਨ ਲਈ ਅਨੇਕਾਂ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ ਅਤੇ ਜਪੁ ਬਾਣੀ ਵਿਚ ਪ੍ਰਯੋਗ ਹੋਏ ਵੱਖ-ਵੱਖ ਅਲੰਕਾਰਾਂ ਦਾ ਵੇਰਵਾ ਪ੍ਰਦਾਨ ਕੀਤਾ ਹੈ। ਕਵੀ ਜੀ ਆਪਣੀ ਇਸ ਰਚਨਾ ਵਿਚ ਲਿਖਦੇ ਹਨ ਕਿ ਉਨ੍ਹਾਂ ਨੇ ਜਪੁ ਜੀ ਦੀਆਂ ਸਾਰੀਆਂ ਤੁਕਾਂ ਦੇ ਵਿਅੰਗ (ਵਿਅੰਜਨਾ), ਲਕਸਣਾ, ਧੁਨੀ, ਅਲੰਕਾਰ ਆਦਿ ਦੀ ਪਰਖ ਕਰਕੇ ਇਹ ਟੀਕਾ

---

[67] ਸੰਤੋਖ ਸਿੰਘ, ਭਾਈ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 178

[68] (ੳ) ਪੂਰਨ ਪੁਰਖੁ ਅਵਤਾਰ ਈਸ਼ਰ ਕੇ, ਤਿਨ ਕੋ ਬੰਧਨ ਬਰਨਨ ਕਰਨੋ ਮਹਾਂ ਅਯੋਗ ਹੈ।.....ਜੇ ਪੱਖਵਾਦੀ ਇਸ ਬਾਤ ਕੋ ਨਹੀਂ ਮਾਨਤੇ ਸੋ ਉੱਲੂ ਕੀ ਨਿਆਂਈ ਜਗਤ ਕੇ ਦੁਖ ਰੂਪੀ ਅੰਧੇਰੇ ਮੇਂ ਪਰੇ ਭਰਮਤੇ ਹੈਂ। ਐਸੀ ਖੋਟੀ ਬਾਟ ਹੈ ਅਨੰਦਘਨ ਕੀ, ਜਾਨ ਕਰਿ ਨਿਰਾਸ ਕਰਯੋ ਹੈ। -ਉਹੀ, ਪੰਨੇ 24-25

(ਅ) 'ਗੁਰੁ ਈਸਰੁ ਗੁਰੁ ਗੋਰਖੁ' ਇਸ ਤੁਕ ਕੇ ਅਰਥ ਮੈਂ ਅਨੰਦਘਨ ਅਧਿਕ ਨੀਰ ਮਥਯੋ ਹੈ। ਜਿਤਨੇ ਕਹਯੋ ਹੈ ਸੋ ਸਭੁ ਅਪਨੇ ਅਨਜਾਨਪਨੋ ਹਸਤਾਮਲ ਕਰ ਦਿਖਾਯੋ ਹੈ।...ਐਸੇ ਮਤਵਾਰਯੋਂ ਕੇ ਕਹਨ ਕਰਿ ਸੁਨਨਵਾਰੋ ਕਿਸ ਪਰ ਨਿਸਚਾ ਕਰੈ?....ਮਨ ਕੀ ਮਤਿ ਕਰਿ ਜੋ ਅਨੰਦਘਨ ਲਿਖ ਗਯੋ ਹੈ ਤਿਸ ਤੇ ਕਿਸੀ ਨੇ ਮਾਨ ਕਰਿ ਅੰਗੀਕਾਰ ਭੀ ਨਹੀ ਕਰਿ ਲਯੋ ਹੈ। -ਉਹੀ, ਪੰਨੇ 51, 52, 53

ਕੀਤਾ-

ਵਿਅੰਗ ਲੱਛਣਾਂ ਬਹੁਰ ਧੁਨਿ ਨੀਕੇ ਦੇਉਂ ਦਿਖਾਈ॥

ਅਲੰਕਾਰ ਸਭ ਤੁਕਨਿ ਕੇ ਲਿਖਯੋ ਪਰਖਿ ਬਨਾਈ ॥[69]

ਟੀਕੇ ਦਾ ਆਰੰਭ ਅਕਾਲ ਪੁਰਖ ਦੇ ਮੰਗਲ ਨਾਲ ਕਰਕੇ ਦਸ ਗੁਰੂ ਸਾਹਿਬਾਨ ਦੀ ਬੰਦਨਾ ਕੀਤੀ ਗਈ ਹੈ। ਆਪਣੇ ਇਸ਼ਟ ਸ੍ਰੀ ਕਲਗੀਧਰ ਜੀ ਦੀ ਕ੍ਰਿਪਾਨ ਦੀ ਮਹਿਮਾ ਅਤੇ ਆਪਣੀ ਵਿੱਦਿਆ ਦਾਤੇ ਨੂੰ ਪ੍ਰਣਾਮ ਕਰਨ ਉਪਰੰਤ ਕੈਥਲ ਰਾਜ ਵੰਸ਼ ਦਾ ਸੰਖੇਪ ਹਾਲ ਲਿਖ ਕੇ ਇਸ ਟੀਕੇ ਦੇ ਲਿਖਣ ਦਾ ਕਾਰਨ ਦੱਸਿਆ ਹੈ। ਇਹ ਸਭ ਕੁੱਝ ਕਾਵਿਕ ਰੂਪ ਵਿਚ ਹੈ। ਇਸ ਤੋਂ ਬਾਅਦ ਸਮੁੱਚੀ ਜਪੁ ਬਾਣੀ ਦਾ ਤੁਕ ਕ੍ਰਮ ਅਨੁਸਾਰ ਟੀਕਾ ਕੀਤਾ ਹੈ ਜੋ ਵਾਰਤਕ ਰੂਪ ਵਿਚ ਹੈ। ਟੀਕੇ ਦੀ ਭਾਸ਼ਾ ਉਸ ਸਮੇਂ ਦੀ ਪ੍ਰਚਲਿਤ ਸਾਧ ਭਾਸ਼ਾ ਹੈ।

ਅਨੰਦਘਨ ਦੁਆਰਾ 'ਆਖਹਿ ਮੰਗਹਿ ਦੇਹਿ ਦੇਹਿ' ਵਾਲੀ ਤੁਕ ਦੇ ਗਲਤ ਅਰਥਾਂ ਦਾ ਖੰਡਨ ਕਰਨ ਵਾਲੀਆਂ ਸਤਰਾਂ[70] ਤੋਂ ਗਰਬ ਗੰਜਨੀ ਟੀਕੇ ਵਿਚ ਕਵੀ ਜੀ ਦੀ ਵਿਦਵਤਾ ਅਤੇ ਦਲੀਲਪੂਰਨ ਢੰਗ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਇਸ ਰਚਨਾ ਦੀ ਸੰਪੂਰਨਤਾ ਦਾ ਸਮਾਂ ਚੇਤ ਵਦੀ 2, ਸੰਮਤ 1886

---

[69] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ,* ਪੰਨਾ 36

[70] ਇਸ ਤੁਕ ਕੇ ਅਰਥ ਅਨੰਦਘਨੀ ਟੀਕੇ ਮੇਂ ਐਸੇ ਕਰਯੋ ਹੈ; ਅਰੁ ਮਾਂਗਤਾ ਹੌਂ, ਦੇਹੁ ਦੇਹੁ, ਮੁਝ ਕੌ ਦਾਤ ਕਰਹੁ, ਹੇ ਦਾਤਾਰ। 'ਆਖਹਿ ਮੰਗਹਿ' ਬਹੁ ਵਾਚੀ ਪਦ ਥੇ, ਤਿਨ ਕੋ ਏਕ ਕੋ ਅਰਥ ਕਰਯੋ। ਤਿਸ ਅਰਥੁ ਪਰ ਗਤਿ ਸੰਸਕ੍ਰਿਤ ਦੋਖ। ਦੋਖ ਬਿਚਾਰਨੇ, ਇਹ ਤੋ ਬਿਦਯਾ ਕਹੂੰ ਰਹੀ, ਏਕ ਵਾਚੀ ਵਾ ਬਹੁ ਵਾਚੀ ਇਤਨੇ ਭੀ ਅਕਲ ਮੈਂ ਨਹੀਂ ਆਯੋ। ਤਿਸ ਕੇ ਅਰਥ ਮੂਜਬ ਤੁਕ ਇਸ ਰੀਤੀ ਚਾਹੀਤੀ ਥੀ: 'ਆਖੌਂ ਮੰਗੌਂ ਦੇਹੁ ਦੇਹੁ ਦਾਤ ਕਰਹੁ ਦਾਤਾਰ'। ਇਨ ਦੋਊ ਤੁਕਨ ਕੇ ਅਗਾਰੀ ਜੋ ਦੋਇ ਤੁਕਾਂ ਔਰ ਹੈਂ ਤਿਨ ਮੈਂ ਸਿਖ ਕੋ ਪ੍ਰਸ਼ਨ ਹੋਨੇ ਹੈ: 'ਫੇਰਿ ਕਿ ਅਗੈ ਰਖੀਐ', 'ਮੁਹੌ ਕਿ ਬੋਲਣੁ ਬੋਲੀਐ'; ਪਹਿਲੇ ਪ੍ਰਸ਼ਨ ਕੀ ਤੁਕ ਮੈਂ ਅਨੰਦਘਨ ਜੋ ਹੈ ਤਿਸ ਨੇ ਉੱਤਰ ਕੋ ਅਰਥ ਕਰਯੋ, ਸੋ ਭੀ ਮਹਾਂ ਬਯਰਥ ਬਨਾਯੋ ਹੈ। ਤਿਸ ਤੁਕ ਮੈਂ ਪ੍ਰਸ਼ਨ ਸਿਖ ਕੋ, ਜੋ ਅਲਪ ਬੁਧਿ ਵਾਰੇ ਹੈਂ ਸੋ ਭੀ ਸਮਝ ਲੇਤ ਹੈਂ। ਐਸੋ ਪ੍ਰਗਟ ਹੈ। ਯਾਂਤੇ ਜਾਨੀਤਾ ਹੈ ਗੁਰ ਲੱਛ ਸੋ ਅਨੰਦਘਨ ਪਢਯੋ ਨਹੀਂ। ਅਰੁ ਬੁਧਿ ਗੁਰੂ ਜੀ ਕੀ ਬਾਣੀ ਕੇ ਅਰਥ ਲਖਨੇ ਉਚਿਤ ਨਹੀਂ। ਕਥਾ ਕਾਂਸੀ ਮੈਂ ਪਰਾਣੋਂ ਕੀ ਬਹੁਤ ਹੋਤ ਹੈ, ਤਹਾਂ ਤੇ ਸੁਨਿ ਸੁਨਿ ਸ਼ਲੋਕ ਲਿਖ ਦੀਏ ਹੈਂ, ਅਖਰ ਅਰਥ ਜਾਨਯੋ ਨਹੀਂ ਹੈ। -*ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ* ਪੰਨਾ ,51

(ਮਾਰਚ, 1825 ਈ.) ਹੈ ਜੋ ਇਸ ਰਚਨਾ ਦੇ ਅਖੀਰ ਵਿਚ ਰੌਚਕਮਈ ਪ੍ਰਤੀਕਾਤਮਕ ਰੂਪ ਵਿਚ ਇਸ ਪ੍ਰਕਾਰ ਪ੍ਰਾਪਤ ਹੁੰਦਾ ਹੈ-

ਟੀਕਾ ਸ੍ਰੀ ਗਰਬ ਗੰਜਨੀ ਪੂਰਨ ਭਯੋ ਰਸਾਲ॥
ਨਮਸਕਾਰ ਸਤਿਗੁਰਨ ਕੋ ਜੋ ਹੈ ਪਰਮ ਕ੍ਰਿਪਾਲੁ॥
ਸੰਮਤ ਰਸ ਬਸ ਬਸ ਰਸ ਚੇਤ ਵਦੀ ਸ਼ੁਭ ਦੂਜ॥
ਸਸਿ ਬਾਸੁਰ ਉਤਸਾਹ ਕਿਯ ਸ੍ਰੀ ਨਾਨਕ ਪਦ ਪੂਜ॥[71]

ਪ੍ਰਾਪਤ ਵੇਰਵਿਆਂ ਅਨੁਸਾਰ[72] ਇਹ ਟੀਕਾ 1910 ਈ. ਵਿਚ ਗਿਆਨੀ ਸਰੂਪ ਸਿੰਘ ਨੇ ਗੁਰਬਖਸ਼ ਪ੍ਰੈੱਸ ਲਾਹੌਰ ਵਿਚ ਛਪਵਾ ਕੇ ਪ੍ਰਕਾਸ਼ਿਤ ਕੀਤਾ ਜਿਸ ਦੇ 300 ਪੰਨੇ ਸਨ।

ਡਾ. ਜੈ ਭਗਵਾਨ ਗੋਇਲ ਨੇ ਇਸ ਗ੍ਰੰਥ ਦੇ ਹੱਥ ਲਿਖਤ ਖਰੜੇ ਇਨ੍ਹਾਂ ਥਾਵਾਂ ’ਤੇ ਮੌਜੂਦ ਹੋਣ ਦਾ ਜ਼ਿਕਰ[73] ਕੀਤਾ ਹੈ-

ੳ. ਭਾਈ ਕਾਨ ਸਿੰਘ ਨਾਭਾ ਲਾਇਬ੍ਰੇਰੀ, ਨਾਭਾ।

ਅ. ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ।

ੲ. ਗਿਆਨੀ ਖਜ਼ਾਨ ਸਿੰਘ, ਪ੍ਰਧਾਨ, ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ।

ਮੌਜੂਦਾ ਸਮੇਂ ਵਿਚ ਇਹ ਟੀਕਾ ਸਿੱਖ ਸੰਗਤਾਂ ਅਤੇ ਇਸ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਲਈ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹੈ।

**4. ਬਾਲਮੀਕੀ ਰਾਮਾਇਣ**

ਕੈਥਲ ਨਿਵਾਸ ਦੌਰਾਨ ਰਚੀ ਗਈ ਭਾਈ ਸੰਤੋਖ ਸਿੰਘ ਦੀ ਇਹ ਅਨੁਵਾਦਿਤ ਰਚਨਾ ਹੈ ਜੋ ਸੰਸਕ੍ਰਿਤ ਭਾਸ਼ਾ ਵਾਲੀ ਬਾਲਮੀਕੀ ਰਾਮਾਇਣ ਦਾ ਕਾਵਿਕ ਪਰਿਭਾਸ਼ਾ ਵਿਚ ਕੀਤਾ ਹੋਇਆ ਅਨੁਵਾਦ ਹੈ। ਉਨ੍ਹਾਂ ਸਮਿਆਂ ਵਿਚ

---

71 ਸੰਤੋਖ ਸਿੰਘ, ਭਾਈ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ*, ਪੰਨਾ 178

72 ਸਾਹਿਤ ਗਗਨ ਦੇ ਸੂਰਜ : *ਮਹਾਂਕਵੀ ਭਾਈ ਸੰਤੋਖ ਸਿੰਘ,* ਕਰਮਜੀਤ ਸਿੰਘ, ਇੰਜੀ. (ਸੰਪਾ.), ਪੰਨਾ 113

73 ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 30

ਰਾਮਾਇਣ ਗ੍ਰੰਥ ਦੀ ਲੋਕ ਮਨਾਂ ਵਿਚ ਗਹਿਰੀ ਛਾਪ ਸੀ। ਰਾਮਾਇਣ ਅਤੇ ਮਹਾਂਭਾਰਤ ਵਰਗੇ ਨੀਤੀ ਭਰਪੂਰ ਗ੍ਰੰਥਾਂ ਦੇ ਪਾਤਰ, ਲੋਕ ਮਨਾਂ ਲਈ ਪ੍ਰੇਰਨਾ ਦੇਣ ਦਾ ਕਾਰਜ ਕਰਦੇ ਰਹੇ ਹਨ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਂਭਾਰਤ ਦਾ ਅਨੁਵਾਦ ਕਰਵਾਇਆ ਅਤੇ ਉਨ੍ਹਾਂ ਨੇ ਖੁਦ ਵੀ ਦੁਰਗਾ ਦੀ ਕਥਾ ਦਾ ਮਾਰਕੰਡੇ ਪੁਰਾਣ ਵਿੱਚੋਂ ਚੰਡੀ ਦੀ ਵਾਰ ਦੇ ਰੂਪ ਵਿਚ ਪੰਜਾਬੀ ਅਨੁਵਾਦ ਕੀਤਾ। ਭਾਈ ਸੰਤੋਖ ਸਿੰਘ ਦੇ ਵਿੱਦਿਅਕ ਗੁਰੂ ਗਿਆਨੀ ਸੰਤ ਸਿੰਘ ਦੁਆਰਾ ਵੀ ਤੁਲਸੀ ਰਾਮਾਇਣ ਦਾ ਟੀਕਾ ਕਰਨ ਦਾ ਹਵਾਲਾ[74] ਪ੍ਰਾਪਤ ਹੁੰਦਾ ਹੈ। ਰਾਮਾਇਣ ਗ੍ਰੰਥ ਦੀ ਲੋਕ ਮਨਾਂ ਵਿਚ ਛਪੀ ਹੋਈ ਗਹਿਰੀ ਛਾਪ ਨੂੰ ਦੇਖਦੇ ਹੋਏ ਕੈਥਲ ਨਿਵਾਸ ਦੌਰਾਨ ਹੀ ਕਵੀ ਜੀ ਨੇ ਇਸ ਦਾ ਅਨੁਵਾਦ ਕੀਤਾ।

ਉਨ੍ਹਾਂ ਨੇ ਆਪਣੀ ਇਸ ਅਨੁਵਾਦਿਤ ਰਚਨਾ ਵਿਚ ਇਸ ਗੱਲ ਨੂੰ ਭਲੀ ਭਾਂਤ ਸਪਸ਼ਟ[75] ਕੀਤਾ ਹੈ ਕਿ ਉਹ ਬਾਲਮੀਕੀ ਦੇ ਲਿਖੇ ਅੱਖਰਾਂ ਦਾ ਇੰਨ ਬਿੰਨ ਅਨੁਵਾਦ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੇ ਵੱਲੋਂ ਇਸ ਦੇ ਮੂਲ ਪਾਠ ਵਿਚ ਕੋਈ ਵਾਧਾ-ਘਾਟਾ ਨਹੀਂ ਕੀਤਾ। ਜੇਕਰ ਕਿਸੇ ਪਾਠਕ ਦੇ ਮਨ ਵਿਚ ਇਹ ਰਚਨਾ ਪੜ੍ਹ ਕੇ ਕੋਈ ਸ਼ੰਕਾ ਜਾਂ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਉਸ ਦੇ ਜਵਾਬਦੇਹ ਬਾਲਮੀਕੀ ਹਨ, ਕਵੀ ਜੀ ਨਹੀਂ।

ਇਸ ਗ੍ਰੰਥ ਦੇ 7 ਕਾਂਡ ਅਤੇ 651 ਸਰਗ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ[76]-

| | | |
|---|---|---|
| 1. ਬਾਲ ਕਾਂਡ- 82 | 2. ਅਯੁੱਧਿਆ ਕਾਂਡ- 117 | 3. ਆਰਣਯ ਕਾਂਡ- 75 |
| 4. ਕਿਸ਼ਕਿੰਧਾ ਕਾਂਡ- 67 | 5. ਸੁੰਦਰ ਕਾਂਡ- 68 | 6. ਲੰਕਾ ਕਾਂਡ- 131 |
| 7. ਉੱਤਰ ਕਾਂਡ- 111 | | |

ਭਾਈ ਵੀਰ ਸਿੰਘ ਨੇ[77] ਇਸ ਗ੍ਰੰਥ ਦੇ ਸਰਗਾਂ ਦੀ ਕੁੱਲ ਗਿਣਤੀ 659 ਲਿਖੀ ਹੈ ਜਿਸ ਦਾ ਕਾਂਡ ਕ੍ਰਮ

---

[74] ਜਿਲਦ ਪਹਿਲੀ, ਪੰਨਾ 92

[75] ਬਾਲਮੀਕੀ ਮੁਨੀ ਜੀ ਕੀ ਕ੍ਰਿੱਤ, *ਸਰਬ ਜਥਾਰਥ ਜਾਨਿ*।

ਜਯੋਂ ਬੀਤੀ ਬਰਨੀ ਤਥਾ, ਬਾਧ ਨਾ ਘਾਟ ਪਛਾਨ।

ਮਨ ਕੀ ਉਕਤਿ ਬਨਾਇਕੈ, ਨਹੀਂ ਕੀਨੇ ਇਤਿਹਾਸ।

ਬੋਲਨਾਦਿ ਤੇ ਜਿਮ ਕ੍ਰਿਯਾ, ਜਥਾ ਜੋਗ ਪਰਕਾਸ਼। - ਆਰਨਯ ਕਾਂਡ, ਸਰਗ 72, ਉਧਰਿਤ ਜਿਲਦ ਪਹਿਲੀ 130

[76] ਗੋਇਲ, ਜੈ ਭਗਵਾਨ, ਮਹਾਂਕਵੀ ਸੰਤੋਖ ਸਿੰਘ, ਪੰਨਾ 36

ਅਨੁਸਾਰ ਵੇਰਵਾ ਪ੍ਰਦਾਨ ਨਹੀਂ ਕੀਤਾ। ਹੋ ਸਕਦਾ ਹੈ ਕਿ ਇਹ ਗਿਣਤੀ 651 ਦੀ ਥਾਂ 659 ਉਨ੍ਹਾਂ ਨੇ ਭੁਲੇਖੇ ਨਾਲ ਲਿਖੀ ਹੋਵੇ ਜਾਂ ਇਹ ਟਾਈਪਿੰਗ ਦੀ ਗ਼ਲਤੀ ਵੀ ਹੋ ਸਕਦੀ ਹੈ।

ਇਸ ਗ੍ਰੰਥ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਅਤੇ ਸਰਸਵਤੀ ਬੰਦਨਾ ਨਾਲ ਹੋਇਆ ਹੈ ਇਸ ਤੋਂ ਬਾਅਦ ਦਸ ਗੁਰੂ ਸਾਹਿਬਾਨ ਦੀ ਬੰਦਨਾ ਕਰ ਕੇ 7 ਕਾਂਡਾਂ ਨੂੰ ਸਰਗਾਂ ਅਨੁਸਾਰ ਲਿਖਿਆ ਗਿਆ ਹੈ।

ਡਾ. ਜੈ ਭਗਵਾਨ ਗੋਇਲ ਨੇ ਇਸ ਰਚਨਾ ਨੂੰ ਕਰੁਣਾ ਰਸ ਪ੍ਰਧਾਨ ਰਚਨਾ ਮੰਨਿਆ ਹੈ। ਉਨ੍ਹਾਂ ਨੇ ਇਸ ਗ੍ਰੰਥ ਦੇ ਸਾਹਿਤਿਕ ਪੱਖ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਚਿਤ੍ਰਿਤ ਕੀਤਾ ਹੈ- *ਇਸ ਰਚਨਾ ਵਿੱਚ ਥਾਂ ਥਾਂ ਉੱਤੇ ਉਪਮਾ ਰੂਪਕ ਉਤਪ੍ਰੇਖਿਆ ਅਤੇ ਅਤਿਕਥਨੀ ਨਿਯਾਮਕ ਅਤੇ ਅਨੁਪ੍ਰਾਸ ਦੀ ਸੁੰਦਰਤਾ ਦੇਖੀ ਜਾ ਸਕਦੀ ਹੈ। ਫਿਰ ਵੀ ਸ਼ੈਲੀ ਬਾਲਮੀਕੀ ਰਾਮਾਇਣ ਵਾਂਗ ਸੁਭਾਵਿਕ ਹੈ ਉਸ ਵਿੱਚ ਬਣਾਵਟ ਨਹੀਂ। ਇਹ ਸੰਪੂਰਨ ਗ੍ਰੰਥ ਦੋਹਾ ਚੌਪਈ ਵਿੱਚ ਲਿਖਿਆ ਗਿਆ ਹੈ ਜਿਸ ਵਿੱਚ ਕਬਿੱਤ ਸਵੈਯਾਂ ਸੋਰਠਾ ਛਪੈ ਆਦਿ ਛੰਦਾਂ ਦਾ ਵੀ ਰਸ ਅਤੇ ਪ੍ਰਸੰਗ ਦੇ ਅਨੁਸਾਰ ਪ੍ਰਯੋਗ ਹੋਇਆ ਹੈ। ਭਾਸ਼ਾ ਤੇ ਉਨ੍ਹਾਂ (ਭਾਈ ਸੰਤੋਖ ਸਿੰਘ ) ਦਾ ਪੂਰਨ ਅਧਿਕਾਰ ਹੈ ਜਿਸ ਵਿੱਚ ਪ੍ਰਸੰਗ ਅਨੁਸਾਰ ਮਿਠਾਸ ਓਜ ਅਤੇ ਰਸ ਹੈ।* [78]

ਇਸ ਗ੍ਰੰਥ ਵਿੱਚੋਂ ਇਕ ਦੋਹਾ ਨਮੂਨੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਿਸ ਵਿਚ ਦਸ਼ਰਥ ਦੀ ਵੇਦਨਾ ਨੂੰ ਕਰੁਣਾ ਰਸ ਰਾਹੀਂ ਪੇਸ਼ ਕੀਤਾ ਗਿਆ ਹੈ-

ਰਾਜ ਤਿਲਕ ਹੁਇ ਰਾਮ ਕੋ ਸੁਧ ਪਹੁੰਚੀ ਸੁਰਲੋਕ॥

ਕਿਆ ਕਰਿਹੋਂ ਮੈਂ ਜਗਤ ਕੋ ਨਿੰਦਕ ਰਹਿੰ ਸਭ ਲੋਕ ॥

ਕੈਕਈ ਕੇ ਬਸ ਹੋਇ ਕੇ ਰਾਮ ਦਯੋ ਬਨਵਾਸ ॥

ਅਸ ਕਰਿ ਨਰ ਮਿਲ ਪਰਸਪਰਿ ਕਰਹਿ ਮੋਹਿ ਉਪਹਾਸ ॥[79]

ਇਹ ਗ੍ਰੰਥ ਵਿਚੋਂ ਪ੍ਰਾਪਤ ਹੋਣ ਵਾਲੇ ਵੇਰਵੇ[80] ਅਨੁਸਾਰ ਇਹ ਗ੍ਰੰਥ ਸੰਮਤ 1891 (1834 ਈ.) ਦੇ

---

77 ਜਿਲਦ ਪਹਿਲੀ, ਪੰਨਾ 92

78 ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ,* ਪੰਨਾ 40

79 ਉਹੀ, *ਗੁਰਮੁਖੀ ਲਿਪੀ ਮੇਂ ਹਿੰਦੀ ਸਾਹਿਤਯ,* ਪੰਨਾ 398

ਚੇਤ ਮਹੀਨੇ ਨੂੰ ਸੰਪੂਰਨ ਹੋਇਆ ਜਿਸ ਦੀ ਪੁਸ਼ਟੀ[81] ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਵੀ ਹੋ ਜਾਂਦੀ ਹੈ।

ਇਹ ਗ੍ਰੰਥ ਉਸ ਸਮੇਂ ਲੋਕਾਂ ਵਿਚ ਇੰਨਾ ਹਰਮਨ ਪਿਆਰਾ ਹੋਇਆ ਕਿ ਇਸ ਰਚਨਾ ਦੇ ਸੰਪੂਰਨ ਹੁੰਦੇ ਹੀ ਇਸ ਦੇ ਉਤਾਰੇ ਹੋਣੇ ਸ਼ੁਰੂ ਹੋ ਗਏ। ਭਾਈ ਵੀਰ ਸਿੰਘ ਨੇ ਸੰਮਤ 1892 (1835 ਈ.) ਦੇ ਇਕ ਉਤਾਰੇ ਦਾ ਜ਼ਿਕਰ[82] ਕੀਤਾ ਹੈ ਜੋ ਇਸ ਰਚਨਾ ਦੇ ਸੰਪੂਰਨ ਹੋਣ ਤੋਂ ਅਗਲੇ ਸਾਲ ਦਾ ਉਤਾਰਾ ਹੈ।

ਬਾਲਮੀਕੀ ਰਾਮਾਇਣ ਦਾ ਅਨੁਵਾਦ ਭਾਈ ਸੰਤੋਖ ਸਿੰਘ ਨੇ ਇੰਨੇ ਸੁੰਦਰ ਢੰਗ ਨਾਲ ਕੀਤਾ ਕਿ ਇਸ ਗ੍ਰੰਥ ਨੂੰ ਪੜ੍ਹਣ ਤੋਂ ਬਾਅਦ ਭਾਈ ਉਦੈ ਸਿੰਘ ਨੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਮੋਰਥਲੀ ਨਾਮ ਦਾ ਪਿੰਡ ਇਨਾਮ ਵਜੋਂ ਦਿੱਤਾ।[83]

ਭਾਈ ਉਦੈ ਸਿੰਘ ਵੱਲੋਂ ਕਵੀ ਜੀ ਨੂੰ ਇਸ ਪਿੰਡ ਨਾਲ ਸੰਬੰਧਿਤ ਮਿਲਣ ਵਾਲੀ ਸਨਦ (ਰਜਿਸਟਰੀ) ਦਾ ਅਨੁਵਾਦ ਇਸ ਪ੍ਰਕਾਰ ਹੈ ਜੋ ਮੂਲ ਰੂਪ ਵਿਚ ਫ਼ਾਰਸੀ ਭਾਸ਼ਾ ਵਿਚ ਹੈ-

*ਅਸਲ ਦੀ ਨਕਲ* *ਅਕਾਲ ਸਹਾਇ* *ਭਾਈ ਉਦਯ ਸਿੰਘ*

*ਸਰਕਾਰ ਦੇ ਅਹਿਲਕਾਰ ਤੇ ਪਿੰਡ ਮੋਰਥਲੀ ਦੇ ਜ਼ਿਮੀਂਦਾਰ ਇਹ ਜਾਣ ਲੈਣ ਕੇ ਉਕਤ ਪਿੰਡ ਸੰਮਤ ੧੮੯੧ ਦੀ ਹਾੜ੍ਹੀ ਦੇ ਆਦਿ ਤੋਂ, ਬਾਲਮੀਕ ਰਾਮਾਇਣ ਦੀ ਰਚਨਾ ਪਰ ਬਖ਼ਸ਼ਿਆ ਜਾਕੇ ਸੰਤੋਖ ਸਿੰਘ ਦੇ ਨਾਮ ਅਰਦਾਸ ਹੋ*

---

80 ਸੰਮਤ ਬਿੱਕ੍ਰਮ ਜੀਤ ਅਸ਼ਟ ਦਸ ਸਹਸ ਭਣਿੱਜੈ। ਤੀਸ ਤ੍ਰਿਗੁਣਾ ਕਰਿਯ ਭਯੋ ਪੂਰਨ ਸਹਸ ਲਖਿ ਲਿੱਜੈ।
ਪੁਨ ਇਕਾਨਵਾ ਚਢਯੋ ਸੰਧਿ ਦੇਇਨ ਕੀ ਮਾਨਹੁ। ਰੁਤ ਬਸੰਤ ਅਤਿ ਸ਼ੁਭਤਿ ਚੈਤ੍ਰ ਸ਼ੁਭ ਮਾਸ ਪਛਾਨਹੁ।
ਤਬਿ ਭਈ ਸਮਾਪਤਿ ਗ੍ਰੰਥ ਕੀ ਰਾਮਾਯਣ ਸੁੰਦਰ ਸਰਸ। ਕਵਿ ਹਾਥਿ ਜੋਰਿ ਬਿਨਤੀ ਕਰਤਿ ਚਾਹਤਿ ਚਿਤ ਰਘੁਪਤ ਦਰਸ।
– ਜਿਲਦ ਪਹਿਲੀ, ਪੰਨਾ 126

81 ਜਿਲਦ ਪੰਜਵੀਂ, ਪੰਨਾ 1327

82 ਜਿਲਦ ਪਹਿਲੀ, ਪੰਨਾ 126

83 ਸੁੰਦਰ ਸਾਦਰ ਗ੍ਰੰਥ ਬਨਯੋ ਪਦ ਗੁੰਥਤਿ ਨੈ ਰਸ ਰੀਤ ਭਲੀ ।। ਰਾਮ ਕਥਾ ਗੁਨ ਗ੍ਰਾਮ ਭਿਰਾਮ ਮਹਾਂ ਮਤਿਧਾਮ ਅਨੰਦ ਫਲੀ।।
ਰੰਜਨ ਹੈ ਭ੍ਰਮ ਭੰਜਨ ਹੈ ਗਮ ਗੰਜਨ ਹੈ ਪਦ ਗਯਾਨ ਬਲੀ ।। ਕੈਥਲ ਨਾਥ ਪ੍ਰਸੰਨ ਭਯੋ ਪਠਿ ਗਾਮ ਦਯੋ ਤਬਿ ਮੋਰਥਲੀ ।।
– ਲੰਕਾ ਕਾਂਡ, ਸਰਗ 131, ਉਧਰਿਤ ਜਿਲਦ ਪਹਿਲੀ, ਪੰਨਾ 127

*ਕੇ ਦਰਜ ਕੀਤਾ ਗਿਆ ਹੈ। (ਅੱਗੋਂ ਨੂੰ) ਚਾਹੀਦਾ ਹੈ ਕਿ ਪਿੰਡ ਦੀ ਆਮਦਨ ਹਰ ਫ਼ਸਲ ਦੀ ਉਕਤ (ਸੰਤੋਖ ਸਿੰਘ) ਨੂੰ ਪੁਸ਼ਤ ਦਰ ਪੁਸਤਕ ਦਿੱਤੀ ਜਾਵੇ, ਇਸ ਗਲ ਤੇ ਹਜ਼ੂਰ ਦੇ ਹੁਕਮ ਅਨੁਸਾਰ ਸਖ਼ਤ ਤਾਕੀਦ ਨਾਲ ਅਮਲ ਕਰਨ। ਲਿਖੀ ਮਿਤੀ ਜੇਠ ਸੁਦੀ ਦਸ ਸੰ: ੧੮੯੧ ਪ੍ਰਵਾਨਗੀ ਰੂਬਰੂ ਸਰਕਾਰ ਤੇ ਨਰੈਣ ਸਿੰਘ ਤੋਸ਼ੇਖਾਨੇ ਵਾਲਾ। ਬਾਲਾ ਕੋਠੀ। ਫ਼ਕਤ।*

*੧ ਮੌਜੇ ਮੋਥਲੀ ਸੰਤੋਖ ਸਿੰਘ ਨੂੰ ਬਖਸ਼ਾ ਪ੍ਰਵਾਨਗੀ ਸਰਕਾਰ ਕੀ।* [84]

ਇਸ ਪ੍ਰਕਾਰ ਇਹ ਗ੍ਰੰਥ ਕਵੀ ਜੀ ਦੀ ਭਾਸ਼ਾ ਅਤੇ ਸਾਹਿਤਕ ਪੱਖੋਂ ਵਿਚ ਅਹਿਮ ਰਚਨਾ ਹੈ। ਬੇਸ਼ੱਕ ਇਹ ਰਚਨਾ ਹਿੰਦੂ ਧਰਮ ਗ੍ਰੰਥ ਦਾ ਅਨੁਵਾਦ ਹੈ ਪਰੰਤੂ ਇਸ ਦਾ ਭਾਈ ਸਾਹਿਬ ਦੀ ਇਸ਼ਟ ਵਾਲੀ ਸ਼ਰਧਾ ਨਾਲ ਕੋਈ ਸੰਬੰਧ ਨਹੀਂ ਸੀ ਸਗੋਂ ਇਸ ਵਿਚ ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਹੈ ਤਾਂ ਜੋ ਹਿੰਦੂ ਧਰਮ ਨਾਲ ਸੰਬੰਧਿਤ ਪ੍ਰੇਮੀ ਵੀ ਗੁਰੂ ਸਾਹਿਬਾਨ ਦੇ ਗੁਣਾਂ ਤੋਂ ਜਾਣੂੰ ਹੋ ਸਕਣ।

ਬਾਲਮੀਕੀ ਰਾਮਾਇਣ ਦੇ ਹੱਥ ਲਿਖਤ ਖਰੜੇ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਅਤੇ ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ ਵਿਚ ਮੌਜੂਦ ਹੋਣ ਦੇ ਵੇਰਵੇ[85] ਪ੍ਰਾਪਤ ਹੁੰਦੇ ਹਨ।

**5. ਆਤਮ ਪੁਰਾਣ ਦਾ ਟੀਕਾ**

ਭਾਈ ਸੰਤੋਖ ਸਿੰਘ ਦੁਆਰਾ ਰਚਿਤ ਇਹ ਗ੍ਰੰਥ ਭਾਈ ਵੇਦਾਂਤ ਦੇ ਸੰਸਕ੍ਰਿਤ ਗ੍ਰੰਥ ਆਤਮ ਪੁਰਾਣ ਦਾ ਟੀਕਾ ਹੈ। ਕਵੀ ਜੀ ਨੇ ਇਸ ਟੀਕੇ ਨੂੰ ਬਾਲਮੀਕੀ ਰਾਮਾਇਣ ਦੇ ਅਨੁਵਾਦ ਤੋਂ ਬਾਅਦ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ ਜਿਸ ਦਾ ਰਚਨਾ ਕਾਲ ਭਾਈ ਵੀਰ ਸਿੰਘ ਨੇ ਸੰਮਤ 1891 (1834 ਈ.) ਮੰਨਿਆ[86] ਹੈ

ਇਸ ਗ੍ਰੰਥ ਦੇ ਆਕਾਰ, ਅਧਿਆਇ ਜਾਂ ਸਮੱਗਰੀ ਬਾਰੇ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ

[84] ਜਿਲਦ ਪਹਿਲੀ, ਪੰਨਾ 128

[85] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 35

[86] ਜਿਲਦ ਪਹਿਲੀ, ਪੰਨਾ 133

ਕਿਉਂਕਿ ਇਹ ਗ੍ਰੰਥ ਇਸ ਸਮੇਂ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਇਹ ਵੇਖਣ ਵਿਚ ਆਇਆ ਹੈ। ਪ੍ਰਸਤਾਵਨਾ ਵਾਲੀ ਜਿਲਦ ਵਿੱਚੋਂ ਸ਼੍ਵੇਤਾਸ੍ਵਤਰ ਉਪਨਿਸ਼ਦ ਦੇ ਟੀਕੇ ਦਾ ਕੁੱਝ ਅੰਸ਼[87] ਪ੍ਰਾਪਤ ਹੁੰਦਾ ਹੈ ਜਿਸ ਵਿਚ ਧਿਆਨ ਲਗਾਉਣ ਦੀ ਵਿਧੀ ਬਾਰੇ ਦੱਸਿਆ ਗਿਆ ਹੈ।

### 6. ਗੁਰ ਪ੍ਰਤਾਪ ਸੂਰਜ ਗ੍ਰੰਥ

ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿੱਚੋਂ ਸਭ ਤੋਂ ਵੱਡਾ ਅਤੇ ਅਹਿਮ ਗ੍ਰੰਥ ਹੈ ਜਿਸ ਨੇ ਕਵੀ ਜੀ ਨੂੰ ਸਿੱਖ ਧਰਮ ਵਿਚ ਅਥਾਹ ਸਤਿਕਾਰ ਪ੍ਰਦਾਨ ਕੀਤਾ। ਕੈਥਲ ਦੀ ਧਰਤੀ 'ਤੇ ਕੀਤੀ ਗਈ ਇਹ, ਮਹਾਂਕਾਵਿ ਦਾ ਦਰਜਾ ਰੱਖਣ ਵਾਲੀ ਰਚਨਾ ਹੈ। ਇਸ ਵਿਚ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਸਿੱਖ ਇਤਿਹਾਸ ਸ਼ਾਮਿਲ ਹੈ ਜਿਸ ਨੂੰ ਕਾਵਿਕ ਰੂਪ ਵਿਚ ਸੁੰਦਰ ਛੰਦਾਬੰਦੀ ਰਾਹੀਂ ਲਿਖਿਆ ਗਿਆ ਹੈ। ਇਸ ਗ੍ਰੰਥ ਨੂੰ ਅਸੀਂ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਗੁਰ ਇਤਿਹਾਸ ਵਾਲੀ ਲੜੀ ਦਾ ਅਗਲਾ ਹਿੱਸਾ ਵੀ ਆਖ ਸਕਦੇ ਹਾਂ। ਭਾਈ ਵੀਰ ਸਿੰਘ ਨੇ ਇਸ ਗ੍ਰੰਥ ਨੂੰ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਅਗਲੀ ਕੜੀ ਦੇ ਰੂਪ ਵਿਚ ਜੋੜ ਕੇ ਦੋਵਾਂ ਗ੍ਰੰਥਾਂ ਨੂੰ ਇਕ ਗ੍ਰੰਥ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਰੂਪ ਵਿਚ ਸੰਪਾਦਿਤ ਕੀਤਾ ਹੈ। ਇਸ ਸੰਬੰਧੀ ਪਿੱਛੇ ਵੀ ਜ਼ਿਕਰ ਆ ਚੁੱਕਿਆ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੋਵੇਂ ਬੇਸ਼ੱਕ ਵੱਖ-ਵੱਖ ਗ੍ਰੰਥ ਹਨ ਪਰੰਤੂ ਦੋਵਾਂ ਦਾ ਪ੍ਰਕਾਸ਼ਿਤ ਰੂਪ ਇਕ ਗ੍ਰੰਥ ਦੇ ਰੂਪ ਵਿਚ ਹੀ ਪ੍ਰਾਪਤ ਹੁੰਦਾ ਹੈ।

ਬੇਸ਼ੱਕ ਇਸ ਗ੍ਰੰਥ ਦੀ ਰਚਨਾ 1835 ਈ. ਵਿਚ ਸ਼ੁਰੂ ਹੋਈ ਪਰੰਤੂ ਇਸ ਨਾਲ ਸੰਬੰਧਿਤ ਸਮੱਗਰੀ ਦੀ

---

[87] ਅਰ ਮਾਰਗ ਤਦਗਤਿ ਹੋਵਨੇ ਕਾ ਯਹਿ ਹੈ ਜੋ ਪਵਨ ਕੇ ਅਰੋਪਨ ਕਰੇ। ਅਰ ਅੰਤਹਕਰਨ ਕੀ ਬ੍ਰਿਤੀ ਅਰ ਇੰਦ੍ਰੀਆਂ ਕੋ ਇਕਾਗਰ ਰਖੈ, ਤਾਤਪਰਜ ਯਹ ਹੈ ਜੋ ਸਮ ਦਮ ਕਰੇ। ਅਰ ਨਿੰਦਾ ਤੋਂ ਵਸ ਕਰੇ ਅਰ ਦ੍ਰਿਸ਼ਟ ਅਵਰ ਠਵਰ ਨਾ ਕਰੇ। ਅਰ ਸਵਾਸ ਕੋ ਮਾਰਗ ਏਕ ਨਾਸਕਾ ਕੇ ਤੇ ਸਨੇ ਸਨੇ ਛੋੜੇ। ਅਰ ਮਾਰਗ ਮੁਖ ਕੇ ਤੇ ਸਵਾਸ ਕੌ ਨਾ ਨਿਕਾਸੇ। ਕਰਨ ਹਾਰਾ ਐਸੀ ਉਪਾਸਨਾ ਕਾ ਜੈਸੇ ਰਥ ਕੇ ਸਾਥ ਅਤਿ ਬਲੀ ਅਸਵ ਜੁਤੇ ਹੋ ਅਰੂੜ ਜੋ ਵਾ ਪਰ ਹੈ, ਸਾਥ ਅਤਿ ਪ੍ਰਾਕ੍ਰਮ ਕੇ ਵਾ ਕਉ ਮਾਰਗ ਲੇ ਜਾਤੇ ਹੈਂ। ਇਸੀ ਪ੍ਰਕਾਰ ਪਵਨ ਅਭਿਆਸੀ ਛੋੜ ਹਾਰ ਸਵਾਸਾਂ ਕਾ ਅਤਿ ਦ੍ਰਿੜ ਚਾਹੀਅਤਿ ਹੈ। ਜੋ ਵਾ ਕਉ ਮਨ ਟੇਢੇ ਮਾਰਗ ਨਾ ਲੇ ਜਾਵੇ। -ਉਹੀ, ਪੰਨਾ 134

ਖੋਜ ਦਾ ਕਾਰਜ 1823 ਈ. ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਸੰਪੂਰਨਤਾ ਤੋਂ ਬਾਅਦ ਹੀ ਆਰੰਭ ਹੋ ਗਿਆ ਸੀ। ਇਸ ਪ੍ਰਕਾਰ 1843 ਈ. ਵਿਚ ਸੰਪੂਰਨ ਹੋਣ ਵਾਲਾ ਇਹ ਗ੍ਰੰਥ ਭਾਈ ਸੰਤੋਖ ਸਿੰਘ ਦੀ ਲਗਪਗ ਵੀਹ ਸਾਲਾਂ ਦੀ ਮਿਹਨਤ ਦਾ ਫਲ ਹੈ।

ਡਾ. ਜੈ ਭਗਵਾਨ ਗੋਇਲ ਨੇ ਇਸ ਗ੍ਰੰਥ ਦੇ ਹੱਥ ਲਿਖਤ ਖਰੜਿਆਂ ਦਾ ਇਨ੍ਹਾਂ ਥਾਵਾਂ ਤੋਂ ਪ੍ਰਾਪਤ ਹੋਣ ਦਾ ਵੇਰਵਾ ਪ੍ਰਦਾਨ ਕੀਤਾ ਹੈ[88]-

ੳ. ਸੰਗ੍ਰਹਿ ਭਾਈ ਵੀਰ ਸਿੰਘ, ਅੰਮ੍ਰਿਤਸਰ।

ਅ. ਭਾਈ ਕਾਹਨ ਸਿੰਘ ਨਾਭਾ ਲਾਇਬ੍ਰੇਰੀ, ਨਾਭਾ।

ੲ. ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਨੰ. 2162.

ਸ. ਸ੍ਰੀ ਕਰਤਾਰ ਸਿੰਘ, ਜਲੰਧਰ।

ਤਿੰਨ ਹੱਥ ਲਿਖਤ ਖਰੜੇ, ਜੋ ਇੰਟਰਨੈੱਟ ’ਤੇ ਡਿਜੀਟਲ ਰੂਪ ਵਿਚ ਮੌਜੂਦ ਹਨ-

ੳ. ਸਿੱਖ ਰੈਫ਼ਰੈਂਸ ਲਾਇਬਰੇਰੀ, ਸ੍ਰੀ ਅੰਮ੍ਰਿਤਸਰ, MN- 000487

ਅ. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, MN- 000358

ੲ. ਭਰਪੂਰ ਸਿੰਘ, ਅਨੰਦਪੁਰ ਸਾਹਿਬ, MN- 001362

ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ, ਜੀਂਦ (ਹਰਿਆਣਾ) ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਪੱਥਰ ਛਾਪੇ ਵਾਲਾ ਖਰੜਾ ਵੀ ਪ੍ਰਾਪਤ ਹੁੰਦਾ ਹੈ ਜਿਸ ਨੂੰ ਯੰਤਰਾਲਯ ਆਫਤਾਬ ਪੰਜਾਬ, ਲਾਹੌਰ ਵਿਚ ਦੀਵਾਨ ਬੂਟਾ ਸਿੰਘ ਦੁਆਰਾ 1892 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਗ੍ਰੰਥ ਦਾ ਸ੍ਰੀ ਗੁਰ ਨਾਨਕ ਪ੍ਰਕਾਸ਼ ਨਾਲ ਮਿਲਵੇਂ ਰੂਪ ਵਿਚ ਵਿਸਥਾਰ ਸਹਿਤ ਵੇਰਵਾ ਦੂਸਰੇ ਅਧਿਆਇ ਵਿਚ ਆ ਚੁੱਕਿਆ ਹੈ ਜਿਸ ਵਿਚ ਇਸ ਗ੍ਰੰਥ ਦੀ ਰਚਨਾ ਦੇ ਕਾਰਨ, ਰਚਨਾ ਦੇ ਢੰਗ, ਪ੍ਰਯੋਗ ਵਿਚ ਲਿਆਂਦੀ ਗਈ ਸਹਾਇਕ ਸਮੱਗਰੀ, ਇਸ ਗ੍ਰੰਥ ਦੇ ਵਿਭਿੰਨ ਪੱਖਾਂ ਆਦਿ ਬਾਰੇ ਵਿਸਥਾਰ ਸਾਹਿਤ ਚਾਨਣਾ

---

[88] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 46

ਪਾਇਆ ਗਿਆ ਹੈ।

**ਪੰਜਾਬੀ ਸੀਹਰਫ਼ੀ**

ਪਿਆਰਾ ਸਿੰਘ ਪਦਮ ਨੇ ਇਕ ਪੰਜਾਬੀ ਸੀਹਰਫ਼ੀ ਨੂੰ ਭਾਈ ਸੰਤੋਖ ਸਿੰਘ ਦੀ ਰਚਨਾ ਮੰਨਦੇ ਹੋਏ ਦਾ ਆਪਣੀ ਪੁਸਤਕ 'ਮਹਾਂ ਕਵੀ ਸੰਤੋਖ ਸਿੰਘ' ਵਿਚ ਸ਼ਾਮਿਲ[89] ਕੀਤਾ ਹੈ ਜਿਸ ਸੰਬੰਧੀ ਸੰਕੇਤਕ ਜ਼ਿਕਰ ਪਿੱਛਲੇ ਪੰਨਿਆਂ ਵਿਚ ਆ ਚੁੱਕਾ ਹੈ। ਇਹ ਸੀਹਰਫ਼ੀ 'ਸੈਂਟਰਲ ਲਾਇਬ੍ਰੇਰੀ, ਪਟਿਆਲਾ' ਵਿਚ ਮੌਜੂਦ ਖਰੜਾ ਨੰ. 2889 ਦੇ ਚਾਰ ਪੰਨਿਆਂ 503, 504, 505, 506 'ਤੇ ਮੌਜੂਦ ਹੈ। ਇਸ ਰਚਨਾ ਦੇ ਕੁੱਲ 31 ਬੰਦ ਹਨ ਜਿਸ ਵਿਚ ਸੂਫੀਆਨਾ ਢੰਗ ਰਾਹੀਂ ਪਰਮਾਤਮਾ ਅਤੇ ਜੀਵ ਇਸਤਰੀ ਦੇ ਇਸ਼ਕ ਹਕੀਕੀ ਨੂੰ, ਇਕ ਯਾਰ ਅਤੇ ਉਸ ਦੀ ਪ੍ਰੇਮਿਕਾ ਦੇ ਇਸ਼ਕ ਮਿਜ਼ਾਜ਼ੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਦੇ ਹਰ ਬੰਦ ਦੀ ਪਹਿਲੇ ਸ਼ਬਦ ਨੂੰ ਉਰਦੂ ਦੇ ਅੱਖਰ ਕ੍ਰਮ (ਅਲਫ, ਬੇ, ...... ਲਾਮ, ਅਲਫ, ਯੇ, ਯੇ) ਅਨੁਸਾਰ ਅੱਖਰਾਂ ਦੀ ਨਿਰੰਤਰਤਾ ਅਨੁਸਾਰ ਰਚਿਆ ਗਿਆ ਹੈ। ਇਸ ਸੀਹਰਫ਼ੀ ਦਾ ਇਕ ਬੰਦ ਇਥੇ ਨਮੂਨੇ ਵਜੋਂ ਪੇਸ਼ ਕੀਤਾ ਰਿਹਾ ਹੈ ਜੋ ਉਰਦੂ ਦੇ ਅੱਖਰ 'ਸੀਨ' ਦੇ ਅੱਖਰ ਅਨੁਸਾਰ ਸ਼ੁਰੂ ਕੀਤਾ ਗਿਆ ਹੈ-

> ਸੀਨ- ਸਾਂਵਲੇ ਯਾਰ ਦੀ ਪ੍ਰੀਤ ਲਗੀ, ਨਹੀਂ ਜਗ ਦੀ ਲੱਜ ਥੋਂ ਸੰਗਨੀ ਹਾਂ
>
> ਹੱਥ ਜੋੜ ਕੇ ਔਲੀਆਂ ਅੰਬੀਆਂ ਥੋਂ, ਇਕ ਯਾਰ ਦੀਦਾਰ ਮੈਂ ਮੰਗਨੀ ਹਾਂ
>
> ਹੋਰ ਸਭੋ ਹੀ ਰੰਗ ਅਵੱਲੜੇ ਨੀ, ਇਕ ਯਾਰ ਦੀਦਾਰ ਮੈਂ ਮੰਗਨੀ ਹਾਂ
>
> ਸੰਤੋਖ ਸਿੰਘ ਜੇ ਦੇਖ ਨਿਹਾਲ ਕਰੇ, ਹੋਰ ਤੱਤੜੀ ਨਾ ਕਿਸੇ ਢੰਗ ਦੀ ਹਾਂ ।[90]

ਇਸ ਪੰਜਾਬੀ ਸੀਹਰਫ਼ੀ ਨੂੰ ਭਾਈ ਸੰਤੋਖ ਸਿੰਘ ਦੀ ਰਚਨਾ ਮੰਨਣ ਸੰਬੰਧੀ ਡਾ. ਜੈ ਭਗਵਾਨ ਗੋਇਲ ਨੇ ਕੁੱਝ ਸੰਦੇਹ ਪ੍ਰਗਟ ਕੀਤੇ ਹਨ ਜੋ ਇਸ ਪ੍ਰਕਾਰ ਹਨ[91]-

---

[89] ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨੇ 113-123

[90] ਉਹੀ, ਪੰਨਾ 117

[91] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 20

1. ਭਾਈ ਸੰਤੋਖ ਸਿੰਘ ਨੇ ਖੁਦ ਆਪਣੀ ਰਚਨਾ ਵਿਚ ਇਸ ਦਾ ਕਿਤੇ ਵੀ ਉਲੇਖ ਨਹੀਂ ਕੀਤਾ ਜਿਸ ਪ੍ਰਕਾਰ ਬਾਕੀ ਰਚਨਾਵਾਂ ਬਾਰੇ ਕੀਤਾ ਹੈ।
2. ਇਹ ਪੰਜਾਬੀ ਭਾਸ਼ਾ ਵਿਚ ਹੈ ਜਦੋਂ ਕਿ ਭਾਈ ਸੰਤੋਖ ਸਿੰਘ ਨੇ ਆਪਣੇ ਸਾਰੇ ਗ੍ਰੰਥ ਬ੍ਰਜ ਭਾਸ਼ਾ ਵਿਚ ਲਿਖੇ ਹਨ।
3. ਇਸ ਰਚਨਾ ਦੇ ਹਰ ਇਕ ਬੰਦ ’ਤੇ ਰਚਨਾਕਾਰ ਦੀ ਛਾਪ ਹੈ ਜਦੋਂ ਕਿ ਭਾਈ ਸੰਤੋਖ ਨੇ ਕਿਸੇ ਵੀ ਰਚਨਾ ਵਿਚ ਅਜਿਹਾ ਨਹੀਂ ਕੀਤਾ।
4. ਭਾਵ ਅਤੇ ਵਿਸ਼ੇ ਦੀ ਦ੍ਰਿਸ਼ਟੀ ਤੋਂ ਇਹ ਉਨ੍ਹਾਂ ਦੀ ਰਚਨਾ ਪ੍ਰਤੀਤ ਨਹੀਂ ਹੁੰਦੀ। ਨਾ ਹੀ ਇਸ ਵਿਚ ਸਿੱਖ ਗੁਰੂਆਂ ਦੀ ਬੰਦਨਾ ਹੈ, ਜਿਵੇਂ ਕਿ ਉਨ੍ਹਾਂ ਦੇ ਦੂਸਰੇ ਗ੍ਰੰਥਾਂ ਵਿਚ ਹੈ। ਇਹ ਸੂਫੀ ਪ੍ਰੇਮਾਕਥਨ ਢੰਗ ਦੀ ਪ੍ਰੇਮਪੂਰਣ ਰਚਨਾ ਹੈ ਜਿਸ ਦੇ ਹਰੇਕ ਬੰਦ ਵਿਚ ਯਾਰ (ਪਰਮਾਤਮਾ) ਦੇ ਪ੍ਰਤੀ ਪ੍ਰੇਮਪੂਰਣ ਉਕਤੀਆਂ ਹਨ।
5. ਇਸ ਰਚਨਾ ਵਿਚ ਕਵੀ ਨੇ ਰਚਨਾ ਕਾਲ ਵੀ ਨਹੀਂ ਦਿੱਤਾ। ਇਸ ਲਈ ਇਹ ਰਚਨਾ ਕਿਸੇ ਹੋਰ ਸੰਤੋਖ ਸਿੰਘ ਦੀ ਪ੍ਰਤੀਤ ਹੁੰਦੀ ਹੈ।

ਉਪਰੋਕਤ ਨੁਕਤਿਆਂ ਦੀ ਰੌਸ਼ਨੀ ਵਿਚ ਇਸ ਪੰਜਾਬੀ ਸੀਹਰਫ਼ੀ ਨੂੰ ਭਾਈ ਸੰਤੋਖ ਸਿੰਘ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਰਚਨਾ ਦੀ ਸ਼ੈਲੀ, ਸ਼ਬਦਾਵਲੀ, ਭਾਸ਼ਾ, ਵਿਸ਼ਾ, ਵਿਚਾਰਧਾਰਾ ਆਦਿ ਉਨ੍ਹਾਂ ਦੀ ਰਚਨਾਵਾਂ ਦੇ ਢੰਗ ਤੋਂ ਬਿਲਕੁਲ ਭਿੰਨ ਹੈ। ਇਕੱਲੇ ‘ਸੰਤੋਖ ਸਿੰਘ’ ਨਾਮ ਵਾਲੀ ਛਾਪ ਵੇਖ ਕੇ ਇਸ ਨੂੰ ਭਾਈ ਸੰਤੋਖ ਨਾਲ ਜੋੜਨਾ ਉਚਿੱਤ ਨਹੀਂ।

**ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ**

ਭਾਈ ਸੰਤੋਖ ਸਿੰਘ ਸਿੱਖੀ ਨੂੰ ਸਮਰਪਿਤ ਇਕ ਗੁਰਮੁਖ ਆਤਮਾ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਸਿੱਖ ਸਾਹਿਤ ਦੀ ਰਚਨਾ ਨੂੰ ਸਮਰਪਿਤ ਕੀਤਾ। ਜਿੱਥੇ ਭਾਈ ਸਾਹਿਬ ਦੀਆਂ ਲਿਖਤਾਂ ਉਨ੍ਹਾਂ ਦੇ ਉੱਚ ਕੋਟੀ ਦੇ ਸਾਹਿਤਕਾਰ ਹੋਣ ਦੀ ਗਵਾਹੀ ਭਰਦੀਆਂ ਹਨ ਉੱਥੇ ਉਨ੍ਹਾਂ ਦਾ ਜੀਵਨ ਬਿਰਤਾਂਤ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਪ੍ਰਮਾਣਿਤ ਕਰਦਾ ਹੈ। ਭਾਈ ਸੰਤੋਖ ਸਿੰਘ ਅਤੇ ਉਨ੍ਹਾਂ ਦੀ ਰਚਨਾਵਾਂ ਦਾ ਸਿੱਖ ਪੰਥ ਵਿਚ

ਸਤਿਕਾਰਤ ਦਰਜਾ ਹੋਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਉਹ ਉੱਚ ਗੁਣਾਂ ਵਾਲੇ ਵਿਅਕਤਿਤਵ ਦੇ ਮਾਲਕ ਸਨ। ਅਕਾਦਮਿਕ ਅਤੇ ਅਧਿਆਤਮਿਕ ਦੋਵਾਂ ਖੇਤਰਾਂ ਵਿਚ ਉਨ੍ਹਾਂ ਦਾ ਨਾਮ ਸਤਿਕਾਰ ਵਜੋਂ ਲਿਆ ਜਾਣਾ, ਉਨ੍ਹਾਂ ਦੇ ਦੋਵਾਂ ਪੱਖਾਂ ਵਿਚ ਵਧੀਆ ਮੁਕਾਮ 'ਤੇ ਪਹੁੰਚੇ ਹੋਣ ਨੂੰ ਸਿੱਧ ਕਰਦਾ ਹੈ। ਸਿੱਖ ਇਤਿਹਾਸ ਨੂੰ ਵਿਸਥਾਰਤ ਕਾਵਿਕ ਸ਼ੈਲੀ ਵਿਚ ਲਿਖੇ ਜਾਣ ਕਾਰਨ ਜਿੱਥੇ ਸਿੱਖ ਜਗਤ ਵਿਚ ਉਨ੍ਹਾਂ ਦਾ ਇਕ ਵਿਸ਼ੇਸ਼ ਨਾਮ ਅਤੇ ਸਥਾਨ ਹੈ, ਉੱਥੇ ਹਿੰਦੀ ਸਾਹਿਤ ਜਗਤ ਵਾਲੇ ਵੀ ਉਨ੍ਹਾਂ ਦੀਆਂ ਉੱਚ ਕੋਟੀ ਦੀਆਂ ਬ੍ਰਜ ਭਾਸ਼ਾਈ ਰਚਨਾਵਾਂ ਨੂੰ ਪੜ੍ਹ ਕੇ ਅਸ਼-ਅਸ਼ ਕਰ ਉੱਠਦੇ ਹਨ। ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਈ ਸੰਤੋਖ ਸਿੰਘ ਅਨੇਕਾਂ ਗੁਣਾਂ ਨਾਲ ਭਰਪੂਰ ਇਕ ਬਹੁਪੱਖੀ ਸ਼ਖ਼ਸੀਅਤ ਸਨ। ਜੇਕਰ ਭਾਈ ਸੰਤੋਖ ਸਿੰਘ ਦੀ ਸਰੀਰਕ ਦਿਖ ਅਤੇ ਪਹਿਰਾਵੇ ਦੀ ਗੱਲ ਕਰੀਏ ਤਾਂ ਪਿਆਰਾ ਸਿੰਘ ਪਦਮ ਅਨੁਸਾਰ *ਭਾਈ ਸਾਹਿਬ ਕੱਦ ਦੇ ਜ਼ਰਾ ਮਧਰੇ ਅਤੇ ਗਠਵੇਂ ਬਦਨ ਦੇ ਸਨ। ਕਿਉਂਕਿ ਆਪ ਕੋਈ ਨਿਰੇ ਭਾਈ ਹੀ ਨਹੀਂ ਸਨ, ਸ਼ਾਹੀ ਕਵੀ ਸਨ। ਇਸ ਲਈ ਕੰਨਾਂ ਵਿਚ ਕੁੰਡਲ, ਗਲ ਵਿਚ ਮੋਤੀ ਮਾਲਾ ਤੇ ਸ੍ਰੀ ਸਾਹਿਬ ਸਜਾ ਕੇ ਰੱਖਦੇ ਸਨ।* [92] ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿੱਚੋਂ ਪ੍ਰਾਪਤ ਹੋਣ ਵਾਲੇ ਮੁੱਖ ਪੱਖ ਇਸ ਪ੍ਰਕਾਰ ਹਨ-

### 1. ਸਿੱਖੀ ਜੀਵਨ ਵਾਲੀ ਇਕ ਅਧਿਆਤਮਵਾਦੀ ਆਤਮਾ

ਭਾਈ ਸੰਤੋਖ ਸਿੰਘ ਆਪਣੇ ਨਿਜੀ ਜੀਵਨ ਵਿਚ ਸਿੱਖੀ ਰਹਿਤ ਬਹਿਤ ਅਤੇ ਗੁਰਬਾਣੀ ਸਿਧਾਂਤਾਂ ਅਨੁਸਾਰ ਜੀਵਨ ਜਿਉਣ ਵਾਲੇ ਗੁਰਸਿੱਖ ਸਨ। ਉਨ੍ਹਾਂ ਦੇ ਨਿਤਾਪ੍ਰਤਿ ਜੀਵਨ ਦੇ ਪ੍ਰਾਪਤ ਹੋਣ ਵਾਲੇ ਵੇਰਵਿਆਂ[93] ਤੋਂ ਪਤਾ ਚੱਲਦਾ ਹੈ ਕਿ ਉਹ ਅੰਮ੍ਰਿਤ ਵੇਲੇ ਤੀਜੇ ਪਹਿਰ ਉੱਠ ਕੇ ਭਜਨ ਬੰਦਗੀ ਕਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਸਨ। ਗੁਰਬਾਣੀ ਦਾ ਪਾਠ ਕਰਦੇ ਹੋਏ ਅਦਬ ਅਤੇ ਪਿਆਰ ਵਿਚ ਉਨ੍ਹਾਂ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ। ਗੁਰੂ ਸਾਹਿਬ ਦਾ ਓਟ ਆਸਰਾ ਲੈਣ ਤੋਂ ਬਾਅਦ ਹੀ ਉਹ ਆਪਣਾ ਸਾਹਿਤਕ ਜਾਂ ਹੋਰ ਰੁਝੇਵੇਂ ਵਾਲਾ ਕਾਰਜ ਸ਼ੁਰੂ ਕਰਦੇ। ਗਿਆਨੀ ਖਜ਼ਾਨ ਸਿੰਘ ਨੇ ਉਨ੍ਹਾਂ ਦੁਆਰਾ ਗੁਰੂ ਜਸ ਦੇ ਰੂਪ ਵਿਚ

---

92 ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨਾ 26

93 ਜਿਲਦ ਪਹਿਲੀ, ਪੰਨਾ 136

ਗ੍ਰੰਥ ਲਿਖਣ ਵਾਲੀ ਪ੍ਰਾਪਤੀ ਲਈ ਪੰਜ ਸਾਲ ਬੂੜੀਆ ਨਿਵਾਸ ਦੌਰਾਨ ਯਮੁਨਾ ਦਰਿਆ ਦੇ ਕੰਢੇ ਨਾਮ ਸਿਮਰਨ ਕਰਨ ਦਾ ਜ਼ਿਕਰ[94] ਕੀਤਾ ਹੈ ਜਿੱਥੇ ਉਹ ਘੰਟਿਆਂ ਬੱਧੀ ਆਪਣੇ ਇਸ਼ਟ ਗੁਰੂ ਗੋਬਿੰਦ ਸਿੰਘ ਜੀ ਦੀ ਬੰਦਗੀ ਵਿਚ ਬੈਠੇ ਰਹਿੰਦੇ। ਪ੍ਰਸਤਾਵਨਾ ਵਾਲੀ ਜਿਲਦ ਵਿਚ ਭਾਈ ਵੀਰ ਸਿੰਘ ਕਵੀ ਜੀ ਦੇ ਗੁਰਸਿੱਖੀ ਪਿਆਰ ਤੇ ਸਿਦਕ ਵਾਲੀਆਂ ਕੁੱਝ ਘਟਨਾਵਾਂ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕੀਤੀਆਂ ਹਨ। ਪਹਿਲੀ ਘਟਨਾ[95], ਕੈਥਲ ਦੇ ਸੰਨਿਆਸੀ ਰਾਮ ਗਿਰੀ ਦੁਆਰਾ ਇਕ ਨਾਬਾਲਗ ਸਿੱਖ ਬੱਚੇ ਦੇ ਕੇਸ ਕੱਟ ਕੇ ਉਸ ਨੂੰ ਮੱਲੋ ਮੱਲੀ ਆਪਣਾ ਚੇਲਾ ਬਣਾ ਲੈਣ ਵਾਲੀ ਹੈ ਜਿਸ ਨੂੰ ਕੈਥਲਪਤਿ ਨੇ ਭਾਈ ਸਾਹਿਬ ਦੇ ਨਾਰਾਜ਼ ਹੋ ਜਾਣ 'ਤੇ ਉਸ ਦੇ ਮਾਪਿਆਂ ਦੇ ਘਰ ਪਹੁੰਚਾਇਆ। ਕਵੀ ਜੀ ਦੀ ਨਾਰਾਜ਼ਗੀ ਤੋਂ ਪਹਿਲਾਂ ਭਾਈ ਉਦੈ ਸਿੰਘ ਆਪਣੇ ਦਿਆਲੂ ਸੁਭਾਅ ਕਾਰਨ, ਆਪਣੀ ਰਾਜਸੀ ਪ੍ਰਤਿਸ਼ਠਤਾ ਨੂੰ ਬਚਾਉਣ ਲਈ ਉਸ ਸੰਨਿਆਸੀ 'ਤੇ ਸਖ਼ਤੀ ਕਰਨ ਦੇ ਹੱਕ ਵਿਚ ਨਹੀਂ ਸਨ।

ਦੂਸਰੀ ਘਟਨਾ[96], ਭਾਈ ਸੰਤੋਖ ਸਿੰਘ ਦੀ ਪੁੱਤਰੀ ਬੀਬੀ ਮਾਨ ਕੌਰ ਮਾਨੀ ਦੇ ਵਿਆਹ ਵੇਲੇ ਦੀ ਹੈ ਜਦੋਂ ਵਿਆਹ ਵਾਲੇ ਲੜਕੇ ਦੇ ਰਾਮ ਰਾਈਏ ਹੋਣ ਬਾਰੇ ਪਤਾ ਲੱਗਿਆ। ਕਵੀ ਜੀ ਨੇ ਉਸ ਲੜਕੇ ਦੇ ਅੰਮ੍ਰਿਤ ਛੱਕ ਕੇ ਸਿੰਘ ਸਜਣ ਵਾਲੀ ਸ਼ਰਤ ਪੂਰੀ ਕਰਨ ਤੋਂ ਬਿਨਾਂ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਗੱਲ ਲੜਾਈ ਝਗੜੇ 'ਤੇ ਪਹੁੰਚ ਗਈ। ਬਾਅਦ ਵਿਚ ਉਸ ਲੜਕੇ ਦੇ ਅੰਮ੍ਰਿਤ ਛਕਣ ਤੋਂ ਬਾਅਦ ਹੀ ਇਹ ਵਿਆਹ ਸੰਪੂਰਨ ਹੋਇਆ ਅਤੇ ਇਸ ਸੰਜੋਗ ਦੇ ਪ੍ਰਭਾਵ ਸਦਕਾ ਉਸ ਲੜਕੇ ਦਾ ਸਾਰਾ ਪਰਿਵਾਰ ਹੀ ਸਿੰਘ ਸਜ ਗਿਆ।

ਇਸ ਗੱਲ ਦੇ ਵੀ ਸੰਕੇਤ[97] ਪ੍ਰਾਪਤ ਹੁੰਦੇ ਹਨ ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਖੀਰਲੇ ਸਮੇਂ ਵਿਚ ਕੈਥਲ ਰਾਜ ਦੇ ਜ਼ਬਤ ਹੋਣ ਤੋਂ ਬਾਅਦ ਜਦੋਂ ਰਾਜ ਆਸਰਾ ਖਤਮ ਹੋ ਗਿਆ ਅਤੇ ਭਾਈ ਸੰਤੋਖ ਸਿੰਘ ਦੀ

---

94 ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ*, ਪੰਨੇ 20-21

95 ਜਿਲਦ ਪਹਿਲੀ, ਪੰਨਾ 116-17

96 ਉਹੀ, ਪੰਨਾ 100

97 ਜਿਲਦ ਪਹਿਲੀ, ਪੰਨਾ 157

ਸਿਹਤ ਢਿੱਲੀ ਰਹਿਣ ਲੱਗ ਪਈ ਤਾਂ ਉਨ੍ਹਾਂ ਦਾ ਗੁਰਸਿੱਖ ਮਨ ਇਸ ਹਾਲਤ ਵਿਚ ਗ੍ਰੰਥ ਵਾਲੇ ਕਾਰਜ ਦੀ ਸਫਲਤਾ ਲਈ ਆਪਣੇ ਇਸ਼ਟ ਕਲਗੀਧਰ ਜੀ ਅੱਗੇ ਦਿਲ ਦੇ ਗਹਿਰਾਈਆਂ ਵਿੱਚੋਂ ਬੇਨਤੀ ਕਰਦਾ। ਉਹ ਦੂਸਰੀਆਂ ਸਾਰੀਆਂ ਆਸਾਂ ਛੱਡ ਕੇ ਗੁਰੂ ਸਾਹਿਬ 'ਤੇ ਹੀ ਆਸ ਰੱਖਦੇ। 'ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਓ ਮਨ ਮਾਹੀ' ਵਾਲੀ ਲਾਈਨ ਉਨ੍ਹਾਂ ਦੀ ਗੁਰੂ ਸਿੱਦਕ ਨਾਲ ਜੁੜੀ ਹੋਈ ਅਧਿਆਤਮਿਕ ਅਵਸਥਾ ਦੀ ਸੂਚਕ ਹੈ।

**2. ਗੁਰੂ ਅਤੇ ਗੁਰਬਾਣੀ ਨਾਲ ਪਿਆਰ ਕਰਨ ਵਾਲੇ**

ਗੁਰੂ ਸਾਹਿਬਾਨ ਅਤੇ ਗੁਰਬਾਣੀ ਪ੍ਰਤੀ ਭਾਈ ਸਾਹਿਬ ਦਾ ਪਿਆਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰੀ ਥਾਵਾਂ 'ਤੇ ਵੇਖਿਆ ਜਾ ਸਕਦਾ ਹੈ ਜਿੰਨਾਂ ਵਿਚ ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਪਰਮਾਤਮਾ ਦਾ ਰੂਪ ਕਹਿ ਕੇ ਸਾਰੇ ਦੇਵੀ ਦੇਵਤਿਆਂ ਤੋਂ ਉੱਚ ਰੁਤਬੇ ਵਾਲਾ ਦਰਸਾਇਆ ਹੈ। ਗੁਰੂ ਸਾਹਿਬਾਨ ਦੇ ਸਰੀਰ ਦੇ ਅੰਗਾਂ (ਅੱਖਾਂ, ਨੱਕ, ਹੱਥ, ਬਾਹਵਾਂ, ਮੱਥਾ ਆਦਿ) ਦੀ ਉਪਮਾ ਵਿਚ ਰਚੇ ਗਏ ਛੰਦ, ਜੋ ਬਹੁਗਿਣਤੀ ਵਿਚ ਹਨ, ਉਨ੍ਹਾਂ ਦੇ ਗੁਰੂ ਪ੍ਰਤੀ ਅਥਾਹ ਪਿਆਰ ਦੇ ਸੂਚਕ ਹਨ। ਇਸੇ ਪ੍ਰਕਾਰ ਉਨ੍ਹਾਂ ਨੇ ਆਪਣੀ ਰਚਨਾਵਾਂ ਵਿਚ ਗੁਰਬਾਣੀ ਨੂੰ 'ਰੋਗ ਭ੍ਰਮ ਭੰਗਣੀ', 'ਸਦੀਵ ਸੁਖਦਾਨੀ', 'ਬ੍ਰਹਮ ਗਿਆਨ ਹਰਿ ਭਗਤ ਖਜਾਨਾ' ਆਦਿ ਅਲੰਕ੍ਰਿਤ ਲਫ਼ਜ਼ਾਂ ਨਾਲ ਸਤਿਕਾਰ ਪ੍ਰਦਾਨ ਕੀਤਾ ਹੈ। ਅਨੰਦਘਨ ਦੁਆਰਾ ਜਪੁ ਜੀ ਬਾਣੀ ਦੇ ਗਲਤ ਅਰਥ ਕਰਨ ਅਤੇ ਗੁਰੂ ਨਾਨਕ ਸਾਹਿਬ ਬਾਰੇ ਕਿੰਤੂ ਪਰੰਤੂ ਕਰਨ 'ਤੇ ਉਸ ਦਾ ਜਵਾਬ ਇਕ ਅਲੰਕ੍ਰਿਤ ਟੀਕਾ ਲਿਖ ਕੇ ਦੇਣਾ, ਉਨ੍ਹਾਂ ਦੇ ਗੁਰਬਾਣੀ ਅਤੇ ਗੁਰੂ ਸਾਹਿਬ ਨਾਲ ਪਿਆਰ ਦੇ ਸਦਕਾ ਹੀ ਸੀ। ਉਨ੍ਹਾਂ ਦੁਆਰਾ ਅਨੁਵਾਦਿਤ ਬਾਲਮੀਕੀ ਰਾਮਾਇਣ ਬੇਸ਼ੱਕ ਰਾਮ ਚੰਦਰ ਦੇ ਜੀਵਨ ਨਾਲ ਸੰਬੰਧਿਤ ਹੈ ਪਰੰਤੂ ਇਸ ਵਿਚ ਵੀ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਦੇ ਮੰਗਲ ਲਿਖੇ ਹਨ। ਇਸੇ ਰਚਨਾ ਵਿਚ ਉਨ੍ਹਾਂ ਨੇ ਅਜਿਹੇ ਹਿੰਦੂਆਂ ਨੂੰ ਸਭ ਤੋਂ ਵੱਡਾ ਅਕ੍ਰਿਤਘਣ ਕਿਹਾ ਹੈ ਜੋ ਗੁਰੂ ਸਾਹਿਬ ਦੇ ਕੀਤੇ ਉਪਕਾਰਾਂ ਨੂੰ ਯਾਦ ਨਾ ਰੱਖਣ-

ਹਿੰਦੂ ਜਨਮ ਹੋਇ ਜੌਨ, ਗੁਰ ਉਪਕਾਰ ਨ ਲਖਿ ਭਜੇ।

ਅਧਮ ਕ੍ਰਿਤਘਨੀ ਕੌਨ, ਤਿਸ ਤੇ ਪਰੇ ਬਿਚਾਰੀਏ?[98]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਉਨ੍ਹਾਂ ਦੇ ਗੁਰੂ ਜੱਸ ਲਿਖਣ ਵਾਲੀ ਗੁਰੂ ਪਿਆਰ ਵਾਲੀ ਇੱਛਾ ਦਾ ਹੀ ਪ੍ਰਗਟਾਵਾ ਹੈ। ਗੁਰੂ ਸਾਹਿਬਾਨ ਦੇ ਪਿਆਰ ਵਿਚ ਭਿੱਜ ਕੇ 62-63 ਹਜ਼ਾਰ ਦੇ ਲਗ-ਪਗ ਛੰਦਾਂ ਵਾਲਾ ਗ੍ਰੰਥ ਲਿਖ ਦੇਣਾ ਗੁਰੂ ਪਿਆਰ ਦੀ ਆਪਣੇ ਆਪ ਵਿਚ ਇਕ ਨਿਵੇਕਲੀ ਮਿਸਾਲ ਹੈ।

**3. ਮਿਹਨਤੀ ਅਤੇ ਹੌਸਲੇ ਨਾਲ ਭਰਪੂਰ**

ਭਾਈ ਸੰਤੋਖ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਜਿਸ ਉੱਚ ਪੱਧਰ ਦਾ ਸਾਹਿਤਕ ਕਾਰਜ ਕੀਤਾ ਹੈ ਉਸ ਨੂੰ ਵੇਖ ਕੇ ਇਹ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ ਕਿ ਉਹ ਮਿਹਨਤੀ ਸੁਭਾਅ ਵਾਲੇ ਸਿਰੜੀ ਮਨੁੱਖ ਸਨ। ਕੈਥਲ ਰਿਆਸਤ ਦੇ ਦਰਬਾਰੀ ਕਵੀ ਹੋਣ ਦੇ ਨਾਲ-ਨਾਲ ਰਿਆਸਤ ਦੇ ਰੁਕਨ ਵਜੋਂ ਕਾਰਜ ਕਰਦੇ ਹੋਏ ਅਜਿਹੇ ਵਿਅਸਤ ਨਿਤਾਕ੍ਰਮ ਵਿੱਚੋਂ ਸਮਾਂ ਕੱਢ ਕੇ ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ ਦਾ ਅਨੁਵਾਦ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਵਰਗੇ ਗ੍ਰੰਥਾਂ ਦੀ ਰਚਨਾ ਆਪਣੇ ਆਪ ਵਿਚ ਅਸਚਰਜਤਾ ਦਾ ਕਾਰਜ ਹੈ। ਭਾਈ ਵੀਰ ਸਿੰਘ ਲਿਖਦੇ[99] ਹਨ ਕਿ ਦੋ ਸਾਲਾਂ ਤੋਂ ਵੀ ਘੱਟ ਦੇ ਸੀਮਤ ਸਮੇਂ ਵਿਚ ਕਵੀ ਜੀ ਨੇ ਬਾਲਮੀਕੀ ਰਾਮਾਇਣ ਵਰਗੇ ਸੰਸਕ੍ਰਿਤ ਦੇ ਵਿਸ਼ਾਲ ਗ੍ਰੰਥ ਦੇ ਸੱਤ ਕਾਂਡਾਂ ਦਾ ਅਨੁਵਾਦ ਕੀਤਾ ਜਿਸ ਦੇ 651 ਸਰਗ ਹਨ। ਇਕ ਦਿਨ ਵਿਚ ਇਕ ਸਰਗ ਦਾ ਅਨੁਵਾਦ ਮਿਹਨਤ ਅਤੇ ਸਿਰੜ ਰਾਹੀਂ ਹੀ ਸੰਭਵ ਹੈ। ਸੰਮਤ 1891 ਵਿਚ ਬਾਲਮੀਕੀ ਰਾਮਾਇਣ ਦੀ ਸੰਪੂਰਨਤਾ ਤੋਂ ਬਾਅਦ ਇਸੇ ਸਾਲ ਉਨ੍ਹਾਂ ਨੇ ਆਤਮ ਪੁਰਾਣ ਦਾ ਟੀਕਾ ਵੀ ਕੀਤਾ। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਭਾਈ ਸਾਹਿਬ ਸਾਹਿਤਿਕ ਕਾਰਜਾਂ ਲਈ ਕਿੰਨੀ ਜ਼ਿਆਦਾ ਮਿਹਨਤ ਕਰਦੇ ਸਨ। 8-9 ਸਾਲਾਂ ਦੇ ਸੀਮਿਤ ਸਮੇਂ ਵਿਚ ਉਨ੍ਹਾਂ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਇਕੱਠੀ ਹੋਈ ਸੰਬੰਧਿਤ ਸਮਗਰੀ ਦੀ ਸੁਧਾਈ ਕਰਕੇ ਆਪਣੀ ਲਗਨ ਅਤੇ ਮਿਹਨਤ ਰਾਹੀਂ ਛੰਦਾਬੰਦੀ ਵਾਲਾ ਇਕ ਵਿਸ਼ਾਲ ਮਹਾਂਕਾਵਿ ਤਿਆਰ ਕੀਤਾ। ਇਸ ਦੀ ਵਿਸ਼ਾਲਤਾ ਅਤੇ ਸਾਹਿਤਕ ਉੱਚਤਾ ਇਹ ਗੱਲ

[98] ਲੰਕਾ ਕਾਂਡ, ਸਰਗ 1, ਉਧਰਿਤ ਜਿਲਦ ਪਹਿਲੀ, ਪੰਨਾ 131

[99] ਜਿਲਦ ਪਹਿਲੀ, ਪੰਨਾ 126

ਸਹਿਜੇ ਹੀ ਪ੍ਰਮਾਣਿਤ ਕਰ ਦਿੰਦੀ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਇਸ ਗ੍ਰੰਥ ਦੀ ਸੰਪਾਦਨਾ ਵਿਚ ਹੀ ਭਾਈ ਵੀਰ ਸਿੰਘ ਵਰਗੇ ਵਿਦਵਾਨ ਨੂੰ ਲਗਪਗ 9 ਸਾਲ ਦਾ ਸਮਾਂ ਲੱਗ ਗਿਆ।

ਕਵੀ ਜੀ ਨੂੰ ਉਨ੍ਹਾਂ ਦੇ ਜੀਵਨ ਵਿਚ ਆਰਥਿਕ ਤੰਗੀ ਵਾਲੇ ਦਿਨ ਵੀ ਵੇਖਣੇ ਪਏ। ਅਜਿਹਾ ਸਮਾਂ ਵੀ ਆਇਆ ਜਦੋਂ ਮਿੱਤਰ, ਪ੍ਰੇਮੀ ਅਤੇ ਰਿਸ਼ਤੇਦਾਰ ਵੀ ਪੈਸਿਆਂ ਕਾਰਨ ਪਾਸਾ ਵੱਟਣ ਲੱਗ ਪਏ। ਅਜਿਹੇ ਸਮੇਂ ਵਿਚ ਵੀ ਉਹ ਆਪਣੇ ਹੌਸਲੇ ਨਾਲ ਨਿਰੰਤਰ ਕਾਰਜ ਕਰਦੇ ਰਹੇ ਅਤੇ ਰੋਜ਼ਗਾਰ ਨਾ ਹੋਣ ਦੇ ਬਾਵਜੂਦ ਵੀ ਸ੍ਰੀ ਗੁਰ ਨਾਨਕ ਪ੍ਰਕਾਸ਼ ਵਰਗਾ ਗ੍ਰੰਥ ਸੰਪੂਰਨ ਕੀਤਾ। ਉਹ ਸੰਗਤਾਂ ਵਿਚ ਕਥਾ ਵੀ ਕਰਦੇ ਅਤੇ ਆਪਣੀ ਸਾਹਿਤਕ ਰਚਨਾ ਵੀ ਜਾਰੀ ਰੱਖਦੇ। ਉਨ੍ਹਾਂ ਨੇ ਆਪਣੇ ਕਦੀ ਨਾ ਟੁੱਟਣ ਵਾਲੇ ਹੌਂਸਲੇ ਅਤੇ ਗੁਰੂ ਕ੍ਰਿਪਾ ਸਦਕਾ ਨਾਮ ਕੋਸ਼ ਅਤੇ ਸ੍ਰੀ ਗੁਰ ਨਾਨਕ ਪ੍ਰਕਾਸ਼ ਵਰਗੇ ਗ੍ਰੰਥ, ਬਿਨਾਂ ਕਿਸੇ ਰਾਜਸੀ ਆਸਰੇ ਦੇ ਸੰਪੂਰਨ ਕੀਤੇ। ਇਹ ਦੋਵੇਂ ਗ੍ਰੰਥ ਅੱਜ ਵੀ ਉਨ੍ਹਾਂ ਦੇ ਹੌਂਸਲੇ ਦੀ ਗਵਾਹੀ ਭਰਦੇ ਹਨ ਜੋ ਉਨ੍ਹਾਂ ਨੇ ਔਖੇ ਤੋਂ ਔਖੇ ਸਮੇਂ ਵਿਚ ਵੀ ਨਾ ਛੱਡਿਆ।

**4. ਉੱਚ ਕੋਟੀ ਦੇ ਕਵੀ**

ਭਾਈ ਸੰਤੋਖ ਸਿੰਘ ਅਕਾਲ ਪੁਰਖ ਵੱਲੋਂ ਵਰੋਸਾਈ ਹੋਈ ਉੱਚ ਪੱਧਰ ਦੀ ਕਾਵਿਕ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਦੀ ਛੰਦਾਬੰਦੀ ਸਰੋਤਿਆਂ/ਪਾਠਕਾਂ ਦੇ ਦਿਲਾਂ 'ਤੇ ਜਾਦੂ ਵਰਗਾ ਅਸਰ ਕਰਦੀ ਹੈ। ਛੰਦ ਦੇ ਨਿਯਮਾਂ ਨੂੰ ਧਿਆਨ ਰੱਖਦੇ ਹੋਏ ਪ੍ਰਸੰਗ ਦੇ ਅਨੁਕੂਲ ਰਸ ਅਤੇ ਸ਼ਬਦਾਵਲੀ ਦੀ ਵਰਤੋਂ ਰਾਹੀਂ ਰਚਨਾ ਕਰਨ ਵਾਲੇ ਗੁਣ ਕਾਰਨ ਹੀ ਉਨ੍ਹਾਂ ਨੂੰ ਚੂੜਾਮਣੀ ਅਤੇ ਮਹਾਂਕਵੀ ਦੀਆਂ ਉਪਾਧੀਆਂ ਪ੍ਰਾਪਤ ਹਨ। ਕਵੀ ਜੀ ਦੀ ਕਵਿਤਾ ਰਚਣ ਦੀ ਸੁਭਾਵਿਕ ਸਮਰੱਥਾ ਬਾਰੇ ਭਾਈ ਵੀਰ ਸਿੰਘ ਨੇ ਉਨ੍ਹਾਂ ਦੇ ਜੱਦੀ ਪਿੰਡ ਨੂਰ ਦੀ ਸਰਾਂ (ਮੌਜੂਦਾ ਕਿਲਾ ਭਾਈ ਸੰਤੋਖ ਸਿੰਘ) ਦੇ 120 ਸਾਲਾਂ ਦੀ ਬਿਰਧ ਮਾਈ ਦੀ ਗਵਾਹੀ ਪੇਸ਼ ਕੀਤੀ ਹੈ ਜੋ ਇਸ ਪ੍ਰਕਾਰ ਹੈ- *'ਜੋ ਬੜੀ ਚਲੀ ਹੋਈ ਪੋਥੀ ਹੈ- ਸੂਰਜ ਪ੍ਰਕਾਸ਼, ਉਸਦਾ ਕਰਤਾ ਭਾਈ ਸੰਤੋਖ ਸਿੰਘ ਏਸੇ ਪਿੰਡ ਦਾ ਸੀ। ਮੈਂ ਉਸਨੂੰ ਬਚਪਨ ਵਿਚ ਆਪ ਡਿੱਠਾ ਹੈ, ਜਦੋਂ ਉਹ ਕੁੱਝ ਪੜ੍ਹ ਲਿਖ ਗਿਆ ਤਾਂ ਆਪ ਮੁਹਾਰਾ ਪਿਆ ਕਵਿਤਾ ਕਰੇ, ਉਸਨੂੰ ਕੋਈ ਗਲ, ਕੋਈ ਹੋਣੀ ਸੁਣਾ ਦਿਓ, ਝਟ ਉਸਨੇ ਉਹ ਸਾਰੀ ਵਾਰਤਾ ਦੋਹਰੇ, ਚੌਪਾਈਆਂ ਤੇ ਕਬਿੱਤਾਂ*

*ਵਿਚ ਰਚਕੇ ਸੁਨਾਉਣ ਲਗ ਜਾਣੀ।'*[100]

ਗਰਬ ਗੰਜਨੀ ਟੀਕੇ ਵਿਚ ਉਨ੍ਹਾਂ ਦਾ ਅਲੰਕਾਰਾਂ ਨਾਲ ਸੰਬੰਧਿਤ ਕਾਵਿਕ ਗਿਆਨ ਭਲੀ ਭਾਂਤ ਵੇਖਿਆ ਜਾ ਸਕਦਾ ਹੈ। ਛੰਦਬੰਦੀ ਦਾ ਕਮਾਲ ਵੇਖਣਾ ਹੋਵੇ ਤਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਜਿਹੇ ਕਿਸਮ ਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਬਹੁਤ ਹੀ ਸੁੰਦਰ ਢੰਗ ਨਾਲ ਵੱਖ-ਵੱਖ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਨਾਮ ਕੋਸ਼ ਗ੍ਰੰਥ ਵਿਚ ਸ਼ਿਵ ਦੇ ਪ੍ਰਾਪਤ ਹੋਣ ਵਾਲੇ 48 ਨਾਵਾਂ ਨੂੰ ਕਾਵਿਕ ਸ਼ੈਲੀ ਵਿਚ ਛੰਦਬੰਦੀ ਰਾਹੀਂ ਤੁਕਾਂਤ ਮੇਲ ਕਰਕੇ ਦੋ ਛੰਦਾਂ ਵਿਚ ਲਿਖ ਦੇਣਾ ਉਨ੍ਹਾਂ ਦੇ ਕਾਵਿਕ ਹੁਨਰ ਦਾ ਚਮਤਕਾਰ ਹੈ। ਭਾਈ ਵੀਰ ਸਿੰਘ ਨੇ ਕਾਵਿਕ ਪੱਖ ਦੀ 'ਸਮੱਸਯਾ ਪੂਰਤੀ' (ਕਿਸੇ ਕਵੀ ਦੀ ਇਕ ਤੁੱਕ ਰੱਖ ਕੇ ਉਸ ਦੇ ਵਜ਼ਨ ਅਤੇ ਲੈਅ ਅਨੁਸਾਰ ਉਸੇ ਕਿਸਮ ਦਾ ਖਿਆਲ ਲੈ ਕੇ ਛੰਦ ਦੀ ਰਚਨਾ ਕਰਨਾ) ਦਾ ਇਕ ਸੁੰਦਰ ਨਮੂਨਾ[101] ਪੇਸ਼ ਕੀਤਾ ਹੈ ਜਿਸ ਵਿਚ ਰੀਤੀ ਕਾਲ ਨਾਲ ਸੰਬੰਧਿਤ ਬੀਰ ਰਸ ਦੇ ਮਸ਼ਹੂਰ ਕਵੀ ਭੂਖਣ ਦੀ ਇਕ ਤੁਕ (ਤੇਜ ਤਿਮ ਅੰਸ ਪਰ, ਕਾਨ ਜਿਮ ਕੰਸ ਪਰ, ਤਯੋਂ ਮਲੇਛ ਬੰਸ ਪਰ, ਸ਼ੇਰ ਸ਼ਿਵਰਾਜ ਹੈ) 'ਤੇ ਰਚੇ ਗਏ ਭਾਈ ਸਾਹਿਬ ਦੇ ਛੰਦ ਦਾ ਟਾਕਰਾ ਕਵੀ ਭੂਖਣ ਨਾਲ ਕੀਤਾ ਹੈ। ਇਸ ਟਾਕਰੇ ਵਿਚ ਕਵੀ ਜੀ ਦੇ ਛੰਦ ਦੀ ਗੋਂਦ, ਵਜ਼ਨ ਅਤੇ ਯਮਕ ਆਦਿ ਭੂਖਣ ਕਵੀ ਨਾਲੋਂ ਵਧੀਆ ਸਿੱਧ ਹੁੰਦੀ ਹੈ।

ਕੈਥਲਪਤਿ ਭਾਈ ਉਦੈ ਸਿੰਘ ਦੇ ਵੱਡੇ ਭਰਾ ਪ੍ਰਤਾਪ ਸਿੰਘ ਦੁਆਰਾ ਇਕ ਗਵਾਲੇ ਦੀ ਗਾਂ ਬਚਾਉਣ ਲਈ ਸ਼ੇਰ ਮਾਰਨ ਵਾਲੀ ਘਟਨਾ ਨੂੰ ਕਵੀ ਜੀ ਦੁਆਰਾ ਇਕ ਕਾਵਿਕ ਛੰਦ ਵਿਚ ਸੁਣਾਉਣ ਦੇ ਬਦਲੇ ਭਾਈ ਉਦੈ ਸਿੰਘ ਵੱਲੋਂ ਉਨ੍ਹਾਂ ਨੂੰ ਇਕ ਹਾਥੀ ਅਤੇ ਦਸ ਹਜ਼ਾਰ ਮੁਦਰਿਕਾ ਇਨਾਮ ਰੂਪ ਵਿਚ ਦੇਣ ਦਾ ਜ਼ਿਕਰ[102] ਵੀ ਪ੍ਰਾਪਤ ਹੁੰਦਾ ਹੈ। ਬਾਲਮੀਕੀ ਰਾਮਾਇਣ ਦੇ ਸੁੰਦਰ ਅਨੁਵਾਦ ਤੋਂ ਖੁਸ਼ ਹੋ ਕੇ ਭਾਈ ਸੰਤੋਖ ਸਿੰਘ ਨੂੰ ਮੋਰਥਲੀ ਨਾਮਕ ਪਿੰਡ ਮਿਲਣ ਦਾ ਵੇਰਵਾ ਪਿਛਲੇ ਪੰਨਿਆਂ ਵਿਚ ਆ ਚੁੱਕਿਆ ਹੈ।

---

[100] ਜਿਲਦ ਪਹਿਲੀ, ਪੰਨਾ 86

[101] ਉਹੀ, ਪੰਨੇ 231-232

[102] ਉਹੀ, ਪੰਨੇ 109-110

ਭਾਈ ਸੰਤੋਖ ਸਿੰਘ ਦੀ ਕਾਵਿ ਕਲਾ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ- *ਭਾਈ ਸਾਹਿਬ ਦੀ ਰਚਨਾ ਦਾ ਆਕਾਰ ਤੱਕ ਕੇ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਵੱਡਾ ਕਵੀ ਕਹਿਣ ਨੂੰ ਜੀਅ ਕਰਦਾ ਹੈ ...ਫ਼ਾਰਸੀ ਵਿੱਚ ਫਿਰਦੌਸੀ ਦਾ ਸ਼ਾਹਨਾਮਾ, ਨਿਜ਼ਾਮੀ ਦਾ ਸਿਕੰਦਰ ਨਾਮਾ ਤੇ ਮਸਨਵੀ ਮੌਲਾਨਾ ਰੂਮੀ ਆਦਿ ਵੱਡੇ ਗ੍ਰੰਥ ਹਨ। ਸ਼ਾਹਨਾਮਾ ਦੇ ਸੱਠ ਹਜ਼ਾਰ ਸ਼ੇਅਰ ਦੱਸੀਦੇ ਹਨ ਪਰ ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚ ਸ਼ੇਅਰਾਂ ਦੀ ਥਾਂ 64 ਹਜ਼ਾਰ ਤੋਂ ਵੱਧ ਛੰਦ ਹਨ ਜਿਸ ਦੀਆਂ ਢਾਈ ਲੱਖ ਦੇ ਲਗ-ਪਗ ਸਤਰਾਂ ਹਨ। ਇਤਨੀ ਵੱਡੀ ਰਚਨਾ ਸੰਸਕ੍ਰਿਤ ਫ਼ਾਰਸੀ, ਅੰਗਰੇਜ਼ੀ ਤੇ ਹਿੰਦੀ ਆਦਿ ਵਿਚ ਹੋਰ ਨਹੀਂ ਮਿਲਦੀ।*[103]

ਉਨ੍ਹਾਂ ਦੇ ਕਾਵਿਕ ਹੁਨਰ ਵਾਲਾ ਪੱਖ ਇੰਨਾ ਵਿਸ਼ਾਲ ਹੈ ਕਿ ਇਸ ਉੱਪਰ ਇਕ ਸਮੁੱਚਾ ਖੋਜ ਕਾਰਜ ਕੀਤਾ ਜਾ ਸਕਦਾ ਹੈ। ਡਾ. ਜੈ ਭਗਵਾਨ ਗੋਇਲ ਨੇ ਉਨ੍ਹਾਂ ਦੁਆਰਾ ਰਚੇ ਗਏ ਇਕੱਲੇ ਗੁਰ ਪ੍ਰਤਾਪ ਸੂਰਜ ਗ੍ਰੰਥ ਉੱਪਰ ਦੇ ਕਾਵਿਕ ਪੱਖ ਉੱਪਰ ਕੀਤਾ ਗਿਆ ਖੋਜ ਪ੍ਰਬੰਧ ਇਸ ਦਾ ਪ੍ਰਤੱਖ ਉਦਾਹਰਨ ਹੈ ਜਿਸ ਰਾਹੀਂ ਕਵੀ ਦੀ ਕਾਵਿਕ ਪ੍ਰਤਿਭਾ ਦੇ ਅਜਿਹੇ ਪੱਖ ਅਕਾਦਮਿਕ ਪੱਧਰ ’ਤੇ ਉੱਭਰ ਕੇ ਸਾਹਮਣੇ ਆਏ ਹਨ ਜਿਨ੍ਹਾਂ ਤੋਂ ਅਕਾਦਮਿਕ ਜਗਤ ਅਣਜਾਣ ਸੀ।

**5. ਇਤਿਹਾਸਕਾਰ ਵੱਜੋਂ**

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੇ ਇਤਿਹਾਸਿਕ ਕਾਵਿ ਦੀ ਰਚਨਾ ਭਾਈ ਸੰਤੋਖ ਸਿੰਘ ਨੂੰ ਆਪਣੇ ਆਪ ਹੀ ਇਤਿਹਾਸਕਾਰਾਂ ਦੀ ਲੜੀ ਵਿਚ ਸਥਾਪਤ ਕਰ ਦਿੰਦੀ ਹੈ। ਬੇਸ਼ੱਕ ਭਾਈ ਸੰਤੋਖ ਸਿੰਘ ਦੇ ਲਿਖੇ ਇਤਿਹਾਸਿਕ ਕਾਵਿ ਵਿੱਚੋਂ ਬਹੁਤ ਸਾਰੀਆਂ ਇਤਿਹਾਸਿਕ ਉਕਾਈਆਂ ਵੀ ਮਿਲ ਸਕਦੀਆਂ ਹਨ ਪਰੰਤੂ ਇੰਨੇ ਵੱਡੇ ਕਾਰਜ ਵਿਚ ਕੁੱਝ ਉਕਾਈਆਂ ਹੋ ਜਾਣ ਨਾਲ ਭਾਈ ਸਾਹਿਬ ਅਤੇ ਉਨ੍ਹਾਂ ਦੀ ਲਿਖਤ ਦੀ ਮਹਾਨਤਾ ਘੱਟ ਨਹੀਂ ਹੋ ਜਾਂਦੀ। ਜਿਸ ਢੰਗ ਨਾਲ ਉਨ੍ਹਾਂ ਨੇ ਵੱਖ-ਵੱਖ ਸਰੋਤਾਂ ਦਾ ਅਧਿਐਨ ਕਰਕੇ ਉਨ੍ਹਾਂ ਦੀ ਛਾਣਬੀਣ ਤੋਂ ਬਾਅਦ ਇਸ ਸਮੱਗਰੀ ਨੂੰ ਆਪਣੀ ਰਚਨਾ ਲਈ ਵਰਤਿਆ ਉਸ ਕਦਮ ਨੂੰ ਅਸੀਂ ਕਿਸੇ ਸੁਚੱਜੇ ਇਤਿਹਾਸਕਾਰ ਵਾਲੇ

---

103 ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨੇ 72-73

ਕਦਮ ਤੋਂ ਘੱਟ ਨਹੀਂ ਆਖ ਸਕਦੇ। ਕਵੀ ਜੀ ਅਨੁਸਾਰ[104] ਇਸ ਸਮੱਗਰੀ ਵਿੱਚੋਂ ਗੁਰ ਇਤਿਹਾਸ ਲੱਭਣਾ ਰੇਤ ਵਿੱਚੋਂ ਸੋਨੇ ਦੇ ਛੋਟੇ ਟੁਕੜੇ ਲੱਭਣ ਦੇ ਬਰਾਬਰ ਸੀ ਜੋ ਉਨ੍ਹਾਂ ਨੇ ਆਪਣੇ ਇਤਿਹਾਸਿਕ ਸੂਝ ਬੂਝ ਰਾਹੀਂ ਪੂਰਾ ਕੀਤਾ। ਉਨ੍ਹਾਂ ਨੇ ਅਜਿਹੇ ਪ੍ਰਸੰਗਾਂ ਨੂੰ ਆਪਣੀ ਰਚਨਾ ਵਿਚ ਸਥਾਨ ਨਹੀਂ ਦਿੱਤਾ ਜੋ ਇਤਿਹਾਸਿਕ ਕਸਵਟੀ ’ਤੇ ਪੂਰੇ ਨਹੀਂ ਉੱਤਰਦੇ ਸਨ, ਜਿਵੇਂ- ਗੁਰ ਪ੍ਰਣਾਲੀਆਂ ਵਿਚ ਇਕ ਦਾਸੀ ਦੁਆਰਾ ਗੁਰੂ ਹਰਿ ਰਾਇ ਸਾਹਿਬ ਦੀ ਕ੍ਰਿਪਾ ਦ੍ਰਿਸ਼ਟੀ ਵਾਲਾ ਦੁੱਧ ਪੀਣ ਤੋਂ ਬਾਅਦ ਉਸ ਦੀ ਕੁੱਖੋਂ ਬਾਬਾ ਰਾਮ ਰਾਏ ਦਾ ਜਨਮ ਹੋਣਾ। ਅਜਿਹੇ ਗ਼ੈਰ ਕੁਦਰਤੀ ਵਰਤਾਰੇ ਵਾਲੇ ਪ੍ਰਸੰਗਾਂ ਨੂੰ ਰੱਦ ਕਰਕੇ ਉਨ੍ਹਾਂ ਨੇ ਇਤਿਹਾਸ ਸੰਬੰਧੀ ਆਪਣੀ ਸੁਚੱਜੀ ਪਹੁੰਚ ਦਾ ਪ੍ਰਗਟਾਵਾ ਕੀਤਾ।

ਇਤਿਹਾਸਿਕ ਪ੍ਰਸੰਗਾਂ ਦੇ ਆਧਾਰ ਲਈ ਉਹ ਸਿਰਫ ਸ੍ਰੋਤ ਗ੍ਰੰਥਾਂ ਤੇ ਹੀ ਨਿਰਭਰ ਨਹੀਂ ਰਹੇ ਸਗੋਂ ਉਨ੍ਹਾਂ ਨੇ ਸੰਬੰਧਿਤ ਘਟਨਾਵਾਂ ਦੀਆਂ ਥਾਵਾਂ ਅਤੇ ਸੰਬੰਧਿਤ ਪਾਤਰਾਂ ਦੇ ਵੰਸ਼ਜਾਂ ਪਾਸ ਆਪ ਜਾ ਕੇ ਜਾਣਕਾਰੀ ਇਕੱਤਰ[105] ਕੀਤੀ ਅਤੇ ਇਨ੍ਹਾਂ ਦੀ ਪੁਸ਼ਟੀ ਹੋਣ ਉਪਰੰਤ ਇਨ੍ਹਾਂ ਗਵਾਹੀਆਂ ਅਤੇ ਤੱਥਾਂ ਨੂੰ ਆਪਣੀ ਰਚਨਾ ਵਿਚ ਵੀ ਦਰਜ ਕੀਤਾ ਤਾਂ ਜੋ ਪਾਠਕਾਂ ਨੂੰ ਸੰਬੰਧਿਤ ਘਟਨਾਵਾਂ ਤੇ ਤਤਕਾਲੀ ਤੱਥਾਂ ਦੀ ਜਾਣਕਾਰੀ ਪ੍ਰਾਪਤ ਹੋ ਸਕੇ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਲਈ ਭਾਈ ਸੰਤੋਖ ਸਿੰਘ ਨੇ ਸ੍ਰੋਤ ਗ੍ਰੰਥਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਅਸਪਸ਼ਟ ਪ੍ਰਸੰਗਾਂ ਦੀ ਸਪਸ਼ਟਤਾ ਲਈ ਸੰਬੰਧਿਤ ਵਿਸ਼ੇ ਦੀ ਸਮਝ ਰੱਖਣ ਵਾਲੇ ਸੱਜਣਾਂ ਤੋਂ ਪੱਤਰਾਂ ਰਾਹੀਂ ਵੀ ਪੁਸ਼ਟੀ ਕੀਤੀ, ਉਦਾਹਰਣ ਵਜੋਂ- ਚਾਰ ਉਦਾਸੀ ਧੂਣਿਆਂ ਦੇ ਟਿਕਾਣਿਆਂ ਸੰਬੰਧੀ ਕਵੀ ਜੀ ਦੁਆਰਾ ਲਿਖੇ ਪੱਤਰ ਦੇ ਜਵਾਬ ਵਿਚ ਉਨ੍ਹਾਂ ਨੂੰ ਭੇਜੇ ਪੱਤਰ ਦਾ ਨਮੂਨਾ[106], ਜਿਸ ਵਿਚ ਕਵੀ ਜੀ ਨੂੰ ਇਨ੍ਹਾਂ ਸੰਬੰਧੀ ਪ੍ਰਦਾਨ ਕੀਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਾਈ ਬਾਲਾ ਜਨਮ ਸਾਖੀ ਵਿਚ ਮਿਲਾਵਟ ਹੋਣ ਬਾਰੇ ਭਾਈ ਸੰਤੋਖ ਸਿੰਘ

---

[104] ਸ੍ਰੀ ਗੁਰ ਕੋ ਇਤਿਹਾਸ ਜਗਤ ਮਹਿ। ਰਲ ਮਿਲ ਰਹਯੋ ਏਕ ਥਲ ਸੁਭਿ ਮਹਿ।

ਜਿਮ ਸਿਕਤਾ ਮਹਿ ਕੰਚਨ ਮਿਲੈ। ਬੀਨ ਡਾਂਵਲਾ ਲੈ ਤਿਹ ਭਲੈ। -ਜਿਲਦ ਪੰਜਵੀਂ, ਪੰਨਾ 1324

[105] ਜਿਲਦ ਪਹਿਲੀ, ਪੰਨੇ 151-154 ਅਤੇ 180-181

[106] *ਸਾਹਿਤ ਗਗਨ ਦੇ ਸੂਰਜ : ਮਹਾਂਕਵੀ ਭਾਈ ਸੰਤੋਖ ਸਿੰਘ,* ਕਰਮਜੀਤ ਸਿੰਘ, ਇੰਜ. (ਸੰਪਾ.), ਪੰਨੇ 59-60

ਦੀ ਸੁਚੇਤਤਾ ਵਾਲਾ ਕਥਨ[107] ਦਰਸਾਉਂਦਾ ਹੈ ਕਿ ਉਹ ਇਤਿਹਾਸਿਕ ਸਮੱਗਰੀ ਨੂੰ ਵਰਤਣ ਪ੍ਰਤੀ ਕਿੰਨੀ ਜ਼ਿਆਦਾ ਚੇਤੰਨ ਸਨ।

ਭਾਵੇਂ ਉਨ੍ਹਾਂ ਨੇ ਪ੍ਰਾਪਤ ਸ੍ਰੋਤ ਸਮੱਗਰੀ ਦੀ ਵਰਤੋਂ ਚੰਗੀ ਤਰਾਂ ਘੋਖ ਪੜਤਾਲ ਕਰਕੇ ਕੀਤੀ ਪਰੰਤੂ ਉਸ ਸਮੇਂ ਦੇ ਵਾਤਾਵਰਣ ਕਾਰਨ ਇਸ ਸਮੱਗਰੀ ਵਿਚ ਮਿਲਾਵਟੀ ਦੂਸ਼ਿਤ ਤੱਤਾਂ ਦਾ ਪ੍ਰਭਾਵ ਭਾਈ ਸੰਤੋਖ ਸਿੰਘ ਦੀ ਰਚਨਾ ਵਿਚ ਵੀ ਵੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਦੁਆਰਾ ਵਰਣਿਤ ਇਤਿਹਾਸਿਕ ਪ੍ਰਸੰਗਾਂ ਵਿਚ ਬਹੁਤ ਸਾਰੀਆਂ ਥਾਵਾਂ ’ਤੇ ਪੌਰਾਣਿਕ ਤੱਤ ਵੀ ਸ਼ਾਮਲ ਹਨ। ਇਨ੍ਹਾਂ ਕਾਰਨਾਂ ਕਰਕੇ ਬੇਸ਼ੱਕ ਅਸੀਂ ਭਾਈ ਸੰਤੋਖ ਸਿੰਘ ਨੂੰ ਮੌਜੂਦਾ ਸਮੇਂ ਦੀ ਅਕਾਦਮਿਕ ਕਸਵਟੀ ਤੇ ਪੂਰਾ ਉਤਰਨ ਵਾਲਾ ਇਤਿਹਾਸਕਾਰ ਨਹੀਂ ਆਖ ਸਕਦੇ ਪਰੰਤੂ ਉਨ੍ਹਾਂ ਦੇ ਕੀਤੇ ਕਾਰਜ ਨੂੰ ਸਿੱਖ ਇਤਿਹਾਸਕਾਰੀ ਵਿਚ ਪੁੱਟਿਆ ਗਿਆ ਇਕ ਠੋਸ ਕਦਮ ਕਹਿਣ ਤੋਂ ਸੰਕੋਚ ਨਹੀਂ ਕੀਤਾ ਜਾ ਸਕਦਾ; ਅਜਿਹਾ ਠੋਸ ਕਦਮ ਜੋ ਉਨ੍ਹਾਂ ਤੋਂ ਬਾਅਦ ਦੇ ਇਤਿਹਾਸਕਾਰਾਂ ਅਤੇ ਵਿਦਵਾਨਾਂ (ਭਾਈ ਕਾਨ੍ਹ ਸਿੰਘ ਨਾਭਾ, ਮੈਕਾਲਿਫ, ਡਾ. ਗੰਡਾ ਸਿੰਘ, ਡਾ. ਕਿਰਪਾਲ ਸਿੰਘ ਆਦਿ) ਨੂੰ ਆਧਾਰ ਪ੍ਰਦਾਨ ਕਰਨ ਵਾਲੇ ਕਦਮਾਂ ਵਿਚ ਸ਼ਾਮਿਲ ਹੈ।

**6. ਇਕ ਸੁਚੱਜੇ ਪੇਸ਼ਕਾਰ**

ਆਪਣੀ ਰਚਨਾ ਵਿਚ ਕਿਸੇ ਪ੍ਰਸੰਗ ਦੀ ਸੁੰਦਰ ਅਤੇ ਦਿਲਚਸਪ ਢੰਗ ਨਾਲ ਪੇਸ਼ਕਾਰੀ ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ ਦਾ ਇਕ ਵਿਸ਼ੇਸ਼ ਗੁਣ ਹੈ ਜਿਸ ਨੇ ਉਨ੍ਹਾਂ ਦੇ ਰਚੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸਿੱਖ ਸੰਗਤਾਂ ਵਿਚ ਲੋਕਪ੍ਰਿਯ ਬਣਾਇਆ। ਉਨ੍ਹਾਂ ਦੀ ਅਜਿਹੀ ਪੇਸ਼ਕਾਰੀ ਉੱਪਰ ਉਨ੍ਹਾਂ ਦੀ ਕਵਿਤਾਮਈ ਸ਼ੈਲੀ ਨੇ ਸੋਨੇ ’ਤੇ ਸੁਹਾਗੇ ਦਾ ਕਾਰਜ ਕੀਤਾ। ਭਾਈ ਸਾਹਿਬ ਨੇ ਆਪਣੀ ਇਸ ਕਲਾ ਰਾਹੀਂ ਇਤਿਹਾਸ ਵਰਗੇ ਖ਼ੁਸ਼ਕ ਸਮਝੇ ਜਾਂਦੇ ਵਿਸ਼ੇ ਨੂੰ ਵੀ ਰੋਚਕ ਬਣਾ ਦਿੱਤਾ ਜਿਸ ਨੂੰ ਗੁਰੂ ਇਤਿਹਾਸ ਦੇ ਪ੍ਰੇਮੀ ਆਨੰਦ ਲੈ ਕੇ ਪੜ੍ਹਦੇ/ਸੁਣਦੇ ਹਨ।

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪੂਰਬਾਰਧ ਦੇ ਅਧਿਆਏ 21 ਅਤੇ ਅਧਿਆਇ 22 ਵਿਚ ਗੁਰੂ ਨਾਨਕ

---

[107] ਪੂਰਬ ਪੋਥੀ ਹੁਤੀ ਜੁ ਸੋਈ। ਦਈ ਬਿਪਾਸਾ ਬੀਚ ਡਬੋਈ।

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ। -ਜਿਲਦ ਤੀਜੀ, ਪੰਨਾ 438

ਦੇਵ ਜੀ ਦੇ ਵਿਆਹ ਨਾਲ ਸੰਬੰਧਿਤ ਪ੍ਰਸੰਗਾਂ ਵਿਚ ਗੁਰੂ ਸਾਹਿਬ ਦੀ ਬਾਰਾਤ ਚੱਲਣ ਸਮੇਂ ਗੁਰੂ ਨਾਨਕ ਦੇਵ ਜੀ ਅਤੇ ਬਰਾਤੀਆਂ ਦੇ ਵਸਤਰਾਂ, ਘੋੜਿਆਂ-ਹਾਥੀਆਂ ਆਦਿ ਵਰਗੇ ਵਾਹਨਾਂ, ਆਸ-ਪਾਸ ਵੱਜ ਰਹੇ ਖੁਸ਼ੀ ਦੇ ਸਾਜ਼ਾਂ ਅਤੇ ਬਰਾਤ ਲਈ ਤਿਆਰ ਕੀਤੇ ਭੋਜਨ ਪਦਾਰਥਾਂ ਦਾ ਨਾਮ ਅਨੁਸਾਰ ਵੇਰਵਾ, ਪੇਸ਼ਕਾਰੀ ਦਾ ਸੁੰਦਰ ਨਮੂਨਾ ਹੈ। ਜੰਗ-ਯੁੱਧ ਵਾਲੇ ਪ੍ਰਸੰਗਾਂ ਵਿਚ ਸਿਪਾਹੀਆਂ ਦੀਆਂ ਪੁਸ਼ਾਕਾਂ, ਉਨ੍ਹਾਂ ਦੀਆਂ ਸਵਾਰੀਆਂ, ਸ਼ਸਤਰਾਂ ਦੀਆਂ ਕਿਸਮਾਂ, ਉਨ੍ਹਾਂ ਦੇ ਆਪਸੀ ਵਾਰਤਾਲਾਪ ਅਤੇ ਮਾਹੌਲ ਦਾ ਐਸਾ ਸੁੰਦਰ ਵਾਤਾਵਰਨ ਸਿਰਜਿਆ ਗਿਆ ਹੈ ਜਿਸ ਨੂੰ ਪੜ੍ਹ/ਸੁਣ ਕੇ ਮਹਿਸੂਸ ਹੁੰਦਾ ਹੈ ਕਿ ਇਹ ਸਾਰਾ ਕੁੱਝ ਅੱਖਾਂ ਸਾਹਮਣੇ ਕਿਸੇ ਫ਼ਿਲਮ ਵਾਂਗ ਚੱਲ ਰਿਹਾ ਹੋਵੇ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਜਦੋਂ ਗੁਰੂ ਸਾਹਿਬ ਜੀ ਦੇ ਲੱਗੇ ਹੋਏ ਦਰਬਾਰ ਦਾ ਜ਼ਿਕਰ ਆਉਂਦਾ ਹੈ ਤਾਂ ਗੁਰੂ ਸਾਹਿਬ ਜੀ ਦੇ ਧਾਰਨ ਕੀਤੇ ਵਸਤਰ, ਦਸਤਾਰ ਅਤੇ ਉਨ੍ਹਾਂ ਦੇ ਰੰਗ, ਗੁਰੂ ਸਾਹਿਬ ਦੇ ਬੈਠਣ ਦੇ ਢੰਗ, ਉਨ੍ਹਾਂ ਦੇ ਆਸ-ਪਾਸ ਬੈਠੇ ਗੁਰਸਿੱਖਾਂ ਦਾ ਵੇਰਵਾ, ਮੱਥਾ ਟੇਕ ਰਹੀ ਅਤੇ ਬੈਠੀ ਹੋਈ ਸੰਗਤ, ਸੰਗਤ ਵਿਚ ਬੈਠੇ ਹੋਏ ਪ੍ਰਮੁੱਖ ਗੁਰਸਿੱਖਾਂ ਦਾ ਵੇਰਵਾ ਸਰੋਤਿਆਂ/ਪਾਠਕਾਂ ਨੂੰ ਮੰਤਰ ਮੁਗਧ ਕਰ ਦਿੰਦਾ ਹੈ। ਭਾਈ ਸੰਤੋਖ ਸਿੰਘ ਦੀ ਅਜਿਹੀ ਪੇਸ਼ਕਾਰੀ ਸਰੋਤਿਆਂ/ਪਾਠਕਾਂ ਵਿਚ ਸੰਬੰਧਿਤ ਪ੍ਰਸੰਗ ਦੇ ਚੱਲ ਰਹੇ ਘਟਨਾਕ੍ਰਮ ਤੋਂ ਵਾਪਰਨ ਵਾਲੇ ਅਗਲੇ ਘਟਨਾਕ੍ਰਮ ਬਾਰੇ ਜਾਣਨ ਦੀ ਇੱਛਾ ਪੈਦਾ ਕਰਨ ਦੇ ਨਾਲ-ਨਾਲ ਗੁਰੂ ਇਤਿਹਾਸ ਨਾਲ ਨਿਰੰਤਰਤਾ ਵਿਚ ਜੋੜਨ ਦਾ ਕਾਰਜ ਵੀ ਕਰਦੀ ਹੈ।

**7. ਦਾਰਸ਼ਨਿਕ ਅਤੇ ਵਿਆਖਿਆਕਾਰ ਵਜੋਂ**

ਭਾਈ ਸੰਤੋਖ ਸਿੰਘ ਵਿਚ ਜਿੱਥੇ ਉੱਚ ਕੋਟੀ ਦੀ ਕਾਵਿਕ ਪ੍ਰਤਿਭਾ ਸੀ ਉੱਥੇ ਉਹ ਇਕ ਸੁਲਝੇ ਹੋਏ ਦਾਰਸ਼ਨਿਕ ਅਤੇ ਵਿਆਖਿਆਕਾਰ ਵੀ ਸਨ। ਉਨ੍ਹਾਂ ਨੂੰ ਸਿੱਖੀ ਦਰਸ਼ਨ ਤੋਂ ਇਲਾਵਾ ਯੋਗ ਅਤੇ ਵੇਦਾਂਤ ਦਰਸ਼ਨ ਦੀ ਵੀ ਗੂੜ੍ਹੀ ਸਮਝ ਸੀ। ਉਨ੍ਹਾਂ ਨੇ ਗੁਰਮਤਿ ਦਰਸ਼ਨ ਪੇਸ਼ ਕਰਨ ਦੇ ਨਾਲ-ਨਾਲ ਵੇਦਾਂਤ ਅਤੇ ਯੋਗ ਦਰਸ਼ਨ ਬਾਰੇ ਵੀ ਚਾਨਣਾ ਪਾ ਕੇ ਗੁਰਮਤਿ ਸਿਧਾਂਤਾਂ ਦੇ ਨਿਵੇਕਲੇਪਨ ਨੂੰ ਪ੍ਰਸਤੁਤ ਕੀਤਾ ਹੈ। ਗਰਬ ਰਜਨੀ ਟੀਕੇ ਤੋਂ ਉਨ੍ਹਾਂ ਦੀ ਵਿਆਖਿਆਕਾਰੀ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਮੰਗਲਾਚਰਨਾਂ ਵਿਚ ਕਵੀ ਜੀ ਨੇ ਦਰਸ਼ਨ ਦੇ ਤਿੰਨ ਪ੍ਰਮੁੱਖ ਆਧਾਰ- ਅਕਾਲ ਪੁਰਖ, ਸ੍ਰਿਸ਼ਟੀ ਅਤੇ ਜੀਵ

ਬਾਰੇ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਚਾਨਣਾ ਪਾ ਕੇ ਵੱਖ-ਵੱਖ ਸਿਧਾਂਤਾਂ ਅਤੇ ਸੰਕਲਪਾਂ, ਜਿਵੇਂ- ਨਾਮ, ਹਉਮੈ, ਮਾਇਆ, ਮਨ, ਮੁਕਤੀ ਆਦਿ ਦੇ ਗੁਰਮਤਿ ਵਾਲੇ ਪੱਖ ਨੂੰ ਪੇਸ਼ ਕੀਤਾ ਹੈ।

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪੂਰਬਾਰਧ ਦੇ ਅਧਿਆਇ 48 ਵਿਚ ਉਨ੍ਹਾਂ ਨੇ ਪਹਿਲਾਂ ਯੋਗ ਮੱਤ ਦਾ ਸਿਧਾਂਤ ਦੇ ਕੇ ਫਿਰ ਗੁਰਮਤਿ ਦਾ ਮਾਰਗ ਦੱਸਿਆ ਹੈ ਜਿਸ ਨਾਲ ਗੁਰਮਤਿ ਮਾਰਗ ਦੀ ਯੋਗ ਮੱਤ ਦੇ ਦਰਸ਼ਨ ਨਾਲੋਂ ਉੱਚਤਾ ਤੇ ਨਿਆਰਾਪਨ ਪ੍ਰਤੱਖਮਾਨ ਹੋ ਜਾਂਦਾ ਹੈ। ਇਸੇ ਪ੍ਰਕਾਰ ਪੰਜਵੀਂ ਰੁੱਤ ਦੇ ਅੰਸੂ 41 ਤੋਂ 49 ਵਿਚ ਭਾਈ ਦਇਆ ਸਿੰਘ ਦੁਆਰਾ ਪਹਿਲਾਂ ਵੇਦਾਂਤ ਸ਼ਾਸਤਰ ਦਾ ਪੱਖ ਦੱਸਣ ਤੋਂ ਬਾਅਦ ਅੰਸੂ 49 ਤੇ 50 ਵਿਚ ਗੁਰਮਤਿ ਦੀ ਗੱਲ ਕੀਤੀ ਹੈ ਜਿਸ ਨਾਲ ਵੇਦਾਂਤ ਅਤੇ ਗੁਰਮਤਿ ਦਰਸ਼ਨ ਦਾ ਅੰਤਰ ਸਪਸ਼ਟ ਹੋ ਜਾਂਦਾ ਹੈ।

ਭਾਈ ਸੰਤੋਖ ਸਿੰਘ ਨੇ ਅਕਾਲ ਪੁਰਖ ਨੂੰ ਸਰਵਵਿਆਪੀ, ਨਿਰਗੁਣ, ਨਿਰਾਕਾਰ, ਅਲਖ ਸਰੂਪ ਆਦਿ ਗੁਣਾਂ ਰਾਹੀਂ ਦਰਸਾਇਆ ਹੈ। ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ ਅਤੇ ਕਾਰਨ ਕਿਹਾ ਹੈ ਅਤੇ ਜੀਵ ਦੀ ਪਰਮਾਤਮਾ ਨਾਲ ਅਭੇਦਤਾ ਨੂੰ ਬਿਆਨ ਕੀਤਾ ਹੈ। ਉਨ੍ਹਾਂ ਦੇ ਵਰਣਿਤ ਸਿੱਖ ਦਰਸ਼ਨ ਉੱਪਰ ਕਈ ਥਾਵਾਂ 'ਤੇ ਵੇਦਾਂਤ ਦਾ ਪ੍ਰਭਾਵ ਵੀ ਹੈ ਜਿਸ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਸਪਸ਼ਟ ਕੀਤਾ ਜਾ ਸਕਦਾ ਹੈ।

ਸਿੱਖੀ ਰਹਿਤ ਦੀ ਵਿਆਖਿਆ* ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੀ ਰੁੱਤ 3 ਦੇ ਅੰਸੂ 50 ਵਿਚ ਵਿਚ ਵੇਖੀ ਜਾ ਸਕਦੀ ਹੈ ਜਿਸ ਦਾ ਆਧਾਰ ਰਹਿਤਨਾਮਿਆਂ ਨੂੰ ਬਣਾਇਆ ਗਿਆ ਹੈ। ਇਸ ਗ੍ਰੰਥ ਦੇ ਪ੍ਰਸੰਗਾਂ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਗੁਰੂ ਸਾਹਿਬਾਨ ਨਾਲ ਕਿਸੇ ਪਾਤਰ ਦੇ ਸੰਵਾਦ ਰਾਹੀਂ ਉਪਦੇਸ਼ਾਤਮਕ ਸ਼ੈਲੀ ਵਿਚ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਦੀ ਵਿਆਖਿਆ ਸੁੰਦਰ ਢੰਗ ਨਾਲ ਕੀਤੀ ਗਈ ਹੈ। ਇਸ ਪ੍ਰਕਾਰ ਭਾਈ ਸੰਤੋਖ ਸਿੰਘ ਆਪਣੀ ਰਚਨਾ ਵਿਚ ਆਏ ਦਾਰਸ਼ਨਿਕ ਵਿਚਾਰਾਂ, ਗੁਰਬਾਣੀ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਰਾਹੀਂ ਇਕ ਦਾਰਸ਼ਨਿਕ ਅਤੇ ਵਿਆਖਿਆਕਾਰ ਦੇ ਤੌਰ 'ਤੇ ਵੀ ਸਥਾਪਤ ਹੋ ਜਾਂਦੇ ਹਨ।

### 8. ਅਹਿਸਾਨ ਪ੍ਰਸਤ ਅਤੇ ਇਨਸਾਨੀ ਗੁਣਾਂ ਦੀ ਕਦਰ ਕਰਨ ਵਾਲੇ

ਕਿਸੇ ਮਨੁੱਖ ਦੇ ਕੀਤੇ ਅਹਿਸਾਨ ਨੂੰ ਮੰਨਣਾ ਅਤੇ ਗੁਣੀ ਇਨਸਾਨਾਂ ਦੇ ਗੁਣਾਂ ਦੀ ਕਦਰ ਕਰਨਾ ਮਨੁੱਖੀ

---

* ਸਿੱਖੀ ਰਹਿਤ ਬਾਰੇ ਪ੍ਰਾਪਤ ਹੋਣ ਵਾਲੇ ਹਵਾਲੇ ਵਿਸ਼ੇ ਵੰਡ ਅਨੁਸਾਰ ਇਸ ਖੋਜ ਕਾਰਜ ਦੇ ਦੂਸਰੇ ਅਧਿਆਇ ਵਿਚ ਦਿੱਤੇ ਗਏ ਹਨ।

ਸ਼ਖ਼ਸੀਅਤ ਦਾ ਇਕ ਖ਼ਾਸ ਗੁਣ ਮੰਨਿਆ ਜਾਂਦਾ ਹੈ। ਜੇਕਰ ਭਾਈ ਸੰਤੋਖ ਸਿੰਘ ਦੇ ਸੰਬੰਧ ਵਿਚ ਇਨ੍ਹਾਂ ਦੀ ਚਰਚਾ ਕਰੀਏ ਤਾਂ ਉਨ੍ਹਾਂ ਦੀ ਰਚਨਾ ਵਿਚ ਸਾਨੂੰ ਅਜਿਹੇ ਵੇਰਵੇ ਪ੍ਰਾਪਤ ਹੋ ਜਾਂਦੇ ਹਨ ਜਿਸ ਵਿਚ ਉਨ੍ਹਾਂ ਨੇ ਆਪਣੇ ਕਾਰਜ ਲਈ ਆਸਰਾ ਦੇਣ ਵਾਲੇ ਆਸ਼ਰਿਤਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੇ ਇਨਸਾਨੀ ਗੁਣਾਂ ਦੀ ਵੀ ਪ੍ਰਸੰਸਾ ਕੀਤੀ ਹੈ। ਬੂੜੀਏ ਵਿਚ ਰਿਹਾਇਸ਼ ਪ੍ਰਦਾਨ ਕਰਨ ਵਾਲੇ ਸਰਦਾਰ ਨੂੰ ਉਨ੍ਹਾਂ ਨੇ 'ਮਹਾਨ ਸਰਦਾਰ' ਕਹਿ ਕੇ ਸੰਬੋਧਨ ਕੀਤਾ ਹੈ। ਕੈਥਲ ਵਿਚ ਸਨਮਾਨਪੂਰਨ ਰਾਜ ਆਸਰਾ ਪ੍ਰਦਾਨ ਕਰਨ ਵਾਲੇ ਕੈਥਲਪਤਿ ਭਾਈ ਉਦੈ ਸਿੰਘ ਨੂੰ ਉਨ੍ਹਾਂ ਨੇ 'ਬਡ ਭੂਪ ਬਹਾਦਰ' ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ। ਆਪਣੀ ਰਚਨਾ ਵਿਚ ਕਵੀ ਜੀ ਨੇ ਉਨ੍ਹਾਂ ਦੇ ਗੁਣਾਂ ਦੀ ਪ੍ਰਸ਼ੰਸਾ[108] ਕਰਦੇ ਹੋਏ ਉਨ੍ਹਾਂ ਦੇ ਗੁਣਾਂ ਦੀ ਕਦਰ ਕੀਤੀ ਹੈ।

ਕਵੀ ਜੀ ਨੂੰ ਆਸਰਾ ਦੇਣ ਵਾਲੇ ਭਾਈ ਉਦੈ ਸਿੰਘ ਵਰਗੇ ਗੁਰਮੁਖ ਮਹਾਰਾਜਾ ਦੀ ਕਿਸੇ ਬਿਮਾਰੀ ਸਮੇਂ ਹਾਲਤ ਨਾਜ਼ੁਕ ਹੋਣ 'ਤੇ ਉਨ੍ਹਾਂ ਨੇ ਦਿਲ ਦੀ ਗਹਿਰਾਈਆਂ ਵਿੱਚੋਂ ਗੁਰੂ ਤੇਗ ਬਹਾਦਰ ਜੀ ਅੱਗੇ ਕਾਵਿਕ ਬੰਦ ਦੇ ਰੂਪ ਵਿਚ ਕੈਥਲਪਤਿ ਦੀ ਦੇਹ ਅਰੋਗਤਾ ਲਈ ਅਰਦਾਸ ਵਾਲੀ ਘਟਨਾ[109] ਭਾਈ ਸੰਤੋਖ ਸਿੰਘ ਦੇ ਅਹਿਸਾਨ ਪ੍ਰਸਤੀ ਵਾਲੇ ਗੁਣ ਦੀ ਜਿਉਂਦੀ ਜਾਗਦੀ ਮਿਸਾਲ ਹੈ।

### 9. ਨਿਮਰਤਾ ਦੇ ਧਾਰਨੀ

ਅਜਿਹੀ ਬਹੁਪੱਖੀ ਸ਼ਖ਼ਸੀਅਤ ਅਤੇ ਉੱਚ ਪੱਧਰ ਦੀਆਂ ਰਚਨਾਵਾਂ ਦੇ ਰਚਨਾਕਾਰ ਹੋਣ ਦੇ ਬਾਵਜੂਦ ਵੀ ਭਾਈ ਸੰਤੋਖ ਸਿੰਘ ਹੰਕਾਰ ਤੋਂ ਕੋਹਾਂ ਦੂਰ ਸਨ। ਉਨ੍ਹਾਂ ਦੀ ਰਚਨਾਵਾਂ ਅਤੇ ਉਨ੍ਹਾਂ ਦੇ ਜੀਵਨ ਵਿੱਚੋਂ ਉਨ੍ਹਾਂ ਦੇ ਨਿਮਰਤਾ ਵਾਲੇ ਸੁਭਾਅ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਆਪਣੀ ਰਚਨਾ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ

---

[108] ਜਿਲਦ ਪਹਿਲੀ, ਪੰਨੇ 105-106

[109] ਤੋਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ, ਤੋਸੋ ਨ ਦਯਾਲੁ ਦੁਖੀ ਮੋ ਸੋ ਨ ਅਲਾਈਏ।
ਮੋਸੋ ਨਹੀਂ ਕ੍ਰਿੱਤਘਨ, ਤੋਸੋ ਉਪਕਾਰੀ ਨਾਹਿ, ਮੋਸੋ ਨ ਅਨਾਥ ਨਾਥ ਤੋਸੋ ਨ ਬਤਾਈਏ।
ਔਗੁਣੀ ਨ ਮੋਸੋ ਕੋਊ, ਤੋਸੋ ਗੁਣਵਾਨ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹਿਂ ਪਾਈਏ।
ਕਵਿ ਆਯੋ ਹੈ ਸ਼ਰਨ ਗਹੇ ਧਾਇਕੈ ਚਰਨ, ਗੁਰੂ ਤਾਰਨ ਤਰਨ ਨਿਜ ਹਾਥ ਦੈ ਬਚਾਈਏ ।। -ਉਹੀ, ਪੰਨੇ 122-123

ਨਿਮਰਤਾ ਸਹਿਤ 'ਭਿਖਾਰੀ', 'ਦੀਨ', 'ਕ੍ਰਿਤਘਣ', 'ਔਗੁਣੀ' ਆਦਿ ਲਫਜ਼ਾਂ ਨਾਲ ਨਾਲ ਸੰਬੋਧਨ ਕਰਦੇ ਹੋਏ ਗੁਰੂ ਸਾਹਿਬ ਅੱਗੇ ਬੇਨਤੀ[110] ਕੀਤੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਮਾਪਤੀ ਉਪਰੰਤ ਜਦੋਂ ਭਾਈ ਸੰਤੋਖ ਸਿੰਘ ਨੇ ਇਹ ਗ੍ਰੰਥ ਪੰਥ ਨੂੰ ਭੇਟਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ ਤਾਂ ਅੰਮ੍ਰਿਤਸਰ ਪਹੁੰਚ ਕੇ ਸਿੱਖ ਸੰਗਤਾਂ ਦੁਆਰਾ ਭਾਈ ਸਾਹਿਬ ਦੇ ਬੈਠ ਕੇ ਦਰਬਾਰ ਸਾਹਿਬ ਜਾਣ ਲਈ ਸਤਿਕਾਰ ਵੱਜੋਂ ਪੀਨਸ ਭੇਟ ਕੀਤੀ। ਇਸ ਪੀਨਸ ਉੱਪਰ ਚੜ੍ਹ ਕੇ ਯਾਤਰਾ ਕਰਨ ਨੂੰ ਉਨ੍ਹਾਂ ਨੇ ਅਯੋਗ ਸਮਝਿਆ। ਸੰਗਤ ਦੇ ਬਹੁਤ ਜ਼ੋਰ ਪਾਉਣ 'ਤੇ ਉਹ ਇਕ ਵਾਰ ਪੀਨਸ ਤੇ ਬੈਠ ਕੇ ਉੱਤਰ ਗਏ ਅਤੇ ਹੌਲੀ-ਹੌਲੀ ਚੱਲ ਕੇ ਹਰਿਮੰਦਰ ਸਾਹਿਬ ਪਹੁੰਚੇ। ਇਸ ਘਟਨਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੇ ਆਪ ਨੂੰ ਸਿੱਖ ਸੰਗਤ ਤੋਂ ਵੱਡਾ ਅਖਵਾਉਣ ਵਾਲੀ ਭਾਵਨਾ ਦੀ ਥਾਂ ਨਿਮਰਤਾ ਵਾਲੇ ਗੁਣਾਂ ਦੇ ਧਾਰਨੀ ਸਨ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਅਧਿਆਤਮਵਾਦੀ ਗੁਰਮੁਖ ਮਹਾਂਕਵੀ ਹੋਏ ਹਨ ਜਿਨ੍ਹਾਂ ਦਾ ਜੀਵਨ ਅਤੇ ਰਚਨਾਵਾਂ ਸਿੱਖ ਜਗਤ ਲਈ ਪ੍ਰੇਰਨਾ ਸ੍ਰੋਤ ਵਾਂਗ ਹਨ। ਜਿੱਥੇ ਉਨ੍ਹਾਂ ਦੀਆਂ ਰਚਨਾਵਾਂ ਗੁਰ ਇਤਿਹਾਸ ਅਤੇ ਸਿੱਖ ਦਰਸ਼ਨ ਦਾ ਪ੍ਰਗਟਾਵਾ ਕਰਦੀਆਂ ਹਨ ਉੱਥੇ ਉਨ੍ਹਾਂ ਦਾ ਜੀਵਨ, ਮੁਸ਼ਕਿਲ ਹਾਲਾਤਾਂ ਅਤੇ ਵਿਰੋਧੀ ਵਾਤਾਵਰਣ ਵਿਚ ਵੀ ਲਗਨ, ਮਿਹਨਤ ਅਤੇ ਸਿਰੜ ਨਾਲ ਕਾਰਜ ਕਰਨ ਦੀ ਪ੍ਰੇਰਨਾ ਪ੍ਰਦਾਨ ਕਰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਇਕ ਕੀਮਤੀ ਖਜ਼ਾਨੇ ਵਾਂਗ ਹਨ ਜਿਨ੍ਹਾਂ ਵਿਚ ਸਿੱਖ ਪੰਥ ਦੁਆਰਾ ਪੰਥਕ ਤੌਰ 'ਤੇ ਲੋੜ ਅਨੁਸਾਰ ਸੁਧਾਈ ਕਰਕੇ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੇ ਇਤਿਹਾਸਿਕ ਕਾਵਿ ਨੂੰ ਗੁਰ ਇਤਿਹਾਸ ਦੇ ਮਿਆਰੀ ਇਤਿਹਾਸਿਕ ਗ੍ਰੰਥ ਵਜੋਂ ਪ੍ਰਮਾਣਿਤ ਕੀਤਾ ਜਾ ਸਕਦਾ ਹੈ।

[110] ਜਿਲਦ ਦੂਜੀ, ਪੰਨਾ 53

ਕਿਸੇ ਵੀ ਧਰਮ ਦੇ ਨਿਯਮਬੱਧ ਸਰੂਪ ਨੂੰ ਸਮਝਣ ਲਈ ਸਿਧਾਂਤਾਂ ਦੀ ਇਕ ਅਹਿਮ ਭੂਮਿਕਾ ਹੁੰਦੀ ਹੈ। ਇਹ ਧਰਮ ਦੇ ਅਨੁਯਾਈਆਂ ਅਤੇ ਜਗਿਆਸੂਆਂ ਨੂੰ ਉਸ ਧਰਮ ਦੀ ਮੌਲਿਕਤਾ ਨਾਲ ਜੋੜ ਕੇ ਸਦੀਵੀ ਨਿਰੰਤਰਤਾ ਅਤੇ ਸੇਧ ਪ੍ਰਦਾਨ ਕਰਦੇ ਹਨ। ਧਰਮ ਦੇ ਸਿਧਾਂਤਾਂ ਨੂੰ ਸਮਝੇ ਬਿਨਾਂ ਉਸ ਧਰਮ ਨੂੰ ਚਿੰਤਨ ਪੱਖ ਦੀ ਪੱਧਤੀ 'ਤੇ ਜਾ ਕੇ ਸਮਝਣਾ ਅਸੰਭਵ ਹੈ। ਸੰਸਾਰ ਦੇ ਹਰ ਧਰਮ ਦੇ, ਉਸ ਦੇ ਰਹਿਨੁਮਾ ਦੁਆਰਾ ਪ੍ਰਦਾਨ ਕੀਤੇ ਗਏ ਇਲਾਹੀ ਸੰਦੇਸ਼ ਵਿੱਚੋਂ ਪ੍ਰਗਟ ਹੋਣ ਵਾਲੇ ਸਿਧਾਂਤ ਹਨ ਜੋ ਉਸ ਨੂੰ ਦੂਸਰੇ ਧਰਮਾਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦੇ ਹਨ। ਇਸ ਅਧਿਆਇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਪ੍ਰਗਟ ਹੋਣ ਵਾਲੇ ਸਿੱਖ ਸਿਧਾਂਤਾਂ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਵਿਚਾਰ ਤੋਂ ਪਹਿਲਾਂ ਸਿਧਾਂਤਾਂ ਦੇ ਅਰਥ ਅਤੇ ਸਰੂਪ ਨੂੰ ਸੰਖੇਪ ਵਿਚ ਸਮਝ ਲੈਣਾ ਉਚਿਤ ਰਹੇਗਾ।

**ਸਿਧਾਂਤ: ਸ਼ਾਬਦਿਕ ਅਰਥ**

'ਸਿਧਾਂਤ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- ਸਿੱਧ+ਅੰਤ ਭਾਵ ਕਿ ਕਿਸੇ ਨਿਰਣੇ ਦੁਆਰਾ ਸਿੱਧ ਕੀਤਾ ਗਿਆ ਅੰਤਿਮ ਵਿਚਾਰ। ਗੁਰੂ ਗ੍ਰੰਥ ਸਾਹਿਬ ਵਿਚ ਸਿਧਾਂਤ ਸ਼ਬਦ ਦੀ ਵਰਤੋਂ ਕੇਵਲ ਇਕ ਵਾਰ ਹੋਈ ਹੈ ਜਿਸ ਦਾ ਪ੍ਰਯੋਗ 'ਨਿਚੋੜ' ਵਾਲੇ ਅਰਥਾਂ ਵਿਚ ਕੀਤਾ ਗਿਆ ਹੈ-

ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥[1]

ਭਾਈ ਗੁਰਦਾਸ ਜੀ ਨੇ ਵੀ ਇਹ ਸ਼ਬਦ ਕੇਵਲ ਇਕ ਵਾਰ ਵਰਤਿਆ ਹੈ-

ਅਸਟ ਸਿਧਾਂਤ ਭੇਦ ਨਾਥਨ ਕੈ ਨਾਥ ਭਏ ਦਸਮ ਸਥਲ ਸੁਖ ਸਾਗਰ ਬਿਲਾਸੀ ਹੈ।[2]

ਸਿਧਾਂਤ ਦੇ ਕੋਸ਼ਗਤ ਅਰਥ ਹਨ- *1. ਅੰਤਲਾ ਨਿਰਣਾ, ਅੰਤ ਨੂੰ ਸਿੱਧ ਕੀਤੀ ਹੋਈ ਬਾਤ, ਸਹੀ ਨਤੀਜਾ, ਤਾਤਪਰਜ। 2. ਭਲੀ ਪ੍ਰਕਾਰ ਸੋਚ ਵਿਚਾਰ ਕੇ ਸਥਿਰ ਹੋਈ ਗੱਲ ਜੋ ਵਿਦਵਾਨਾਂ ਜਾਂ ਕਿਸੇ ਸੰਪਰਦਾ ਨੇ ਸੱਚੀ ਮੰਨੀ ਹੋਵੇ।* [3] ਪੰਜਾਬੀ ਵਿਸ਼ਵ ਕੋਸ਼ ਅਨੁਸਾਰ- *ਸਿੱਧਾਂਤ ਸਿੱਧੀ ਦਾ ਅੰਤ ਹੈ ਭਾਵ ਅੰਤਿਮ*

---

1 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1157

2 ਭਾਈ ਗੁਰਦਾਸ ਜੀ, ਕਬਿੱਤ 31/3

3 *ਪੰਜਾਬੀ ਕੋਸ਼*, ਜਿਲਦ ਪਹਿਲੀ, ਪੰਨਾ 180

*ਰੂਪ ਵਿਚ ਸਿੱਧ ਕੀਤੀ ਹੋਈ ਗੱਲ ਜਾਂ ਸਹੀ ਨਤੀਜਾ। ਇਹ ਉਹ ਧਾਰਨਾ ਹੈ ਜਿਸ ਨੂੰ ਯੋਗ ਰੂਪ ਵਿਚ ਸਿੱਧ ਕਰਨ ਉਪਰੰਤ ਇਕ ਨਿਸ਼ਚਿਤ ਮਤ ਵਜੋਂ ਅਪਣਾ ਲਿਆ ਗਿਆ ਹੈ। .....ਧਰਮ ਦੇ ਸੰਬੰਧ ਵਿਚ ਸਿਧਾਂਤ ਤੋਂ ਭਾਵ ਹੈ ਕਿ ਬੁੱਧੀ ਹੁਣ ਹੋਰ ਅਗੇਰੇ ਨਹੀਂ ਜਾ ਸਕਦੀ ਸੋ ਸ਼ੰਕਾ ਦੀ ਥਾਂ ਵਿਸ਼ਵਾਸ਼ ਨੂੰ ਲੈ ਲੈਣੀ ਚਾਹੀਦੀ ਹੈ।*[4]

**ਸੰਕਲਪ ਅਤੇ ਸੰਸਥਾ ਦਾ ਸਿਧਾਂਤ ਨਾਲ ਸੰਬੰਧ**

ਕਿਸੇ ਵਿਸ਼ੇ ਦੀ ਸਪਸ਼ਟਤਾ ਜਾਂ ਧਰਮ ਚਿੰਤਨ ਲਈ ਸਿਧਾਂਤ ਦੇ ਨਾਲ-ਨਾਲ ਸੰਕਲਪ ਅਤੇ ਸੰਸਥਾ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ, ਖਾਸ ਤੌਰ ’ਤੇ ਧਰਮ ਦੇ ਵਿਭਿੰਨ ਪੱਖਾਂ ਨੂੰ ਉਸ ਦੇ ਵਿਸ਼ੇ ਅਤੇ ਭਾਵ ਅਨੁਸਾਰ ਸੰਕਲਪ, ਸਿਧਾਂਤ ਅਤੇ ਸੰਸਥਾ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ। ਸੰਕਲਪ, ਸਿਧਾਂਤ ਅਤੇ ਸੰਸਥਾ ਇਕ ਦੂਸਰੇ ਤੋਂ ਭਿੰਨਤਾ ਰੱਖਦੇ ਹੋਏ ਵੀ ਇਕ ਦੂਸਰੇ ਦੇ ਪੂਰਕ ਹਨ।

ਸੰਕਲਪ ਕਿਸੇ ਵੀ ਵਿਚਾਰ ਦਾ ਬੀਜ ਰੂਪ ਹੈ ਜੋ ਮਨ ਵਿਚ ਪੈਦਾ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ- ਸੰਕਲਪ ਦਾ ਅਰਥ ਹੈ ਮਨ ਦਾ ਫੁਰਨਾ, ਮਨੋਰਥ, ਖਿਆਲ, ਪ੍ਰਤਿਗਯਾ ਜਾਂ ਪ੍ਰਣ। ਇਸ ਨੂੰ ਅਸੀਂ ਸਿਧਾਂਤ ਦਾ ਮੁੱਢਲਾ ਰੂਪ ਵੀ ਕਹਿ ਸਕਦੇ ਹਨ ਜਿਸ ਦਾ ਵਿਵਸਥਿਤ ਰੂਪ ਸਿਧਾਂਤ ਹਨ। ਇਸ ਪ੍ਰਕਾਰ ਸੰਕਲਪ, ਖਾਸ ਨਿਯਮਾਂ ਵਿਚ ਵਿਵਸਥਿਤ ਹੋਣ ਤੋਂ ਬਾਅਦ ਸਿਧਾਂਤ ਬਣ ਜਾਂਦਾ ਹੈ। ਇਸ ਸਿਧਾਂਤ ਦਾ ਵਿਹਾਰਕ ਪੱਖ ਸੰਸਥਾ ਹੈ ਜਿਸ ਵਿਚ ਸਿਧਾਂਤ ਦਾ ਅਮਲੀ ਪ੍ਰਗਟਾਵਾ ਹੁੰਦਾ ਹੈ। *ਸੰਸਥਾ ਸਿਧਾਂਤ ਦੇ ਵਿਹਾਰਕ ਰੂਪ ਨੂੰ ਅਮਲ ’ਚ ਪ੍ਰਗਟ ਕਰਦੀ ਹੈ। ਇਸ ਅਨੁਸਾਰ ਕੁੱਝ ਕਰਨ ਤੇ ਕੁੱਝ ਨਾ ਕਰਨ ਯੋਗ ਨਿਯਮਾਵਲੀ ਨਿਰਧਾਰਤ ਕੀਤੀ ਜਾਂਦੀ ਹੈ। ਸਿਧਾਂਤ ਨੂੰ ਅਮਲ ’ਚ ਪ੍ਰਸਤੁਤ ਕਰਨ ਲਈ ਬਣਾਈ ਗਈ ਮਰਿਆਦਾ ਨੂੰ ਵੀ ਸੰਸਥਾ ਕਹਿ ਸਕਦੇ ਹਾਂ। ਸੰਸਥਾਵਾਂ ਸਿਧਾਂਤ ਨੂੰ ਅਮਲ ’ਚ ਲਿਆਉਣ ਵਾਲੇ ਸੰਗਠਨ ਦਾ ਨਾਂ ਹੈ।*[5]

**ਸਿੱਖ ਧਰਮ ਦਾ ਸਿਧਾਂਤਿਕ ਪਰਿਪੇਖ**

ਸਿੱਖ ਧਰਮ ਸਿਧਾਂਤਿਕ ਪੱਖ ਤੋਂ ਸਹਿਜ ਮਾਰਗ ਦਾ ਧਾਰਨੀ ਹੋਣ ਕਰਕੇ ਧਰਮਾਂ ਦੀ ਲੜੀ ਵਿਚ

---

4 *ਪੰਜਾਬੀ ਵਿਸ਼ਵ ਕੋਸ਼,* ਪੰਨਾ 172

5 *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ (ਸੰਪਾ.), ਪੰਨਾ 21

ਇਕ ਨਿਵੇਕਲਾ ਸਥਾਨ ਰੱਖਦਾ ਹੈ। ਇਸ ਦੇ ਸਿਧਾਂਤਾਂ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ ਜਿਨ੍ਹਾਂ ਦਾ ਪ੍ਰਗਟਾਵਾ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਅਤੇ ਸਿੱਖ ਇਤਿਹਾਸ ਵਿਚ ਸਮੇਂ-ਸਮੇਂ 'ਤੇ ਹੁੰਦਾ ਰਿਹਾ ਹੈ। ਸਿੱਖ ਧਰਮ ਦੇ ਸਮਾਜਿਕ ਵਿਹਾਰ ਅਤੇ ਇਸ ਦਾ ਪੂਰਾ ਗਿਆਨ ਨਾ ਹੋਣ ਕਾਰਨ ਇਸ ਨੂੰ ਹਿੰਦੂ ਧਰਮ ਦਾ ਅੰਗ ਮੰਨ ਕੇ ਇਸ ਦੇ ਸਿਧਾਂਤਾਂ ਦੀ ਵੇਦਾਂਤਕ ਪੱਖ ਤੋਂ ਵਿਆਖਿਆ ਵੀ ਕੀਤੀ ਜਾਂਦੀ ਹੈ। ਸਿੱਖ ਸਿਧਾਂਤਾਂ ਵਿੱਚੋਂ ਪ੍ਰਗਟ ਹੋਣ ਵਾਲੇ ਸਿੱਖ ਚਿੰਤਨ ਦੀ ਵਿਲੱਖਣਤਾ ਸੰਬੰਧੀ ਡਾ. ਤਾਰਨ ਸਿੰਘ ਲਿਖਦੇ ਹਨ- *'ਗੁਰੂ ਨਾਨਕ ਦੀ ਫਿਲਾਸਫੀ ਅਦ੍ਵੈਤ ਦੀ ਹੈ ਪਰ ਇਹ ਸ਼ੰਕਰ ਦਾ ਵਿਦਾਂਤ ਨਹੀ; ਇਹ ਸੰਸਾਰ ਦੀ ਅਸਲੀਅਤ ਨੂੰ ਮੰਨਦੀ ਹੈ ਪਰ ਮਾਧਵ ਤੇ ਰਾਮਾਨੁਜ ਦਾ ਦ੍ਵੈਤ ਨਹੀ; ਇਹ ਪਰਮਾਤਮਾ ਤੋਂ ਸਾਰੀ ਰਚਨਾ ਮੰਨਦੀ ਹੈ ਪਰ ਵਲੱਭ ਦਾ ਸ਼ੁੱਧ ਅਦ੍ਵੈਤ ਨਹੀ; ਇਹ ਚੇਤਨਿਆ ਦਾ ਭੇਦ ਅਭੇਦ ਨਹੀ। ਇਹ ਆਪਣੇ ਸੰਪੂਰਨ ਰੂਪ ਵਿਚ ਨਵੀਂ ਚੀਜ ਹੈ ਭਾਵੇਂ ਟੁਕੜਿਆਂ ਵਿਚ ਕਿਧਰੇ ਇਕ ਨਾਲ ਤੇ ਦੂਜੇ ਦਰਸ਼ਨ ਨਾਲ ਮਿਲਦੀ ਹੈ।'* [6] ਇਸ ਪੱਖ ਦੀ ਪੁਸ਼ਟੀ ਡਾ. ਜਸਬੀਰ ਸਿੰਘ ਆਹਲੂਵਾਲੀਆ ਦੇ ਇਸ ਵਿਚਾਰ ਤੋਂ ਵੀ ਹੋ ਜਾਂਦੀ ਹੈ- *ਸਿੱਖ ਫ਼ਲਸਫ਼ੇ ਨਾਲ ਭਾਰਤੀ ਦਾਰਸ਼ਨਿਕ ਪ੍ਰੰਪਰਾ ਇਕ ਨਵੇਂ, ਉਚੇਰੇ ਪੜਾਅ 'ਤੇ ਪਹੁੰਚਦੀ ਹੈ ਜੋ ਵੈਦਿਕ ਦੈਵੀਵਾਦ (polytheism), ਵੇਦਾਂਤਿਕ ਅਦ੍ਵੈਤਵਾਦ (monotheism), ਸ਼ਾਂਖ ਦ੍ਵੈਤਵਾਦ (dualism), ਨਿਆਇ ਵਿਸ਼ੇਸ਼ਕ ਯਥਾਰਥਵਾਦ (realism), ਬੋਧੀ ਇੰਦ੍ਰਿਆਵੀ-ਅਨੁਭਵਵਾਦ (empiricism) ਅਤੇ ਹਿੰਦੂ ਇਕ-ਈਸ਼੍ਵਰਵਾਦ (monotheism) ਨਾਲੋਂ ਭਿੰਨ ਤੇ ਵਿਲੱਖਣ ਹੈ। ਗੁਰਬਾਣੀ ਦਾ ਸ਼ਬਦ ਮਾਰਗ ਪੁਰਾਣੇ ਗਿਆਨ ਮਾਰਗ, ਭਗਤੀ ਮਾਰਗ, ਕਰਮ ਮਾਰਗ ਤੇ ਹਠ ਯੋਗ ਤੋਂ ਵੱਖਰਾ ਹੈ। ਗੁਰਬਾਣੀ ਵਿਚ ਹਿੰਦੂ ਧਰਮ ਦੇ ਹੇਠਲੇ (under) ਛੇ ਦਰਸ਼ਨ-ਪ੍ਰਬੰਧਾਂ (ਖਟ ਦਰਸ਼ਨ), ਛੇ ਭੇਖਾਂ ਤੇ ਛੇ ਕਰਮਾਂ ਨੂੰ ਅਸਵੀਕਾਰ ਕੀਤਾ ਗਿਆ ਹੈ।* [7] ਸਿੱਖ ਸਿਧਾਂਤਾਂ ਵਿਚੋਂ ਪ੍ਰਗਟ ਹੋਣ ਵਾਲੇ ਦਰਸ਼ਨ ਸੰਬੰਧੀ ਇਨ੍ਹਾਂ ਹਵਾਲਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਸਿਧਾਂਤ ਆਪਣੇ ਸਰੂਪ ਕਾਰਨ ਬਾਕੀ ਧਰਮਾਂ ਤੋਂ ਵਿਲੱਖਣ ਹਨ ਜਿਨ੍ਹਾਂ ਨੂੰ ਕਿਸੇ ਦੂਸਰੇ ਸਿਧਾਂਤ ਨਾਲ ਰਲ-ਗੱਡ ਕਰਨਾ ਉਚਿਤ ਨਹੀਂ।

---

[6] ਤਾਰਨ ਸਿੰਘ (ਡਾ.), *ਭਗਤੀ ਤੇ ਸ਼ਕਤੀ*, ਪੰਨੇ 95-96

[7] ਆਹਲੂਵਾਲੀਆ, ਜਸਬੀਰ ਸਿੰਘ (ਡਾ.), *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਪੰਨਾ 15

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅਭਿਵਿਅਕਤ ਸਿੱਖ ਸਿਧਾਂਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਬੇਸ਼ੱਕ ਇਕ ਇਤਿਹਾਸਿਕ ਕਾਵਿ ਹੈ ਪਰੰਤੂ ਇਸ ਵਿਚੋਂ ਸਿੱਖ ਸਿਧਾਂਤ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ। ਗੁਰੂ ਸਾਹਿਬਾਨ ਦੁਆਰਾ ਸਿੱਖਾਂ ਨੂੰ ਦਿੱਤੇ ਗਏ ਉਪਦੇਸ਼ ਅਤੇ ਧਾਰਮਿਕ ਆਗੂਆਂ ਨਾਲ ਸੰਵਾਦ ਵਾਲੇ ਪ੍ਰਸੰਗਾਂ ਵਿਚ ਸਿੱਖ ਸਿਧਾਂਤਾਂ ਦਾ ਵਿਸਤਾਰਤ ਪੱਖ ਵੇਖਣ ਨੂੰ ਮਿਲਦਾ ਹੈ। ਇਸ ਗ੍ਰੰਥ ਵਿਚੋਂ ਅਭਿਵਿਅਕਤ ਹੋਣ ਵਾਲੇ ਸਿਧਾਂਤਾਂ ਦਾ ਵਿਸ਼ੇ ਵੰਡ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ-

1. ਦਾਰਸ਼ਨਿਕ ਸਿਧਾਂਤ- ਪਰਮ ਸੱਤਾ, ਜੀਵ (ਮਨੁੱਖ), ਸ੍ਰਿਸ਼ਟੀ
2. ਧਾਰਮਿਕ ਸਿਧਾਂਤ- ਗੁਰੂ, ਨਾਮ, ਸ਼ਬਦ, ਸਾਧ ਸੰਗਤ, ਹੁਕਮ, ਹਉਮੈ, ਮਨ, ਮਾਇਆ, ਮੁਕਤੀ, ਕਰਮ।
3. ਸਿੱਖ ਸੰਸਥਾਵਾਂ ਦਾ ਸਿਧਾਂਤਿਕ ਪੱਖ- ਧਰਮਸਾਲ/ਗੁਰਦੁਆਰਾ, ਮੀਰੀ-ਪੀਰੀ, ਪੰਜ ਪਿਆਰੇ
4. ਨੈਤਿਕ ਸਿਧਾਂਤ

### 1. ਦਾਰਸ਼ਨਿਕ ਸਿਧਾਂਤ

### 1.1 ਪਰਮ ਸੱਤਾ

ਧਾਰਮਿਕ ਚਿੰਤਨ ਵਿਚ ਪਰਮ ਸੱਤਾ ਦਰਸ਼ਨ ਦਾ ਕੇਂਦਰ ਬਿੰਦੂ ਮੰਨਿਆ ਗਿਆ ਹੈ ਜਿਸ ਦੇ ਦੁਆਲੇ ਲਗ-ਪਗ ਸਮੂਹ ਧਰਮਾਂ ਦਾ ਵਿਚਾਰਕ ਪੱਖ ਕੇਂਦਰਿਤ ਹੁੰਦਾ ਹੈ। ਪਰਮ ਸੱਤਾ ਉਸ ਸ਼ਕਤੀ ਦਾ ਪ੍ਰਤੀਕ ਹੈ ਜਿਸ ਨੂੰ ਵਿਭਿੰਨ ਧਰਮਾਂ ਵਿਚ ਅਕਾਲ ਪੁਰਖ, ਅੱਲਾਹ, ਬ੍ਰਹਮ, ਗਾੱਡ ਆਦਿ ਨਾਵਾਂ ਨਾਲ ਨਿਰੂਪਿਤ ਕੀਤਾ ਜਾਂਦਾ ਹੈ। ਜੇਕਰ ਵੈਦਿਕ ਧਰਮ ਦੀ ਗੱਲ ਇਹ ਬਹੁਦੇਵਵਾਦ ਵਾਲਾ ਧਰਮ ਹੈ ਜਿਸ ਵਿਚ ਈਸ਼ਵਰ ਨੂੰ ਸਰਗੁਣ ਰੂਪ ਵਜੋਂ ਪ੍ਰਵਾਨ ਕੀਤਾ ਗਿਆ ਹੈ। ਰਿਗਵੇਦ ਅਨੁਸਾਰ[8] ਪਰਮਾਤਮਾ ਦੇ ਹਜਾਰਾਂ ਅੱਖਾਂ, ਸਿਰ ਅਤੇ ਪੈਰ ਹਨ। ਭਗਵਤ ਗੀਤਾ ਵਿਚ ਪਰਮਾਤਮਾ ਨੂੰ ਸਰਬ ਵਿਆਪਕ ਰੂਪ ਵਿਚ ਚਿਤ੍ਰਿਤ

---

[8] *ਰਿਗਵੇਦ,* ਸ਼ਰਮਾ, ਗੰਗਾ ਸਹਾਇ, ਡਾ. (ਅਨੁ.), 10.90.1, ਪੰਨਾ 1085

ਕੀਤਾ ਗਿਆ ਹੈ[9] ਜੋ ਧਰਤੀ 'ਤੇ ਪਾਪ ਦਾ ਪਸਾਰਾ ਜ਼ਿਆਦਾ ਹੋਣ ਅਤੇ ਧਰਮ ਦੀ ਹਾਨੀ ਹੋਣ ਦੀ ਹਾਲਤ ਵਿਚ ਸਾਕਾਰ ਰੂਪ ਵਿਚ ਅਵਤਾਰ ਲੈਂਦਾ ਹੈ।[10] ਇਸਲਾਮ ਧਰਮ ਵਿਚ ਪਰਮ ਸੱਤਾ ਨੂੰ ਖ਼ੁਦਾ ਅਤੇ ਅੱਲਾਹ ਦਾ ਨਾਂ ਦਿੱਤਾ ਗਿਆ ਹੈ ਜੋ ਇਕ ਹੈ[11], ਦਿਆਲੂ ਕਿਰਪਾਲੂ ਹੈ[12]; ਅੰਤਰਜਾਮੀ[13] ਅਤੇ ਸਭਨਾਂ ਨੂੰ ਰਿਜ਼ਕ ਦੇਣ ਵਾਲਾ ਹੈ[14]। ਬਾਈਬਲ ਵਿਚ ਪਰਮ ਸੱਤਾ ਨੂੰ 'ਯਹੋਵਾਹ ਪਰਮੇਸ਼ਰ' ਦਾ ਨਾਮ ਦਿੱਤਾ ਗਿਆ ਹੈ ਜੋ ਹਨੇਰਿਆਂ ਵਿਚ ਰੌਸ਼ਨੀ ਕਰਨ ਵਾਲੇ ਦੀਵੇ ਵਾਂਗ ਹੈ।[15] ਉਸ ਯਹੋਵਾਹ ਪਰਮੇਸ਼ਰ ਬਾਰੇ ਇਹ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਉਹ ਕਿੰਨਾ ਵੱਡਾ ਹੈ।[16]

ਸਿੱਖ ਧਰਮ ਵਿਚ ਪਰਮਾਤਮਾ ਨੂੰ ਅਕਾਲ ਪੁਰਖ ਅਤੇ ਵਾਹਿਗੁਰੂ ਦਾ ਨਾਮ ਦਿੱਤਾ ਗਿਆ ਹੈ ਜੋ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਮੌਜੂਦ ਹੈ।[17] ਉਸ ਦੇ ਬਰਾਬਰ ਹੋਰ ਕੋਈ ਵੀ ਸ਼ਕਤੀ ਮੌਜੂਦ ਨਹੀਂ ਹੈ ਅਤੇ ਨਾ ਹੀ ਹੋਵੇਗੀ।[18] ਉਹ ਮੈਲ ਤੋਂ ਰਹਿਤ[19], ਮਨੁੱਖੀ ਬੁਧੀ ਤੋਂ ਪਰੇ[20] ਸ੍ਰਿਸ਼ਟੀ ਦਾ ਕਰਤਾ[21] ਸਦਾ ਕਾਇਮ ਰਹਿਣ

---

9 *ਸ੍ਰੀਮਦਭਗਵਤਗੀਤਾ,* 7.8, ਪੰਨੇ 111-112

10 ਉਹੀ, 4.7, ਪੰਨਾ 64

11 *ਕੁਰਆਨ ਮਜੀਦ,* ਰਮਜ਼ਾਨ ਸਈਦ (ਅਨੁ.), ਸੂਰਤ ਅਲ-ਇਖ਼ਲਾਸ, ਆਇਤ 1, ਪੰਨਾ 1210

12 ਉਹੀ, ਸੂਰਤ ਅਲ-ਫ਼ਾਤਿਹਾ, ਆਇਤ 1, 2, 3, ਪੰਨਾ 13

13 ਉਹੀ, ਸੂਰਤ ਅਲ-ਅਨਆਮ, ਆਇਤ 3, ਪੰਨਾ 221

14 ਉਹੀ, ਸੂਰਤ ਹੂਦ, ਆਇਤ 6, ਪੰਨਾ 378

15 *ਪਵਿੱਤਰ ਬਾਈਬਲ,* ਸਮੂਏਲ-2, 22:29, ਪੰਨਾ 361

16 ਉਹੀ, ਜ਼ਬੂਰ, 106:2, ਪੰਨਾ 633

17 ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 11

18 ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ -ਉਹੀ, ਪੰਨਾ 250

19 ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ -ਉਹੀ,ਪੰਨਾ 7

20 ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥ -ਉਹੀ, ਪੰਨਾ 918

21 ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ -ਉਹੀ, ਪੰਨਾ 12

ਵਾਲਾ[22] ਅੰਤਰਜਾਮੀ[23], ਕਾਲ ਤੋਂ ਰਹਿਤ[24] ਪਾਪੀਆਂ ਨੂੰ ਪਵਿੱਤਰ ਕਰਨ ਵਾਲਾ[25], ਸਾਰੀ ਸ੍ਰਿਸ਼ਟੀ ਵਿਚ ਇਕ ਰਸ ਵਿਆਪਕ[26], ਅਪਰੰਪਰ[27] ਅਤੇ ਬੇਅੰਤ ਹੈ[28] ਜਿਸ ਦਾ ਹੁਕਮ ਹਰ ਪਾਸੇ ਵਰਤ ਰਿਹਾ ਹੈ।[29]

ਭਾਈ ਸੰਤੋਖ ਸਿੰਘ ਨੇ ਸਭਨਾਂ ਵਿਚ ਅਕਾਸ ਵਾਂਗ ਪੂਰਨ ਹੋ ਰਹੇ ਸਤਿ ਚੇਤੰਨ ਅਨੰਦ ਅਕਾਲ ਪੁਰਖ ਦਾ ਸਿਮਰਨ ਰੂਪ ਵਿਚ ਮੰਗਲ ਕੀਤਾ ਹੈ[30] ਜੋ ਸਾਰਿਆਂ ਵਿਚ ਇਕ ਸਮਾਨ ਵਿਆਪਕ ਹੈ ਅਤੇ ਸਭ ਨੂੰ ਪ੍ਰੇਰਨਾ ਦੇਣ ਵਾਲਾ ਹੈ।[31] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਪਰਮ ਸੱਤਾ ਦੇ ਮੁੱਖ ਰੂਪ ਵਿਚ ਇਹ ਪੱਖ ਪ੍ਰਗਟ ਹੁੰਦੇ ਹਨ-

### 1.1.1 ਸਰੂਪ

ਅਕਾਲ ਪੁਰਖ ਦਾ ਕੋਈ ਵੀ ਸਰਗੁਣ ਸਰੂਪ- ਰੂਪ, ਰੰਗ, ਆਕਾਰ ਨਹੀਂ ਹੈ। ਉਹ ਅਨਾਦਿ (ਆਦਿ ਤੋਂ ਰਹਿਤ) ਅਤੇ ਅਜੂਨੀ ਹੈ ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਅਕਾਲ ਪੁਰਖ ਸਦੀਵੀ ਹੋਂਦ ਵਾਲੀ ਭਰਮ, ਕਰਮ, ਭੇਖ ਅਤੇ ਭੈ ਤੋਂ ਰਹਿਤ ਪਵਿੱਤਰ ਹਸਤੀ ਹੈ-

---

22 ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥ ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 509

23 ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥ -ਉਹੀ, ਪੰਨਾ 1323

24 ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ -ਉਹੀ, ਪੰਨਾ 1039

25 ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ -ਉਹੀ, ਪੰਨਾ 784

26 ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥ -ਉਹੀ, ਪੰਨਾ 448

27 ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ -ਉਹੀ, ਪੰਨਾ 11

28 ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ -ਉਹੀ, ਪੰਨਾ 11

29 ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ -ਉਹੀ, ਪੰਨਾ 1275

30 ਸਤਿ ਚੇਤਨ ਅੰਨਦ ਇਕ ਅਸਤਿ ਭਾਂਤ ਪ੍ਰਿਯ ਪੂਰ। ਨਭ ਸਮ ਸਭਿ ਮਹਿ, ਸੁਭ ਕਰਨ, ਗਨ ਮੰਗਲ ਕੋ ਮੂਰ ॥

-ਜਿਲਦ ਅਠਵੀਂ, ਪੰਨਾ 2777

31 ਪਾਰਬ੍ਰਹਮ ਪਰਮਾਤਮਾ ਬਿਯਾਪਕ ਸਕਲ ਸਮਾਨ। ਸਭ ਅਲੰਬ ਪ੍ਰੇਰਕ ਪ੍ਰਭੂ ਬਿਦਤਹੁ ਰਿਦੇ ਮਹਾਨ ॥

-ਜਿਲਦ ਦਸਵੀਂ, ਪੰਨਾ 4219

ਸਤਿ ਸਰੂਪ ਅਨੂਪ ਅਲੇਖਾ। ਨਿਤ ਅਸੂਤ ਅਭੇਦ ਅਭੇਖਾ ।।

ਅਕਰਮ ਅਭਰਮ ਅਦੈਤ ਅਨਾਸ਼ਾ। ਅਭੂ ਅਨਾਦੂ ਸੁਤੇ ਪ੍ਰਕਾਸਾ ।।

ਰੇਖ ਨ ਰੰਗ ਨ ਮੋਹ ਨ ਮਾਯਾ। ਅਜੈ ਅਜਨਮਾ ਅਜਰ ਅਜਾਯਾ ।।[32]

### 1.1.2 ਸਰਬ ਵਿਆਪੀ ਅਤੇ ਕਾਲ ਦੇ ਪ੍ਰਭਾਵ ਤੋਂ ਮੁਕਤ

ਪਰਮਾਤਮਾ ਸਮੁੱਚੀ ਸ੍ਰਿਸ਼ਟੀ ਵਿਚ ਉਸੇ ਪ੍ਰਕਾਰ ਸਰਬ ਵਿਆਪਕ ਹੈ ਜਿਵੇਂ ਸਾਰੀ ਧਰਤੀ ਅੰਦਰ ਪਾਣੀ ਮੌਜੂਦ ਹੈ। ਸਾਰੀਆਂ ਥਾਂਵਾਂ 'ਤੇ ਸਾਰੇ ਜੀਵਾਂ ਵਿਚ ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ-

ਸਰਬ ਥਾਨ ਸਭਿ ਜੀਵਨ ਮਾਂਹੀ। ਪਰਮੇਸ਼ੁਰ ਬਿਨ ਦੂਜੋ ਨਾਂਹੀ ।।

ਧਰਨੀ ਸਰਬ ਬਿਖੈ ਜਲ ਜੈਸੇ। ਪਰਮਾਤਮ ਰਹਯੋ ਪੂਰ ਸੁ ਐਸੇ ।।[33]

ਉਹ ਸਾਰੀ ਸ੍ਰਿਸ਼ਟ ਵਿਚ ਇਕ ਰਸ ਵਿਆਪਕ ਹੈ ਜੋ ਤਿੰਨੇ ਕਾਲਾਂ ਦੇ ਪ੍ਰਭਾਵ ਤੋਂ ਮੁਕਤ 'ਕਰਤਾ ਪੁਰਖ ਅਕਾਲ' ਹੈ।[34] ਉਹ ਸਾਰਿਆਂ ਤੋਂ ਦੂਰ ਹੋ ਕੇ ਵੀ ਸਾਰਿਆਂ ਦੇ ਨੇੜੇ ਹੈ।[35]

### 1.1.3 ਸਮਰੱਥਾ

ਅਕਾਲ ਪੁਰਖ ਸ੍ਰਿਸ਼ਟੀ ਦੇ ਹਰ ਛੋਟੇ ਵੱਡੇ ਪ੍ਰਾਣੀ ਨੂੰ ਰਿਜ਼ਕ ਦੇ ਰਿਹਾ ਹੈ। ਉਸ ਤੋਂ ਬਿਨਾਂ ਕਿਸੇ ਹੋਰ ਵਿਚ ਅਜਿਹਾ ਕਰਨ ਦੀ ਸਮਰੱਥਾ ਨਹੀਂ-

ਰਾਉ ਚੀਟੀ ਜੋਈ। ਸਭਿ ਕੋ ਦਾਤਾ ਤ੍ਰਾਤਾ ਸੋਈ ,ਗਜ ,ਰੰਕ ,॥

ਅਪਰ ਬਿਖੈ ਸਮਰਥ ਹੈ ਕਹਾਂ। ਜੀਵਹਿ ਜੋ ਪਾਲਹਿ ਜਹਿਂ ਕਹਾਂ।[36]

ਉਸ ਪ੍ਰਭੂ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵ, ਵਾਯੂ, ਗਣੇਸ਼, ਅਗਨੀ, ਵਰੁਣ, ਇੰਦ੍ਰ, ਕੁਬੇਰ, ਸੂਰਜ,

---

[32] ਸਭਿ ਤੈ ਦੂਰ ਸਭਿਨਿ ਅਤਿ ਪਾਸਾ ॥ -ਜਿਲਦ ਚੌਥੀ, ਪੰਨਾ 989

[33] ਉਹੀ, ਪੰਨਾ 813

[34] ਤੀਨੋਕਾਲ ਸੁ ਅਚੱਲ ਰਹਿ ਅਲਬ ਸਕਲ ਜਗਜਾਲਿ ॥

ਜਾਲ ਕਾਲ ਲਖਿ ਮੁਚਤਿ ਜਿਸਿ ਕਰਤਾ ਪੁਰਖ ਅਕਾਲ ॥ -ਜਿਲਦ ਪੰਜਵੀਂ, ਪੰਨਾ 1261

[35] ਜਿਲਦ ਚੌਥੀ, ਪੰਨਾ 989

[36] ਜਿਲਦ ਛੇਵੀਂ, ਪੰਨਾ 1794

ਚੰਦ੍ਰਮਾਂ, ਤਾਰੇ, ਯਮਰਾਜ, ਆਦਿ ਦੇਵਤੇ ਨਮਸਕਾਰ ਕਰਦੇ ਹਨ।[37] ਉਸ ਦੀ ਲੱਖਾਂ ਹੀ ਦੇਵੀ-ਦੇਵਤੇ ਸੇਵਾ ਕਰਦੇ ਹਨ। ਅਜਿਹੀ ਉਚ ਸਮਰੱਥ ਵਾਲੇ ਪਰਮਾਤਮਾ ਦੀ ਕਲਪਨਾ ਪੱਥਰ ਵਿਚ ਕਰਨੀ ਠੀਕ ਨਹੀਂ ਕਿਉਂਕਿ ਪੱਥਰ ਜੜ੍ਹ ਹੁੰਦਾ ਹੈ ਜਿਸ ਵਿਚ ਥੋੜ੍ਹੀ ਜਿਹੀ ਵੀ ਸਮਰੱਥਾ ਨਹੀਂ।[38]

### 1.1.4 ਪਰਮਾਤਮਾ ਦੇ ਚਾਰ ਪ੍ਰਕਾਰ ਦੇ ਭਗਤ

ਭਾਈ ਸੰਤੋਖ ਸਿੰਘ ਨੇ ਭਗਤਾਂ ਦੇ ਸੁਭਾਅ ਅਤੇ ਪ੍ਰਵਿਰਤੀ ਅਨੁਸਾਰ ਅਕਾਲ ਪੁਰਖ ਦੇ ਭਗਤਾਂ ਦਾ ਚਾਰ ਸ਼੍ਰੇਣੀਆਂ ਵਿਚ ਵਰਗੀਕਰਨ ਕੀਤਾ ਹੈ ਜੋ ਇਸ ਪ੍ਰਕਾਰ ਹੈ-

(ੳ) ਆਪਣੇ ਮਨ ਵਿਚ ਕਿਸੇ ਇੱਛਾ ਦੀ ਕਾਮਨਾ ਕਰ ਕੇ ਨਾਮ ਸਿਮਰਨ ਅਤੇ ਸੰਤਾਂ ਦੀ ਸੇਵਾ ਕਰਨ ਵਾਲੇ, ਜਿਨ੍ਹਾਂ ਦੀ ਇੱਛਾ ਪੂਰੀ ਹੋਣ ਤੋਂ ਬਾਅਦ ਹਿਰਦੇ ਵਿਚ ਰੱਬੀ ਪ੍ਰੇਮ ਪੈਦਾ ਹੋ ਜਾਂਦਾ ਹੈ।[39]

(ਅ) ਦੁੱਖਾਂ, ਰੋਗਾਂ ਅਤੇ ਦੁਸ਼ਮਣਾਂ ਤੋਂ ਛੁਟਕਾਰੇ ਲਈ ਪ੍ਰਭੂ ਦਾ ਸਿਮਰਨ ਕਰਨ ਵਾਲੇ, ਜੋ ਇਨ੍ਹਾਂ ਤੋਂ ਮੁਕਤ ਹੋਣ ਤੋਂ ਬਾਅਦ ਸ਼ਰਧਾ ਅਧੀਨ ਲਾਲਚ ਨਾਲ ਅਕਾਲ ਪੁਰਖ ਦਾ ਸਿਮਰਨ ਕਰਦੇ ਰਹਿੰਦੇ ਹਨ।[40]

---

[37] ਅੰ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ।
ਬਾਯੁ ਬਿਨਾਯਕ ਬਾਯੁ ਸਖਾ ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ।
ਸ੍ਰੀਦਹਿ ਸੂਰ ਸਸੀ ਅੁਡ ਅੰਤਕ ਮਾਨਵ ਦਾਨਵ ਦੇਵ ਸੰਗਾਤੀ।
ਬੰਦਨਤਾ ਕਰ ਬੰਦਨ ਕੈ ਨਿਤ ਆਨਦ ਕੰਦ ਮੁਕੰਦ ਜਿ ਖਾਤੀ ॥

[38] ਜਿਹ ਲਾਖਹੁਂ ਸੁਰਪਤਿ ਦੇਵੰ। ਸਸਿ ਸੂਰਜ ਸ਼ੰਕਰ ਸੇਵੰ।
...ਤਿਹ ਕਲਪਜੋ ਪਾਹਨ ਮਾਂਹੀ। ਜੜ੍ਹ ਅਲਪ ਸ਼ਕਤਿ ਕੁਛ ਨਾਂਹੀ। -ਜਿਲਦ ਛੇਵੀਂ, ਪੰਨਾ 2024

[39] ਸ੍ਰੀ ਗੁਰ ਸੁਨਿ ਕੈ ਬਹੁਰ ਉਚਾਰਾ। 'ਭਗਤਿ ਹੋਤਿ ਹੈ ਚਾਰਿ ਪ੍ਰਕਾਰਾ।
ਬ੍ਰਿੰਦ ਕਾਮਨਾ ਕਰਿ ਕਰਿਰ ਮਨ ਮੈਂ। ਸੱਤਿ-ਨਾਮ ਸਿਮਰਤਿ ਨਿਸ ਦਿਨ ਮੈਂ।
ਅਰੁ ਸੰਤਨ ਕੀ ਸੇਵਾ ਠਾਨਤਿ। ਕਹੇ ਬਚਨ ਸੰਤਨਿ ਕੇ ਮਾਨਤਿ।
ਤਿਨ ਕੀ ਹੋਤਿ ਕਾਮਨਾ ਪੂਰੀ। ਪੁਨ ਪ੍ਰਭੁ ਪ੍ਰੀਤਿ ਉਪਜਿ ਉਰ ਰੂਰੀ। -ਜਿਲਦ ਸਤਵੀਂ, ਪੰਨੇ 2689-90

[40] ਦੁਤੀਏ ਆਰਤਿ ਭਗਤ ਬਨੰਤੇ। ਜੇ ਸ਼ਤ੍ਰੁਨਿ ਤੇ ਹੋਇ ਦੁਖਵੰਤੇ।
ਕੈ ਰੋਗਾਤੁਰ ਦੁਖ ਕੋ ਪਾਵੈਂ। ਪ੍ਰਭੁ ਕੇ ਸਿਮਰਨਿ ਮਹਿਂ ਮਨ ਲਾਵੈਂ।

(ੲ) ਪਰਮਾਤਮਾ ਨੂੰ ਪਤੀ ਰੂਪ ਅਤੇ ਆਪਣੇ ਆਪ ਨੂੰ ਉਸ ਦੀ ਇਸਤਰੀ ਦੇ ਰੂਪ ਵਿਚ ਜਾਣ ਕੇ ਉਸ ਦੀ ਆਪਣੇ ਹਿਰਦੇ ਵਿਚੋਂ ਭਗਤੀ ਕਰਨ ਵਾਲੇ, ਜਿਨ੍ਹਾਂ ਦੇ ਅੰਦਰ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।[41]

(ਸ) ਆਤਮਿਕ ਗਿਆਨ ਵਾਲੇ ਭਗਤ, ਜੋ ਸਾਰੇ ਜੀਵਾਂ ਅਤੇ ਸ੍ਰਿਸ਼ਟੀ ਦੀ ਹਰ ਥਾਂ ਵਿਚ ਇਕ ਪਰਮਾਤਮਾ ਦਾ ਰੂਪ ਵੇਖਦੇ ਹਨ ਅਤੇ ਅਕਾਲ ਪੁਰਖ ਦਾ ਨਾਮ ਜਪਦੇ ਹੋਏ ਆਤਮ ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹਨ।[42]

### 1.1.5 ਕਿਰਤਮ ਨਾਮ ਅਤੇ ਗੁਣ

ਪਰਮ ਹਸਤੀ ਦੇ ਗੁਰਬਾਣੀ ਵਿਚ ਆਉਣ ਵਾਲੇ ਕਿਰਤਮ ਨਾਵਾਂ ਨੂੰ ਉਨ੍ਹਾਂ ਦੇ ਗੁਣਾਂ ਨਾਲ ਜੋੜ ਕੇ ਇਸ ਗ੍ਰੰਥ ਵਿਚ ਇਸ ਪ੍ਰਕਾਰ ਚਿਤ੍ਰਿਤ ਕੀਤਾ ਗਿਆ ਹੈ-

ਪ੍ਰਭੂ ਸੰਭੂ, ਨਿਰਭਉ, ਸਭਿ ਸ੍ਵਾਮੀ। ਮਧੁਸੂਦਨ ਨਿਤ ਅੰਤਰਜਾਮੀ।
ਜਗਜੀਵਨ, ਜਗ ਰਚਨ ਬਿਧਾਤਾ। ਨਾਰਾਇਣ, ਨਰਪਤਿ, ਜਗ ਦਾਤਾ।
ਦੁਸ਼ਟਨ ਗੰਜਨ, ਜਨ ਮਨ ਰੰਜਨ। ਕਰਤਾ ਪੁਰਖ, ਅਨੰਤ, ਅਭੰਜਨ।
ਸੱਤਿਰੂਪ, ਜੋਤਿਨ ਕੀ ਜੋਤਿ। ਜਿਹਂ ਸੱਤਾ ਤੇ ਜਗਤ ਉਦੋਤ।
ਪਰਮਾਤਮ, ਨਰਹਰਿ, ਅਬਿਨਾਸ਼ੀ। ਰੂਪ ਨ ਰੰਗ ਨ ਘਟਿ ਘਟਿ ਵਾਸੀ।

---

ਸ਼ੱਤ੍ਰਨਿ ਤੇ ਹੁਇ ਜਾਤਿ ਸੁਖਾਰੋ। ਰੋਗ ਨਸ਼ਟ ਤੇ ਹੁਇ ਬਲ ਭਾਰੋ।
ਆਗੇ ਕੋ ਸ਼ਰਧਾ ਵਧਿ ਪਰੈ। ਲਾਲਚ ਤੇ ਸਦ ਸਿਮਰਨਿ ਕਰੈ। - ਜਿਲਦ ਸਤਵੀਂ, ਪੰਨਾ 2690

41 ਤੀਜੈ ਨਿਤ ਉਪਾਸਨਾ ਧਾਰੀ। ਸਿਮਰਹਿਂ ਸੱਤਨਾਮ ਅਘਹਾਰੀ।
ਲਖਹਿਂ ਦਾਸ ਨਿਜ, ਪ੍ਰਭ ਕੋ ਕਰਤਾ। ਹਮ ਤ੍ਰਿਯ ਓਮ, ਪਰਮੇਸੁਰ ਭਰਤਾ।
ਅੰਤਹਕਰਨ ਬਿਮਲ ਹੁਇ ਜਾਤਿ। ਪੁਨ ਤਿਸਿ ਬ੍ਰਹਮ ਗਯਾਨ ਉਪਜਾਤਿ। -ਉਹੀ

42 ਚੌਥੈ ਗਯਾਨੀ ਭਗਤ ਬਿਸਾਲੇ। ਏਕ ਪਰਮੇਸੁਰ ਸਭਿ ਮਹਿਂ ਭਾਲੇ।
ਘਟ ਮਠ ਮਹਿਂ ਜਿਮ ਬਯਾਪਿ ਅਕਾਸ਼। ਤਿਮ ਸਭਿ ਮਹਿਂ ਇਕ ਬ੍ਰਹਮ ਪ੍ਰਕਾਸ਼।
ਇਮ ਲਖਿ ਵਾਹਿਗੁਰੂ ਨਿਤ ਸਿਮਰਹਿਂ। ਦ੍ਰਿਢ ਹੁਇ ਆਤਮ ਗਯਾਨ ਸੁ ਉਰ ਮਹਿਂ। -ਉਹੀ

ਪੁਰਸ਼ੋਤਮ, ਪਾਵਨ, ਦੁਖਹਾਰੀ। ਮਹਿਦ ਮਨੋਹਰ, ਆਨੰਦਕਾਰੀ।

ਪਦਮਾਪਤ, ਮਾਧਵ, ਗੋਬਿੰਦ। ਵਾਹਿਗੁਰੂ, ਸਤਿਗੁਰੂ, ਮੁਕੰਦ।

ਖਲ ਦਲ ਹਰਤਾ, ਗਰਬ ਪ੍ਰਹਾਰੀ। ਰਾਮ, ਕ੍ਰਿਸ਼ਨ, ਗੋਬਿੰਦ, ਮੁਰਾਰੀ।[43]

### 1.1.6 ਦੁਨਿਆਵੀਂ ਗਿਆਨ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ

ਉਹ ਪਰਮਾਤਮਾ ਸੁਖਾਂ ਦਾ ਸਾਗਰ ਹੈ ਜਿਸ ਦੇ ਗੁਣਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਉਸ ਦੇ ਭੇਦ ਨੂੰ ਚਾਰ ਵੇਦ ਵੀ ਨਹੀਂ ਜਾਣ ਸਕੇ ਕਿਉਂਕਿ ਉਹ ਮਨ ਬੁੱਧੀ ਆਦਿ ਦਾ ਵਿਸ਼ਾ ਨਹੀਂ।[44] ਕਵੀ ਜੀ ਨੇ ਪਰਮਸੱਤਾ ਦੇ ਅਲੱਖ, ਇੰਦ੍ਰਿਆਵੀਂ ਗਿਆਨ ਤੋਂ ਪਰੇ ਅਤੇ ਬੇਪਰਵਾਹ ਸਰੂਪ ਦੀ ਬੰਦਨਾ ਇਸ ਪ੍ਰਕਾਰ ਕੀਤੀ ਹੈ-

ਅਲਖ ਅਭੇਵ ਅਨੰਤ ਪ੍ਰਭ ਜਿਹ ਗਤਿ ਲਖੀ ਨਾ ਜਾਹਿ।

ਬੰਦਨ ਪਦ ਅਰਵਿੰਦ ਤਿਹ ਡਾਢਾ ਬੇ ਪਰਵਾਹਿ।[45]

### 1.1.7 ਪ੍ਰਾਪਤੀ ਦਾ ਢੰਗ

ਪਰਮਾਤਮਾ ਦੇ ਮਿਲਾਪ ਦਾ ਮਾਰਗ ਬਿਖਮ ਹੈ। ਸਤਸੰਗਤਿ ਤੇ ਭਗਤੀ ਚੋਂ ਬਿਨਾਂ ਇਸ ਮਿਲਾਪ ਦਾ ਹੋਰ ਕੋਈ ਢੰਗ ਨਹੀਂ-

ਪਰਮੇਸ਼ੁਰ ਕੋ ਮਿਲਿਨਿ ਜੋ ਮਹਾਂ ਬਿਖਮ ਪਹਿਚਾਨ।

ਬਿਨ ਸਤਿਸੰਗਤਿ ਭਗਤਿ ਤੇ ਜਾਨ ਉਪਾਵ ਨਾ ਆਨ।।[46]

---

[43] ਜਿਲਦ ਤੇਰਵੀਂ, ਪੰਨਾ 5415

[44] ਤਾਰਨਿ ਗੈਨ ਗਿਨੈਂਤੁ ਗਿਨੈਂ, ਸੁਖਸਾਗਰ ਕੇ ਗੁਨਕੋ ਕਬਿ ਪਾਰਨ ।

ਪਾਰਨਿ ਜੀਵਨ ਕੋ ਕਰਤਾ, ਜਿਸ ਕੋ ਜਸ ਬੇਦ ਬਦੈ ਸਮ ਚਾਰਨਿ।

ਚਾਰਨਿ ਬੇਦ ਲਖਯੋ ਨ ਗਯੋ ਕਿਸਕੋ ਨ ਬਿਸ਼ੈ ਅਸ ਰੂਪ ਅਕਾਰਨ।

ਕਾਰਨ ਜੋ ਬ੍ਰਹਮੰਡ ਅਖੰਡ ਨਿਰੰਤਰ ਆਪ ਰਮਯੋ ਤਮ ਤਾਰਨ। -ਜਿਲਦ ਸਤਵੀਂ, ਪੰਨਾ 2507

[45] ਜਿਲਦ ਤੀਜੀ, ਪੰਨਾ 744

[46] ਜਿਲਦ ਚੌਥੀ, ਪੰਨਾ 767

ਕਠੋਰ ਬਚਨ ਵਾਲੇ ਨੂੰ ਈਸ਼ਵਰ ਦੀ ਪ੍ਰਾਪਤੀ ਨਹੀਂ ਹੋ ਸਕਦੀ, ਠੀਕ ਉਸੇ ਪ੍ਰਕਾਰ ਜਿਵੇਂ ਰੇਤੇ ਵਿਚੋਂ ਤੇਲ ਨਹੀਂ ਨਿਕਲ ਸਕਦਾ।[47] ਆਤਮ ਮਾਰਗ ਦੇ ਪਾਂਧੀ ਜਗਿਆਸੂ ਦਾ ਹਿਰਦਾ ਖੂਹ ਦੇ ਸਮਾਨ ਹੁੰਦਾ ਹੈ ਜਿਸ ਵਿੱਚੋਂ ਯਤਨ ਕਰਨ 'ਤੇ ਪਾਣੀ ਵਾਂਗ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਪਰੰਤੂ ਅਗਿਆਨੀ ਦਾ ਹਿਰਦਾ ਇਸ ਪ੍ਰਕਾਰ ਦਾ ਹੁੰਦਾ ਹੈ ਜਿਵੇਂ ਨਾ ਦਿਖਾਈ ਵਾਲਾ ਅਨੇਕਾਂ ਪੜਦਿਆਂ ਵਿਚ ਪਿਆ ਪਾਣੀ, ਜਿਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ।[48]

### 1.2 ਜੀਵ (ਮਨੁੱਖ)

ਜੀਵਾਤਮਾ, ਪਰਮ ਸੱਤਾ ਨਾਲ ਸਹਿ-ਸੰਬੰਧਿਤ ਵਿਸ਼ਾ ਹੈ। ਇਸ ਲਈ ਇਸ ਦੇ ਸਿਧਾਂਤਿਕ ਪੱਖ ਨੂੰ ਸਮਝੇ ਬਿਨਾਂ ਧਰਮ ਚਿੰਤਨ ਦਾ ਸੰਪੂਰਨ ਗਿਆਨ ਸੰਭਵ ਨਹੀਂ। ਲਗ-ਪਗ ਸਮੂਹ ਧਰਮਾਂ ਵਿਚ ਹੀ ਮਨੁੱਖ ਨੂੰ ਵਡਿਆਈ ਪ੍ਰਦਾਨ ਕੀਤੀ ਗਈ ਹੈ ਪਰੰਤੂ ਵਿਸ਼ੇ ਵਿਕਾਰਾਂ ਅਧੀਨ ਹੋ ਕੇ ਉਹ ਆਪਣਾ ਜਨਮ ਵਿਅਰਥ ਗਵਾ ਲੈਂਦਾ ਹੈ। ਏਤਰੇਯ ਉਪਨਿਸ਼ਦ ਵਿਚ[49] ਮਨੁੱਖ ਨੂੰ ਪਰਮਾਤਮਾ ਦੀ ਸਭ ਤੋਂ ਸੁੰਦਰ ਰਚਨਾ ਕਿਹਾ ਗਿਆ ਹੈ। ਕੁਰਆਨ ਮਜੀਦ ਅਨੁਸਾਰ[50] ਅੱਲਾ ਨੇ ਗਲੀ ਸੜੀ ਮਿੱਟੀ ਦੇ ਗਾਰੇ ਤੋਂ ਮਨੁੱਖ ਦੀ ਸਿਰਜਨਾ ਕਰਨ ਤੋਂ ਬਾਅਦ ਸਾਰੇ ਫਰਿਸ਼ਤਿਆਂ ਨੂੰ ਮਨੁੱਖ ਨੂੰ ਸਿਜਦਾ ਕਰਨ ਲਈ ਹੁਕਮ ਦੇ ਮਨੁੱਖ ਦੀ ਕੇ ਉੱਤਮਤਾ ਨੂੰ ਦਰਸਾਇਆ। ਗੁਰਬਾਣੀ ਅਨੁਸਾਰ ਮਨੁੱਖ ਇਸ ਧਰਤੀ ਦੇ ਸਭ ਜੀਵਾਂ ਤੋਂ ਉੱਤਮ ਹੈ ਜਿਸ ਦੀ ਸਾਰੀਆਂ ਜੂਨਾਂ 'ਤੇ ਬਾਦਸ਼ਾਹਤ ਹੈ[51]। ਦੇਵਤਿਆਂ ਲਈ ਵੀ ਦੁਰਲੱਭ ਇਹ ਮਨੁੱਖਾ ਸਰੀਰ[52] ਜੀਵ ਨੂੰ ਵਿਸ਼ੇਸ਼ ਉੱਦਮ

---

[47] ਤਹਿੰ ਤੇ ਈਸ਼ੁਰ ਹਾਥ ਨ ਆਵੈ। ਜਿਉਂ ਸਿਕਤਾ ਤੇ ਤੇਲ ਨ ਪਾਵੈ ॥ - ਜਿਲਦ ਚੌਥੀ, ਪੰਨਾ 814

[48] ਜੱਗਯਾਸੀ ਕੋ ਉਰ ਹੈ ਜੋਈ। ਕੌਪ ਸਮਾਨ ਜਾਨਿਯੇ ਸੋਈ ॥

ਜਤਲ ਕਰੇ ਜਲ ਕਰ ਮਹਿਂ ਆਵੈ। ਤਿਉਂ ਪ੍ਰਯਾਸ ਤੇ ਈਸ਼ੁਰ ਪਾਵੈ।

ਅਗਯਾਨੀ ਕੋ ਉਰ ਹੈ ਜੋਊ। ਪੜਦੇ ਕੋ ਜਲ ਜਾਨਹੁ ਸੋਊ ॥ -ਉਹੀ, ਪੰਨਾ 813

[49] *ਏਤਰੇਯ ਉਪਨਿਸ਼ਦ,* 2/3, ਈਸ਼ਾਦਿ ਨੌ ਉਪਨਿਸ਼ਦ, ਪੰਨਾ 841

[50] *ਕੁਰਆਨ ਮਜੀਦ,* ਰਮਜ਼ਾਨ ਸਈਦ (ਅਨੁ.), ਸੂਰਤ ਅਲ-ਹਿਜਰ, ਆਇਤ 26-43, ਪੰਨੇ 449-450

[51] ਅਵਰ ਜੋਨਿ ਤੇਰੀ ਪਨਿਹਾਰੀ ॥

ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 374

[52] ਇਸ ਦੇਹੀ ਕਉ ਸਿਮਰਹਿ ਦੇਵ ॥ -ਉਹੀ, ਪੰਨਾ 1159

ਸਦਕਾ ਮਿਲਿਆ ਹੈ[53] ਜਿਸ ਦਾ ਉਦੇਸ਼ ਪਰਮਾਤਮਾ ਨਾਲ ਮਿਲਾਪ ਕਰਨਾ ਹੈ[54] ਪਰੰਤੂ ਅਗਿਆਨੀ ਮਨੁੱਖ ਮਾਇਆ ਦੇ ਮੋਹ ਵਿਚ ਪੈ ਕੇ ਇਹ 'ਦੁਰਲਭ ਮਾਨਸ ਦੇਹ' ਵਿਅਰਥ ਗਵਾ ਲੈਂਦਾ ਹੈ।[55] ਇਸ ਗ੍ਰੰਥ ਵਿਚੋਂ ਜੀਵਾਤਮਾ ਦਾ ਵਰਣਨ ਮਨੁੱਖਾ ਸਰੀਰ ਦੇ ਪੱਖ ਸੰਬੰਧੀ ਹੋਇਆ ਹੈ ਜੋ ਇਸ ਪ੍ਰਕਾਰ ਹਨ-

### 1.2.1 ਮਨੁੱਖਾ ਸਰੀਰ: ਰੱਬ ਦੇ ਪ੍ਰਤੀਕ ਵਜੋਂ

ਇਹ ਸਰੀਰ ਰੱਥ ਵਾਂਗ ਹੈ ਜਿਸ ਦਾ ਘੋੜਾ ਇੰਦਰੀਆਂ ਹਨ। ਮਨ ਇਸ ਦੀ ਲਗਾਮ ਹੈ ਅਤੇ ਬੁੱਧੀ ਸਾਰਥੀ ਮਨੁੱਖ ਦੀ ਆਤਮਾ ਇਸ ਦੀ ਰੱਥਵਾਨ ਹੈ।[56]

### 1.2.2 ਮਨੁੱਖੀ ਜੀਵਨ ਦਾ ਉਦੇਸ਼

ਇਸ ਜੀਵ ਨੂੰ ਇਕ ਵਪਾਰੀ ਵਾਂਗ ਮਨੁੱਖਾ ਸਰੀਰ ਨਾਮ ਦਾ ਵਪਾਰ ਕਰਨ ਲਈ ਲੜਿਆ ਹੈ ਇਸ ਧਨ ਨਾਲ ਵਿਸ਼ੇ ਵਿਕਾਰ ਭੋਗਣ ਵਾਲੇ ਜੀਵ ਇਸ ਸਰੀਰ ਰੂਪੀ ਪੂੰਜੀ ਨੂੰ ਗਵਾ ਕੇ ਅੰਤ ਲਾਭ ਪ੍ਰਾਪਤ ਕਰਦੇ।[57]

### 1.2.3 ਮਨੁੱਖ ਦੇ ਛੇ ਨਕਾਰਾਤਮਕ ਪੱਖ[58]

(ੳ) ਜਨਮ

(ਅ) ਮਰਨ

(ੲ) ਖਾਣ ਦੀ ਇੱਛਾ

---

[53] ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ - *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1159

[54] ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ -ਉਹੀ, ਪੰਨਾ 378

[55] ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ -ਉਹੀ, ਪੰਨਾ 220

[56] ਰਥ ਰੂਪੀ ਜੋ ਅਹੈ ਸਰੀਰਾ ॥ ਤਿਹ ਤੁਰੰਗ ਇੰਦ੍ਰੀ ਲਖਿ ਧੀਰਾ ॥

ਮਨ ਡੋਰੀ ਕੇ ਸਮ ਪਹਿਚਾਨਹੁ ॥ ਬੁਧਿ ਸਾਰਥੀ ਤਿਨਹਿ ਪ੍ਰਮਾਨਹੁ ॥

ਰਥੀ ਆਤਮਾ ਰੂਪ ਸੁ ਤੇਰੋ ॥ ਜਾਂਕੋ ਹਰਖ ਸ਼ੋਕ ਨਹਿ ਹੇਰੋ ॥ -ਜਿਲਦ ਤੀਜੀ, ਪੰਨਾ 491

[57] ਇਸ ਮਨ ਕੋ ਜੋ ਜੀਤਨ ਕਰਿਹੀਂ। ਸੋਊ ਪਰਮਪਦ ਕੇ ਅਨੁਸਰਹੀਂ। -ਜਿਲਦ ਚੌਥੀ, ਪੰਨਾ 818

[58] ਖਟ ਬਿਕਾਰ:- ਜਨਮਨਿ ਅਰੁ ਮਰਨੇ। ਇਹ ਸਰੀਰ ਕੇ ਦੋਨਹੁ ਬਰਨੇ ॥

ਛੁਧਾ, ਤ੍ਰਿਖਾ, ਦੁਇ ਪ੍ਰਾਨਨਿ ਕੇਰ। ਹਰਖ ਸ਼ੋਕ, ਮਨ ਕੇ ਜੁਗ ਹੇਰਿ। -ਜਿਲਦ ਸਤਵੀਂ, ਪੰਨਾ 2497

(ਸ) ਤ੍ਰਿਸ਼ਨਾ

(ਹ) ਖੁਸ਼ੀ

(ਕ) ਗਮੀ

### 1.2.4 ਅਗਿਆਨੀ ਮਨੁੱਖ ਦੀ ਪ੍ਰਵਿਰਤੀ

ਮੋਹ ਵਿਚ ਫੱਸ ਕੇ ਜੀਵ ਆਪਣੇ ਸੁੱਖਾਂ ਵਿਚ ਮਗਨ ਹੋ ਜਾਂਦਾ ਹੈ ਅਤੇ ਉਸ ਕਰਤਾ ਨੂੰ ਯਾਦ ਨਹੀਂ ਕਰਦਾ।[59] ਜਿਸ ਪਰਮਾਤਮਾ ਨੇ ਮਨੁੱਖ ਨੂੰ ਸਰੀਰ, ਮਨ ਅਤੇ ਧਨ ਦਿੱਤਾ ਹੈ, ਉਸ ਤੋਂ ਮਨੁੱਖ ਇਸ ਤਰ੍ਹਾਂ ਅਣਜਾਣ ਰਹਿੰਦਾ ਹੈ ਜਿਵੇਂ ਡੱਡੂ ਚਿੱਕੜ ਵਿਚ ਰਹਿ ਕੇ ਕਮਲ ਤੋਂ-

ਜਿਨ ਦੀਨੋ ਤਨ ਮਨ ਧਨ, ਤਿਸ ਤੇ ਅਸ ਅਨਜਾਨ

ਦਾਦੁਰ ਕਰਦਮ ਮੱਧ ਮਿਲ, ਕੀਮਿ ਨ ਕਮਲ ਪਛਾਨ॥[60]

ਪਰਮਾਤਮਾ ਦੇ ਭੈ ਨੂੰ ਛੱਡ ਕੇ ਮਨੁੱਖ ਜਦੋਂ ਵਿਸ਼ੇ ਵਿਕਾਰਾਂ ਵਿਚ ਗ੍ਰਸਤ ਹੋ ਜਾਂਦਾ ਹੈ ਤਾਂ ਉਹ ਪ੍ਰਮਾਤਮਾ ਦੇ ਸਿਮਰਨ ਨੂੰ ਵਧੀਆ ਨਹੀਂ ਸਮਝਦਾ ਹੈ। ਇਸ ਪ੍ਰਕਾਰ ਪਲ-ਪਲ ਉਮਰ ਬੀਤਣ ਤੋਂ ਬਾਅਦ ਅੰਤ ਇਹ ਮਨੁੱਖਾ ਸਰੀਰ  ਨਸ਼ਟ ਹੋ ਜਾਂਦਾ ਹੈ।[61]

### 1.2.5 ਸਰੀਰ ਦੀ ਨਾਸ਼ਵਾਨਤਾ

ਮਿੱਟੀ ਵਾਯੂ ਅਗਨੀ ਪਾਣੀ ਤੇ ਆਕਾਸ਼ ਪੰਜ ਜੜ੍ਹ ਤੱਤਾਂ ਦਾ ਰਚਿਆ ਇਹ ਸਰੀਰ ਨਾਸਵਾਨ ਹੈ ਜੋ ਕੱਪੜਿਆਂ ਵਾਂਗ ਪੁਰਾਣਾ ਹੋਣ ਤੋਂ ਬਾਅਦ ਖ਼ਤਮ ਹੋ ਜਾਂਦਾ ਹੈ-

ਖਾਕ ਬਾਦ ਆਤਸ਼ਹਿ ਆਬ ਨਭ ਪੰਚ ਭੂਤ ਏ ਜੜ ਜਾਨਹੁ ਸਭਿ ॥

... ਬਸਤ੍ਰ ਸਮਾਨ ਸਰੀਰ ਸੋ, ਜੀਰਣ ਹੈ ਤਜਿ ਜਾਹਿ।

---

59 ਮੋਹ ਫਸੇ ਨਰ ਦੁਖ ਸੁਖ ਮਾਨਤਿ। ਕਰਤਾ ਹਰਤਾ ਨਹਿੰ ਪਹਿਚਾਨਤਿ। -ਜਿਲਦ ਚੌਥੀ, ਪੰਨਾ 795

60 ਜਿਲਦ ਦੂਜੀ, ਪੰਨਾ 177

61 ਨਿਸ ਬਾਸੁਰ ਇਸ ਸਰਸ ਡਰਾਯੋ ਮੰਦ ਮਤੀ ਭਾ ਭੈ ਸੁ ਭੁਲਾਯੋ।

ਛਿਨ ਛਿਨ ਆਯੁਰ ਬੀਤਤਿ ਜਾਈ। ਦਿਨ ਦਿਨ ਦੇਹਿ ਦਸ਼ਾ ਪਲਟਾਈ ॥ ਪ੬॥

ਬਿਸ਼ਿਯਨ ਮਹਿਂ ਖਪਿ ਬਹੁ ਕਰਿ ਨੇਹਾ। ਅੰਤਿਕਾਲ ਮਹਿਂ ਛੀਜਤਿ ਦੇਹਾ ॥ -ਉਹੀ, ਪੰਨਾ 179

ਯਾਂ ਤੇ ਨਯਾਰੋ ਆਤਮਾ, ਲਖਹੁ ਰਿਦੇ, ਨਰਨਾਹਿ! ॥[62]

ਆਤਮਾ ਦਾ ਵਜੂਦ ਸਰੀਰ ਤੋਂ ਵੱਖਰਾ ਹੈ। ਇਸ ਆਤਮਾ ਨੂੰ ਨਾ ਅੱਗ ਸਾੜ ਸਕਦੀ ਹੈ, ਨਾ ਪਾਣੀ ਡੁਬੋ ਸਕਦਾ ਹੈ, ਨਾ ਸ਼ਸਤਰ ਕੱਟ ਸਕਦੇ ਹਨ ਅਤੇ ਨਾ ਹੀ ਹਵਾ ਉਡਾ ਸਕਦੀ ਹੈ।[63]

### 1.2.6 ਸਰੀਰ ਨੂੰ ਸਾਰਥਕ ਕਰਨ ਦਾ ਢੰਗ

ਇਸ ਦੇਹ ਰੂਪ ਦੀਵੇ ਵਿਚ ਮੋਹ ਦਾ ਤੇਲ ਪਿਆ ਹੈ ਅਤੇ ਵਿਸ਼ੇ ਵਿਕਾਰਾਂ ਦੀ ਬੱਤੀ ਲੱਗੀ ਹੈ ਜੋ ਗਿਆਨ ਦੀ ਅਗਨੀ ਤੋਂ ਦੂਰ ਹੈ। ਜਦੋਂ ਗੁਰੂ ਦੀ ਕਿਰਪਾ ਹੁੰਦੀ ਹੈ ਤਾਂ ਆਤਮ ਗਿਆਨ ਵਾਲਾ ਪਦ ਪ੍ਰਾਪਤ ਹੁੰਦਾ ਹੈ।[64]

ਪ੍ਰਮਾਤਮਾ ਦੇ ਸਿਮਰਨ ਨਾਲ ਹੰਕਾਰ ਦੂਰ ਹੋ ਕੇ ਜਦੋਂ ਜੀਵ ਨੂੰ ਇਸ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਥਾਂ ਦੀ ਭਟਕਣਾ ਨਹੀਂ ਰਹਿੰਦੀ ਤਾਂ ਇਹ ਦੁਰਲੱਭ ਮਨੁੱਖਾ ਸਰੀਰ ਸਫਲ ਹੋ ਜਾਂਦਾ ਹੈ ਅਤੇ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।[65]

### 1.2.6 ਮਨੁੱਖ ਦੀਆਂ ਦੋ ਸ਼੍ਰੇਣੀਆਂ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਮਨੁੱਖ ਦੇ ਸਰੂਪ ਦੇ ਅਨੁਸਾਰ ਇਸ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ ਜਿਨ੍ਹਾਂ ਦੇ ਲੱਛਣਾਂ ਅਨੁਸਾਰ ਇਨ੍ਹਾਂ ਦੋਵਾਂ ਸ਼੍ਰੇਣੀਆਂ ਦਾ ਵਰਣਨ ਇਸ ਪ੍ਰਕਾਰ ਹੈ-

---

62 ਜਿਲਦ ਤੀਜੀ, ਪੰਨਾ 487

63 ਜਿਹਕੋ ਸਕੈ ਨ ਅਗਨਿ ਜਰਾਈ। ਨੀਰ ਨ ਤਾਂ ਕੋ ਕਬਹਿ ਗਰਾਈ।

ਨਹਿਂ ਸ਼ਸਤ੍ਰਨ ਸੋਂ, ਛੇਦੋ ਜਾਇਪੌਨ ਨ ਤਾਂ ਕੋ ਸਕੈ ਉਡਾਇ ॥ -ਉਹੀ, ਪੰਨਾ 487

64 ਦੇਹਿ ਦੀਵਟੀ ਕੇ ਵਿਖੇ, ਨੇਹਿ ਮੋਹ ਭਰਪੂਰ। ਬਾਤੀ ਬਿਸ਼ਿਯਨ ਬਾਸ਼ਨਾ, ਅਗਨਿ ਗਾਨ ਤੇ ਦੂਰ ॥

ਚੌਪਈ: ਗੁਰ ਪ੍ਰਸਾਦਿ ਕਰਿ ਢਿਗ ਜਬ ਹੈ ਹੈ। ਆਤਮ ਗਾਨ ਲੇਯ ਪਦ ਪੈ ਹੈ। -ਜਿਲਦ ਦੂਜੀ, ਪੰਨਾ 175

65 ਹਰਿ ਸਿਮਰਨ ਕਰਿ ਆਪਾ ਹਰੀਏ। ਹਰਿ ਬਿਨੁ ਅਨਤ ਦ੍ਰਿਸ਼ਟਿ ਨਹਿਂ ਧਰੀਏ।

ਦੁਰਲਭ ਨਰ ਤਨ ਕਰਹੁ ਸਕਾਰਥ। ਪੁਨ ਨ ਜਨਮ, ਪਾਵਹਿ ਪਰਮਾਰਥ ॥ -ਉਹੀ, ਪੰਨਾ 180

### 1.2.6.1 ਗੁਰਮੁਖ ਦੇ ਲੱਛਣ[66]

(ੳ) ਮਾੜੇ ਕਰਮਾਂ ਵੱਲ ਪਿੱਠ ਕਰਕੇ ਗੁਰੂ ਬਚਨਾਂ ਦੇ ਸਨਮੁਖ ਰਹਿੰਦਾ ਹੈ।

(ਅ) ਹਰ ਇਕ ਦੇ ਕੀਤੇ ਉਪਕਾਰ ਨੂੰ ਯਾਦ ਰੱਖਦਾ ਹੈ।

(ੲ) ਸਮੁੱਚੀ ਮਾਨਵਤਾ ਦਾ ਇਕ ਸਮਾਨ ਭਲਾ ਚਾਹੁੰਦਾ ਹੈ।

(ਸ) ਸਤਿਗੁਰੂ ਦੇ ਧਾਰਨ ਕੀਤੇ ਉਪਦੇਸ਼ ਰਾਹੀਂ ਆਪਣੇ ਆਤਮ ਰੂਪ ਦਾ ਜਾਣਕਾਰ ਹੁੰਦਾ ਹੈ।

(ਹ) ਸਾਰੇ ਜੀਵਾਂ ਵਿਚ ਇਕ ਪ੍ਰਮਾਤਮਾ ਦਾ ਰੂਪ ਵੇਖਦਾ ਹੈ।

### 1.2.6.2 ਮਨਮੁਖ ਦੇ ਲੱਛਣ[67]

(ੳ) ਅਕ੍ਰਿਤਘਣ ਹੁੰਦੇ ਹਨ।

(ਅ) ਆਪਣੇ ਮਨ ਦੀ ਮਤ ਨੂੰ ਹੀ ਧਾਰਨ ਕਰਦੇ ਹਨ।

(ੲ) ਧਰਮ ਤੋਂ ਦੂਰ ਹੋ ਕੇ ਝੂਠ, ਕਪਟ, ਇਸਤਰੀ ਆਦਿ ਵਿਚ ਫਸੇ ਹੁੰਦੇ ਹਨ।

---

66 ਪੀਠ ਕੁਕਰਮਨਿ ਕੋ ਜਿਨ ਦੀਨਿ। ਗੁਰੂ ਬਚਨ ਸਨਮੁਖ ਮੁਖ ਕੀਨਿ।

ਕੋ ਤਿਨ ਸੋਂ ਜਿ ਕਰਹਿ ਚੰਗਜਾਈ। ਸਦ ਜਾਨਹਿਂ ਤਿਸ ਕੀ ਭਲਿਆਈ ॥

ਚਿਤ ਨ ਬਿਸਾਰਹਿਂ, ਚਹਿਂ ਉਪਕਾਰਾ। ਸਭਿ ਕੋ ਭਲੋ ਕਰੈਂ ਇਕਸਾਰਾ।

ਇਹੁ ਗੁਰਮੁਖ ਕੇ ਲਖੀਯਹਿ ਲੱਛਨ। ਸੁਨਿ ਗੁਰਮੁਖ ਤਰ ਜਥਾ ਬਿਚੱਛਨ! ॥ -ਜਿਲਦ ਛੇਵੀਂ, ਪੰਨੇ 2155-56

67 ਅਸ ਮਨਮੁਖ ਕੇ ਲੱਛਨ ਜਾਨਿ। ਅਬਿ ਮਨਮੁਖ ਤਰ ਕੋ ਸੁਨਿ ਕਾਨ ॥

ਪਰ ਕੋ ਭਲਾ ਹੋਤਿ ਦੁਖ ਪਾਵਹਿ। ਕਿਮ ਬਿਗਰਹਿ ਅਸ ਜਤਨ ਬਤਾਵਹਿ।

ਦੇਖਤਿ ਸੁਨਤਿ ਤਪਤ ਅਤਿ ਛਾਤੀ। ਚਿਤਵਹਿ ਕੋ ਹੋਵਹਿ ਇਸ ਘਾਤੀ ॥

ਅਪਰ ਭਲਾ ਕੋ ਕਹਾਂ ਸੁਹਾਇ। ਸਖਾ ਭਲੇ ਕੋ ਸੁਨਿ ਤਪਤਾਇ।

ਮੁਖ ਤੇ ਮੀਠੀ ਕਹੈ ਸੁਨਾਵੈ। ਨਹਿਂ ਉਰ ਜਰਹਿ ਸੁ ਜਰ ਜਰ ਜਾਵੈ॥

ਹਿਤ ਅਨਹਿਤ ਸਮ ਏਕ ਬਿਚਾਰਹਿ। ਸਭਿ ਕੋ ਬੁਰੋ ਹੋਇ ਸੁਖ ਧਾਰਹਿ।

ਸਭਿ ਜਗ ਕੋ ਬੈਰੀ ਸਮ ਜਾਨੈ। ਬਹੁਤਨਿ ਸੰਗ ਦ੍ਵੈਸ਼ ਹੀ ਠਾਨੈ॥

ਅਬਿ ਮਨਮੁਖ ਤਮ ਕੋ ਸੁਨਿ ਕਾਨ। ਸਭਿ ਕੋ ਬੁਰਾ ਅਪਨ ਹਿਤ ਜਾਨਿ।

ਸਤਿਗੁਰ ਸ਼ਬਦ ਸ੍ਰਵਨ ਨਹਿਂ ਕਰੈ। -ਜਿਲਦ ਛੇਵੀਂ, ਪੰਨਾ 2155

(ਸ) ਦੂਸਰਿਆਂ ਦਾ ਕਾਰਜ ਵਿਗਾੜਨ ਦਾ ਯਤਨ ਕਰਦੇ ਹਨ।

(ਹ) ਮੂੰਹ ਦੇ ਮਿੱਠੇ ਅਤੇ ਅੰਦਰੋਂ ਸਾੜ੍ਹੇ ਨਾਲ ਭਰਪੂਰ ਹੁੰਦੇ ਹਨ।

(ਕ) ਸਾਰੇ ਸੰਸਾਰ ਨੂੰ ਵੈਰੀ ਵਾਂਗ ਸਮਝਦੇ ਹਨ।

(ਖ) ਗੁਰੂ ਦੇ ਸ਼ਬਦ ਨੂੰ ਸ੍ਰਵਣ ਨਹੀਂ ਕਰਦੇ।

### 1.3 ਸ੍ਰਿਸ਼ਟੀ

ਸ੍ਰਿਸ਼ਟੀ ਦੀ ਰਚਨਾ, ਇਸ ਦਾ ਸਰੂਪ ਆਦਿ ਵਿਸ਼ੇ ਮੁੱਢ ਕਦੀਮ ਤੋਂ ਹੀ ਦਾਰਸ਼ਨਿਕਾਂ ਲਈ ਚਰਚਾ ਦੇ ਵਿਸ਼ੇ ਰਹੇ ਹਨ। ਇਸ ਸੰਬੰਧੀ ਵੱਖ-ਵੱਖ ਧਾਰਮਿਕ ਰਹਿਨੁਮਾ ਅਤੇ ਦਾਰਸ਼ਨਿਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਈਸ਼ ਉਪਨਿਸ਼ਦ ਵਿਚ ਉਸ ਪੂਰਨ ਪਰਮਾਤਮਾ ਦੀ ਰਚਨਾ ਨੂੰ ਉਸ ਕਰਤੇ ਵਾਂਗ ਹੀ ਪੂਰਨ ਕਿਹਾ ਗਿਆ ਹੈ।[68] ਰਿਗਵੇਦ ਵਿਚ ਜਗਤ ਸੰਬੰਧੀ ਇਹ ਵਿਚਾਰ[69] ਮਿਲਦਾ ਹੈ ਕਿ ਇਸ ਦੀ ਰਚਨਾ ਦੀ ਇੱਛਾ ਸਭ ਤੋਂ ਪਹਿਲਾਂ ਪਰਮੇਸ਼ਰ ਦੇ ਮਨ ਵਿਚ ਪੈਦਾ ਹੋਈ ਅਤੇ ਇਹੀ ਇੱਛਾ ਸਭ ਤੋਂ ਪਹਿਲਾਂ ਪਰਮੇਸ਼ਰ ਦੇ ਮਨ ਵਿਚ ਸ੍ਰਿਸ਼ਟੀ ਦਾ ਬੀਜ ਬਣੀ। ਛਾਂਦੋਗਯ ਉਪਨਿਸ਼ਦ ਅਨੁਸਾਰ[70] ਪਰਮਾਤਮਾ ਨੇ ਸਭ ਤੋਂ ਪਹਿਲਾਂ ਪਾਣੀ ਦੀ ਰਚਨਾ ਕੀਤੀ ਜੋ ਸਮੁੱਚੇ ਜੀਵਨ ਦਾ ਆਧਾਰ ਬਣਿਆ। ਬਾਈਬਲ ਅਤੇ ਕੁਰਆਨ ਮਜੀਦ ਵਿਚ ਪਰਮਾਤਮਾ ਦੁਆਰਾ 6 ਦਿਨਾਂ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੇ ਜਾਣ ਦੇ ਵੇਰਵੇ[71] ਪ੍ਰਾਪਤ ਹੁੰਦੇ ਹਨ।

ਗੁਰਬਾਣੀ ਵਿਚ ਜਗਤ ਰਚਨਾ ਦੇ ਸਵਾਲ ਸੰਬੰਧੀ ਇਹ ਉੱਤਰ ਪ੍ਰਾਪਤ ਹੁੰਦਾ ਹੈ ਕਿ ਇਸ ਦੀ ਰਚਨਾ ਦੇ ਸਮੇਂ ਅਤੇ ਪ੍ਰਕਿਰਿਆ ਨੂੰ ਇਸ ਦੇ ਰਚਨਹਾਰੇ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਦੱਸ

---

68 ਈਸ਼ ਉਪਨਿਸ਼ਦ, ਸ਼ਾਂਤੀ ਪਾਠ, ਈਸ਼ਾਦਿ ਨੌਂ ਉਪਨਿਸ਼ਦ, ਪੰਨਾ 23

69 ਰਿਗਵੇਦ, ਸ਼ਰਮਾ, ਗੰਗਾ ਸਹਾਇ, ਡਾ. (ਸੰਪਾ.), 8/129/4, ਪੰਨਾ 1555

70 ਛਾਂਦੋਗਯ ਉਪਨਿਸ਼ਦ, 6/3, ਪੰਨਾ 554

71 ੳ. *ਕੁਰਆਨ ਮਜੀਦ,* ਰਮਜ਼ਾਨ ਸਈਦ (ਅਨੁ.), ਸੂਰਤ ਅਲ-ਆਰਾਫ, ਆਇਤ 54, ਪੰਨਾ 268

ਅ. *ਪਵਿੱਤਰ ਬਾਈਬਲ,* ਉਤਪਤੀ 3, ਪੰਨਾ 1

ਸਕਦਾ।[72] ਗੁਰੂ ਸਾਹਿਬਾਨ ਨੇ ਇਸ ਜਗਤ ਨੂੰ ਗੁਰਬਾਣੀ ਵਿਚ 'ਸਚੇ ਕੀ ਕੋਠੜੀ' ਕਿਹਾ ਗਿਆ ਹੈ ਜਿਸ ਵਿਚ ਅਕਾਲ ਪੁਰਖ ਦਾ ਵਾਸਾ ਹੈ[73] ਪਰੰਤੂ ਪਰਮਾਤਮਾ ਤੋਂ ਟੁੱਟੇ ਹੋਏ ਮਾਇਕ ਬਿਰਤੀ ਵਾਲਿਆਂ ਲਈ ਇਹ 'ਕੂੜੁ ਸਭੁ ਸੰਸਾਰੁ' ਦਾ ਰੂਪ ਹੈ।

ਭਾਈ ਸੰਤੋਖ ਨੇ ਇਸ ਗ੍ਰੰਥ ਵਿਚ ਜਗਤ ਦੀ ਨਾਸ਼ਵਾਨਤਾ ਵਾਲੇ ਪੱਖ ਨੂੰ ਜ਼ਿਆਦਾ ਉਭਾਰਿਆ ਹੈ ਜਿਸ ਦਾ ਪ੍ਰਗਟਾਅ ਇਸ ਪ੍ਰਕਾਰ ਹੋਇਆ ਹੈ-

### 1.3.1 ਜਗਤ: ਪਰਮਾਤਮਾ ਦਾ ਰੂਪ ਅਤੇ ਉਸ ਦੀ ਰਚਨਾ

ਜਗਤ ਦੀ ਰਚਨਾ ਪ੍ਰਮਾਤਮਾ ਤੋਂ ਬਿਨਾਂ ਕਿਸੇ ਦੂਜੇ ਰਾਹੀਂ ਸੰਭਵ ਨਹੀਂ।[74] ਜਿਵੇਂ ਜਲ ਤੋਂ ਪੈਦਾ ਹੋਈ ਤਰੰਗ ਉਸੇ ਜਲ ਦਾ ਰੂਪ ਬਣ ਜਾਂਦੀ ਹੈ ਇਸੇ ਪ੍ਰਕਾਰ ਇਹ ਸਮੁੱਚੀ ਰਚਨਾ ਮੁੜ ਉਸੇ ਪ੍ਰਮਾਤਮਾ ਵਿਚ ਸਮਾ ਜਾਂਦੀ ਹੈ।[75]

### 1.3.2 ਮਿੱਥਿਆ ਅਤੇ ਨਾਸ਼ਵਾਨ

ਜਗਤ ਦਾ ਪਸਾਰਾ ਸੁਪਨੇ ਵਾਂਗ[76] ਅਤੇ ਮਿੱਥਿਆ ਹੈ ਜਿਸ ਨੂੰ ਖ਼ਤਮ ਹੋਣ ਵਿਚ ਦੇਰ ਨਹੀਂ ਲੱਗਣੀ।[77] ਜਿਸ ਸੰਸਾਰ ਨੂੰ ਮਨੁੱਖ ਇਹ ਮਨ ਸੱਚਾ ਸਮਝ ਰਿਹਾ ਹੈ ਉਹ ਨਾਮ ਤੋਂ ਬਿਨਾਂ ਬੱਦਲਾਂ ਦੀ ਛਾਂ, ਸੁਪਨੇ ਅਤੇ ਬਾਜ਼ੀਗਰ ਦੀ ਬਾਜ਼ੀ ਵਾਂਗ ਝੂਠਾ ਹੈ। ਇਸ ਨੂੰ ਵੇਖ ਕੇ ਸੱਚ ਮੰਨਣ ਵਾਲ ਸੱਚ ਮੰਨਣ ਵਾਲੇ ਨੂੰ

---

[72] ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ - *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 4

[73] ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ -ਉਹੀ, ਪੰਨਾ 463

[74] ਇਹ ਜੋ ਜਗਤਿ ਬਨਾਉ ਬਨਯੋ ਹੈ। ਪਰਮਾਤਮ ਬਿਨ ਕੋਨ ਗੁਨਯੋ ਹੈ? -ਜਿਲਦ ਚੌਥੀ, ਪੰਨਾ 813

[75] ਜਲ ਤੇ ਅਧਿਕ ਤਰੰਗ ਉਠੰਤੇ। ਲਘੁ ਦੀਰਘ ਹ੍ਵੈ ਪੁਨ ਬਿਨਸੰਤੇ ॥
ਭਏ ਤਰੰਗ ਅਹ ਜਲ ਸੋਈ। ਨਾਮ ਮਾਤ੍ਰ ਇਕ ਤਿਨ ਕਹੁ ਹੋਈ। -ਜਿਲਦ ਛੇਵੀਂ, ਪੰਨਾ 1787

[76] ਜਗਤ ਜਾਨਿਯੈ ਸੁਪਨ ਸਮਾਨਾ। ਸੱਤਿ ਆਤਮਾ ਏਕ ਪਛਾਨਾ।
ਸੇਵਾ ਸੰਤਲ ਕੀ ਚਿਤ ਦੀਜੈ। ਨਗਨ ਛੁਧਿਤਿ ਪਰ ਕਰੁਨਾ ਕੀਜੈ ॥ -ਜਿਲਦ ਚੌਥੀ, ਪੰਨਾ 795

[77] ਮਿਥਿਆ ਇਹ ਪਰਪੰਚ ਪਸਾਰਾ ॥ ਬਿਨਸ ਜਾਤ ਇਹ ਬਾਰ ਨ ਲਾਗੈ।
ਯਾਂਤੇ ਸੱਤਿਨਾਮ ਅਨੁਰਾਗੈ। ਸੁਪਨ ਸਮਾਨ ਰਹਿਨ ਜਗ ਮਾਂਹੀ।
ਤਜੈ ਮੋਹ ਇਸਥਿਰ ਕਛੁ ਨਾਂਹੀ ॥ -ਜਿਲਦ ਚੌਥੀ, ਪੰਨਾ 810

ਅੰਤ ਪਛਤਾਉਣਾ ਪੈਂਦਾ ਹੈ।–

ਜੋ ਮਨ ਸਮਝੇ ਦੁਨੀ ਮੁਕਾਮੂ ਸੋ ਜਾਨਹੁ ਝੂਠੇ ਬਿਨ ਨਾਮੂ ॥

ਹਰਿਚੰਦੌਰੀ ਪੁਨਿ ਘਨਛਾਯਾ ਸੁਪਨਾ ਜਿਉਂ ਬਾਜੀਗਰ ਮਾਯਾ ॥

ਲਖਿ ਇਨ ਸਾਚ ਕਰੇ ਜੁ ਗਹਾਵਾ ਅੰਤ ਕਾਲ ਤਿਹ ਹੁਇ ਪਛੁਤਾਵਾ ॥[78]

### 1.3.4 ਜਗਤ ਦੇ ਪਦਾਰਥ: ਮਾਇਆ ਦਾ ਪਸਾਰਾ

ਸੰਸਾਰ ਵਿਚ ਦਿਖਾਈ ਦੇਣ ਵਾਲੇ ਵਿਸ਼ੇ ਵਿਕਾਰਾਂ ਵਾਲੇ ਪਦਾਰਥ, ਜਿਨ੍ਹਾਂ ਨਾਲ ਅਗਿਆਨੀ ਮਨੁੱਖ ਮੋਹ ਪਾ ਲੈਂਦੇ ਹਨ, ਇਹ ਸਭ ਮਾਇਆ ਦਾ ਪਸਾਰਾ ਹਨ। ਇਨ੍ਹਾਂ ਵਿਚ ਕੁੱਝ ਵੀ ਸੱਚ ਨਹੀਂ।[79] ਇਨ੍ਹਾਂ ਦੀ ਹੋਂਦ ਥੋੜ੍ਹੇ ਸਮੇਂ ਦੀ ਹੁੰਦੀ ਹੈ ਜੋ ਮਨੁੱਖ ਲਈ ਪਹਿਲਾਂ ਹੀ ਨਿਯਤ ਕੀਤੇ ਹੁੰਦੇ ਹਨ। ਇਸ ਲਈ ਇਨ੍ਹਾਂ ਨਾਲ ਮੋਹ ਪਾਉਣਾ ਉਚਿਤ ਨਹੀਂ-

ਜਗਤ ਪਦਾਰਥ ਲਖਹੁ ਅਨਿੱਤਯ। ਇਨ ਮਹਿਂ ਨਹਿਂ ਅਨੁਰਾਗਹੁ ਚਿੱਤ ॥

ਪਰਾਲਬਧ ਅਨੁਸਾਰੀ ਏਹੁ। ਮਿਲਿ ਬਿਛਰਨਿ ਇਨ ਬਿਖੈ ਅਛੇਹੁ ॥[80]

## 2. ਧਾਰਮਿਕ ਸਿਧਾਂਤ

### 2.1 ਗੁਰੂ

ਮਹਾਨ ਕੋਸ਼ ਅਨੁਸਾਰ[81] ਇਹ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ। ਇਸ ਦੇ ਅਰਥ ਹਨ- ਨਿਗਲਣਾ ਅਤੇ ਸਮਝਾਉਣਾ, ਜੋ ਅਗਜਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਜਾਨ ਸਮਝਾਉਂਦਾ ਹੈ, ਉਹ ਗੁਰੂ ਹੈ। ਗੁਰੂ, ਸਿੱਖ ਧਰਮ ਵਿਚ ਇਕ ਅਹਿਮ ਸਥਾਨ ਰੱਖਦਾ ਹੈ ਜਿਸ ਤੋਂ ਬਿਨਾਂ ਅਗਿਆਨਤਾ ਦਾ

---

78 ਜਿਲਦ ਦੂਜੀ, ਪੰਨਾ 192

79 ਏ ਸਭਿ ਮਾਯਾ ਕੇਰਿ ਵਿਕਾਰ। ਜੋ ਭਾਸਤਿ ਹੈਂ ਨਾਨਾਕਾਰ।

ਨਹੀਂ ਵਾਸਤਵ ਜਾਨਯੋ ਜਾਇ। ਇਹ ਮਾਯਾ ਕੋ ਰੂਪ ਕਹਾਇ ॥ -ਜਿਲਦ ਛੇਵੀਂ, ਪੰਨਾ 1788

80 ਜਿਲਦ ਨੌਵੀਂ, ਪੰਨਾ 3608

81 ਮਹਾਨ ਕੋਸ਼, ਪੰਨਾ 415

ਹਨੇਰਾ ਦੂਰ ਨਹੀਂ ਹੁੰਦਾ[82] ਅਤੇ ਨਾ ਹੀ ਉਸ ਪਰਮਾਤਮਾ ਦੇ ਸਰੂਪ ਦੀ ਸਮਝ ਆਉਂਦੀ ਹੈ।[83] ਇਸ ਸੰਸਾਰ ਸਾਗਰ ਤੋ ਪਾਰ ਹੋਣ ਲਈ ਗੁਰੂ ਇਕ ਕਿਸ਼ਤੀ ਦਾ ਕਾਰਜ ਕਰਦਾ ਹੈ।[84] ਗੁਰਬਾਣੀ ਵਿਚ ਮਨ ਦੀ ਦੁਬਿਧਾ ਮਿਟਾ ਕੇ ਪਰਮ ਪਦ ਦਾ ਰਾਹ ਦੱਸਣ ਵਾਲੇ ਨੂੰ ਹੀ ਸੱਚਾ ਗੁਰੂ ਕਿਹਾ ਗਿਆ ਹੈ ਜਿਸ ਨੂੰ ਮਿਲ ਕੇ ਮਨ ਵਿਚ ਅਨੰਦ ਪੈਦਾ ਹੋ ਜਾਂਦਾ ਹੈ।[85] ਲੋਹੇ ਵਰਗੇ ਮਨ ਨੂੰ ਗੁਰੂ ਸੋਨੇ ਵਰਗਾ ਬਣਾ ਦਿੰਦਾ ਹੈ।[86] ਇਨ੍ਹਾਂ ਗੁਣਾਂ ਕਾਰਨ ਹੀ ਗੁਰੂ ਨੂੰ ਉਸ ਪਰਮ ਹਸਤੀ ਦਾ ਹੀ ਰੂਪ ਆਖ ਕੇ ਗੁਰੂ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਦਰਸਾਇਆ ਗਿਆ ਹੈ।[87] ਡਾ. ਦੀਵਾਨ ਸਿੰਘ ਨੇ ਸੰਗਤ ਨੂੰ ਗੁਰੂ ਦੀ ਬਾਹਰੀ ਸ਼ਕਤੀ ਅਤੇ ਗੁਰਬਾਣੀ ਨੂੰ ਗੁਰੂ ਦੀ ਰਹੱਸਵਾਦੀ (ਗੁੱਝੀ) ਸ਼ਕਤੀ ਕਿਹਾ ਹੈ।[88] ਭਾਈ ਸੰਤੋਖ ਸਿੰਘ ਨੇ ਇਸ ਗ੍ਰੰਥ ਵਿਚ ਗੁਰੂ ਦੇ ਇਨ੍ਹਾਂ ਪੱਖਾਂ ਨੂੰ ਵਿਅਕਤ ਕੀਤਾ ਗਿਆ ਹੈ-

### 2.1.1 ਸਰੂਪ

ਗੁਰੂ ਜੀਵ ਨੂੰ ਇਸ ਸੰਸਾਰ ਤੋਂ ਪਾਰ ਕਰਨ ਵਾਲਾ, ਗਰੀਬਾਂ ਦਾ ਰੱਖਿਅਕ ਅਤੇ ਗੁਣਾਂ ਦਾ ਖਜਾਨਾ ਹੈ ਜੋ ਆਪਣੀ ਸ਼ਰਨ ਆਉਣ ਵਾਲੇ ਦਾ ਕਲਿਆਣ ਕਰ ਦਿੰਦਾ ਹੈ-

ਸ੍ਰੀ ਸਤਿਗੁਰ ਤਾਰਨ ਤਰਨ ਦੀਨ ਬੰਧ ਗੁਨਖਾਨ।

---

82 ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 463

83 ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ -ਉਹੀ, ਪੰਨਾ 466

84 ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥

ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥ -ਉਹੀ, ਪੰਨਾ 17

85 ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥

ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥ -ਉਹੀ, ਪੰਨਾ 168

86 ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ -ਉਹੀ, ਪੰਨਾ 990

87 ਗੁਰੁ ਪਰਮੇਸਰੁ ਏਕੋ ਜਾਣੁ ॥ -ਉਹੀ, ਪੰਨਾ 864

88 ਦੀਵਾਨ ਸਿੰਘ (ਡਾ.), *ਗੁਰਮਤਿ ਸਿਧਾਂਤ,* ਪੰਨਾ 25

ਜੋ ਜੋ ਆਵਹਿ ਸ਼ਰਨ ਕੋ ਸੋ ਸੋ ਲਹਿ ਕੱਲਯਾਨ।[89]

ਭਾਈ ਸੰਤੋਖ ਸਿੰਘ ਅਨੁਸਾਰ ਅਜਿਹੇ ਗੁਣਾਂ ਵਾਲੇ ਸਤਿਗੁਰੂ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੁੰਦੀ ਹੈ।[90]

### 2.1.2 ਚਾਰ ਪ੍ਰਕਾਰ ਦੇ ਗੁਰੂ[91]

**(ੳ) ਭ੍ਰਿੰਗੀ ਗੁਰੂ-** ਭ੍ਰਿੰਗੀ ਕੀੜੇ ਵਰਗੇ ਗੁਰੂ, ਜੋ ਖ਼ਾਸ ਕਿਸਮ ਦੇ ਕੀੜੇ ਨੂੰ ਆਪਣੇ ਵਰਗਾ ਬਣਾ ਲੈਂਦੇ ਹਨ, ਪਰ ਹਰੇਕ ਕੀੜੇ ਨੂੰ ਨਹੀਂ-

ਇਕ ਗੁਰ ਭ੍ਰਿੰਗੀ ਕੇ ਸਮ ਹੋਇ। ਕਿਸੀ ਜਾਤ ਕੋ ਲੇ ਕ੍ਰਿਮ ਸੋਇ।

ਨਿਜ ਘਰ ਧਰਿ ਦਰ ਪਰ ਥਿਰ ਘਨੈ। ਕਿਰਮ ਧਯਾਨ ਕਰਿ ਭ੍ਰਿੰਗੀ ਬਨੈ।

ਕਿਸੀ ਜਾਤ ਕ੍ਰਿਮ ਨਿਜ ਸਮ ਕਰੈ। ਨਹਿ ਸਭਿ ਬਨਹਿ ਸੁ ਜਾਨੀ ਪਰੈ।

**(ਅ) ਪਾਰਸ ਗੁਰੂ-** ਪਾਰਸ ਵਾਂਗ ਲੋਹੇ ਨੂੰ ਸੋਨਾ ਕਰ ਦੇਣ ਵਾਲੇ। ਅਜਿਹੇ ਗੁਰੂ ਆਪਣੀ ਪਾਰਸ ਵਾਲੀ ਛੂਹ ਨਾਲ ਹਰ ਇਕ ਨੂੰ ਸੋਨੇ ਵਰਗਾ ਤਾਂ ਬਣਾ ਸਕਦੇ ਹਨ ਪਰ ਆਪਣੇ ਵਰਗਾ ਪਾਰਸ ਨਹੀਂ ਬਣਾ ਸਕਦੇ-

ਇਕ ਗੁਰ ਪਾਰਸ ਕੇ ਸਮ ਅਹੈ। ਕਿਸ ਧਾਤੂ ਕੇ ਸੰਗਿ ਜਿ ਛੁਹੈ।

ਤਿਨ ਕੋ ਕੰਚਨ ਦੇਤਿ ਬਨਾਇ। ਨਿਜ ਗੁਨ ਦੇਤੇ ਨਹੀਂ ਕਦਾਇ।

**(ੲ) ਬਾਵਨ ਚੰਦਨ ਗੁਰੂ-** ਬਾਵਨ ਚੰਦਨ ਦੇ ਰੁੱਖ ਵਾਂਗ ਖਾਸ ਰੁੱਤ ਵਿਚ ਆਪਣੇ ਨੇੜੇ ਰਹਿਣ ਵਾਲਿਆਂ ਵਿਚ ਗੁਣਾਂ ਵਾਲੀ ਸੁਗੰਧੀ ਪੈਦਾ ਕਰਦੇ ਹਨ ਪਰ ਕਿਸੇ ਦੂਸਰੀ ਰੁੱਤ ਅਤੇ ਦੂਰ ਵਾਲਿਆਂ ਵਿਚ ਨਹੀਂ-

ਇਕ ਬਾਵਨ ਚੰਦਨ ਸਮ ਹੋਤਿ। ਜਬ ਤਿਸ ਪਰ ਰਿਤੁ ਹਿਤੂ ਉਦੋਤਿ।

ਨਿਕਟ ਬ੍ਰਿੱਛ ਚੰਦਨ ਕਰਿ ਲੇਤਿ। ਬਿਨ ਰੁਤਿ ਨਹਿਂ ਸੁਗੰਧਤਾ ਦੇਤਿ।

---

89 ਜਿਲਦ ਪੰਜਵੀਂ, ਪੰਨਾ 1583

90 ਬਡੇ ਭਾਗ ਤੇ ਸਤਿਗੁਰ ਪਾਇ। ਮਿਟਹਿ ਕਲੇਸ਼ ਸੁ ਲੇਤਿ ਬਚਾਇ ॥- ਜਿਲਦ ਛੇਵੀਂ, ਪੰਨਾ 1786

91 ਜਿਲਦ ਸਤਵੀਂ, ਪੰਨੇ 2693-94

**(ਸ) ਦੀਪਕ ਗੁਰੂ-** ਦੀਵੇਂ ਵਾਂਗ ਦੂਸਰਿਆਂ ਨੂੰ ਵੀ ਗਿਆਨ ਦੀ ਜੋਤੀ ਦੇ ਕੇ ਆਪਣੇ ਵਰਗਾ ਹੀ ਬਣਾ ਲੈਣ ਵਾਲੇ ਗੁਰੂ-

ਇਕ ਸਤਿਗੁਰ ਹੈ ਦੀਪ ਸਮਾਨ। ਤਿਨ ਸੋਂ ਮਿਲਹਿ ਜਿ ਦੀਪਕ ਆਨ।

ਅਪਨੇ ਸਮ ਹੀ ਲੇਤਿ ਬਨਾਇ। ਬਾਤੀ ਤੇਲ ਜਿ ਸਹਿਤ ਮਿਲਾਇ।

### 2.1.3 ਗਿਆਨ ਪ੍ਰਾਪਤੀ ਦਾ ਜ਼ਰੀਆ

ਸਰੀਰ ਵਿਚਲੀ ਬ੍ਰਹਿਮੰਡੀ ਤੇ ਗੁੱਝੀ ਖੇਡ ਦਾ ਗਿਆਨ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ-

ਘਟ ਮਹਿਂ ਚੰਦ ਸੂਰਜ ਪਰਕਾਸ਼ਾ ਹੋਇ ਗਾਨ ਤੌ ਸਭਿ ਕਿਛੁ ਭਾਸਾ

ਨਾਭਿ ਕਮਲ ਮੁੰਦ੍ਰਿਤ ਬਿਪਰੀਤਾ ਕਿਉਂ ਪਰਕਾਸ਼ ਹੋਇ ਨਰ ਚੀਤਾ ॥੩੦॥

ਸੂਧੇ ਤੇ ਬਿਗਸੈ ਪਰਗਾਸੂ ਹੈ ਤਬ ਗਾਨ ਅਗਾਨ ਬਿਨਾਸੂ

ਸੋ ਗਿਆਨ ਗੁਰੁ ਬਿਨ ਨਹਿਂ ਪਾਇਆ ਤਮ ਅਗਾਨਹਿ ਅਨਿਕ ਦੁਰਾਇਆ ॥[92]

ਜਿਸ ਦੇ ਮਨ ਵਿਚ ਗੁਰੂ ਦਾ ਉਪਦੇਸ਼ ਵਸ ਜਾਂਦਾ ਹੈ, ਇਸ ਉਪਦੇਸ਼ ਦੇ ਗਿਆਨ ਰਾਹੀਂ ਉਸ ਦਾ ਅਗਿਆਨ ਵਿਚ ਸੁੱਤਾ ਮਨ ਜਾਗ ਜਾਂਦਾ ਹੈ-

ਗੁਰ ਉਪਦੇਸ਼ ਜਾਹਿ ਮਨ ਲਾਗਾ । ਜਨਮ ਜਨਮ ਕਾ ਸੋਇਆ ਜਾਗਾ ।[93]

### 2.1.4 ਮੁਕਤੀ ਪ੍ਰਦਾਨ ਕਰਨ ਵਾਲਾ

ਰੁੱਖ ਦੇ ਸਮਾਨ ਇਸ ਜਗਤ ਦੇ ਸਿਖਰ ਤੇ ਮੁਕਤੀ ਦਾ ਫਲ ਹੈ। ਜਿਨ੍ਹਾਂ ਨੂੰ ਕ੍ਰਿਪਾਲੂ ਸਤਿਗੁਰੂ ਮਿਲ ਜਾਂਦਾ ਹੈ, ਉਹ ਪੰਛੀ ਵਾਂਗ ਛੇਤੀ ਹੀ ਇਸ ਮੁਕਤੀ ਦੇ ਫਲ ਤੱਕ ਪਹੁੰਚ ਜਾਂਦੇ ਹਨ। ਗੁਰੂ ਤੋਂ ਬਿਨਾਂ ਇਸ ਮੁਕਤੀ ਰੂਪ ਫਲ ਤੱਕ ਪਹੁੰਚਣ ਦਾ ਕਾਰਜ ਕੀੜੀ ਦੀ ਧੀਮੀ ਚਾਲ ਵਰਗਾ ਔਖਾ ਬਣ ਜਾਂਦਾ ਹੈ।[94]

### 2.1.5 ਮਾਇਆ ਦੇ ਮੋਹ ਤੋਂ ਛੁਟਕਾਰਾ ਦੇਣ ਵਾਲਾ

---

92 ਜਿਲਦ ਦੂਜੀ, ਪੰਨਾ 382

93 ਜਿਲਦ ਦਸਵੀਂ, ਪੰਨੇ 3845-46

94 ਜਿਲਦ ਤੀਜੀ, ਪੰਨਾ 495

ਜੀਵ ਦੀ ਬੁੱਧੀ ਕਿਸ਼ਤੀ ਵਾਂਗ ਹੈ ਅਤੇ ਮਾਇਆ ਦਾ ਮੋਹ ਚੱਲ ਰਹੀ ਨਦੀ ਹੈ। ਇਹ ਕਿਸ਼ਤੀ ਮਾਇਆ ਦੇ ਮੋਹ ਵਿਚ ਬਹੁਤ ਜਲਦੀ ਡੁੱਬ ਜਾਂਦੀ ਹੈ। ਸਤਿਗੁਰੂ ਖੇਵਟ ਰੂਪ ਵਿਚ ਆਪਣਾ ਗਿਆਨ ਦੇ ਕੇ ਇਸ ਬੁੱਧੀ ਦੀ ਕਿਸ਼ਤੀ ਨੂੰ ਮਾਇਆ ਦੀ ਨਦੀ ਤੋਂ ਪਾਰ ਕਰ ਦਿੰਦਾ ਹੈ-

ਸੁਨਿ ਪਿਤ! ਇਹ ਮਤਿ ਨੌਕਾ ਨਯਾਈਂ। ਦਰਬ ਮੋਹ ਜਲਿ ਸਰਿਤਾ ਧਾਈ।

ਜੇ ਨੌਕਾ ਮਹਿਂ ਜਲ ਪਰ ਜਾਵੈ। ਤਤਛਿਨ ਅਪਨੇ ਬੀਚ ਡੁਬਾਵੈ।

ਸਤਿਗੁਰ ਕੇਵਟ ਮਿਲਹਿਂ ਜਿ ਆਈ। ਮਤਿ ਨੌਕਾ ਪਰ ਹ੍ਵੈ ਚੁਕਸਾਈ।

ਮੋਹ ਦਰਬ ਤੇ ਉਰਧ ਚਲਾਵੈ। ਖੇਵਨ ਕਰਿ ਹੈ ਗਯਾਨ ਸੁਨਾਵੈ।।[95]

### 2.1.6 ਗੁਰੂ ਅਤੇ ਸਿੱਖ ਦਾ ਸੰਬੰਧ

ਗੁਰੂ ਦੇ ਅਨੁਸਾਰੀ ਹੋ ਕੇ ਚੱਲਣ ਵਾਲੇ ਸਿੱਖ ਦੀ ਗੁਰੂ ਹਮੇਸ਼ਾ ਸਾਂਭ ਸੰਭਾਲ ਕਰਦਾ ਹੈ। ਜੇਕਰ ਸਿੱਖ ਤੋਂ ਇਕ ਵਾਰ ਗਲਤੀ ਵੀ ਹੋ ਜਾਵੇ ਤਾਂ ਗੁਰੂ ਉਸ ਨੂੰ ਦੁੱਖਾਂ ਮੁਸੀਬਤਾਂ ਵਿਚ ਨਹੀਂ ਪੈਣ ਦਿੰਦਾ-

ਯਾ ਸਮ ਸਿਖ ਆਇਸੁ ਅਨੁਸਾਰੀ। ਜੇ ਕਰਿ ਭੂਲ ਜਾਇ ਇਕ ਬਾਰੀ।

ਤੌ ਗੁਰ ਤਿਸ ਕੌ ਲੇਤਿ ਬਚਾਇ। ਕਿਸੂ ਬਿਪਦ ਮਹਿਂ ਜੇ ਪਰ ਜਾਇ।[96]

## 2.2 ਨਾਮ

ਸਮੁੱਚੀ ਗੁਰਬਾਣੀ ਵਿਚ ਨਾਮ ਨੂੰ ਪ੍ਰਭੂ ਪ੍ਰਾਪਤੀ ਦਾ ਆਧਾਰ ਮੰਨ ਕੇ ਇਸਦੀ ਵਡਿਆਈ ਕੀਤੀ ਗਈ ਹੈ ਅਤੇ 'ਨਾਨਕ ਕੈ ਘਰ ਕੇਵਲ ਨਾਮ' ਕਹਿ ਕੇ ਨਾਮ ਨੂੰ ਸਰਬਉੱਚ ਮੰਨਿਆ ਹੈ। 'ਜਨ ਕੀ ਭੂਖ ਤੇਰਾ ਨਾਮ ਅਧਾਰ' ਦਾ ਵੀਚਾਰ ਵੀ ਇਸੇ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ। ਨਾਮ ਨੂੰ ਮਨਫ਼ੀ ਕਰ ਕੇ ਕੀਤੇ ਜਾਣ ਵਾਲੇ ਦੁਨਿਆਵੀ ਕਾਰਜਾਂ ਨੂੰ[97] ਗੁਰਬਾਣੀ ਵਿਚ ਵਿਅਰਥ ਦੱਸਿਆ ਗਿਆ ਹੈ ਜੋ ਦੁੱਖਾਂ ਦਾ ਕਾਰਨ

---

[95] ਜਿਲਦ ਚੌਥੀ, ਪੰਨਾ 812

[96] ਜਿਲਦ ਬਾਹਰਵੀਂ, ਪੰਨਾ 5358

[97] ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥ ੧॥

ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥ ੨ ॥

ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥ ੩ ॥

ਬਣਦੇ ਹਨ। ਗੁਰੂ ਨਾਨਕ ਦੇਵ ਜੀ ਨੇ ਦੁਨੀਆਵੀ ਸੁੱਖ ਅਤੇ ਵਡਿਆਈ ਦੇਣ ਵਾਲੇ ਭੌਤਿਕਵਾਦੀ ਪਦਾਰਥਾਂ ਦੇ ਮੁਕਾਬਲੇ ਨਾਮ ਨੂੰ ਸਰਬਉੱਚ ਦੱਸਦੇ ਹੋਏ, ਇਨ੍ਹਾਂ ਪਦਾਰਥਾਂ ਨੂੰ ਉਸੇ ਹਾਲਤ ਵਿਚ ਪ੍ਰਵਾਨ ਕੀਤਾ ਹੈ ਜੇਕਰ ਇਹ ਅਕਾਲ ਪੁਰਖ ਦੇ ਨਾਮ ਤੋਂ ਨਾਮ ਤੋਂ ਦੂਰ ਨਾ ਕਰਨ।[98] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਨਾਮ ਦਾ ਅਰਥ ਹੈ- *ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ. ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ... ਗੁਰਬਾਣੀ ਵਿਚ "ਨਾਮ" ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ।*[99] ਭਾਈ ਵੀਰ ਸਿੰਘ ਅਨੁਸਾਰ ਨਾਮ ਉਹ ਹੈ *ਜਿਸ ਦਾ ਅਭਯਾਸ ਕੀਤਾ ਜਾਵੇ, ਪਰਮੇਸ਼ਰ ਦਾ ਨਾਮ, ਪਰਮੇਸ਼ਰ ਦੇ ਨਾਮ ਤੋਂ ਤਾਤਪਰਜ ਉਸਦੇ ਨਾਮ ਦਾ, ਉਸਦੇ ਗੁਣਾਂ ਦਾ, ਧਿਆਨ ਕਰਕੇ ਅਭਯਾਸ ਕਰਨ ਤੋਂ ਹੈ ਜਿਸ ਕਰਕੇ ਅੰਤਹਕਰਣ ਦੀ ਸ਼ੁੱਧੀ ਅਰ ਨਾਮ ਦੀ ਪ੍ਰਾਪਤੀ ਹੁੰਦੀ ਹੈ।*[100] ਭਾਈ ਜੋਧ ਸਿੰਘ ਨਾਮ ਦੀ ਪਰਿਭਾਸ਼ਾ ਦਿੰਦੇ

---

ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥ ੪ ॥

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥ ੬ ॥

ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥ ੭ ॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 240

98 ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 14

99 *ਮਹਾਨ ਕੋਸ਼*, ਪੰਨਾ 697

100 ਵੀਰ ਸਿੰਘ (ਭਾਈ), *ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 375

ਲਿਖਦੇ ਹਨ- *ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। ਨਾਮ ਨਾਮੀ ਦੇ ਗੁਣਾਂ ਦਾ ਸਾਕਾਰ ਰੂਪ ਹੈ, ਜਿਸ ਦੁਆਰਾ ਨਾਮੀ ਅਰਥਾਤ ਪਰਮਾਤਮਾ ਦੇ ਅਸਤਿੱਤਵ ਦਾ ਬੋਧ ਹੈ।*[101] ਡਾ. ਤਾਰਨ ਸਿੰਘ ਨੇ ਨਾਮ ਨੂੰ ਸਰਬ ਵਿਆਪਕ ਸ਼ਕਤੀ ਕਿਹਾ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਉਧਾਰ ਰਹੀ ਹੈ।[102] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਨਾਮ ਨੂੰ 'ਵਾਹਿਗੁਰੂ' ਸ਼ਬਦ ਦੇ ਰੂਪ ਵਿਚ ਪ੍ਰਵਾਨ ਕਰਦੇ ਹੋਏ ਇਸ ਦੇ ਵਿਭਿੰਨ ਪੱਖਾਂ ਨੂੰ ਇਸ ਪ੍ਰਕਾਰ ਦਰਸਾਇਆ ਗਿਆ ਹੈ-

### 2.2.1 ਭੌਤਿਕ ਅਤੇ ਪਰਾਭੌਤਿਕ ਸੁੱਖ ਪ੍ਰਦਾਨ ਕਰਨ ਵਾਲਾ

ਵਾਹਿਗੁਰੂ ਨਾਮ ਲੋਕ ਪਰਲੋਕ ਦੀਆਂ ਬੰਦਸ਼ਾਂ ਕੱਟਣ ਵਾਲਾ, ਸੁੱਖਾਂ ਦਾ ਘਰ ਅਤੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ। ਅਜਿਹੇ ਨਾਮ ਦੀ ਭਾਈ ਸੰਤੋਖ ਸਿੰਘ ਬੰਦਨਾ ਕੀਤੀ ਹੈ-

ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ

ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ ॥[103]

### 2.2.2 ਗਿਆਨ ਦਾ ਦਾਤਾ

ਦੁੱਖ ਕਲੇਸ਼ ਮਿਟਾ ਕੇ ਮੰਗਲ ਕਰਨ ਵਾਲੇ ਨਾਮ ਦੇ ਸਿਮਰਨ ਨਾਲ, ਨਾਮ ਜਪਣ ਵਾਲੇ ਦੇ ਹਿਰਦੇ ਵਿਚ ਗਿਆਨ ਪ੍ਰਗਟ ਹੋ ਜਾਂਦਾ ਹੈ-

ਮੰਗਲ ਸੁਖ ਕਲਿਆਨ ਸਦਾ, ਕਰਹਿ ਅਮੰਗਲ ਹਾਨ

ਜਪਤਿ ਜਪਤਿ ਸ੍ਰੀ ਨਾਮ ਕੋ, ਪ੍ਰਗਟੈ ਉਰ ਮੈਂ ਗਾਨ ॥੩੭॥[104]

### 2.2.3 ਨਾਮਹੀਣ ਧਰਮ-ਕਰਮ ਦੀ ਅਕਾਰਥਤਾ

ਨਾਮ ਤੋਂ ਬਿਨਾਂ ਕੀਤੇ ਗਏ ਧਾਰਮਿਕ ਕਰਮ ਕਾਂਡ- ਵਰਤ, ਜਪ, ਤਪ ਆਦਿ ਸਭ ਵਿਅਰਥ ਹਨ

---

101 ਜੋਧ ਸਿੰਘ (ਭਾਈ), *ਗੁਰਮਤਿ ਨਿਰਨਯ,* ਪੰਨਾ 156

102 *ਨੇਮ ਅਤੇ ਪ੍ਰੇਮ,* ਪੰਨਾ 177

103 ਜਿਲਦ ਪਹਿਲੀ, ਪੰਨਾ 66

104 ਉਹੀ, ਪੰਨਾ 69

ਜੋ ਇਸ ਸੰਸਾਰ ਵਿਚ ਜਨਮ ਮਰਣ ਦਾ ਕਾਰਨ ਬਣਦੇ ਹਨ-

ਬਰਤ ਨੇਮ ਜਪ ਤਪ ਜਗ ਕਰਮੂ। ਨਾਮ ਬਿਨਾ ਬਿਰਥੇ ਸਭਿ ਧਰਮੂ

ਨਾਮ ਹੀਨ ਭਵ ਸਾਗਰ ਬੀਚੂ । ਜਨਮ ਧਰਹਿਂ ਊਚੂ ਕਬ ਨੀਚੂ ॥੩੮॥[105]

ਉਸ ਅਕਾਲ ਪੁਰਖ ਦਾ ਨਾਮ 'ਇਕ' ਅੱਖਰ ਵਾਂਗ ਹੈ ਜੋ ਸਿਫਰ (ਜ਼ੀਰੋ) ਵਰਗੇ ਕਰਮਾਂ ਧਰਮਾਂ ਦੇ ਅੱਗੇ ਜੁੜ ਕੇ ਇਨ੍ਹਾਂ ਨੂੰ ਦਸ ਗੁਣਾ ਕਰ ਦਿੰਦਾ ਹੈ ਪਰੰਤੂ ਨਾਮ ਦੇ 'ਇਕ' ਤੋਂ ਬਿਨਾਂ ਇਹ ਸਾਰੇ ਧਾਰਮਿਕ ਕਰਮ ਧਰਮ ਸਿਫਰ (ਜ਼ੀਰੋ) ਵਾਂਗ ਮੁੱਲਹੀਣ ਹਨ।[106]

### 2.2.4 ਵਾਹਿਗੁਰੂ ਨਾਮ ਦਾ ਅਰਥ

ਵਾਹਿਗੁਰੂ ਨਾਮ ਵਿਚ 'ਵਾਹਿ' ਸ਼ਬਦ ਉਸ ਪਰਮਾਤਮਾ ਲਈ ਅਸਰਜ ਅਤੇ ਵਿਸਮਾਦ ਦੇ ਅਰਥਾਂ ਦਾ ਧਾਰਨੀ ਹੈ। 'ਗ' ਅਗਿਆਨ ਰੂਪ ਹਨੇਰੇ ਅਤੇ 'ਰ' ਗਿਆਨ ਦੇ ਪ੍ਰਕਾਸ਼ ਵਾਲੇ ਅਰਥ ਨੂੰ ਦਰਸਾਉਂਦਾ ਹੈ-

ਨਿਰਗੁਨ ਨਾਮਨ ਤੇ ਵਧਿ ਐਸੇ। ਸੋ ਕਰਿ ਅਰਥ ਬਖਾਨੋਂ ਜੈਸੇ।

ਵਾਹਿ ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ ॥੬੨॥

ਗੋ ਤਮ ਨਾਮ ਅਗਾਨ ਅਨਿਤ। ਰੋ ਪਰਕਾਸ਼ ਕਿਯੋ ਜਿਨ ਚਿੱਤੁ।

ਇਉਂ ਸ੍ਰੀ ਨਾਨਕ ਨਾਮ ਬਨਾਯੋ। ਸੁਨਿ ਸ੍ਰੁਤਿ ਸੰਤਨ ਚਿਤ ਸੁਖ ਪਾਯੋ ॥੬੩॥[107]

### 2.2.5 ਨਾਮ: ਅਸਲੀ ਧਨ ਦੇ ਰੂਪ ਵਿਚ

ਦੁਨਿਆਵੀ ਧਨ ਨੂੰ ਛੂਹਣ ਨਾਲ ਹੱਥ ਅਤੇ ਇਸ ਨੂੰ ਯਾਦ ਦਾ ਹਿੱਸਾ ਬਣਾਉਣ ਨਾਲ ਮਨ ਕਾਲਾ ਹੋ ਜਾਂਦਾ ਹੈ। ਇਸ ਨੂੰ ਸੰਭਾਲ ਕੇ ਰੱਖਣ ਵਿਚ ਵੀ ਬਹੁਤ ਕਠਿਨਾਈਆਂ ਹੁੰਦੀਆਂ ਹਨ ਅਤੇ ਚੋਰ ਆਦਿਕ ਦਾ ਖਤਰਾ ਵੀ ਹੁੰਦਾ ਹੈ। ਇਸ ਧਨ ਦੇ ਮੁਕਾਬਲੇ ਨਾਮ ਰੂਪ ਧਨ ਸੁੱਖ ਦੇਣ ਵਾਲਾ ਹੁੰਦਾ ਹੈ ਜਿਸ ਨਾਲ

---

[105] ਜਿਲਦ ਦੂਜੀ, ਪੰਨਾ 69

[106] ਸੱਤਿਨਾਮ ਏਕਾਂਗ ਪਛਾਨ। ਅਪਰ ਕਰਮ ਸਭਿ ਸੂੰਨ ਸਮਾਨ।

ਜੇ ਏਕਾਂਗ ਪੂਰਬ ਲਿਖਦੇਯ। ਸੂੰਨ ਲਗੇ ਦਸ ਗੁਨੇ ਬਧੇਯ।

ਜੇ ਏਕਾਂਗ ਪੂਰਬ ਲਿਖਿ ਨਾਂਹੀ। ਕੇਵਲ ਸੂੰਨ ਲਿਖਤਿ ਹੀ ਜਾਂਹੀ।

ਸੋ ਸਭਿ ਖਾਲੀ ਕੁਛ ਨਹਿਂ ਸਰੈ। ਗਿਨਤੀ ਮਹਿਂ ਕੋਊ ਨਹਿਂ ਧਰੈ। -ਜਿਲਦ ਸਤਵੀਂ, ਪੰਨੇ 2691-92

[107] ਜਿਲਦ ਦੂਜੀ, ਪੰਨਾ 92

ਜਨਮ ਮਰਨ ਮਿਟ ਜਾਂਦਾ ਹੈ।[108]

## 2.3 ਸ਼ਬਦ

'ਸ਼ਬਦ' ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖ ਧਰਮ ਵਿਚ ਗੁਰੂ ਦਾ ਦਰਜਾ ਪ੍ਰਾਪਤ ਹੈ। ਇਸ ਦਾ ਇਲਹਾਮ 'ਧੁਰ ਕੀ ਬਾਣੀ' ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੂੰ ਹੋਇਆ ਹੈ। ਗੁਰੂ ਨਾਨਕ ਦੇਵ ਜੀ 'ਸ਼ਬਦ' ਨੂੰ ਗੁਰੂ ਦਾ ਦਰਜਾ ਦਿੰਦੇ ਹੋਏ ਆਪਣੀ ਸੁਰਤ ਨੂੰ 'ਸ਼ਬਦ' ਦਾ ਚੇਲਾ ਕਿਹਾ ਹੈ।[109] ਗੁਰੂ ਦੇ ਸ਼ਬਦ ਤੋਂ ਬਿਨਾਂ ਹੋਰ ਕੋਈ ਨਹੀਂ ਜੋ ਇਸ ਜੀਵ ਨੂੰ ਮੋਹ ਮਾਇਆ ਤੋਂ ਮੁਕਤ ਕਰ ਸਕੇ।[110] 'ਸ਼ਬਦ' ਗੁਰੂ ਰੂਪ ਇਸ ਗੁਰਬਾਣੀ ਨੂੰ ਰਤਨਾਂ ਦਾ ਭਰਿਆ ਹੋਇਆ ਸਮੁੰਦਰ ਕਿਹਾ ਗਿਆ ਹੈ ਜੋ ਇਸ ਨਾਲ ਜੁੜੇ ਰਹਿਣ ਵਾਲੇ ਨੂੰ ਪ੍ਰਾਪਤ ਹੁੰਦਾ ਹੈ।[111] ਮਨੁੱਖ ਦੇ ਅੰਦਰ ਭਰੇ ਹੋਏ ਅੰਮ੍ਰਿਤ ਦੇ ਖੂਹ ਵਿਚੋਂ ਨਾਮ ਰੂਪ ਅੰਮ੍ਰਿਤ, ਗੁਰੂ ਦੇ ਸ਼ਬਦ ਰਾਹੀਂ ਹੀ ਕੱਢ ਕੇ ਪੀ ਸਕਦਾ ਹੈ।[112] ਭਾਈ ਗੁਰਦਾਸ ਜੀ ਨੇ ਸ਼ਬਦ ਨੂੰ ਗੁਰੂ ਦਾ ਪ੍ਰਮਾਣਿਕ ਰੂਪ ਕਿਹਾ ਹੈ।[113]

ਇਸ ਗ੍ਰੰਥ ਵਿਚ ਸ਼ਬਦ ਦੇ ਸਤਿਕਾਰ ਨੂੰ ਪ੍ਰਗਟ ਕਰਨ ਵਾਲੀਆਂ ਗੁਰੂ ਕਾਲ ਦੀਆਂ ਕੁੱਝ ਘਟਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ, ਜਿਵੇਂ- ਗੁਰੂ ਹਰਿ ਰਾਇ ਸਾਹਿਬ ਦੁਆਰਾ ਆਰਾਮ ਦੀ ਹਾਲਤ ਵਿਚ

---

108 ਜਿਸ ਤੇ ਛੁਟਤਿ ਭਏ ਕਰ ਕਾਰੇ । ਮਨ ਕਾਰੋ ਹੁਇ ਲਗ ਬਿਵਹਾਰੇ ॥
ਚਿਤਵਨ ਤੇ ਅੰਤਰ ਹੁਇ ਕਾਰਾ । ਅੰਤ ਗਮਨ ਨਹਿਂ ਸੰਗ ਸਿਧਾਰਾ ॥
ਪੁਨ ਰਾਖਨ ਮਹਿਂ ਤ੍ਰਾਸ ਮਹਾਨਾ । ਤਸਕਰ ਨ੍ਰਿਪ ਆਦਿਕ ਬਲਵਾਨਾ ॥
ਇਹ ਧਨ ਸਭਿ ਕੋ ਸਾਰ ਪਛਾਨਹੁ। ਕਿਤਹੂੰ ਤੇ ਜਿਸ ਤ੍ਰਾਸ ਨ ਠਾਨਹੁ।
ਹਰਿ ਸਿਮਰਨ ਧਨ ਤੇ ਸੁਖ ਪਾਵੈ। ਜਨਮ ਮਰਨ ਦਾਰਿਦ ਬਿਨਸਾਵੈ। - ਜਿਲਦ ਪੰਜਵੀਂ, ਪੰਨਾ 1618

109 ਸਬਦੁ ਗੁਰੂ ਸੁਰਤ ਧੁਨਿ ਚੇਲਾ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 943

110 ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥ -ਉਹੀ, ਪੰਨਾ 244

111 ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 442

112 ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥ -ਉਹੀ, ਪੰਨਾ 570

113 ਗੁਰ ਮੂਰਤਿ ਗੁਰੁ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ। -*ਵਾਰਾਂ ਭਾਈ ਗੁਰਦਾਸ ਜੀ*, ਵਾਰ 24/11, ਪੰਨਾ 259

ਇਕ ਦਮ ਉੱਠਣ ਕਾਰਨ ਗੋਡੇ 'ਤੇ ਸੱਟ ਲੱਗਣੀ, ਜਦੋਂ ਉਹ ਗੁਰਬਾਣੀ ਦਾ ਸ਼ਬਦ  ਗਾਇਨ ਕਰ ਰਹੀਆਂ ਸੰਗਤਾਂ ਦੇ ਸਤਿਕਾਰ ਲਈ ਕਾਹਲੀ ਦੀ ਹਾਲਤ ਵਿਚ ਉਠੇ।[114] ਦੂਸਰੀ ਘਟਨਾ, ਇਕ ਸਿੱਖ ਦੁਆਰਾ ਗੁਰਬਾਣੀ ਪੜ੍ਹਨ ਸਮੇਂ ਗੁਰਬਾਣੀ ਦਾ ਗਲਤ ਉਚਾਰਨ ਕਰਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਸ ਨੂੰ ਚਪੇੜਾਂ ਮਰਵਾਉਣੀਆਂ।[115] ਸ਼ਬਦ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਨਿਰੂਪਿਤ ਕੀਤਾ ਗਿਆ ਹੈ-

### 2.3.1 ਸਿੱਖ ਲਈ ਸ਼ਬਦ ਦੀ ਮਹੱਤਤਾ

ਉਹ ਸਿੱਖ ਉੱਤਮ ਦਰਜੇ ਵਾਲੇ ਹਨ ਜਿਨ੍ਹਾਂ ਦੇ ਮਨ ਰੂਪੀ ਜੰਗਲ ਵਿਚ ਗੁਰੂ ਦਾ ਸ਼ਬਦ ਰੂਪੀ ਸ਼ੇਰ ਵਿਚਰਦਾ ਹੈ। ਗੁਰੂ ਦਾ ਸ਼ਬਦ ਭਰਮ ਰੂਪੀ ਜਿੰਦਰਿਆਂ ਨੂੰ ਖੋਲ੍ਹਣ ਲਈ ਚਾਬੀ ਦਾ ਕਾਰਜ ਕਰਦਾ ਹੈ-

> ਪਰਮ ਸਿਖ ਜਿਨ ਕੇ ਮਨ ਕਾਨਨ। ਬਿਚਰਹਿ ਨਿਤ ਗੁਰ ਸ਼ਬਦ ਪਚਾਨਨ।
>
> .....ਤਾਰੋ ਭਰਮ ਭਿਰਯੋ ਨਰ ਡੋਲਹਿ। ਗੁਰਬਾਨੀ ਤਾਰੀ ਸੰਗ ਖੋਲਹਿ।[116]

ਜਿਨ੍ਹਾਂ ਗੁਰਮੁਖਾਂ ਕੋਲ ਸਤਿਗੁਰੂ ਦੇ ਸ਼ਬਦ ਵਾਲਾ ਸ਼ਸਤਰ ਹੁੰਦਾ ਹੈ ਉਹ ਪੰਜ ਵਿਕਾਰਾਂ ਨੂੰ ਇਸ ਸ਼ਸਤਰ ਨਾਲ ਕੱਟਣ ਵਿਚ ਦੇਰੀ ਨਹੀਂ ਕਰਦੇ।[117]

### 2.3.2 ਸ਼ਬਦ: ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ

ਸ਼ਰਧਾ ਸਹਿਤ ਗੁਰੂ ਦੇ ਬਚਨ ਮੰਨਣ ਵਾਲਾ, ਸ਼ਬਦ ਦੇ ਆਸਰੇ ਰਾਹੀਂ ਬਿਨਾਂ ਕਿਸੇ ਦੇਰੀ ਦੇ ਇਸ ਸੰਸਾਰ ਰੂਪ ਭਵਜਲ ਤੋਂ ਪਾਰ ਹੋ ਜਾਂਦਾ ਹੈ-

> ਸ਼ਬਦ ਆਸਾਰੇ ਹੋਵਹੁ ਪਾਰ। ਇਸ ਨਿਸ਼ਚਾ ਸਤਿਗੁਰ ਕੋ ਧਾਰਿ।
>
> ਭਵਜਲ ਗੁਰ ਕੋ ਸ਼ਬਦ ਉਧਾਰੈ। ਇਹ ਬਪੁਰੀ ਕਯਾ ਨਦੀ ਨ ਤਾਰੈ॥

---

114 ਜਿਲਦ ਦਸਵੀਂ, ਪੰਨੇ 3844-45

115 ਜਿਲਦ ਬਾਹਰਵੀਂ, ਪੰਨੇ 5117-18

116 ਜਿਲਦ ਦਸਵੀਂ, ਪੰਨਾ 3846

117 ਜਿਲਦ ਚੌਥੀ, ਪੰਨਾ 846

ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮ ਨਹਿਂ ਠਾਨੋ।[118]

ਸੰਸਾਰ ਰੂਪੀ ਭਵਸਾਗਰ ਪਾਰ ਕਰਨ ਦੀ ਇੱਛਾ ਰੱਖਣ ਵਾਲੇ ਨੂੰ ਗੁਰਬਾਣੀ ਆਪਣੇ ਮਨ ਅੰਦਰ ਵਸਾਉਣੀ ਚਾਹੀਦੀ ਹੈ[119] ਕਿਉਂਕਿ ਸਤਿਗੁਰੂ ਦੇ ਸ਼ਬਦ ਵਿਚ ਆਤਮ ਗਿਆਨ ਦਾ ਸਾਰਾ ਸੁੱਖ ਮੌਜੂਦ ਹੁੰਦਾ ਹੈ-

ਸੁਨਿ ਕਰਿ ਸ੍ਰੀ ਹਰਿਗੋਵਿੰਦ ਕਹੈਂ। 'ਸਭਿ ਕਾਸ਼ਟ ਮਹਿਂ ਅਗਨੀ ਰਹੈ ॥

ਬਿਨਾ ਮਥੇ ਨਹਿਂ ਨਿਕਸਿ ਪ੍ਰਕਾਸ਼ੈ। ਕਾਰਜ ਕਰਹਿ ਨ ਸੀਤ ਬਿਨਾਸ਼ੈ।

ਜਥਾ ਦੁਗਧ ਮਹਿਂ ਘ੍ਰਿਤ ਮਿਲਿ ਰਹਯੋ। ਮਥਨ ਕਰੇ ਬਿਨ ਕਿਨਹੁਂ ਨ ਲਹਯੋ ॥

ਤਿਮ ਸਤਿਗੁਰ ਕੇ ਸ਼ਬਦ ਮਝਾਰਾ। ਆਤਮ ਗਜਾਨ ਬਸੈ ਸੁਖ ਸਾਰਾ।[120]

### 2.3.3 ਸ਼ਬਦ ਰਾਹੀਂ ਕਾਰਜ ਸਫਲਤਾ ਅਤੇ ਇੱਛਾ ਪੂਰਤੀ

ਸਿੱਖ ਦੇ ਆਪਣੇ ਮਨ ਵਿਚ ਕਿਸੇ ਇੱਛਾ ਦੀ ਪੂਰਤੀ ਅਤੇ ਕਾਰਜ ਵਿਚ ਰੁਕਾਵਟ ਦੂਰ ਕਰਨ ਲਈ ਸ਼ਬਦ ਗੁਰੂ 'ਗੁਰੂ ਗ੍ਰੰਥ ਸਾਹਿਬ' ਦਾ ਆਸਰਾ ਲਵੇ ਤਾਂ ਗੁਰੂ ਆਪ ਸਹਾਇਤਾ ਕਰਦਾ ਹੈ ਪਰ ਇਸ ਦੀ ਪੂਰਤੀ ਲਈ ਸ਼ਰਧਾ ਦਾ ਹੋਣਾ ਜਰੂਰੀ ਹੈ-

ਹੋਹਿ ਕਾਮਨਾ ਸਿਖ ਕੈ ਕੋਈ। ਬਿਘਨ ਪਰਹਿ ਕੈ ਸੰਕਟ ਹੋਈ।

ਸ਼ਰਨ ਗ੍ਰੰਥ ਸਾਹਿਬ ਕੀ ਜਾਇ। ਤਤਛਿਨ ਸਤਿਗੁਰ ਬਨਹਿਂ ਸਹਾਇ ॥

ਸ਼ਰਧਾਲੂ ਕੋ ਸਭਿ ਕਿਛ ਅਹੈ। ਹੋਹਿ ਅਸ਼ਰਧਕ ਕਿਮਹੁ ਨ ਲਹੈ।[121]

### 2.3.4 ਗੁਰਬਾਣੀ ਦੇ ਭੈ ਅਤੇ ਅਦਬ ਬਿਨਾਂ ਅਨੰਦ ਸੰਭਵ ਨਹੀਂ

ਸ਼ਬਦ ਰੂਪ ਗੁਰਬਾਣੀ ਦਾ ਭੈ ਅਤੇ ਅਨੰਦ, ਇਕ ਦੂਸਰੇ ਨਾਲ ਕਾਰਨ-ਕਾਰਜ ਦੀ ਬੰਨ੍ਹੀ ਹੋਈ ਸੰਗਲ ਵਾਂਗ ਹਨ ਜਿਸ ਵਿਚ ਪਹਿਲਾਂ ਕਾਰਨ ਆਉਂਦਾ ਅਤੇ ਫਿਰ ਕਾਰਜ। ਭੈ ਬਿਨਾਂ ਭਗਤੀ ਦੀ ਪ੍ਰਾਪਤੀ

---

118 ਜਿਲਦ ਪੰਜਵੀਂ, ਪੰਨਾ 1751

119 ਗੁਰਬਾਣੀ ਕੋ ਮਨਨ ਸੁ ਕਰਨਾ। ਜੇ ਚਾਹਤਿ ਹੋ ਭਵ ਤੇ ਤਰਨਾ ॥ - ਜਿਲਦ ਚੌਥੀ, ਪੰਨਾ 1132

120 ਜਿਲਦ ਸਤਵੀਂ, ਪੰਨਾ 2673

121 ਜਿਲਦ ਦਸਵੀਂ, ਪੰਨਾ 3956

ਨਹੀਂ ਹੁੰਦੀ, ਭਗਤੀ ਬਿਨਾਂ ਗਿਆਨ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ ਮਿਲਦੀ ਅਤੇ ਮੁਕਤੀ ਤੋਂ ਬਿਨਾਂ ਅਨੰਦ ਨਹੀਂ ਪ੍ਰਾਪਤ ਹੁੰਦਾ।[122] ਇਸ ਪ੍ਰਕਾਰ ਗੁਰਬਾਣੀ ਦੇ ਭੈ ਅਤੇ ਅਨੰਦ ਦੀ ਸੰਗਲ ਨੂੰ; ਭਗਤੀ, ਗਿਆਨ ਅਤੇ ਮੁਕਤੀ; ਕੜੀਆਂ ਵਾਂਗ ਜੋੜਣ ਦਾ ਕਾਰਜ ਕਰਦੇ ਹਨ।

### 2.3.5 ਸ਼ਬਦ ਦਾ ਲਾਭ

ਆਤਮਿਕ ਗਿਆਨ ਦੀ ਪ੍ਰਾਪਤੀ ਲਈ ਸ਼ਬਦ ਦਾ ਆਸਰਾ ਲੈਣ ਵਾਲੇ ਮਨੁੱਖ ਦੀ ਵਡਿਆਈ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ। ਸ਼ਬਦ ਨੂੰ ਸੁਣਨ ਵਾਲੇ ਅਗਿਆਨੀ ਮਨੁੱਖ ਦੀ ਅਗਿਆਨ ਵਾਲੀ ਮੈਲ ਖਤਮ ਹੋ ਜਾਂਦੀ ਹੈ। ਜਗਿਆਸੂ ਮਨੁੱਖ ਸ਼ਬਦ ਦੇ ਅਭਿਆਸ ਰਾਹੀਂ ਸੌਖੇ ਤਰੀਕੇ ਨਾਲ ਹੀ ਗਿਆਨ ਪ੍ਰਾਪਤ ਕਰ ਲੈਂਦਾ ਹੈ। ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਲਈ ਸ਼ਬਦ, ਭਗਤੀ ਵਜੋਂ ਕਾਰਜ ਕਰਦਾ ਹੈ।[123]

## 2.4 ਸਾਧ ਸੰਗਤ/ਸਤਿਸੰਗਤ

ਪਰਮ ਸੱਤਾ ਦੀ ਸਮਝ ਅਤੇ ਉਸ ਨਾਲ ਮਿਲਾਪ ਲਈ ਸਾਧ ਸੰਗਤ ਦਾ ਵਿਸ਼ੇਸ਼ ਮਹੱਤਵ ਹੈ। ਸਿੱਖ ਧਰਮ ਅਨੁਸਾਰ ਸੰਗਤ, ਪਰਮਾਤਮਾ ਦੀ ਸਿੱਖਿਆ ਪ੍ਰਦਾਨ ਕਰਨ ਵਾਲੀ ਗੁਰੂ ਦੀ ਪਾਠਸ਼ਾਲਾ ਹੈ।[124] ਸਾਧ ਸੰਗਤਿ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ[125] ਜਿੱਥੇ ਲੋਹੇ ਵਰਗਾ ਔਗੁਣੀ ਮਨੁੱਖ, ਪਾਰਸ ਰੂਪ

---

[122] ਬਿਨ ਭੈ ਭਗਤਿ ਨ ਪ੍ਰਾਪਤਿ ਹੋਇ। ਭਗਤਿ ਬਿਨਾ ਨਾ ਗਯਾਨ ਅਵਿਲੋਇ।

ਗਯਾਨ ਬਿਨਾ ਮੁਕਤੀ ਕਿਮ ਪਾਇ। ਮੁਕਤਿ ਬਿਨਾ ਨ ਅਨੰਦ ਸਮਾਇ।

ਕਾਰਨ ਕਾਰਜ ਸ਼੍ਰਿਖਲ ਏਹੀ। ਗੁਰਬਾਨੀ ਭੈ ਤੇ ਸੁਖ ਲੇਹੀ। -ਜਿਲਦ ਦਸਵੀਂ, ਪੰਨਾ 3845

[123] ਇਕ ਨਰ ਗਯਾਨ ਬੱਧ ਜੇ ਹੋਇ। ਤਿਨ ਕੀ ਸ਼੍ਰੇਯ ਕਰਹਿ ਨਹਿੰ ਕੋਇ।

ਸੁਨਹਿ ਸ਼ਬਦ ਜੋ ਨਰ ਅੱਗਯਾਨੀ। ਤਿਨ ਕੇ ਕਲਮਲ ਹੋਵਹਿਂ ਹਾਨੀ।

ਜੱਗਯਾਸਾ ਕੋ ਪਾਇ ਅਗਾਰੇ। ਅੱਭਯਾਸੇ ਲਹਿ ਗਯਾਨ ਸੁਖਾਰੇ।

ਭਗਤਨਿ ਕੀ ਦਿਢਿ ਭਗਤੀ ਹੋਇ। ਗਯਾਨੀ ਗਯਾਨ ਸੁ ਗਾਢੋ ਜੋਇ। -ਜਿਲਦ ਸਤਵੀਂ, ਪੰਨਾ 2677

[124] ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1316

[125] ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ -ਉਹੀ, ਪੰਨਾ 94

ਸੰਗਤ ਨਾਲ ਛੂਹ ਕੇ ਸੋਨੇ ਵਰਗਾ ਹੋ ਜਾਂਦਾ ਹੈ।[126] ਭਾਈ ਸੰਤੋਖ ਸਿੰਘ ਸਾਧ ਸੰਗਤ ਦੇ ਵਿਭਿੰਨ ਪੱਖਾਂ ਨੂੰ ਇਸ ਪ੍ਰਕਾਰ ਚਿਤ੍ਰਿਤ ਕੀਤਾ ਹੈ-

### 2.4.1 ਸਤਿ ਸੰਗਤ ਰਾਹੀਂ ਸੁੱਖਾਂ ਦੀ ਪ੍ਰਾਪਤੀ

ਸਤਿਸੰਗਤ ਦੀ ਮਹਿਮਾ ਕਰਦੇ ਹੋਏ ਭਾਈ ਸੰਤੋਖ ਸਿੰਘ ਨੇ ਦਰਸਾਇਆ ਹੈ ਕਿ ਸੰਗਤ ਕਰਨ ਨਾਲ ਭਰਮ ਦਾ ਨਾਸ ਹੋ ਕੇ ਸੁੱਖਾਂ ਦਾ ਪ੍ਰਕਾਸ਼ ਹੋ ਜਾਂਦਾ ਹੈ-

ਸਤਿ ਸੰਗਤ ਕੇ ਸੰਗ ਤੇ, ਦਿਢ ਹੋਯੋ ਅਭਾਸ

ਗਯੋ ਭੁਲਾਵਾ ਭਰਮ ਕਾ, ਸਹਿਜ ਸੁਖਹਿ ਪਰਕਾਸ਼ ॥[127]

### 2.4.2 ਸੰਗਤ ਦੀ ਸੇਵਾ: ਸਾਰੇ ਧਾਰਮਿਕ ਕਰਮਾਂ ਤੋਂ ਉੱਤਮ

ਮੌਜੂਦਾ ਸਮੇਂ ਵਿਚ, ਪਹਿਲਾਂ ਵਾਲੇ ਹੋ ਚੁੱਕੇ ਜੁਗਾਂ ਵਾਂਗ ਤਪ ਕਰਨ ਵਾਲਾ ਸਮਾਂ ਨਹੀਂ ਹੈ ਜਿਵੇਂ ਕਿ ਪਿਛਲੇ ਜੁਗਾਂ ਵਿਚ ਆਪਣੇ ਅੰਦਰ ਨੂੰ ਨਿਰਮਲ ਕਰ ਕੇ ਅਨੰਦ ਵਿਚ ਰਹਿੰਦੇ ਸਨ। ਇਸ ਤਪ ਦੀ ਥਾਂ 'ਤੇ ਸੰਗਤ ਦੀ ਸੇਵਾ ਦਾ ਫਲ ਤਪ ਤੋਂ ਦਸ ਗੁਣਾਂ ਪ੍ਰਾਪਤ ਹੁੰਦਾ ਹੈ। ਬਹੁਤ ਸਮੇਂ ਤੱਕ ਤਪ ਕਰਨ ਦੇ ਬਰਾਬਰ ਦਾ ਫਲ ਥੋੜ੍ਹੇ ਸਮੇਂ ਦੀ ਸੇਵਾ ਨਾਲ ਮਿਲ ਜਾਂਦਾ ਹੈ। ਸੰਗਤ ਦੀ ਸੇਵਾ ਰਾਹੀਂ ਚਾਰ ਪਦਾਰਥਾਂ ਦੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਹੰਕਾਰ ਦਾ ਨਾਸ਼ ਹੋ ਜਾਂਦਾ ਹੈ।[128]

### 2.4.3 ਸੰਗਤ ਦੀ ਸੇਵਾ ਅਤੇ ਸਰੀਰਕ ਅੰਗ

ਸੰਗਤ ਦੀ ਸੇਵਾ ਸਰੀਰ ਦੇ ਅੰਗਾਂ ਨੂੰ ਪਵਿੱਤਰ ਕਰਨ ਦਾ ਜ਼ਰ੍ਹੀਆ ਹੈ। ਸੰਗਤ ਦੀ ਟਹਿਲ ਕਰਨ

---

126 ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ - *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 303

127 ਜਿਲਦ ਦੂਜੀ, ਪੰਨਾ 180

128 ਅਪਰ ਜੁਗਨ ਮਹਿ ਤਪ ਕੋ ਤਾਪਨ ॥

ਨਿਰਮਲ ਅੰਤਹਿ ਕਰਨ ਕਰੇ ਹੈ । ਹ੍ਵੈ ਨਿਸ਼ਕਾਮ ਅਨੰਦ ਥਿਰੇ ਹੈ।

ਸੋ ਤਪ ਕੋ ਅਬ ਸਮਾਂ ਨ ਜਾਨਹੁ। ਸੰਤਸੰਗਤਿ ਕੀ ਸੇਵਾ ਠਾਨਹੁ ॥

ਤਪ ਤੇ ਦਸ ਗੁਨ ਫਲ ਇਸ ਕੇਰਾ । ਅੰਤ ਸਮੈਂ ਬਲ ਲਹੈ ਬਡੇਰਾ।

ਤਪ ਕੋ ਬਹੁਦਿਨ ਜੇ ਨਿਤਿ ਤਾਪਤਿ। ਅਲਪ ਸਮੈ ਸੇਵਾ ਫਲ ਪ੍ਰਾਪਤਿ ॥

ਸੇਵਾ ਕਰਿ ਲੇ ਚਤੁਰ ਪਦਾਰਥ। ਗੁਰ ਸਿਖ ਸੇਵਹਿ ਹੋਹਿ ਕ੍ਰਿਤਾਰਥ।

ਸ਼ਰਧਾ ਪ੍ਰੇਮ ਸਹਤ ਕਰ ਸੇਵਾ । ਨਹਿਂ ਬਯਾਪੈ ਮਨ ਕੋ ਅਹੰਮੇਵਾ ॥ -ਜਿਲਦ ਪੰਜਵੀਂ, ਪੰਨਾ 1656

ਵਾਲੇ ਹੱਥ ਹੀ ਪਵਿੱਤਰ ਸਮਝਣੇ ਚਾਹੀਦੇ ਹਨ ਅਤੇ ਸੰਗਤ ਵਿਚ ਜਾ ਕੇ ਗੁਰੂ ਦਾ ਦਰਸ਼ਨ ਕਰਨ ਵਾਲੇ ਪੈਰ ਪਵਿੱਤਰ ਹਨ-

ਸੁਨਿ ਸਿੱਖਾ ਗੁਰਮਤਿ ਇਹ ਸਾਰ। ਸਤਿਸੰਗਤਿ ਕੀ ਸੇਵ ਉਦਾਰ।

ਹਾਥ ਪਵਿਤ੍ਰ ਟਹਿਲ ਤੇ ਜਾਨਹੁੰ। ਪਦ ਪਵਿੱਤ੍ਰ ਗੁਰ ਦਰਸ ਪਯਾਨਹੁ ।।[129]

ਇਸ ਤੋਂ ਉਲਟ ਸੰਗਤ ਦੀ ਸੇਵਾ ਨਾ ਕਰਨ ਵਾਲੇ ਸਰੀਰ ਦੇ ਅੰਗ ਮੁਰਦੇ ਵਾਂਗ ਅਪਵਿੱਤਰ ਅਤੇ ਨਾ ਛੁਹਣਯੋਗ ਹਨ-

ਜਿਮ ਮੁਰਦੇ ਕੇ ਅੰਗ ਅਪਾਵਨ। ਸੁਕਚਤਿ ਸਭਿ, ਨਹਿਂ ਕਰਹਿਂ ਛੁਵਾਵਨ।

ਬਿਨਾ ਸੇਵ ਸਤਿਸੰਗਤਿ ਕੇਰੀ। ਦੇਹਿ ਅਪਾਵਨ ਤਿਮ ਨਰ ਕੇਰੀ ।।[130]

ਸਤਿ ਸੰਗਤ ਦੇ ਇਨ੍ਹਾਂ ਗੁਣਾਂ ਕਾਰਨ ਭਾਈ ਸੰਤੋਖ ਸਿੰਘ ਨੇ ਸੰਗਤ ਦੇ ਘਾਟ ’ਤੇ ਨਿੱਤ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ-

ਸਤਿ ਸੰਗਤਿ ਸ਼ੁਭ ਘਾਟ ਤੇ, ਨਿਤ ਕਰਉ ਇਸ਼ਨਾਨ

ਕਵਿ ਸੰਤੋਖ ਸਿੰਘ ਬੰਦ ਦੈ, ਨਮੋ ਨਮੋ ਗੁਨਖਾਨਿ ॥[131]

## 2.5 ਹੁਕਮ

ਸਾਧਾਰਨ ਭਾਸ਼ਾ ਵਿਚ ਹੁਕਮ ਕਿਸੇ ਆਗਿਆ ਦਾ ਲਖਾਇਕ ਹੈ। ਪਰਮ ਸੱਤਾ ਦੇ ਸੰਬੰਧ ਵਿਚ ਹੁਕਮ ਨੂੰ ਉਸ ਦੀ ਉਸ ਦੈਵੀ ਆਗਿਆ ਨਾਲ ਜੋੜਿਆ ਜਾਂਦਾ ਹੈ ਜਿਸ ਦੇ ਅਧੀਨ ਸਮੁੱਚੀ ਕਾਇਨਾਤ ਚੱਲ ਰਹੀ ਹੈ। ਕੁਰਆਨ ਮਜੀਦ ਵਿਚ ਅੱਲਾਹ ਦੇ ਹੁਕਮ ਦੀ ਸਮਰੱਥਾ ਬਾਰੇ ਕਿਹਾ ਗਿਆ ਹੈ ਕਿ ਉਹ ਜੋ ਹੁਕਮ ਦਿੰਦਾ ਹੈ, ਉਹ ਹੋ ਜਾਂਦਾ ਹੈ।[132] ਬਾਈਬਲ ਅਨੁਸਾਰ[133] ਯਹੋਵਾਹ ਪਰਮੇਸ਼ਰ ਦੇ ਹੁਕਮਾਂ ਦੀ

---

129 ਜਿਲਦ ਬਾਹਰਵੀਂ, ਪੰਨਾ 5236

130 ਉਹੀ, ਪੰਨਾ 5236

131 ਜਿਲਦ ਦੂਜੀ, ਪੰਨਾ 767

132 ਕੁਰਆਨ ਮਜੀਦ, ਸੂਰਤ ਅਲ-ਬਕਰਹ, ਆਇਤ 116-117, ਪੰਨਾ 41

133 ਪਵਿੱਤਰ ਬਾਈਬਲ, ਜਬੂਰ, 106:3, ਪੰਨਾ 633

ਪਾਲਣਾ ਕਰਨ ਵਾਲੇ ਹਮੇਸ਼ਾ ਖੁਸ਼ ਰਹਿੰਦੇ ਹਨ। ਸਿੱਖ ਧਰਮ ਵਿਚ ਪਰਮਾਤਮਾ ਦੇ ਹੁਕਮ ਦੇ ਮਹੱਤਵ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ ਜਪੁ ਬਾਣੀ ਦੀ ਦੂਸਰੀ ਪਉੜੀ ਵਿਚ ਰੱਬੀ ਹੁਕਮ ਦੀ ਸਾਰਥਕਤਾ ਨੂੰ ਦਰਸਾਇਆ ਗਿਆ ਹੈ।[134] ਆਸਾ ਕੀ ਵਾਰ ਵਿਚ ਰੱਬੀ ਹੁਕਮ ਨੂੰ ਸ੍ਰਿਸ਼ਟੀ ਸੰਚਾਲਨ ਦੇ ਅਨੁਸ਼ਾਸ਼ਨੀ ਨਿਯਮ ਵਜੋਂ ਸਥਾਪਿਤ ਕੀਤਾ ਗਿਆ ਹੈ ਜਿਸ ਅਨੁਸਾਰ ਸਮੁੱਚੀ ਸ੍ਰਿਸ਼ਟੀ ਵਿਚ ਕੁੱਝ ਵੀ ਉਸ ਰੱਬੀ ਹੁਕਮ ਤੋਂ ਬਾਹਰ ਨਹੀਂ ਹੈ।[135] ਪਰਮਾਤਮਾ ਦੇ ਹੁਕਮ ਅਨੁਸਾਰੀ ਚੱਲਣ ਵਾਲਾ ਜੀਵ ਉਸ ਦੇ ਦਰ 'ਤੇ ਕਬੂਲ ਹੋ ਜਾਂਦਾ ਹੈ।[136] ਡਾ. ਤਾਰਨ ਸਿੰਘ ਨੇ ਹੁਕਮ ਨੂੰ ਕਾਨੂੰਨ ਅਤੇ ਨਿਯਮ ਦੇ ਅਰਥਾਂ ਵਿਚ ਪੇਸ਼ ਕੀਤਾ ਹੈ[137] ਪਰੰਤੂ ਡਾ. ਬਲਕਾਰ ਸਿੰਘ ਨੇ ਹੁਕਮ ਨੂੰ ਕਾਨੂੰਨ ਨਾ ਮੰਨਦੇ ਹੋਏ ਲਿਖਦੇ ਹਨ- *ਹੁਕਮ ਅਤੇ ਮਨੁੱਖ ਦਾ ਸੰਦਰਭ ਮਾਨਵ-ਸਿਰਜਤ ਨਹੀਂ ਹੈ। ਏਸੇ ਲਈ ਹੁਕਮ ਨੂੰ ਕਾਨੂੰਨ ਪਰਵਾਨ ਨਹੀਂ ਕੀਤਾ ਗਿਆ। ਹੁਕਮ ਦੀ ਪਾਲਣਾ ਹੁਕਮ ਨੂੰ ਬੁਝਣ ਵਿਚ ਹੈ। ਬੂਝ ਪ੍ਰਾਪਤੀ ਵਾਸਤੇ ਇੰਦ੍ਰਿਆਵੀ-ਸਾਧਨਾਂ ਦੀ ਥਾਂ ਸਮਰਪਣ (surrender) ਨੂੰ ਸਾਧਨ ਪਰਵਾਨ ਕੀਤਾ ਹੋਇਆ ਹੈ। ਸਮਰਪਣ ਵਿਚ ਕਿਸੇ ਕਿਸਮ ਦਾ ਇੰਦ੍ਰਿਆਵੀਂ ਜਾਂ ਸਰੀਰਕ ਦਮਨ ਜਰੂਰੀ ਨਹੀਂ ਗਿਆ ਕਿਉਂਕਿ*

---

134 ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1

135 ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥ -ਉਹੀ, ਪੰਨਾ 464

136 ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ -ਉਹੀ, ਪੰਨਾ 471

137 ਤਾਰਨ ਸਿੰਘ (ਡਾ.), *ਜਪੁ-ਦਰਸ਼ਨ ਦੀਦਾਰ*, ਪੰਨਾ 42

*ਸਮਰਪਣ ਹਉਮੈ ਦਾ ਕਰਨਾ ਹੈ। ਹੁਕਮ ਦੀ ਪਾਲਣਾ ਹੁਕਮ ਨੂੰ ਸਮਝਣ ਵਿਚ ਹੈ।* [138] ਇਸ ਗ੍ਰੰਥ ਵਿਚ ਹੁਕਮ ਦੇ ਵਰਣਿਤ ਸਰੂਪ ਨੂੰ ਇਨ੍ਹਾਂ ਪੱਖਾਂ ਰਾਹੀਂ ਪ੍ਰਸਤੁਤ ਕੀਤਾ ਜਾ ਸਕਦਾ ਹੈ-

### 2.5.1 ਹੁਕਮ ਮੰਨਣ ਵਾਲੇ ਦਾ ਸਰੂਪ

ਪਰਮੇਸ਼ਰ ਦੇ ਹੁਕਮ ਵਿਚ ਭਾਣੇ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰਨ ਉਸ ਦੇ ਹੁਕਮ ਉੱਪਰ ਕਿਸੇਕਿਸਮ ਦਾ ਤਰਕ ਅਤੇ ਕਿੰਤੂ ਪਰੰਤੂ ਨਹੀਂ ਕਰਦੇ। ਅਜਿਹਾ ਕਰਨ ਵਾਲੇ ਦੁੱਖਾਂ ਤਕਲੀਫਾਂ ਤੋਂ ਮੁਕਤ ਹੋ ਕੇ ਸੁੱਖਾਂ ਵਾਲੀ ਅਵਸਥਾ ਵਿਚ ਰਹਿੰਦੇ ਹਨ।[139]

### 2.5.2 ਹੁਕਮ ਮੰਨਣ ਦਾ ਮਹੱਤਵ

ਗੁਰਮੁਖ ਜਨ, ਪਤੀਬ੍ਰਤਾ ਇਸਤਰੀ ਦੁਆਰਾ ਆਪਣੇ ਪਤੀ ਦੀ ਆਗਿਆ ਵਿਚ ਰਹਿਣ ਵਾਂਗ, ਹਮੇਸ਼ਾ ਹੀ ਉਸ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਜਪ, ਤਪ, ਵਰਤ ਆਦਿ ਤੋਂ ਵੱਡੇ ਫਲ ਪ੍ਰਾਪਤ ਕਰ ਲੈਂਦੇ ਹਨ-

ਜਿਮ ਪਤਿਬ੍ਰੱਤਾ ਇਸਤ੍ਰੀ ਲੱਛਨ। ਪਤਿ ਆਗਜਾ ਮਹਿਂ ਸੁਖੀ ਬਿਚੱਛਨ ।।
ਪ੍ਰਭੁ ਆਗਜਾ ਮਹਿਂ ਤਥਾ ਸਦੀਵਾ। ਰਹੁ ਰਾਜ਼ੀ ਬਨਿ ਗੁਰਮੁਖ ਜੀਵਾ।
ਜਪ ਤਪ ਬਰਤ ਦਾਨ ਫਲ ਸਾਰੇ। ਇਸਤੇ ਪ੍ਰਾਪਤਿ ਹੋਇਂ ਸੁਖਾਰੇ ।।[140]

### 2.5.1 ਹੁਕਮ ’ਤੇ ਤਰਕ ਕਰਨ ਵਾਲੇ ਮੂਰਖ

ਸਭ ਕੁੱਝ ਜਾਣਨ ਵਾਲੇ ਅਕਾਲ ਪੁਰਖ ਦੇ ਹੁਕਮ ਵਾਲੀ ਕ੍ਰਿਤ ’ਤੇ ਤਰਕ ਕਰਨ ਵਾਲੇ ਅਲਪ ਬੁੱਧੀ ਹਨ। ਉਸ ਪ੍ਰਭੂ ਦੇ ਹੁਕਮ ’ਤੇ ਤਰਕ ਕਰਨਾ ਮਨਮੁਖ ਬਰਤੀ ਵਾਲੇ ਜੀਵ ਦਾ ਹੀ ਸੁਭਾਅ ਹੈ-

ਪ੍ਰਭੁ ਸਰਬੱਗਯ ਸਫਲ ਕ੍ਰਿਤ ਧਰੈ। ਕਜਾ ਅਲਪੱਗਜ ਤਰਕਨਾ ਕਰੈ।
ਲਾਖਹੁਂ ਜੀਵਨਿ ਕੌ ਸੰਤਾਪ। ਮੇਟਹਿ ਪੌਨ, ਦੋਸ ਲੇਂ ਆਪਿ?।।

---

[138] ਬਲਕਾਰ ਸਿੰਘ (ਡਾ.), *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੰਨਾ 90

[139] ਜਥਾ ਕਰਹਿ ਪ੍ਰਭੁ ਪਿਖ ਹਰਖੰਤੇ। ਨਹਿਂ ਤਰਕਹਿਂ, ਕਹਿ ਕੈ ਨ ਮਿਟੰਤੇ ॥
ਸੋ ਗੁਰੁਮੁਖ ਸੁਖ ਪ੍ਰਾਪਤਿ ਹੋਇ। ਸੰਕਟਿ ਸਹੈ ਨ ਲੋਕਹੁਂ ਦੋਇ।

[140] ਜਿਲਦ ਪੰਜਵੀਂ, ਪੰਨਾ 1353

ਇਹ ਮਨਮੁਖ ਕੀ ਰੀਤਿ ਪਛਾਨੈ। ਹੁਵਤਿ ਮਿਟਾਇ ਕਿ ਤਰਕ ਬਖਾਨੈ।[141]

ਪਰਮਾਤਮਾ ਦੁਆਰਾ ਉਸ ਦੇ ਹੁਕਮ ਵਿਚ ਕੀਤੇ ਹੋਏ 'ਤੇ ਮੂਰਖ ਅਤੇ ਅਣਜਾਣ ਹੀ ਤਰਕ ਕਰਦੇ ਹਨ।[142]

## 2.6 ਹਉਮੈ

ਹਉਮੈ ਦਾ ਅਰਥ ਹੈ- *ਮੈਂ ਮੇਰੀ ਦਾ ਭਾਵ, ਅਹੰਤਾ, ਅਭਿਮਾਨ, ਖ਼ੁਦੀ।*[143] ਭਗਵਤ ਗੀਤਾ ਵਿਚ ਹਉਮੈ ਨੂੰ ਅਸੁਰੀ ਰੁਚੀ ਵਾਲੇ ਮਨੁੱਖ ਦੇ ਲੱਛਣਾਂ ਵਿਚੋਂ ਇਕ ਲੱਛਣ ਕਿਹਾ ਗਿਆ ਹੈ[144] ਜੋ ਮਨੁੱਖ ਨੂੰ ਅਪਵਿੱਤਰ ਨਰਕ ਵੱਲ ਲੈ ਜਾਂਦਾ ਹੈ।[145] ਇਸਲਾਮ ਵਿਚ ਹਉਮੈ ਲਈ 'ਕਿਬਰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਦਾ ਥੋੜ੍ਹਾ ਜਿਹਾ ਵੀ ਭਾਰ ਆਪਣੇ ਦਿਲ ਵਿਚ ਰੱਖਣ ਵਾਲਾ ਮਨੁੱਖ ਜੰਨਤ (ਸਵਰਗ) ਵਿਚ ਦਾਖਿਲ ਨਹੀਂ ਹੋ ਸਕਦਾ।[146] ਗੁਰਬਾਣੀ ਵਿਚ ਹਉਮੈ ਨੂੰ ਨਾਮ ਦਾ ਵਿਰੋਧੀ ਤੱਤ ਕਿਹਾ ਗਿਆ ਹੈ ਜਿਸ ਦੇ ਨਾਲ ਨਾਮ ਦੀ ਮੌਜੂਦਗੀ ਸੰਭਵ ਨਹੀਂ।[147] ਪਰਮਾਤਮਾ ਪਤੀ ਅਤੇ ਜੀਵ ਇਸਤਰੀ ਦੀ ਇਕਰੂਪਤਾ ਨੂੰ ਇਹ ਹਉਮੈ ਵਾਲੀ ਕੰਧ ਹੀ ਵੱਖਰਾ ਕਰਦੀ ਹੈ[148] ਜਿਸ ਨੂੰ ਅਕਾਲ ਪੁਰਖ ਦੇ ਹੁਕਮ ਦੀ ਸਮਝ ਰਾਹੀਂ ਕਾਬੂ ਕੀਤਾ ਜਾ ਸਕਦਾ ਹੈ।[149] *ਇਸ ਹਉਮੈ ਕਰਕੇ ਹੀ ਵਿਸ਼ੇਸ ਪਦਾਰਥ ਮੈਂ, ਤੂੰ, ਇਹ, ਉਹ ਹੋਂਦ ਵਿਚ ਆਉਂਦੇ ਹਨ। ਇਹ ਉਹ ਚਾਰ ਦੀਵਾਰੀ ਹੈ, ਜਿਹੜੀ ਸਰਵ-ਵਿਆਪੀ ਆਤਮਾ ਤੋਂ ਜੀਵਾਤਮਾ ਬਣਾਉਂਦੀ*

---

141 ਜਿਲਦ ਪੰਜਵੀਂ, ਪੰਨਾ 1353

142 ਜਥਾ ਜੋਗ ਈਸ਼ਰ ਸਭ ਕਰਤਾ। ਮੂਢ ਅਜਾਨ ਤਰਕ ਤਸ ਧਰਤਾ। -ਜਿਲਦ ਦਸਵੀਂ, ਪੰਨਾ 3949

143 *ਮਹਾਨ ਕੋਸ਼,* ਪੰਨਾ 255

144 ਸ੍ਰੀਮਦਭਗਵਤਗੀਤਾ, 16.4, ਪੰਨਾ 243

145 ਉਹੀ, 16.15-16, ਪੰਨਾ 247

146 http://www.themodernreligion.com/ugly/ugly_ego.htm

147 ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 560

148 ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥ -ਉਹੀ, ਪੰਨਾ 1263

149 ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ -ਉਹੀ, ਪੰਨਾ 1

*ਹੈ।*[150] *ਹਉਮੈ ਦੀ ਬੂਝ ਹੀ ਹਉਮੈ ਦਾ ਦਾਰੂ ਹੈ, ਹਉਮੈ ਦੀ ਅਸੂਝ ਦੀਰਘ ਰੋਗ ਹੈ। ਇਹੋ ਕੂੜ ਦੀ ਪਾਲ ਖੜ੍ਹੀ ਕਰ ਦੇਂਦੀ ਹੈ। ਜੇ ਹਉਮੈ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਮਨੁੱਖ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ।*[151] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਹਉਮੈ ਨੂੰ ਇਸ ਪ੍ਰਕਾਰ ਅਭਿਵਿਅਕਤ ਕੀਤਾ ਗਿਆ ਹੈ-

### 2.6.1 ਵੱਡਾ ਰੋਗ ਅਤੇ ਦੁੱਖਾਂ ਦਾ ਕਾਰਨ

ਹਉਮੈ ਜੀਵ ਦੇ ਸਭ ਰੋਗਾਂ ਦਾ ਮੂਲ਼ ਹੁੰਦਾ ਹੈ। ਆਪਣੇ ਗੁਣ, ਧਨ, ਵਡਿਆਈ ਦਾ ਹੰਕਾਰ ਕਰਨ ਵਾਲੇ ਨੂੰ ਇਹ ਇਕ ਪੁਰਾਣੇ ਰੋਗ ਦੀ ਤਰ੍ਹਾਂ ਤਕਲੀਫ ਦਿੰਦਾ ਹੈ।[152] ਤਨ ਅਤੇ ਧਨ ਦੇ ਹੰਕਾਰ ਵਿਚ ਫਸ ਜਾਣ ਵਾਲੇ ਨੂੰ ਥੋੜ੍ਹੇ ਜਿਹੇ ਸੁੱਖ ਦੀ ਵੀ ਪ੍ਰਾਪਤੀ ਨਹੀਂ ਹੁੰਦੀ-

ਜੇ ਤਨ ਧਨ ਹੰਕਾਰ ਫਸੰਤੇ। ਸੋ ਕਬਿ ਰੰਚਕ ਸੁਖ ਨ ਲਹੰਤੇ।

ਦੇਹਿ ਦਸ਼ਾ ਵਿਕਾਰ ਯੁਤਿ ਜੈਸੀ। ਪਾਛੈ ਬਰਨਨ ਕੀਨੀ ਤੈਸੀ।।

### 2.6.2 ਹਉਮੈ ਰਹਿਤ ਹੋ ਕੇ ਪਰਮ ਪਦ ਦੀ ਪ੍ਰਾਪਤੀ

ਗੁਰੂ ਦੇ ਦੱਸੇ ਮਾਰਗ ਰਾਹੀਂ ਜਦੋਂ ਹਉਮੈ ਦੀ ਸਮਝ ਆ ਜਾਵੇ ਤਾਂ ਦੁਨਿਆਵੀ ਪਦਾਰਥਾਂ ਦੇ ਹੰਕਾਰ ਤੋਂ ਰਹਿਤ ਹੋ ਕੇ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ-

ਨਿਰ ਹੰਕਾਰ ਪਰਮਪਦ ਪਾਵੈ। ਸੱਤਯਨਾਮ ਜਪ ਦੋਸ਼ ਨਸਾਵੈ।[153]

### 2.6.3 ਹੰਕਾਰ ਅਤੇ ਗਿਆਨ ਦਾ ਸੰਬੰਧ

ਹੰਕਾਰੀ ਬਿਰਤੀ ਵਾਲੇ ਵਿਅਕਤੀ ਤੇ ਗਿਆਨ ਇਸ ਪ੍ਰਕਾਰ ਅਸਰ ਕਰਦਾ ਹੈ ਜਿਵੇਂ ਘਿਓ, ਬਲਗਮ ਵਾਲੇ ਵਿਅਕਤੀ ਨੂੰ ਛਾਤੀ ਵਿਚ ਅਤੇ ਕਮਜ਼ੋਰ ਮਿਹਦੇ ਵਾਲੇ ਨੂੰ ਦਸਤ ਦੇ ਰੂਪ ਵਜੋਂ ਪੇਟ ਵਿਚ

---

150 ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ,* ਪੰਨਾ 401

151 ਉਹੀ, ਪੰਨਾ 405

152 ਤਨ ਹਉਮੈ ਮਮਤਾ ਜੁ ਘਨੇਰੀ। ਸਭਿ ਬਾਧਨਿ ਕੀ ਮੂਲ ਵਡੇਰੀ ॥

...ਨਿਜ ਗੁਣ, ਧਨ, ਨਿਜ ਜਸ ਬਿਸਤੀਰਨ ॥

ਕਰਤਿ ਮਾਨ, ਇਹ ਹੈ ਵਡ ਜੀਰਨ ॥- ਜਿਲਦ ਦੂਜੀ, ਪੰਨਾ 228

153 ਜਿਲਦ ਪੰਜਵੀਂ, ਪੰਨਾ 1596

ਨੁਕਸਾਨ ਕਰਦਾ ਹੈ-

> ਇਸ ਪਰ ਸੁਨਿ ਦ੍ਰਿਸ਼ਟਾਂਤ ਹਮਾਰੋ, ਬ੍ਰਹਮ ਗਜਾਨ ਅਰੁ ਘ੍ਰਿੱਤ ਸਮਾਨ।
> ਕਫੀ ਹੰਕਾਰੀ ਖਾਇ ਗ੍ਰਹਨ ਕਰਿ ਛਾਤੀ ਬੋਝ ਬਧਹਿ, ਬਡ ਮਾਨ।
> ਪਿੱਤੀ ਸਹਤ ਬਿਕਾਰੀ ਜੇ ਨਰ ਬਿਖੈ ਲਗੈ ਅਤੀਸਾਰ ਮਹਾਨ।[154]

### 2.6.4 ਪਰਮਾਤਮਾ ਦੀ ਦਾਤ ਅਤੇ ਹੰਕਾਰ

ਜੀਵ ਨੂੰ ਉਸ ਦੇ ਦੁਨਿਆਵੀ ਸੁੱਖ ਵਾਲੇ ਪਦਾਰਥਾਂ ਨੂੰ ਉਸ ਪਰਮਾਤਮਾ ਦੀ ਦਾਤ ਸਮਝਣੀ ਚਾਹੀਦੀ ਹੈ, ਇਨ੍ਹਾਂ ਦਾ ਹੰਕਾਰ ਨਹੀਂ ਕਰਨਾ ਚਾਹੀਦਾ-

> ਸੁਖ ਜਬਿ ਆਇ ਨ ਕਰਹਿ ਹੰਕਾਰ। ਜਾਨਹਿ ਦੀਨਿ ਪ੍ਰਭੂ ਕਰਤਾਰ।
> ਕ੍ਰਿਪਾ ਕਰੀ ਮੁਝ ਪਰ, ਗੁਰ ਦਯੋ। ਸਿਮਰਹਿ ਸੱਤਿਨਾਮ ਦੁਖ ਛਯੋ ॥[155]

### 2.6.5 ਹੰਕਾਰੀ ਮਨੁੱਖ ਅਤੇ ਸ਼ਬਦ

ਜਿਹੜੇ ਮਨੁੱਖ ਆਪਣੇ ਮਾਨ-ਵਡਿਆਈ ਲਈ ਸ਼ਬਦ ਪੜ੍ਹ ਕੇ ਇਸ ਦਾ ਸਹਾਰਾ ਲੈਂਦੇ ਹਨ ਅਤੇ ਉਹ ਸ਼ਬਦ ਰਾਹੀਂ ਸਿਰਫ ਆਪਣੇ ਹੰਕਾਰ ਦੀ ਹੀ ਪੂਰਤੀ ਕਰਦੇ ਹਨ। ਉਹ ਕਦੀ ਵੀ ਗਿਆਨ ਦਾ ਨਿਸ਼ਚਾ ਪ੍ਰਾਪਤ ਨਹੀਂ ਕਰਦੇ, ਕੇਵਲ ਸ਼ਬਦ ਰਾਹੀਂ ਬਾਹਰੀ ਗਿਆਨ ਪ੍ਰਾਪਤ ਕਰ ਕੇ ਲੋਕਾਂ ਵਿਚ 'ਗਿਆਨੀ' ਅਖਵਾਉਂਦੇ ਹਨ। ਅਜਿਹੇ ਹੰਕਾਰੀ ਬਿਰਤੀ ਵਾਲੇ ਕੇਵਲ ਆਪਣੀ ਵਡਿਆਈ ਅਤੇ ਧਨ ਪ੍ਰਾਪਤੀ ਲਈ ਹੀ ਬਾਹਰੀ ਗਿਆਨ ਲਈ ਹੀ ਸ਼ਬਦ ਪੜ੍ਹਦੇ ਹਨ ਜਿਨ੍ਹਾਂ ਨੂੰ ਨਾ ਤਾਂ ਕਦੀ ਆਤਮਿਕ ਗਿਆਨ ਪ੍ਰਾਪਤ ਹੋ ਸਕਦਾ ਹੈ ਅਤੇ ਨਾ ਹੀ ਉਸ ਰੱਬੀ ਦਰਗਾਹ ਵਿਚ ਮਾਨ ਮਿਲਦਾ ਹੈ।[156]

---

[154] ਜਿਲਦ ਛੇਵੀਂ, ਪੰਨਾ 2114

[155] ਜਿਲਦ ਦਸਵੀਂ, ਪੰਨਾ 4101

[156] ਜੋ ਨਰ ਪਢਹਿ ਮਾਨ ਕੇ ਕਾਰਨ। ਦੁਰਿ ਦੁਰਿ ਕਰਹਿ ਸਮੂਹ ਬਿਕਾਰਨਿ।
ਨਿਸ਼ਚਾ ਨਹੀ ਗਯਾਨ ਕੋ ਪਾਵੈ। ਸਭਿ ਮਹਿਂ ਗਯਾਨੀ ਨਾਮ ਕਹਾਵੈ।
ਹੰਕਾਰੀ ਸਤਿਸੰਗ ਨ ਕਰੈ। ਬਡਿਆਈ ਧਨ ਹਿਤ ਸਭਿ ਧਰੈ।
ਤਿਸ ਕੋ ਪ੍ਰਾਪਤਿ ਹੋਇ ਨ ਗਯਾਨ। ਕਿਮ ਦਰਗਾਹਿ ਪਾਇ ਸੋ ਮਾਨ। -ਜਿਲਦ ਸਤਵੀਂ, ਪੰਨਾ 2677

### 2.6.6 ਹਉਮੈ ਦੇ ਤਿਆਗ ਤੋਂ ਬਿਨਾਂ ਮੁਕਤੀ ਸੰਭਵ ਨਹੀਂ

ਹਉਮੈ, ਖੂਹ ਵਿਚ ਮਰੀ ਹੋਈ ਬਿੱਲੀ ਵਾਂਗ ਹੁੰਦੀ ਹੈ। ਮਰੀ ਹੋਈ ਬਿੱਲੀ ਖੂਹ ਵਿਚੋਂ ਕੱਢੇ ਬਿਨਾਂ ਪਾਣੀ ਸਾਫ ਨਾ ਹੋ ਸਕਣ ਵਾਂਗ, ਹਉਮੈ ਦੇ ਤਿਆਗ ਕੀਤੇ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਮਨੁੱਖ ਨੂੰ ਹਉਮੈ ਦੇ ਤਿਆਗ ਲਈ ਸੁਚੇਤ ਹੋ ਕੇ ਯਤਨ ਕਰਨੇ ਚਾਹੀਦੇ ਹਨ।[157]

### 2.7 ਮਨ

ਮਨ, ਧਰਮ ਚਿੰਤਨ ਦੇ ਮੁੱਖ ਵਿਸ਼ਿਆਂ ਵਿਚੋਂ ਇਕ ਹੈ ਜਿਸ ਬਾਰੇ ਵੱਖ-ਵੱਖ ਧਰਮ ਗ੍ਰੰਥਾਂ ਵਿਚ ਵੇਰਵੇ ਪ੍ਰਦਾਨ ਹੁੰਦੇ ਹਨ। ਸ੍ਰੀਮਦਭਗਵਤ ਗੀਤਾ ਅਨੁਸਾਰ[158] ਮਨ ਬਹੁਤ ਚੰਚਲ ਹੈ ਜਿਸ ਨੂੰ ਵਸ ਵਿਚ ਕਰਨਾ ਹਵਾ ਨੂੰ ਰੋਕਣ ਵਾਂਗ ਮੁਸ਼ਕਿਲ ਹੈ। ਛਾਂਦੋਗਯ ਉਪਨਿਸ਼ਦ ਵਿਚ ਮਨ ਨੂੰ ਅੰਨ ਦਾ ਸੂਖਮ ਅੰਗ ਕਿਹਾ ਗਿਆ ਹੈ।[159] ਗੁਰਬਾਣੀ ਵਿਚ ਮਨ ਨੂੰ ਪੰਜ ਤੱਤਾਂ ਦੀ ਰਚਨਾ ਮੰਨਿਆ ਗਿਆ ਹੈ[160] ਜੋ ਮਾਇਆ ਦੇ ਪ੍ਰਭਾਵ ਅਧੀਨ ਸਭ ਕੁੱਝ ਜਾਣਦਾ ਹੋਇਆ ਵੀ ਔਗੁਣ ਕਰਦਾ ਹੈ।[161] ਮਨ ਨੂੰ ਜਿੱਤਣ ਵਾਲਾ ਸੰਸਾਰ ਦਾ ਜੇਤੂ ਬਣ ਜਾਂਦਾ ਹੈ।[162] ਡਾ. ਜੋਧ ਸਿੰਘ ਅਨੁਸਾਰ ਮਨ ਅੰਦਰੂਨੀ ਸੂਖਮ ਇੰਦਰੀ ਹੈ ਜੋ ਬਾਕੀ ਇੰਦ੍ਰੀਆਂ ਤੋਂ

---

157 ਸੁਨਿ ਪੰਡਿਤ ਚਲਿ ਕੂਪਿ ਨਿਹਾਰਿ। ਬੀਚ ਪਰੀ ਤਿਮ ਹੀ ਮੰਜਾਰਿ।

ਕਹਤਿ ਭਯੋ- ਇਹ ਕਯਾ ਤੁਮ ਕੀਨੀ। ਮ੍ਰਿਤਕ ਬਿਲਾਈ ਬਿਚ ਰਖਿ ਲੀਨੀ।

ਜੌ ਲਗਿ ਇਸਹਿ ਨਿਕਾਸਹੁ ਨਾਹੀ। ਕਿਮ ਪਾਵਨਤਾ ਹੁਇ ਜਲ ਮਾਂਹੀ?।

ਤਿਮ ਜਾਨਹੁ ਤਨ ਹੌਮੇ ਬੁਰੀ। ਅਣਹੋਵਤਿ ਜੋ ਤਨ ਮਜਿੰ ਧਰੀ।

ਜਬਿ ਲਗਿ ਇਸਹਿ ਬਿਸਾਰੋ ਨਾਂਹਿ। ਤਬਿ ਲਗਿ ਸੰਸੈ ਮੁਕਤੀ ਮਾਂਹਿ।

ਯਾਂਤੇ ਹੌਮੈ ਤਜਿਬੈ ਹੋਤਿ। ਕਰਹੁ ਜਤਨ ਨਿਤ ਹੋਇ ਸੁਚੇਤ। -ਜਿਲਦ ਸਤਵੀਂ, ਪੰਨਾ 2683

158 ਸ੍ਰੀਮਦਭਗਵਤਗੀਤਾ, 6.35, ਪੰਨਾ 103

159 *ਛਾਂਦੋਗਯ ਉਪਨਿਸ਼ਦ,* 6/1, ਪੰਨਾ 553

160 ਇਹੁ ਮਨੁ ਪੰਚ ਤਤੁ ਤੇ ਜਨਮਾ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 415

161 ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ ੨੧੬ ॥

-ਉਹੀ, ਪੰਨਾ 1376

162 .....ਮਨਿ ਜੀਤੈ ਜਗੁ ਜੀਤੁ ॥ -ਉਹੀ, ਪੰਨਾ 6

ਵੱਖਰੀ ਹੈ ਪਰ ਫਿਰ ਵੀ ਹਮੇਸ਼ਾਂ ਕਿਸੇ ਇੰਦ੍ਰੀ ਨਾਲ ਮੌਜੂਦ ਹੋ ਕੇ ਹੰਕਾਰ ਤੇ ਮਾਇਆ ਰਾਹੀਂ ਬੁੱਧੀ ਨੂੰ ਬਾਹਰੀ ਬਿੰਬਾਂ ਤੋਂ ਜਾਣੂ ਕਰਵਾਉਂਦੀ ਹੈ।[163] ਭਾਈ ਸੰਤੋਖ ਸਿੰਘ ਨੇ ਮਨ ਨੂੰ ਇਨ੍ਹਾਂ ਨੁਕਤਿਆਂ ਰਾਹੀਂ ਪੇਸ਼ ਕੀਤਾ ਹੈ-

### 2.7.1 ਮਨ ਦਾ ਸਰੂਪ

ਮਨ ਦਾ ਸਰੂਪ ਸੂਰਜ ਦੀ ਕਿਰਣ ਵਿਚ ਵਿਖਾਈ ਦੇਣ ਵਾਲੇ ਮਿੱਟੀ ਦੇ ਕਣ ਵਾਂਗ ਬਹੁਤ ਸੂਖਮ ਹੂੰਦਾ ਹੈ[164] ਜਿਸ ਨੂੰ ਜਗਾਉਣ ਲਈ ਹੀ ਸਾਰੇ ਕਰਮ ਧਰਮ ਉਪਦੇਸ਼ ਆਦਿਕ ਕੀਤੇ ਜਾਂਦੇ ਹਨ। ਜਦੋਂ ਗੁਰੂ ਦੇ ਦੱਸੇ ਮਾਰਗ ਰਾਹੀਂ ਇਹ ਮਨ ਵਿਸ਼ੇ ਵਿਕਾਰਾਂ ਤੋਂ ਦੂਸਰੇ ਪਾਸੇ ਹੋ ਜਾਂਦਾ ਹੈ ਤਾਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ-

ਮਨ ਤੇ ਸਭਿ ਸਾਧਨ ਬਨੇ, ਮਨ ਲਗ ਸਭਿ ਉਪਦੇਸ਼।
ਮਨੂਆ ਪਲਟੈ ਗਯਾਨ ਹੁਇ, ਮਨ ਲਾਗੇ ਰਤਿ ਸ਼ੇਸ਼॥[165]

### 2.7.2 ਮਨ ਦੀ ਅਵਸਥਾ

ਮਨ ਦੀ ਹਾਲਤ ਕਦੇ ਵੀ ਇਕ ਸਮਾਨ ਨਹੀਂ ਰਹਿੰਦੀ। ਪਦਾਰਥਾਂ ਦੀ ਪ੍ਰਾਪਤੀ ਹੋਣ ’ਤੇ ਇਹ ਖੁਸ਼ੀ ਨਾਲ ਆਪੇ ਤੋਂ ਬਾਹਰ ਹੋ ਜਾਂਦਾ ਹੈ ਅਤੇ ਗਮੀ ਦੇ ਮੌਕੇ ਦੁੱਖ ਵਿਚ ਸੰਤੁਲਨ ਗਵਾ ਲੈਂਦਾ ਹੈ। ਜੇਕਰ ਜੀਵ ਇਸ ਨੂੰ ਸੰਵਾਰਨ ਦਾ ਉਪਾਅ ਕਰੇ ਤਾਂ ਉਸ ਦਾ ਉਧਾਰ ਹੋ ਜਾਂਦਾ ਹੈ-

ਜਬ ਜਾਵਹਿ ਹੈ ਹਰਖ ਬਿਹੀਨਾ। ਮਾਸਾ ਸ਼ੋਕ ਵਿਖੈ ਤਹਿਂ ਚੀਨਾ
ਕਰਹੁ ਉਪਾਇ ਸਵਾਰਨ ਕਾਰਨ। ਜਗ ਤੇ ਹੋਵਹਿ ਜੀਵ ਉਧਾਰਨ ॥[166]

### 2.7.3 ਮਨ ਦੀ ਸਾਰਥਕਤਾ

ਸੋਨੇ ਵਰਗੇ ਮਨ ਨੂੰ ਸੰਸਾਰ ਦੀ ਰੇਤ ਵਿੱਚੋਂ ਚੁਣ ਕੇ ਇਕੱਠਾ ਕਰਨ ਤੋਂ ਬਾਅਦ ਇਸ ਨੂੰ ਤਪ ਦੀ

---

163 ਜੋਧ ਸਿੰਘ (ਡਾ.), *ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ,* ਪੰਨਾ 122

164 ਰਵਿ ਕੇ ਅੱਗ੍ਰ ਤਿਰਵਰਾ ਜੈਸੇ। ਮਨ ਸਰੂਪ ਸੂਖਮ ਲਖਿ ਤੈਸੇ। -ਜਿਲਦ ਤੇਰਵੀਂ, ਪੰਨਾ 5708

165 ਜਿਲਦ ਤੇਰਵੀਂ, ਪੰਨਾ 5520

166 ਜਿਲਦ ਦੂਜੀ, ਪੰਨਾ 383

ਅਗਨੀ ਅਤੇ ਭਗਤੀ ਦੀ ਕੁਠਾਲੀ ਵਿਚ ਵਿਸ਼ੇ ਵਿਕਾਰਾਂ ਨੂੰ ਗਾਲਣਾ ਪੈਂਦਾ ਹੈ। ਫਿਰ ਇਸ ਦੇ ਬਣਾਏ ਹੋਏ ਗਹਿਣੇ ਵਿਚ ਜਦੋਂ ਨਾਮ ਦਾ ਹੀਰਾ ਜੋੜਿਆ ਜਾਂਦਾ ਹੈ ਤਾਂ ਲੋਕ ਅਤੇ ਪਰਲੋਕ ਵਿਚ ਸੋਭਾ ਹੁੰਦੀ ਹੈ-

ਅਲਕਾਰ ਘਰਿ ਸਰਲ ਅਧੀਰਾ। ਤਿਹ ਮਹਿੰ ਜਟਹੁ ਨਾਮ ਹਰਿ ਹੀਰਾ

ਉਰ ਪਹਿਰਾਵਹੁ ਪਰਮ ਪਵਿੱਤ੍ਰਾ। ਸ਼ੋਭਾ ਲੋਕਨ ਉਭੈ ਬਚਿੱਤ੍ਰਾ ॥[167]

### 2.7.4 ਮਨ ਦੀ ਨਿਰਾਰਥਕਤਾ

ਆਪਣੇ ਮੂਲ ਆਧਾਰ ਤੋਂ ਟੁੱਟ ਕੇ ਇਹ ਮਨ ਵਿਸ਼ੇ ਵਿਕਾਰਾਂ ਵਿਚ ਪੈ ਕੇ ਆਪਣੀ ਸਾਰਥਕਤਾ ਖਤਮ ਕਰ ਲੈਂਦਾ ਹੈ। ਤ੍ਰਿਸ਼ਨਾ ਅਧੀਨ ਇਹ ਮਨ ਸਦਾ ਖ਼ੁਆਰ ਰਹਿੰਦਾ ਹੈ ਅਤੇ ਬਿਨਾਂ ਸੰਤੋਖ ਤੋਂ ਔਗੁਣ ਤੇ ਪਾਪ ਕਰਦਾ ਹੈ-

ਤ੍ਰਿਸ਼ਨਾ ਮੈਂ ਮਨ ਬਿਗਰ ਕੈ ਸਦਾ ਖੁਆਰ ਰਹੰਤਿ ॥

ਬਿਨ ਸੰਤੋਖ ਤਮ ਬੰਦ ਮੈਂ ਅਉਗਣ ਪਾਪ ਕਰੰਤਿ ॥[168]

### 2.7.5 ਮਨ ਨੂੰ ਕਾਬੂ ਕਰਨ ਦਾ ਤਰੀਕਾ

ਇਸ ਮਨ ਨੂੰ ਰੋਕਣ ਦਾ ਕਾਰਜ ਕਠਿਨ ਹੈ। ਇਸ ਨੂੰ ਕਾਬੂ ਕੀਤੇ ਬਿਨਾਂ ਧਾਰਮਿਕ ਗ੍ਰੰਥਾਂ ਦਾ ਪਠਨ-ਪਾਠਨ ਵਿਅਰਥ ਹੋ ਜਾਂਦਾ ਹੈ। ਪਾਰੇ ਦੇ ਉਂਗਲ ਉੱਪਰ ਨਾ ਟਿਕਣ ਵਾਂਗ, ਗੁਣਹੀਣ ਮਨ ਨਾਲ ਪ੍ਰੇਮ ਪੈਦਾ ਨਹੀਂ ਹੁੰਦਾ। ਇਹ ਮਨ ਸਤਿਗੁਰ ਦੇ ਮਿਲਾਪ ਨਾਲ ਹੀ ਸਥਿਰ ਹੁੰਦਾ ਹੈ।[169]

ਸਤਿਗੁਰੂ ਦੇ ਸ਼ਬਦ ਰੂਪ ਅਸਵਾਰ ਦੇ ਹੇਠਾਂ ਇਸ ਮਨ ਰੂਪੀ ਘੋੜੇ ਨੂੰ ਕਰਕੇ ਇਸ ਨੂੰ ਨਰਕ ਦੇ ਕਸ਼ਟਾਂ ਦਾ ਚਾਬੁਕ ਮਾਰਨਾ ਚਾਹੀਦਾ ਹੈ। ਇਸ ਘੋੜੇ ਨੂੰ ਵਿਸ਼ਿਆਂ ਦੀ ਨਵਿਰਤੀ ਵਾਲੀ ਲਗਾਮ ਨਾਲ ਵਸ

---

167 ਜਿਲਦ ਦੂਜੀ, ਪੰਨਾ 196

168 ਜਿਲਦ ਤੀਜੀ, ਪੰਨਾ 622

169 ਸੁਨੋ ਖਾਨ! ਦੈ ਕਾਨ, ਪ੍ਰਬਲ ਮਨ ਲੋਲ ਹੈ। ਯਾਂ ਕੋ ਰੋਕਨ ਕਠਨ, ਰੁਕੈ ਤ ਅਮੋਲ ਹੈ॥

ਬਿਨ ਰੋਕੇ ਸਭਿ ਫੋਕ, ਪਠਨ ਪੁਨ ਸੁਨਨ ਜੋ। ਹੋ ਪ੍ਰੇਮ ਨ ਉਪਜਤਿ ਰੰਚ, ਰਹੈ ਬਿਨ ਗੁਨਨ ਸੋ ॥੧੯॥

ਪਾਰਦ ਅੰਗੁਰੀ ਤਰੈ, ਸਥਿਰ ਕਿਉਂ ਹੋਤਿ ਹੈ। ਕਰਹਿੰ ਪ੍ਰਯਤਨ ਅਨੇਕ, ਸੁ ਵਹਿਰ ਉਦੋਤ ਹੈ।

ਜਬਹਿ ਸਿੱਧ ਮਿਲ ਜਾਤ, ਮਾਰ ਥਿਰ ਕਰਤਿ ਹੈ। ਹੋ ਤਿਉਂ ਮਨ ਸਤਿਗੁਰ ਮਿਲੇ, ਸਥਿਰਤਾ ਧਰਤਿ ਹੈ ॥

-ਜਿਲਦ ਤੀਜੀ, ਪੰਨੇ 398-99

ਵਿਚ ਕਰਨਾ ਚਾਹੀਦਾ ਹੈ-

ਸਤਿਗੁਰ ਸਬਦ ਸਊਰ, ਤਰੈ ਤਿਹ ਦੀਜਿਯੇ

ਕਸ਼ਟ ਨਰਕ ਕੋ ਕਸਾ, ਦਿਖਾਵਨ ਕੀਜਿਯੇ

ਬਿਸ਼ੈ ਨਿਬ੍ਰਿਤੀ ਕਰਨ, ਸੁ ਕਵਿਕਾ ਜਾਨੀਯੇ

ਹੇ ਮਨ ਤੁਰੰਗ ਇਉਂ ਲਖਹੁ, ਕਰਨ ਵਸਿ ਠਾਨਿਯੇ ॥[170]

ਤਪ ਆਦਿਕ ਨਾਲ ਇਹ ਮਨ ਵੱਸ ਵਿਚ ਨਹੀਂ ਆਉਂਦਾ। ਇਹ ਕਈ ਪਾਸੇ ਭਟਕਦਾ ਰਹਿੰਦਾ ਹੈ। ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਇਸ ਮਨ ਨੂੰ ਵੱਸ ਵਿਚ ਕਰਨ ਦਾ ਹੋਰ ਕੋਈ ਤਰੀਕਾ ਨਹੀਂ।[171]

### 2.7.6 ਮਾਇਆ

ਮਾਇਆ ਨੂੰ ਧਰਮ ਚਿੰਤਨ ਵਿਚ ਇਕ ਅਜਿਹੇ ਤੱਤ ਵਜੋਂ ਪ੍ਰਵਾਨ ਕੀਤਾ ਗਿਆ ਹੈ ਜਿਸ ਦੇ ਪ੍ਰਭਾਵ ਅਧੀਨ ਜੀਵ, ਦੁਨਿਆਵੀ ਮੋਹ ਵਿਚ ਪੈ ਕੇ ਉਸ ਪਰਮ ਸੱਤਾ ਤੋਂ ਦੂਰ ਹੋ ਜਾਂਦਾ ਹੈ। ਰਿਗਵੇਦ ਵਿਚ ਇਹ ਸ਼ਬਦ ਦੋ ਪ੍ਰਸੰਗਾਂ ਵਿਚ ਵਰਤਿਆ ਗਿਆ ਜਿਸ ਤੋਂ ਭਾਵ ਕਿ ਮਾਇਆ ਦੀਆਂ ਦੋ ਕਿਸਮਾਂ ਹਨ-ਪਰਾਭੌਤਿਕ (ਦੈਵੀ) ਅਤੇ ਭੌਤਿਕ (ਪਦਾਰਥਕ)। ਪਹਿਲਾਂ ਸੱਚ ਦੀ ਬੁਨਿਆਦ ਦੇ ਰੂਪ ਵਿਚ ਅਤੇ ਬਾਅਦ ਵਿਚ ਕੂੜ ਵਜੋਂ।[172] ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਮਾਇਆ ਨੂੰ ਪ੍ਰਕ੍ਰਿਤੀ ਦੀ ਸਮਾਨਾਰਥਕ ਕਿਹਾ ਗਿਆ ਹੈ[173] ਜਿਸ ਤੋਂ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।[174] *ਗੁਰਬਾਣੀ ਵਿਚ ਮਾਇਆ ਪ੍ਰਭੂ ਦੀ*

---

170 ਜਿਲਦ ਤੀਜੀ, ਪੰਨਾ 399

171 ਤਪ ਸਾਧੇ ਮਨ ਬਸਿ ਨਹਿਂ ਆਵਹਿ। ਮਲ ਚੰਚੱਲ ਦਸਹੂੰ ਤਿਸ਼ਿ ਧਾਵਹਿ।

ਤਿਉਂ ਤਿਉਂ ਚਾਹਤਿ ਮਾਨ ਬਡਾਈ। ਜਿਉਂ ਜਿਉਂ ਤਪ ਕਰਿ ਹ੍ਵੈ ਹਿਤ ਲਾਈ ॥

ਸਤਿਗੁਰ ਸ਼ਬਦ ਬਿਚਾਰਨੋ ਮੰਤ੍ਰ ਪਛਾਨਹੁ ਸੋਇ।

ਤਿਹ ਸੋਂ ਇਹ ਬਸਿ ਹੋਤਿ ਹੈ ਔਰ ਉਪਾਵ ਨ ਕੋਇ ॥ -ਜਿਲਦ ਚੌਥੀ, ਪੰਨਾ 1073

172 https://en.m.wikipedia.org/wiki/Maya_(religion)

173 *ਸ਼ਵੇਤਾਸ਼ਵਤਰ ਉਪਨਿਸ਼ਦ,* 4/10, ਈਸ਼ਾਦਿ ਨੌ ਉਪਨਿਸ਼ਦ, ਪੰਨਾ 1273

174 ਉਹੀ, 4/9, ਪੰਨਾ 1271

*ਸ਼ਕਤੀ, ਭਰਮ, ਅਵਿਦਿਆ, ਅਗਿਆਨਤਾ, ਪੰਜ ਕਾਮਾਦਕਾਂ ਤੋਂ ਇਲਾਵਾ ਇਖਲਾਕੀ ਤੇ ਮਾਦੀ ਅਰਥਾਂ ਵਿਚ ਵੀ ਆਈ ਹੈ ਜਿਸ ਨੂੰ ਅੱਗੇ ਵਿਦਵਾਨਾਂ ਨੇ ਰਚਨਾਤਮਕ ਸ਼ਕਤੀ, ਵਿਸ਼ੇ ਵਾਸ਼ਨਾ, ਵਿਸ਼ੇ ਵਿਕਾਰ, ਧੰਨ, ਦਾਰਾ, ਸੰਪਤੀ, ਜਗਤ ਪ੍ਰਪੰਚ, ਦੁਨਿਆਵੀ ਸੁਖ, ਤ੍ਰਿਸ਼ਨਾ, ਜਾਲ ਆਦਿ ਢੰਗਾਂ ਨਾਲ ਵਰਣਨ ਕਰਨ ਦਾ ਯਤਨ ਕੀਤਾ ਹੈ।*[175] ਗੁਰਬਾਣੀ ਅਨੁਸਾਰ ਹਰ ਉਹ ਵਸਤੂ ਮਾਇਆ ਹੈ ਜੋ ਜੀਵ ਨੂੰ ਪਰਮਾਤਮਾ ਤੋਂ ਦੂਰ ਕਰ ਕੇ ਦੂਜੇ ਪਾਸੇ ਲਾ ਦਿੰਦੀ ਹੈ।[176] ਇਹ ਜੰਗਲ ਦੀ ਅੱਗ ਅਤੇ ਬੱਦਲ ਦੀ ਛਾਂ ਵਾਂਗ ਇਕ ਭੁਲੇਖਾ ਹੈ ਜੋ ਪਰਮਾਤਮਾ ਦੇ ਨਾਮ ਬਿਨਾਂ ਹੜ੍ਹ ਦੇ ਪਾਣੀ ਵਾਂਗ ਹੈ।[177] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮਾਇਆ ਦੇ ਇਹ ਪੱਖ ਸਾਹਮਣੇ ਆਉਂਦੇ ਹਨ-

### 2.8.1 ਮਾਇਆ ਦਾ ਸਰੂਪ

ਮਾਇਆ ਕਾਰਨ ਹੀ ਬ੍ਰਹਮ ਤੋਂ ਜਗਤ ਦਿਖਾਈ ਦਿੰਦਾ ਹੈ, ਜਿਵੇਂ- ਬਾਜ਼ੀਗਰ ਤੋਂ ਤਮਾਸ਼ਾ। ਅਗਿਆਨ ਦੂਰ ਹੋਣ ਤੋਂ ਬਾਅਦ ਉਸ ਬ੍ਰਹਮ ਤੋਂ ਬਿਨਾਂ ਕੁੱਝ ਵੀ ਨਹੀਂ ਰਹਿੰਦਾ-

ਮਾਯਾ ਕਰਿ ਬ੍ਰਹਮ ਤੇ ਜਗ ਭਾਸਾ। ਜਿਮ ਬਾਜੀਗਰ ਕੇਰ ਤਮਾਸ਼ਾ।
ਹੋਹਿ ਬਿਨਾਸ਼ ਜਬੈ ਅੱਗਯਾਨ। ਨਹਿੰ ਪੁਨ ਰਹੈ ਬ੍ਰਹਮ ਬਿਨ ਆਨ ॥[178]

### 2.8.2 ਮਾਇਆ: ਪਰਮੇਸ਼ਰ ਦੇ ਹੁਕਮ ਦੀ ਬੰਨ੍ਹੀ ਹੋਈ

ਸਾਰੇ ਸੰਸਾਰ 'ਤੇ ਜ਼ੋਰ ਪਾਉਣ ਵਾਲੀ ਮਾਇਆ, ਜਿਸ ਨੇ ਇਸ ਸਾਰੇ ਸੰਸਾਰ ਨੂੰ ਭਰਮ ਅਧੀਨ ਕੀਤਾ ਹੋਇਆ ਹੈ, ਉਹ ਪਰਮਾਤਮਾ ਦੇ ਹੁਕਮ ਵਿਚ ਹੀ ਇਹ ਪਸਾਰਾ ਕਰਦੀ ਹੈ -

ਬ੍ਰਹਮ ਸਵਲ ਮਾਯਾ ਜਗ ਜਾਈ।
ਹੁਕਮ ਪ੍ਰਮੇਸ਼ੁਰ ਕੋ ਤਿਨ ਪਾਯੋ।
ਅਪਨੇ ਮਹਿਂ ਸਭ ਜਗ ਭਰਮਾਯੋ।। [179]

---

[175] *ਸਿੱਖ ਅਧਿਐਨ,* ਬਲਕਾਰ ਸਿੰਘ, ਡਾ. (ਸੰਪਾ), ਪੰਨਾ 89

[176] ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 921

[177] ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ -ਉਹੀ, ਪੰਨਾ 717

[178] ਜਿਲਦ ਛੇਵੀਂ, ਪੰਨਾ 1790

### 2.8.3 ਮਾਇਆ ਅਤੇ ਭਗਤ

ਪਰਮਾਤਮਾ ਦੇ ਭਗਤਾਂ ’ਤੇ ਮਾਇਆ ਆਪਣਾ ਅਸਰ ਨਹੀਂ ਕਰ ਸਕਦੀ ਕਿਉਂਕਿ ਭਗਤ, ਅਕਾਲ ਪੁਰਖ ਨੂੰ ਆਪਣੇ ਪਤੀ ਰੂਪ ਵਿਚ ਸਵੀਕਾਰ ਕਰਦੇ ਹੋਏ ਉਸ ਦੀਆਂ ਪਤੀਬ੍ਰਤਾ ਇਸਤਰੀਆਂ ਵਾਂਗ ਹੁੰਦੇ ਹਨ। ਮਾਇਆ ਇਸਤਰੀ ਹੋਣ ਕਾਰਨ ਸਿਰਫ ਪੁਰਸ਼ (ਅਹੰਕਾਰ) ਬਿਰਤੀ ਵਾਲੇ ਜੀਵਾਂ ’ਤੇ ਹੀ ਆਪਣਾ ਭਰਮ ਜਾਲ ਪਾ ਸਕਦੀ ਹੈ, ਜੀਵ ਇਸਤਰੀਆਂ ’ਤੇ ਨਹੀਂ।[180]

### 2.8.4 ਮਾਇਆ ਤੋਂ ਨਿਰਲੇਪ ਰਹਿਣ ਦਾ ਢੰਗ

ਸਿੱਧਾਂ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਮਾਇਆ ਤੋਂ ਨਿਰਲੇਪ ਰਹਿਣ ਦੇ ਢੰਗ ਸੰਬੰਧੀ ਪੁੱਛੇ ਗਏ ਸਵਾਲ ਜਵਾਬ-

**ਸਵਾਲ-** ਮਨੁੱਖ ਮਾਇਆ ਦਾ ਤਿਆਗ ਕਰ ਕੇ ਜਗਤ ਵਿਚ ਕਿਸ ਢੰਗ ਨਾਲ ਰਹਿ ਸਕਦਾ ਹੈ?[181]

**ਜਵਾਬ-** ਸੰਤਾਂ ਦੀ ਸੰਗਤ ਵਿਚ ਰਹਿ ਕੇ ਇਸ ਨੂੰ ਜ਼ਹਿਰ ਸਮਝ ਕੇ ਜਦੋਂ ਮਨੁੱਖ ਇਸ ਨੂੰ ਹਿਰਦੇ ਵਿਚੋਂ ਤਿਆਗ ਦਿੰਦਾ ਹੈ ਤਾਂ ਪ੍ਰੇਮਾ ਭਗਤੀ ਰਾਹੀਂ ਵਿਸ਼ਿਆਂ ਦਾ ਤਿਆਗ ਕਰ ਕੇ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ।[182]

### 2.8.5 ਮਾਇਆ ਦਾ ਮੋਹ ਕਿਵੇਂ ਟੁੱਟਦਾ ਹੈ?

ਮਾਇਆ ਦਾ ਮੋਹ, ਜੀਵ ਦੁਆਰਾ ਆਪਣੀ ਸੁਰਤੀ ਨੂੰ ਗੁਰੂ ਦੇ ਸ਼ਬਦ ਨਾਲ ਜੋੜ ਕੇ ਹੀ ਟੁੱਟ ਸਕਦਾ ਹੈ। ਆਪਣੀ ਸੁਰਤ ਨੂੰ ਗੁਰੂ ਸ਼ਬਦ ਦਾ ਚੇਲਾ ਬਣਾ ਕੇ ਗਿਆਨ ਆਉਣ ਤੋਂ ਬਾਅਦ ਮਾਇਆ ਦਾ ਮੋਹ ਟੁੱਟ ਜਾਂਦਾ ਹੈ-

ਗੁਰੂ ਹੈ ਸ਼ਬਦ ਧੁਨਿ, ਚੇਲਾ ਹੈ ਸੁਰਤਿ ਤਿਹ,
ਧਾਮ ਸੁਖਦਾਈ ਤੁਰੀ ਪਦਵੀ ਪ੍ਰਮਾਨਿਯੇ।

---

179 ਜਿਲਦ ਪੰਜਵੀਂ, ਪੰਨਾ 1360

180 ਭਗਤਿ ਅਹੈ ਪਤਿਬ੍ਰੱਤਾ ਨਾਰੀ। ਇਸ ਪਰ ਨਹਿਂ ਮਾਯਾ ਬਲੁ ਭਾਰੀ।
ਇਸਤ੍ਰੀ ਕੋ ਇਸਤ੍ਰੀ ਨ ਭ੍ਰਮਾਵੈ। ਧਰਹਿ ਭਗਤਿ ਤਿਸ ਪ੍ਰਭੂ ਮਿਲਾਵੈ ॥
......ਮਾਯਾ ਨਟਨੀ ਚਾਤੁਰ ਛਲ ਤੇ। ਸਭਿਨਿ ਭ੍ਰਮਾਇ ਲੇਤਿ ਨਜਿ ਬਲ ਤੇ। -ਜਿਲਦ ਪੰਜਵੀਂ, ਪੰਨਾ 1360

181 ਮਾਯਾ ਤਜਿ ਕੈਸੇ ਕਰਿ ? ਜੱਗ ਮੈਂ ਰਹਾਇ ਨਰ ਬੂਝੇ ਹੈ ਸੰਦੇਹਿ, ਤੋ ਕੋ ਉੱਤਰ ਸੁਨਾਈਏ॥ -ਜਿਲਦ ਤੀਜੀ, ਪੰਨਾ 679

182 ਸੰਤਨ ਕੀ ਸੰਗਤ ਕੈ ਮਾਯਾ ਤੇ ਅਲੇਪ ਰਹੈ ਬਿਖੈ ਬਿਖ ਜਾਨਿ ਕੈ ਰਿਦੇ ਤੇ ਬਿਸਰਾਈਯੇ ॥
ਭਾਉ ਸੋਂ ਭਗਤਿ ਇਹ ਤਮ ਜੁਗਤਿ ਵਡੀ ਮਾਨ ਮੋਹ ਤਿਆਗ ਕੈ ਨਿਰਾਲਮ ਰਹਾਈਯੇ ॥ -ਉਹੀ, ਪੰਨਾ 679

ਗਜਾਨ ਹੋਇ ਆਵੈ ਮਾਯਾ ਮੋਹ ਟੂਟ ਜਾਵੈ ਤਬ,

ਦੇਵੈਂ ਸੀਖ ਸਿੱਧਨ ਸ਼ਭਿਨਿ ਪਹਿਚਾਨਿਯੇ॥[183]

## 2.9 ਮੁਕਤੀ

ਮੁਕਤੀ ਦਾ ਅਰਥ ਹੈ- ਛੁਟਿਆ ਹੋਇਆ, ਆਜ਼ਾਦ, ਨਿਰਬੰਧ।[184] ਵੈਦਿਕ ਧਰਮ ਵਿਚ ਮੁਕਤੀ ਤੋਂ ਭਾਵ ਜਨਮ ਮਰਨ ਦੀ ਮੁਕਤੀ ਤੋਂ ਲਿਆ ਜਾਂਦਾ ਹੈ ਜਿਸ ਦੀ ਪ੍ਰਾਪਤੀ ਨੂੰ ਸਰੀਰ ਦੇ ਤਿਆਗ ਤੋਂ ਬਾਅਦ ਹੋ ਸਕਦੀ ਹੈ। ਬੁੱਧ ਧਰਮ ਵਿਚ ਮੁਕਤੀ ਦਾ ਸੰਦਰਭ ਦੁੱਖਾਂ ਦੀ ਨਿਵਿਰਤੀ ਨਾਲ ਜੁੜਦਾ ਹੈ। ਜੈਨ ਧਰਮ ਵਿਚ ਆਤਮਾ ਨੂੰ ਬੰਧਨਾਂ ਤੋਂ ਮੁਕਤ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਸਿੱਖ ਧਰਮ ਵਿਚ ਮਰਨ ਤੋਂ ਬਾਅਦ ਵਾਲੀ ਮੁਕਤੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਗੁਰਬਾਣੀ ਵਿਚ ਸਰੀਰਕ ਹੋਂਦ ਵਾਲੀ ਜੀਵਿਤ ਅਵਸਥਾ ਦੌਰਾਨ ਹੀ ਵਿਸ਼ੇ ਵਿਕਾਰਾਂ ਤੋਂ ਮੁਕਤ ਹੋਣ ਦੀ ਗੱਲ ਕੀਤੀ ਗਈ ਹੈ ਜਿਸ ਨੂੰ ‘ਜੀਵਨ ਮੁਕਤ’ ਵਾਲੀ ਸਮ ਅਵਸਥਾ ਦਾ ਨਾਮ ਦਿੱਤਾ ਗਿਆ ਹੈ।[185] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਨੇ ਜੀਵਨ ਮੁਕਤ ਦੀ ਵੀ ਗੱਲ ਕੀਤੀ ਗਈ ਹੈ ਅਤੇ ਇਸ ਗ੍ਰੰਥ ਵਿਚ ਮਰਨ ਤੋਂ ਬਾਅਦ ਵਾਲੀ ਮੁਕਤੀ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ, ਜਿਵੇਂ- ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸ਼ਰਾਪਿਤ ਦਾਈ ਨੂੰ ਮੁਕਤ ਕਰਨਾ, ਗੁਰੂ ਗੋਬਿੰਦ ਸਿੰਘ ਦੁਆਰਾ ਮਹਾਭਾਰਤ ਕਾਲੀਨ ਸ਼ੇਰ ਦਾ ਉਧਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਖਰਗੋਸ਼ ਦੀ ਜੂਨ ਵਾਲੇ ਮੂਲਾ ਖੱਤਰੀ ਨੂੰ ਸ਼ਿਕਾਰ ਕਰ ਕੇ ਮੁਕਤ ਕਰਨਾ ਆਦਿ। ਭਾਈ ਸੰਤੋਖ ਸਿੰਘ ਅਨੁਸਾਰ ਜੀਵਨ ਮੁਕਤ ਦੀ ਅਵਸਥਾ ਦਾ ਧਾਰਨੀ, ਸਰੀਰ ਦੇ ਦੁੱਖਾਂ ਨੂੰ ਦੁੱਖ ਨਹੀਂ ਮੰਨਦਾ ਅਤੇ ਭੋਗ ਬਿਲਾਸਾਂ ਵਿਚ ਖ਼ੁਸ਼ ਨਹੀਂ ਹੁੰਦਾ ਹਰ ਸਮੇਂ ਇਕ ਰਸ ਰਹਿੰਦਾ ਹੈ। ਉਸ ਦਾ ਜਨਮ ਮਰਨ ਖਤਮ ਹੋ ਜਾਂਦਾ

---

183 ਜਿਲਦ ਤੀਜੀ, ਪੰਨਾ 679

184 *ਮਹਾਨ ਕੋਸ਼,* ਪੰਨਾ 843

185 ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥

ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥

ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 275

ਹੈ ਅਤੇ ਪ੍ਰਮਾਤਮਾ ਵਾਲੇ ਪਦ ਨੂੰ ਪ੍ਰਾਪਤ ਕਰਕੇ ਮੁਕਤ ਹੋ ਜਾਂਦਾ ਹੈ-

ਦੇਹਿ ਦੁਖੀ ਤੇ ਦੁਖ ਨਹਿਂ ਮਾਨਹਿ ਅਨਿਕ ਬਿਲਾਸਨਿ ਸੁਖ ਨਹਿਂ ਜਾਨਹਿਂ

ਥਿਰਤਾ ਪਾਇ, ਨ ਡੋਲਹਿ ਸੋਊ ਰਹੇ ਏਕਰਸ ਦੈਤਹਿ ਖੋਊ ॥

ਜਨਮ ਮਰਨ ਤਿਨ ਤੇ ਛੂਟਿ ਗਏ ਹਰਿ ਪਦ ਪਾਇ ਮੁਕਤਿ ਸੋ ਭਏ ॥[186]

ਇਸ ਗ੍ਰੰਥ ਵਿਚ ਅਜਿਹੇ ਦੋ ਗੁਰਸਿੱਖਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਦੀ ਜੀਵਨ ਮੁਕਤ ਅਵਸਥਾ ਨੂੰ ਗੁਰੂ ਸਾਹਿਬਾਨ ਨੇ ਪ੍ਰਤੱਖ ਰੂਪ ਵਿਚ ਭਵਿੱਖੀ ਸੇਧ ਦੇ ਮੰਤਵ ਵਜੋਂ ਆਦਰਸ਼ ਰੂਪ ਵਿਚ ਪ੍ਰਗਟ ਕੀਤਾ-

(ੳ) ਭਾਈ ਭਿਖਾਰੀ ਜੀ, ਜਿਨ੍ਹਾਂ ਦੇ ਦਰਸ਼ਨ ਭਾਈ ਗੁਰਮੁੱਖ ਨੂੰ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦਾ ਭਾਣਾ ਮੰਨਣ ਵਾਲੇ ਸਮ ਅਵਸਥਾ ਦੇ ਧਾਰਨੀ ਗੁਰਸਿੱਖ ਵਜੋਂ ਕਰਵਾਏ।[187]

(ਅ) ਭਾਈ ਰਾਮ ਕੁਇਰ ਜੀ, ਜਿਨ੍ਹਾਂ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਨੇ, ਮਾਤਾ ਗੁਜਰੀ ਜੀ ਵੱਲੋਂ ਪੁੱਛੇ ਗਏ, ਦੁੱਖ ਸੁੱਖ ਵਰਗੀਆਂ ਅਵਸਥਾਵਾਂ ਵਿਚ ਇਕ ਸਮਾਨ ਰਹਿ ਕੇ ਵਿਚਰ ਰਹੇ ਗੁਰਸਿੱਖ ਦੇ ਰੂਪ ਵਿਚ ਪੇਸ਼ ਕੀਤਾ।[188]

## 2.10 ਕਰਮ

ਕਰਮ, ਜੀਵ ਨਾਲ ਉਸੇ ਪ੍ਰਕਾਰ ਸੰਬੰਧਿਤ ਹਨ ਜਿਵੇਂ ਜੀਵ ਪਰਮਾਤਮਾ ਨਾਲ। ਰਿਗਵੇਦ ਅਨੁਸਾਰ[189] ਜੀਵ ਆਪਣੇ ਕਰਮਾਂ ਦੇ ਫਲ ਸਦਕਾ ਜੂਨਾਂ ਵਿਚ ਫਿਰਦਾ ਰਹਿੰਦਾ ਹੈ। ਵੈਦਿਕ ਧਰਮ ਅਨੁਸਾਰ ਜੀਵ ਨੂੰ ਆਪਣੇ ਇਨ੍ਹਾਂ ਪੂਰਵਲੇ ਕਰਮਾਂ ਦਾ ਫਲ ਨਿਸ਼ਚਿਤ ਰੂਪ ਵਿਚ ਭੋਗਣਾ ਪੈਂਦਾ ਹੈ ਜੋ ਅਟਲ ਹੁੰਦਾ ਹੈ। ਇਸ ਤੋਂ ਬਚਾਅ ਦਾ ਕੋਈ ਵੀ ਵਿਕਲਪ ਮੌਜੂਦ ਨਹੀਂ, ਸਿਵਾਇ ਇਨ੍ਹਾਂ ਨੂੰ ਭੋਗਣ ਦੇ। ਇਸ

---

[186] ਜਿਲਦ ਦੂਜੀ, ਪੰਨਾ 180

[187] ਜਿਲਦ ਛੇਵੀਂ, ਪੰਨਾ 2221

[188] ਜਿਲਦ ਬਾਹਰਵੀਂ, ਪੰਨਾ 5340

[189] *ਰਿਗਵੇਦ*, ਸ਼ਰਮਾ, ਗੰਗਾ ਸਹਾਇ, ਡਾ. (ਅਨੁ.), 10.90.1, ਪੰਨਾ 1085

ਦੀ ਪੁਸ਼ਟੀ ਭਗਵਤ ਗੀਤਾ ਦੇ ਇਸ ਸੰਕੇਤ[190] ਤੋਂ ਹੋ ਜਾਂਦੀ ਹੈ ਕਿ ਜਿਨ੍ਹਾਂ ਕਰਮਾਂ ਨੂੰ ਮਨੁੱਖ ਮੋਹ ਦੇ ਕਾਰਨ ਕਰਨਾ ਨਹੀਂ ਚਾਹੁੰਦਾ, ਉਨ੍ਹਾਂ ਨੂੰ ਵੀ ਉਹ ਆਪਣੇ ਪੂਰਵਲੇ ਕਰਮਾਂ ਦਾ ਬੰਨ੍ਹਿਆ ਹੋਇਆ ਕਰਦਾ ਹੈ। ਸਿੱਖ ਧਰਮ ਵਿਚ ਜੀਵ ਦੇ ਦੁੱਖ ਸੁੱਖ ਵਿਚ ਉਸ ਦੇ ਕਰਮਾਂ ਦੇ ਪ੍ਰਭਾਵ ਨੂੰ ਸ਼ਾਮਿਲ ਹੋਣ ਵਾਲੇ ਵਿਚਾਰ ਨੂੰ ਤਾਂ ਪ੍ਰਵਾਨ ਕੀਤਾ ਗਿਆ ਹੈ[191] ਪਰੰਤੂ ਇਸ ਦੇ ਬਚਾਅ ਦਾ ਢੰਗ ਵੀ ਦੱਸਿਆ ਗਿਆ ਕਿ ਗੁਰੂ ਦਾ ਸ਼ਬਦ ਕਰੋੜਾਂ ਹੀ ਕਰਮਾਂ ਨੂੰ ਕੱਟਣ ਦੇ ਸਮਰੱਥ ਹੈ[192] ਭਾਵ ਕਿ ਸਿੱਖ ਧਰਮ ਵਿਚ ਕਰਮ ਪ੍ਰਭਾਵ ਦੇ ਬਚਾਅ ਦਾ ਵਿਕਲਪ ਵੀ ਦਿੱਤਾ ਗਿਆ ਹੈ। ਇਸ ਗ੍ਰੰਥ ਵਿਚ ਜ਼ਿਆਦਾਤਰ ਕਰਮ ਫਲ ਭੋਗਣ ਦੀ ਅਟੱਲਤਾ ਦੇ ਪ੍ਰਮਾਣ ਵਾਲੇ ਪੱਖ ਪ੍ਰਾਪਤ ਹੁੰਦੇ ਹਨ ਜੋ ਇਸ ਪ੍ਰਕਾਰ ਹਨ-

(ੳ) ਪੂਰਵਲੇ ਜਨਮ ਦੇ ਕੀਤੇ ਕਰਮ ਮਿਟਾਏ ਨਹੀਂ ਜਾ ਸਕਦੇ। ਇਹ ਭੋਗਣੇ ਹੀ ਪੈਂਦੇ ਹਨ।[193]

(ਅ) ਇਸ ਸ੍ਰਿਸ਼ਟੀ ਦੇ ਜੀਵ ਆਪਣੇ ਪੂਰਵਲੇ ਕਰਮਾਂ ਦੇ ਪੁੰਨ ਕਰਕੇ ਹੀ ਇਸ ਜਨਮ ਵਿਚ ਸੁੱਖ ਪ੍ਰਾਪਤ ਕਰ ਰਹੇ ਹਨ।[194]

(ੲ) ਪਰਮਾਤਮਾ ਜੀਵ ਨੂੰ ਉਸ ਦੇ ਕੀਤੇ ਕਰਮਾਂ ਤੋਂ ਬਿਨਾਂ ਦੁੱਖ ਸੁੱਖ ਨਹੀਂ ਦਿੰਦਾ। ਜੀਵ ਉਹੀ

---

190 ਸ੍ਰੀਮਦਭਗਵਤਗੀਤਾ, 18.59, ਪੰਨੇ 289-90

191 (ੳ) ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 433

(ਅ) ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ -ਉਹੀ, ਪੰਨਾ 78

(ੲ) ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ -ਉਹੀ, ਪੰਨਾ 135

(ਸ) ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ -ਉਹੀ, ਪੰਨਾ 308

192 ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1195

193 ਪੂਰਵਲੇ ਸਭਿ ਜਨਮ ਮਹਿੰ ਜਕਰ ਕਿਯੇ ਹੈਂ ਜੋਇ।

ਨਿਸ਼ਚੈ ਭੋਗੇ ਚਾਹੀਏ ਕਿਹ ਬਿਧਿ ਮਿਟਨ ਨ ਹੋਇ ॥ -ਜਿਲਦ ਚੌਥੀ, ਪੰਨਾ 963

194 ਪਸੁ ਮਹਿਖੀ ਧੇਨੂ ਸਮੁਦਾਏ। ਦਰਬ ਅੰਨ ਸਭਿ ਸੁਖ ਜੁਤ ਪਾਏ।

ਫਲ ਪੂਰਵਲੇ ਪੁੰਨਨਿ ਕੇਰਾ। ਜਨਮ ਧਾਰਿ ਭੋਗਹਿਂ ਇਸ ਬੇਰਾ ॥ -ਜਿਲਦ ਛੇਵੀਂ, 2151

ਭੁਗਤਦਾ ਹੈ ਜੋ ਉਸ ਨੇ ਕਰਮਾਂ ਦੇ ਰੂਪ ਵਿਚ ਬੀਜਿਆ ਹੁੰਦਾ ਹੈ।[195]

(ਸ) ਆਪਣੇ ਕੀਤੇ ਹੋਏ ਕਰਮਾਂ ਦੇ ਫਲ ਲਈ ਪਰਮਾਤਮਾ ਨੂੰ ਦੋਸ਼ੀ ਠਹਿਰਾਉਣਾ ਉਚਿਤ ਨਹੀਂ। ਸੰਕਟ ਵਾਲੇ ਸਮੇਂ ਨੂੰ, ਆਪਣੇ ਕਰਮਾਂ ਦੇ ਫਲ ਦੇ ਹੋ ਰਹੇ ਖਾਤਮੇ ਵਜੋਂ ਵਿਚਾਰ ਕੇ ਇਸ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰਨਾ ਚਾਹੀਦਾ ਹੈ।[196]

## 3. ਸਿੱਖ ਸੰਸਥਾਵਾਂ ਦਾ ਸਿਧਾਂਤਿਕ ਪੱਖ

### 3.1 ਧਰਮਸਾਲ/ਗੁਰਦੁਆਰਾ

ਧਰਮਸਾਲ ਤੋਂ ਭਾਵ ਹੈ- ਧਰਮ ਕਮਾਉਣ ਦਾ ਸਥਾਨ। ਗੁਰਬਾਣੀ ਵਿਚ ਸਮੁੱਚੀ ਧਰਤੀ ਨੂੰ ਧਰਮ ਕਮਾਉਣ ਦਾ ਸਥਾਨ ਕਿਹਾ ਗਿਆ ਹੈ।[197] ਗੁਰੂ ਨਾਨਕ ਸਾਹਿਬ ਦੁਆਰਾ ਸੰਗਤ ਕਰਨ ਲਈ ਸਥਾਪਿਤ ਕੀਤੇ ਅਸਥਾਨ ਨੂੰ 'ਧਰਮਸਾਲ' ਕਿਹਾ ਜਾਂਦਾ ਸੀ ਜੋ 'ਗੁਰਦੁਆਰਾ' ਸੰਸਥਾ ਦਾ ਮੁੱਢਲਾ ਨਾਮ ਸੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਸਾਹਿਬਾਨ ਦੁਆਰਾ ਉਨ੍ਹਾਂ ਦੇ ਪੂਰਵਲੇ ਗੁਰੂਆਂ ਨਾਲ ਸੰਬੰਧਿਤ ਗੁਰ ਅਸਥਾਨਾਂ ਦੀ ਯਾਤਰਾ ਕਰਨ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੋਂ ਇਸ ਸੰਸਥਾ ਦੇ ਮਹੱਤਵ ਦਾ ਪਤਾ ਚੱਲਦਾ ਹੈ, ਜਿਵੇਂ-

(ੳ) ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਨ ਜਾਣਾ।[198]

(ਅ) ਛੇਵੇਂ ਗੁਰੂ ਸਾਹਿਬ ਦੁਆਰਾ ਚੋਲ੍ਹਾ ਸਾਹਿਬ ਦੇ ਦਰਸ਼ਨ ਕਰ ਕੇ ਸੰਗਤਾਂ ਨੂੰ ਇਸ ਅਸਥਾਨ 'ਤੇ ਪੰਜਵੇਂ ਗੁਰੂ ਸਾਹਿਬ ਦੇ ਆਉਣ ਦਾ ਇਤਿਹਾਸ ਸੁਣਾਉਣਾ।[199]

ਇਸ ਗ੍ਰੰਥ ਦੀ ਦੂਜੀ ਰਾਸਿ ਵਿਚ ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਉਪਦੇਸ਼ ਕਰਦੇ ਹੋਏ, ਸਤਿਸੰਗਤ ਵਿਚ ਜੁੜ ਕੇ ਕਥਾ ਕੀਰਤਨ ਕਰਨ ਲਈ ਧਰਮਸਾਲ ਦੇ ਰੂਪ ਵਿਚ ਅਜਿਹਾ ਸਥਾਨ ਕਰਨ

---

[195] ਬਿਨਾ ਕਰਮ ਸੁਖ ਦੁਖ ਨਹਿਂ ਦੇਤਿ। ਭੁਗਤਹਿ ਸੋਇ ਜਿ ਬੀਜਹਿ ਖੇਤ ॥ -ਜਿਲਦ ਛੇਵੀਂ, 2223

[196] ਜਾਨਿ ਕਰਮ ਫਲ ਤਰਕ ਨ ਠਾਨੈ। ਨਹਿਂ ਈਸ਼ਰ ਪਰ ਦੋਸ਼ ਬਖਾਨੈ।

ਭੋਗਹਿ ਸੰਕਟ ਕੋ ਹਰਖਾਇ। ਲਖਹਿ ਕੁਕਰਮਨਿ ਫਲ ਬਿਨਸਾਇ ॥ -ਜਿਲਦ ਦਸਵੀਂ, ਪੰਨਾ 4101

[197] ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 7

[198] ਜਿਲਦ ਸਤਵੀਂ, ਪੰਨੇ 2871-74

[199] ਉਹੀ, ਪੰਨੇ 3101-3113

ਸਥਾਪਿਤ ਕਰਨ ਲਈ ਕਿਹਾ ਜਿਥੇ ਆਉਣ ਜਾਣ ਵਾਲੇ ਨੂੰ ਭੋਜਨ-ਆਸਰਾ ਪ੍ਰਾਪਤ ਹੋਵੇ ਅਤੇ ਨਾਮ ਜਪਣ ਦੇ ਨਾਲ-ਨਾਲ ਸਾਧੂ ਜਨਾਂ ਦੀ ਸੇਵਾ ਹੋ ਸਕੇ। ਇਸ ਕਾਰਜ ਨੂੰ ਵੱਡੇ ਪੁੰਨ ਵਾਲਾ ਕਾਰਜ ਕਿਹਾ ਗਿਆ ਹੈ ਜਿਸ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ-

ਜਹਿਂ ਸਤਿਸੰਗਤਿ ਕੋ ਸਮੁਦਾਇ । ਕਥਾ ਕੀਰਤਨ ਕਰਹਿਂ ਬਨਾਇ ।

ਤਹਾਂ ਜਾਇ ਸੰਧਿਆ ਅਰੁ ਪ੍ਰਾਤੀ । ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ।

ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ। ਧਰਮ ਸਾਲ ਆਪੇ ਬਨਵਾਵਹਿ।

ਤਿਸ ਮੈ ਰਾਖਹਿ ਸਿੱਖ ਟਿਕਾਇ। ਪੰਥੀ ਕੋ ਭੋਜਨ ਮਿਲਿ ਜਾਇ।

ਇਕ ਸਿਖ ਦੇਹਿ ਕਿ ਸਭਿ ਮਿਲ ਦੇਵੈਂ। ਸਿਮਰਹਿ ਨਾਮ ਸੁਜਨ ਕੋ ਦੈਵੈ।

ਕਹਾਂ ਮਹਾਤਮ ਇਸ ਕੋ ਕਹਿਯਹਿ। ਪੁੰਨ ਪਦਾਰਥ ਸਮ ਨਹਿਂ ਲਹਿਯਹਿ।

ਇਸ ਜਗ ਮਹਿਂ ਸੁਖ ਪਾਇ ਘਨੇਰਾ। ਅੰਤ ਗੁਰੂ ਢਿਗ ਲਹੈ ਬਸੇਰਾ।[200]

ਭਾਈ ਸੰਤੋਖ ਸਿੰਘ ਨੇ ਇਸ ਨੂੰ ਧਰਮਸਾਲ ਨੂੰ ਅਜਿਹਾ ਸਥਾਨ ਮੰਨਿਆ ਗਿਆ ਹੈ ਜਿੱਥੇ ਇਕ ਸਿੱਖ ਨੇ ਆਪਣਾ ਆਪਾ ਭਾਵ ਤਿਆਗ ਕੇ ਸਭ ਕੁੱਝ ਗੁਰੂ ਨੂੰ ਸਮਰਪਿਤ ਕਰਨਾ ਹੁੰਦਾ ਹੈ। ਇਸ ਨਿਮਰਤਾ ਵਾਲੀ ਥਾਂ ਵਿਚ ਹੰਕਾਰ ਛੱਡ ਕੇ ਨਿਮਰ ਰਹਿਣ ਵਾਲਾ ਮਨੁੱਖ ਹੀ ਟਿਕ ਸਕਦਾ ਹੈ।[201] ਸਤਿਗੁਰੂ ਦੇ ਦੁਆਰ ਵਿਚ ਮਨ ਨੀਵਾਂ ਕਰਕੇ ਸ਼ਬਦ ਸੁਣਨਾ ਬਹੁਤ ਫਲਦਾਇਕ ਹੁੰਦਾ ਹੈ-

ਧਰਮਸਾਲ ਕੈ ਸਤਿਗੁਰ ਦ੍ਵਾਰੇ। ਚੱਲਤਿ ਲਹਹਿ ਫਲ ਪਗ ਪਗ ਭਾਰੇ।

ਸ਼ਬਦ ਸੁਨਹਿ ਤਜਿ ਹੰ, ਮਨ ਨੀਵਾ। ਪ੍ਰਭ ਉਪਾਸਨਾ ਪ੍ਰਾਪਤਿ ਥੀਵਾ।[202]

### 3.2 ਮੀਰੀ-ਪੀਰੀ

ਮੀਰੀ-ਪੀਰੀ ਸਿੱਖ ਧਰਮ ਦੀ ਇਕ ਵਿਲੱਖਣ ਤੇ ਨਿਵੇਕਲੀ ਸੰਸਥਾ ਹੈ ਜਿਸ ਵਿਚ ਭਗਤੀ ਤੇ

---

200 ਜਿਲਦ ਪੰਜਵੀਂ, ਪੰਨੇ 1715-1716

201 ਗੁਰੂ ਘਰ ਨੰਮ੍ਰ ਥਾਨਿ ਮਹਿ ਜਾਨਹੁ ਨੰਮ੍ਰ ਹੋਹਿ ਸੁ ਮਿਲ ਕਰ ਜਾਇ। - ਜਿਲਦ ਛੇਵੀਂ, ਪੰਨਾ 2114

202 ਜਿਲਦ ਸਤਵੀਂ, ਪੰਨਾ 2689

ਸ਼ਕਤੀ ਦੇ ਸੁਮੇਲ ਰਾਹੀਂ ਸਿੱਖ ਦੇ 'ਸੰਤ-ਸਿਪਾਹੀ' ਵਾਲੇ ਰੂਪ ਦਾ ਵਿਹਾਰਕ ਪੱਖ ਪ੍ਰਗਟ ਹੋਇਆ ਹੈ। ਭਾਈ ਸੰਤੋਖ ਸਿੰਘ ਦੁਆਰਾ ਵਰਣਿਤ ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਵਾਕਾਂ ਵਿੱਚੋਂ (ਜੋ 'ਸਿੱਖਾਂ ਦੀ ਭਗਤ ਮਾਲਾ' ਦੀ ਸ਼ਬਦਾਵਲੀ ਵਾਲੀ ਭਾਵਨਾ ਦਾ ਹੀ ਕਾਵਿ ਰੂਪ ਹਨ) ਮੀਰੀ ਪੀਰੀ ਦਾ ਭਵਿੱਖਤ ਸਰੂਪ ਪ੍ਰਗਟ ਹੁੰਦਾ ਹੈ ਕਿ ਉਹ ਛੇਵੇਂ ਸਰੂਪ ਵਿਚ ਸ਼ਸਤਰ ਨਾਲ ਮੀਰੀ ਅਤੇ ਸ਼ਬਦ ਨਾਲ ਸ਼ਬਦ ਦੀ ਪ੍ਰੀਤੀ ਨਾਲ ਪੀਰੀ ਜਿੱਤ ਲੈਣਗੇ-

ਸ੍ਰੀ ਅਰਜਨ ਤਿਨ ਸੰਗ ਉਚਾਰਾ। ਹਮ ਸਰੂਪ ਜੋ ਖਸ਼ਟਮ ਧਾਰਾ ॥
ਧਰੈਂ ਸ਼ਸਤਰ ਦੇ ਦੁਸ਼ਟਨ ਦੰਡ। ਕਰੈਂ ਤੁਰਕ ਗਨ ਕੋ ਖੰਡ ਖੰਡ।
ਆਯੁਧ ਬਿੱਦਜਾ ਕਰਿ ਅੱਭਜਾਸ। ਮੀਰਨਿ ਕੀ ਮੀਰੀ ਲੈਂ ਪਾਸ ॥
ਸ਼ਬਦ ਪ੍ਰੀਤਿ ਕਰਿ ਚਿਤ ਇਮ ਦੇਇਂ। ਪੀਰਨਿ ਕੀ ਪੀਰੀ ਹਰਿ ਲੇਇਂ।[203]

ਗੁਰੂ ਗੋਬਿੰਦ ਸਿੰਘ ਜੀ ਨੇ ਪੀਰੀ ਦੇ ਨਾਲ ਮੀਰੀ ਨੂੰ ਸਿੱਖਾਂ ਦੇ ਇਕ ਜਰੂਰੀ ਅੰਗ ਬਣਾਉਂਦੇ ਹੋਏ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਦੇ ਦਰਸ਼ਨ ਕਰਨ ਸਮੇਂ ਵਧੀਆ ਤੋਂ ਵਧੀਆ ਸ਼ਸਤਰ ਧਾਰਨ ਕਰ ਕੇ ਆਉਣ ਵਾਲੇ ਸਿੱਖਾਂ 'ਤੇ ਗੁਰੂ ਸਾਹਿਬ ਦੀ ਜਿਆਦਾ ਖੁਸ਼ੀ ਹੋਵੇਗੀ ਕਿਉਂਕਿ ਸ਼ਸਤਰ ਨਾ ਧਾਰਨ ਕਰਨ ਦੀ ਹਾਲਤ ਵਿਚ ਕਾਰਜ ਵਿਗੜ ਜਾਂਦੇ ਹਨ-

ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰਹਿ ਕਾਜ ॥
ਯਾਂ ਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੇ ਉੱਤਮ ਗੁਨੀਅਹਿ ॥
ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ ॥
ਕਮਰਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ ॥[204]

### 3.3 ਪੰਜ ਪਿਆਰੇ

'ਪੰਜ ਪਿਆਰੇ' ਸੰਸਥਾ ਸਿੱਖ ਧਰਮ ਦੀ ਇਕ ਅਹਿਮ ਅਤੇ ਕੇਂਦਰੀ ਸੰਸਥਾ ਹੈ ਜਿਸ ਨੂੰ ਗੁਰੂ ਦਾ

---

[203] ਜਿਲਦ ਛੇਵੀਂ, ਪੰਨਾ 2211

[204] ਜਿਲਦ ਬਾਹਰਵੀਂ, ਪੰਨਾ 5072

ਰੂਪ ਸਮਝ ਕੇ ਸਤਿਕਾਰ ਪ੍ਰਦਾਨ ਕੀਤਾ ਜਾਂਦਾ ਹੈ। ਇਸ ਸੰਸਥਾ ਨੂੰ ਅਸੀਂ ਲੋਕਤੰਤਰੀ ਢਾਂਚੇ ਦੇ ਗਿਣਾਤਮਕ ਪੱਖ ਦੀ ਥਾਂ ਗੁਣਾਤਮਕ ਪੱਖ ਵਾਲਾ ਰੂਪ ਵੀ ਕਹਿ ਸਕਦੇ ਹਾਂ ਭਾਵ ਕਿ ਜਿਸ ਵਿਚ ਗਿਣਤੀ ਦੀ ਥਾਂ ਗੁਣਾਂ ਨੂੰ ਆਧਾਰ ਬਣਾ ਕੇ ਲੋਕਤੰਤਰੀ ਢਾਂਚੇ ਨੂੰ ਕਾਇਮ ਰੱਖਿਆ ਜਾਂਦਾ ਹੈ। ਬਾਹਰੀ ਤੌਰ 'ਤੇ ਭਾਵੇਂ ਇਸ ਸੰਸਥਾ ਦਾ ਵਿਵਸਥਿਤ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਗਟ ਹੋਇਆ ਪਰੰਤੂ, ਇਸ ਦੇ ਵਿਹਾਰਕ ਪੱਖ ਦੀ ਆਰੰਭਤਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਹੋ ਗਈ ਸੀ। ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ[205] ਕਿ ਗੁਰੂ ਘਰ ਵਿਚ ਮੁੱਢ ਤੋਂ ਹੀ ਪੰਜ ਗੁਰਮੁਖਾਂ ਦੀ ਪ੍ਰਧਾਨਤਾ ਚਲੀ ਆਈ ਹੈ ਜਿਸ ਦੀ ਪੁਸ਼ਟੀ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੰਜ ਆਤਮ ਗਿਆਨੀ ਗੁਰਮੁਖਾਂ ਦੇ ਨਾਮ ਦੇ ਕੇ ਕੀਤੀ ਹੈ। ਇਸ ਪੰਚ ਪ੍ਰਧਾਨੀ ਪ੍ਰਣਾਲੀ ਸੰਬੰਧੀ ਭਾਈ ਗੁਰਦਾਸ ਜੀ ਨੇ ਵੀ ਸੰਕਤੇ ਕਰਦੇ ਹੋਏ ਲਿਖਿਆ ਹੈ:

ਗੁਰ ਘਰ ਕੀ ਮਰਜਾਦਾ ਪੰਚਹੁ।[206]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਸੰਸਥਾ ਦੇ ਮਹੱਤਵ ਨੂੰ ਸੁਚੱਜੇ ਢੰਗ ਨਾਲ ਪ੍ਰਗਟ ਕੀਤਾ ਹੈ। ਪੰਜ ਤਿਆਰ ਬਰ ਤਿਆਰ ਰਹਿਤ ਵਾਲੇ ਸਿੰਘਾਂ ਨੂੰ ਗੁਰੂ ਦਾ ਹੀ ਰੂਪ ਦਰਸਾਇਆ ਗਿਆ ਹੈ[207] ਜਿਨ੍ਹਾਂ ਵਿਚ ਸ਼ਰਧਾ ਰੱਖਣ ਨਾਲ ਇਛਾਵਾਂ ਦੀ ਪੂਰਤੀ ਹੁੰਦੀ ਹੈ ਅਤੇ ਸੁਖਾ ਪ੍ਰਾਪਤ ਹੁੰਦੇ ਹਨ-

ਮਨਹੁਂ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੁਖ ਖਾਪਤਿ।
ਸਿਖ ਪੰਚਨ ਮਹਿਂ ਮੇਰੋ ਬਾਸਾ। ਪੂਰਨ ਕਰੌਂ ਧਰਹਿ ਜੇ ਆਸਾ।[208]

ਇਸ ਗ੍ਰੰਥ ਦੀ ਛੇਵੀਂ ਰੁੱਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ, ਪੰਜ ਪਿਆਰਿਆਂ ਦੇ ਰੂਪ ਵਿਚ ਪੰਜ ਸਿੰਘਾਂ ਦੀ ਵਡਿਆਈ ਅਤੇ ਮਹੱਤਵ ਨੂੰ ਇਸ ਪ੍ਰਕਾਰ ਚਿਤ੍ਰਿਤ ਕੀਤਾ ਗਿਆ ਹੈ-

ਪੰਚਹੁਂ ਮਹਿਂ ਨਿਤ ਵਰਤਤਿ ਮੈਂ ਹੌਂ ਪੰਚ ਮਿਲਹਿਂ ਸੇ ਪੀਰਨ ਪੀਰ।।

---

205 *ਮਹਾਨ ਕੋਸ਼,* ਪੰਨਾ 791

206 ਵਾਰਾਂ ਭਾਈ ਗੁਰਦਾਸ ਜੀ, ਵਾਰ 13/19, ਪੰਨਾ 146

207 ਸਿੰਘ ਸੁ ਰਹਤ ਪੰਚ ਜਹਿਂ ਮਿਲੈਂ। ਮਮ ਸਰੂਪ ਸੋ ਦੇਖਹੁ ਭਲੇ। -ਜਿਲਦ ਚੌਦਵੀਂ, ਪੰਨੇ 6331-14

208 ਜਿਲਦ ਚੌਦਵੀਂ, ਪੰਨਾ 6331

ਗੁਰ ਘਰ ਕੀ ਮਿਰਜਾਦਾ ਪੰਚਹੁੰ ਪੰਚਹੁੰ ਪਾਹੁਲ ਪੂਰਬ ਪੀਨ।
ਹੁਇ ਤਨਖਾਹੀਆ ਬਖਸ਼ਹਿਂ ਪੰਚਹੁੰ, ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਢ ਬਡਿਆਈ ਪੰਚ ਕਰਹਿਂ ਸੋ ਨਿਫਲ ਨ ਚੀਨ।
ਭੋਜਨ ਛਾਦਨ ਪੰਚਨ ਅਰਪਹਿਂ ਅਰਜ਼ ਕਰਹਿਂ ਤਿਨ ਬਾਂਛਤਿ ਲੀਨ।।[209]

## 4. ਨੈਤਿਕ ਸਿਧਾਂਤ

ਨੈਤਿਕ ਨਿਯਮ ਸਮਾਜਿਕ ਪ੍ਰਬੰਧ ਨੂੰ ਵਿਵਸਥਿਤ ਕਰਨ ਵਿਚ ਅਹਿਮ ਰੋਲ ਅਦਾ ਕਰਦੇ ਹਨ ਜਿਨ੍ਹਾਂ ਨੂੰ ਸਥਾਪਿਤ ਕਰਨ ਵਿਚ ਧਰਮ ਆਧਾਰਭੂਤ ਕਾਰਜ ਕਰਦਾ ਹੈ। ਗੁਰਬਾਣੀ ਵਿਚ ਉਸ ਪਰਮਾਤਮਾ ਦੀ ਕਿਰਪਾ ਪ੍ਰਾਪਤ ਕਰਨ ਲਈ ਸਤ, ਸੰਤੋਖ, ਦਇਆ ਅਤੇ ਧਰਮ ਨਾਮਕ ਨੈਤਿਕ ਗੁਣਾਂ ਦਾ, ਜੀਵ ਨੂੰ ਸ਼ਿੰਗਾਰ ਕਰਨ ਲਈ ਕਿਹਾ ਗਿਆ ਹੈ।[210] ਗੁਰੂ ਨਾਨਕ ਦੇਵ ਜੀ ਨੇ ਸੱਚ ਨੂੰ ਸਾਰੇ ਆਚਾਰ ਵਿਹਾਰ ਤੋਂ ਉੱਪਰ ਕਹਿ ਕੇ[211] ਮਿੱਠਾ ਬੋਲਣ ਅਤੇ ਨਿਮਰਤਾ ਦੇ ਗੁਣ ਨੂੰ ਸਾਰੇ ਗੁਣਾਂ ਦਾ ਤੱਤ ਵਜੋਂ ਪ੍ਰਵਾਨ ਕੀਤਾ ਹੈ।[212] ਸੁਖਮਨੀ ਸਾਹਿਬ ਵਿਚ ਇਹ ਸਿਧਾਂਤ ਪੇਸ਼ ਕੀਤਾ ਗਿਆ ਹੈ ਕਿ ਦੂਸਰਿਆਂ ਦਾ ਬੁਰਾ ਨਾ ਚਾਹੁਣ ਵਾਲੇ ਮਨੁੱਖ ਨੂੰ ਕਦੀ ਵੀ ਦੁੱਖ ਨਹੀਂ ਹੁੰਦਾ।[213]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਸਾਹਿਬਾਨ ਦੁਆਰਾ ਅਨੇਕਾਂ ਥਾਵਾਂ ’ਤੇ ਸਿੱਖਾਂ ਨੂੰ ਅਤੇ ਦੂਸਰੇ ਮਤ ਵਾਲੇ ਵਿਅਕਤੀਆਂ ਨੂੰ ਦਿੱਤੇ ਗਏ ਉਪਦੇਸ਼ ਵਾਲੇ ਪ੍ਰਸੰਗਾਂ ਵਿਚੋਂ ਸਿੱਖੀ ਨੈਤਿਕਤਾ ਨਾਲ ਸੰਬੰਧਿਤ ਸਿਧਾਂਤ ਵੀ ਪ੍ਰਗਟ ਹੁੰਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

### 4.1 ਧਰਮੀ ਹੋਣ ਲਈ ਚੰਗੇ ਅਮਲ ਜਰੂਰੀ

ਅਸਲ ਅਰਥਾਂ ਵਿਚ ਧਰਮੀ ਹੋਣ ਲਈ ਇਹ ਜ਼ਰੂਰੀ ਹੈ ਕਿ ਚੰਗਿਆਈ ਵਾਲੇ ਕਰਮ ਕੀਤੇ ਜਾਣ।

---

[209] ਜਿਲਦ ਚੌਦਵੀਂ, ਪੰਨਾ 5904

[210] ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ ੪ ॥

-*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 812

[211] ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥ -ਉਹੀ, ਪੰਨਾ 62

[212] ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ - ਉਹੀ, ਪੰਨਾ 470

[213] ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ - ਉਹੀ, ਪੰਨਾ 386

ਚੰਗੇ ਅਮਲ ਕੀਤੇ ਤੋਂ ਬਿਨਾਂ ਕੋਈ ਵੀ ਧਰਮੀ ਨਰਕਾਂ ਤੋਂ ਨਹੀਂ ਬਚ ਸਕਦਾ-

ਭਲੇ ਅਮਲ ਕੀਏ ਬਿਨਾ ਜਾਣਹਿ ਨਰਕ ਕੋ ਦੋਇ ।

ਦੇਹਿ ਰਹੈ ਈਹਾਂ ਪਰੀ ਜਬ ਲੇਖਾ ਤਹਿਂ ਹੋਇ ॥[214]

## 4.2 ਨੈਤਿਕ ਗੁਣ: ਅੰਦਰਲੇ ਜੋਗ ਦੇ ਪ੍ਰਤੀਕ ਵਜੋਂ

ਜੋਗੀਆਂ ਨਾਲ ਵਾਰਤਾਲਾਪ ਕਰਨ ਸਮੇਂ ਗੁਰੂ ਨਾਨਕ ਸਾਹਿਬ ਨੇ ਜੋਗੀਆਂ ਨੂੰ ਬਾਹਰਲੇ ਜੋਗ ਦੀ ਥਾਂ ਨੈਤਿਕ ਗੁਣਾਂ ਵਾਲਾ ਅੰਦਰਲਾ ਯੋਗ ਧਾਰਨ ਕਰਨ ਦਾ ਉਪਦੇਸ਼ ਦਿੱਤਾ-

ਮੋਹ ਮਾਨ ਚੀਰ ਕਾਨ, ਮੁੰਦ੍ਰਾ ਹੈ ਗਰੀਬੀ ਗਾਨ

ਧਾਨ ਕੀ ਸਰੀਰ ਖਿੰਥਾ ਸਦਾ ਜੋ ਅਨਾਸ਼ ਹੈ।

ਭਸਮ ਸੰਤੋਖ, ਭੀਖ ਲੀਨੀ ਸੁੰਨ ਮੰਡਲ ਕੀ

ਨਾਮ ਲਿਵ ਲਾਗੀ ਜਾਣ ਮੈਂ ਦੇਖੋ ਸੁਖ ਰਾਸ ਹੈ ॥[215]

## 4.3 ਝੂਠ: ਸਭ ਤੋਂ ਵੱਡਾ ਪਾਪ

ਝੂਠ ਦੇ ਬਰਾਬਰ ਦਾ ਕੋਈ ਵੀ ਪਾਪ ਨਹੀਂ ਹੈ ਜੋ ਸ਼ੁੱਭ ਗਤੀ ਵਿਚ ਰੁਕਾਵਟ ਹੈ। ਝੂਠ ਨਾ ਬੋਲਣ ਵਾਲਾ ਮਨੁੱਖ ਸੌਖੇ ਢੰਗ ਨਾਲ ਹੀ ਮੁਕਤ ਹੋ ਜਾਂਦਾ ਹੈ-

ਝੂਠ ਸਮਾਨ ਪਾਪ ਨਹਿਂ ਕੋਈ। ਨਹੀਂ ਝੂਠ ਤੇ ਸੁਭ ਗਤਿ ਹੋਈ।

...ਜੋ ਕਰਿ ਨੇਮ ਕੂਰ ਨਹਿਂ ਕਹੈਂ। ਤਿਨ ਕੋ ਮੁਕਤਿ ਸੁਗਮ ਹੀ ਅਹੈ।[216]

## 4.5 ਨੈਤਿਕ ਗੁਣ: ਗੁਰਮਤਿ ਦੇ ਸਾਧਨਾਂ ਦੇ ਰੂਪ ਵਿਚ

ਭਾਈ ਸੰਤੋਖ ਸਿੰਘ ਨੇ ਗੁਰਮਤਿ ਦੇ ਸਾਧਨਾਂ ਵਿਚ ਨੈਤਿਕ ਗੁਣਾਂ ਨੂੰ ਵੀ ਸ਼ਾਮਿਲ ਕੀਤਾ ਹੈ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

---

214 ਜਿਲਦ ਤੀਜੀ, ਪੰਨਾ 631

215 ਉਹੀ, ਪੰਨਾ 657

216 ਜਿਲਦ ਛੇਵੀਂ, ਪੰਨਾ 2149

### 4.5.1 ਦਇਆ

ਛੁਧਤਿ ਕਿ ਨਗਨ ਬਿਨਾ ਧਨਿ ਕੋਇ। ਦਿਹੁ ਭੋਜਨ ਛਾਦਨ ਤਿਸ ਜੋਇ ॥

ਦੇਖਿ ਦੁਖੀ ਕੇ ਦਇਆ ਉਪਾਵਹੁ। ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ ॥

ਕਰਨ ਦਇਆ ਕੋ ਪੁੰਨ ਘਨੇਰਾ। ਦਇਆ ਕਰਤਿ ਹੁਇ ਬਡਿਹੁ ਬਡੇਰਾ ॥

ਜੇ ਜੇ ਬਡੇ ਦਇਆ ਉਰ ਧਾਰੈਂ ॥ ਮਨ ਤੇ ਕੋਮਲ ਕਸ਼ਟ ਨਿਵਾਰੈ ॥

ਕਰਹਿ ਦੀਨ ਕੋ ਸੁਖੀ ਬਿਸਾਲਾ। ਆਦਿ ਪ੍ਰਮੇਸ਼ਰ ਬਡੇ ਕ੍ਰਿਪਾਲਾ ॥

### 4.5.2 ਸੱਚ

ਸਚੁ ਬੋਲਹੁ ਮੁਖਿ ਦੇਤਿ ਬਡੇਰਾ। ਤਜਹੁ ਕੂਰ ਦੁਖ ਦਾਯ ਘਨੇਰਾ ॥

### 4.5.3 ਸੰਤੋਖ

ਲਾਲਚ ਤਜੈ ਧਰੈ ਸੰਤੋਖ।

### 4.5.4 ਖਿਮਾ

ਅਪਨੇ ਤੇ ਨਿਰਬਲ ਕੋ ਜਾਨਿ। ਤਿਸ ਪਰ ਕੋਪ ਨ ਕਰਹੁ ਸੁਜਾਨ ॥

### 4.5.5 ਮਿੱਠਾ ਬੋਲਣਾ

ਮਧੁਰ ਕਹੈ ਸਭਿ ਕੋ ਤ੍ਰਿਪਤਾਵੈ। ਫੀਕਾ ਬੋਲ ਨ ਕਿਸੀ ਦੁਖਾਵੈ॥

## 4.6 ਜੀਵ ਦੁਆਰਾ ਪ੍ਰਗਟ ਅਤੇ ਅਪ੍ਰਗਟ ਰੂਪ ਵਿਚ ਕੀਤੇ ਪਾਪ-ਪੁੰਨ ਦਾ ਸਰੂਪ

ਆਪਣੇ ਮਨ ਵਿਚ ਛੁਪਾਏ ਗਏ ਪਾਪ ਧਰਤੀ ਵਿਚ ਬੀਜੇ ਗਏ ਕਿੱਕਰ ਦੇ ਬੀਜ ਦੇ ਉੱਗੇ ਹੋਏ ਕੰਢਿਆਂ ਵਾਂਗ ਦੁੱਖ ਦਿੰਦੇ ਹਨ। ਦੂਸਰੇ ਪਾਸੇ, ਦਿਖਾਵੇ ਦੇ ਪੁੰਨ ਧਰਤੀ ਉੱਤੇ ਬਾਹਰ ਉੱਪਰਲੇ ਪਾਸੇ ਰੱਖੇ ਬੀਜ ਵਾਂਗ ਹੁੰਦੇ ਹਨ ਜੋ ਕਦੀ ਵੀ ਨਹੀਂ ਉੱਗਦੇ-

ਪਾਪ ਛਪਾਵਤਿ ਨਿਜ ਮਨ ਮਾਂਹੀ ਨਹਿੰ ਸੁਨਾਇ ਦਿਖਾਵਹਿੰ ਕਾਹੀ।

ਕਿਕਰ ਬੀਜ ਜਿਉਂ ਧਰਤਿ ਮਝਾਰੀ ਉਗ ਲਗਿ ਕੰਟਕ, ਦੇਂ ਦੁਖਭਾਰੀ ॥

ਇਹ ਜੁ ਪੁੰਨ ਕਰਿ ਸਭਿਨਿ ਦਿਖਾਵਾ ਸੁਜਸ ਪਾਇ ਹਿਰਦੇ ਗਰਬਾਵਾ।

ਧਰਤਿ ਵਹਿਰ ਜਿਉਂ ਬੀਜ ਰਸਾਲਾ ਉਗਹਿ ਨ, ਕਿਉਂ ਫਲ ਦੇਹਿ ਬਿਸਾਲਾ ॥[217]

## 4.7 ਵਿਸ਼ੇ ਵਿਕਾਰਾਂ ਵਾਲੇ ਦੀ ਸੰਗਤ ਤੋਂ ਦੂਰੀ

ਵਿਸ਼ੇ ਵਿਕਾਰਾਂ ਵਾਲੇ ਮਨੁੱਖਾਂ ਦੀ ਸੰਗਤ ਕਰਨੀ ਅੱਗ ਦੇ ਸੇਕ ਵਾਂਗ ਹੁੰਦੀ ਹੈ ਜਿਸ ਦਾ ਸੇਕ ਸਹਿਣ ਨਹੀਂ ਕੀਤਾ ਕਾ ਸਕਦਾ। ਅਜਿਹੀ ਸੰਗਤ ਮਨੁੱਖ ਨੂੰ ਸ਼ੁਭ ਗੁਣਾਂ ਤੋਂ ਦੂਰ ਕਰ ਕੇ ਪਰਮ ਪਦ ਦੀ ਪ੍ਰਾਪਤੀ ਤੋਂ ਵਾਂਝਿਆਂ ਕਰ ਦਿੰਦੀ ਹੈ। ਇਸ ਲਈ ਅਜਿਹੀ ਸੰਗਤ ਦਾ ਤਿਆਗ ਕਰਨਾ ਚਾਹੀਦਾ ਹੈ।[218]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਨੂੰ ਵਿਸਥਾਰਿਤ ਦ੍ਰਿਸ਼ਟਾਂਤਿਕ ਰੂਪ ਰਾਹੀਂ ਸੁੰਦਰ ਢੰਗ ਨਾਲ ਚਿਤ੍ਰਿਤ ਕੀਤਾ ਗਿਆ ਹੈ ਜਿਸ ਵਿਚ ਗੁਰਮਤਿ ਚਿੰਤਨ ਦਾ ਨਿਵੇਕਲਾ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ। ਤਤਕਾਲੀਨ ਸਮੇਂ ਦੇ ਪ੍ਰਭਾਵ ਕਾਰਨ ਕੁੱਝ ਥਾਵਾਂ 'ਤੇ ਵੇਦਾਂਤਕ ਪ੍ਰਭਾਵ ਵੀ ਵਿਖਾਈ ਦਿੰਦਾ ਹੈ ਜਿਸ ਨੂੰ ਗੁਰਮਤਿ ਦੀ ਕਸਵਟੀ ਰਾਹੀਂ ਪਰਖ ਕੇ ਗੁਰਮਤਿ ਅਨੁਸਾਰੀ ਪੂਰਾ ਉਤਰਨ ਵਾਲੇ ਚਿੰਤਨ ਨੂੰ ਸਿੱਖ ਅਕਾਦਮਿਕਤਾ ਵਿਚ ਵਰਤਿਆ ਜਾ ਸਕਦਾ ਹੈ। ਗੁਰਮਤਿ ਕਸਵਟੀ 'ਤੇ ਪੂਰੇ ਉਤਰਨ ਵਾਲੇ ਅਜਿਹੇ ਹਵਾਲੇ ਸਿੱਖ ਅਕਾਦਮਿਕਤਾ ਨੂੰ ਸੇਧ ਦੇ ਕੇ, ਸਿੱਖ ਦਾਰਸ਼ਨਿਕਤਾ ਨੂੰ ਸੁਖੈਨ ਢੰਗ ਰਾਹੀਂ ਪ੍ਰਸਤੁਤ ਕਰ ਸਕਦੇ ਹਨ।

---

217 ਜਿਲਦ ਤੀਜੀ, ਪੰਨਾ 461

218 ਅਗਨੀ ਤੇ ਹੁਇ ਤੇਜ ਮਹਾਨੇ। ਸਹਿ ਨਹਿਂ ਸਕੀਅਤਿ ਨੇਰ ਨ ਠਾਨੇ।

ਤਯੋਂ ਬਿਸ਼ਈ ਬਿਸ਼ਯਨਿ ਤੇ ਭਯੋ। ਬੇਧਮਾਨ, ਕਿਮ ਨਹਿਂ ਮੁਕਤਯੋ।

ਤਿਨ ਕੀ ਸੰਗਤਿ ਦੇਤਿ ਗਿਰਾਇ। ਸ਼ੁਭ ਪਦ ਕੋ ਨ ਅਰੂਢਨਿ ਪਾਇ। -ਜਿਲਦ ਸਤਵੀਂ, ਪੰਨਾ 2687

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਗੁਰ ਇਤਿਹਾਸ ਨੂੰ ਰੂਪਮਾਨ ਕਰਨ ਵਾਲਾ ਸਿੱਖ ਧਰਮ ਦਾ ਕਾਵਿਕ ਸ੍ਰੋਤ ਗ੍ਰੰਥ ਹੈ। ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਇਹ ਗ੍ਰੰਥ, ਗੁਰਮੁਖੀ ਲਿਪੀ ਦੀ ਇਕ ਵਡ ਅਕਾਰੀ ਕ੍ਰਿਤ ਹੈ। ਇਸ ਵਿਸ਼ਾਲ ਗ੍ਰੰਥ ਦਾ ਅਧਿਐਨ ਕਰਦੇ ਹੋਏ ਸਾਨੂੰ ਅਜਿਹੇ ਕਈ ਪ੍ਰਸੰਗ ਪ੍ਰਾਪਤ ਹੋ ਜਾਂਦੇ ਹਨ ਜਿਨ੍ਹਾਂ 'ਤੇ ਪੌਰਾਣਿਕ ਪ੍ਰਭਾਵ ਜਾਪਦਾ ਹੈ ਜਾਂ ਇਨ੍ਹਾਂ ਵਿਚ ਸਿਧਾਂਤਿਕ ਅਤੇ ਇਤਿਹਾਸਿਕ ਉਕਾਈਆਂ ਮਹਿਸੂਸ ਹੁੰਦੀਆਂ ਹਨ। ਇਨ੍ਹਾਂ ਕਾਰਨਾਂ ਕਰਕੇ ਅਤੇ ਇਸ ਗ੍ਰੰਥ ਦੇ ਕਿਸੇ ਪ੍ਰਸੰਗ ਨੂੰ ਅਧੂਰੇ ਰੂਪ ਵਿਚ ਸੁਣ ਕੇ, ਇਸ ਗ੍ਰੰਥ ਨੂੰ ਖਾਮੀਆਂ ਵਾਲਾ ਕਹਿ ਕੇ ਨਕਾਰ ਦੇਣ ਦੀ ਗੱਲ ਵੀ ਕੀਤੀ ਜਾਂਦੀ ਹੈ। ਇੰਨੇ ਵੱਡੇ ਕਾਰਜ ਵਿਚ ਅਜਿਹੇ ਕਾਰਨਾਂ ਦਾ ਹੋਣਾ ਸੁਭਾਵਿਕ ਗੱਲ ਹੈ ਕਿਉਂਕਿ ਗੁਰਬਾਣੀ ਅਨੁਸਾਰ[1] ਉਸ ਪਰਮਾਤਮਾ ਅਤੇ ਪੂਰੇ ਗੁਰੂ ਨੂੰ ਛੱਡ ਕੇ ਹਰ ਇਕ ਜੀਵ ਭੁੱਲਣਹਾਰ ਹੈ ਅਤੇ ਕੋਈ ਵੀ ਮਨੁੱਖ ਸੰਪੂਰਨ ਨਹੀਂ। ਇਸ ਲਈ ਕੁੱਝ ਕੁ ਖਾਮੀਆਂ ਅਤੇ ਗਲਤੀਆਂ ਕਰਕੇ ਕਿਸੇ ਮਨੁੱਖ ਅਤੇ ਉਸ ਦੀ ਰਚਨਾ ਨੂੰ ਪੂਰੀ ਤਰਾਂ ਨਕਾਰ ਦੇਣਾ ਨਿਆਂਸੰਗਤ ਨਹੀਂ। ਅਜਿਹਾ ਵਰਤਾਰਾ ਮਨੁੱਖੀ ਸੋਚ ਦੀ ਨਾਂਹ ਪੱਖੀ ਪ੍ਰਵਿਰਤੀ ਨੂੰ ਪ੍ਰਮਾਣਿਤ ਕਰਦਾ ਹੈ ਜਿਸ ਅਧੀਨ ਹਰ ਚੀਜ਼ ਨੂੰ ਖੰਡਨ ਕਰਨਾ ਆਪਣਾ ਪਰਮ ਕਰਤਵ ਸਮਝਿਆ ਜਾਂਦਾ ਹੈ। ਕੁੱਝ ਗ਼ਲਤੀਆਂ ਕਰਕੇ ਕਿਸੇ ਰਚਨਾ ਨੂੰ ਪੂਰੀ ਤਰ੍ਹਾਂ ਨਕਾਰ ਦੇਣ ਦੀ ਥਾਂ ਉਸ ਦੀ ਸੁਧਾਈ ਕਰ ਲੈਣਾ ਜ਼ਿਆਦਾ ਉਚਿਤ ਹੈ।

ਇਸ ਅਧਿਆਇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਅਤੇ ਬਾਹਰੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਿ ਇਸ ਨੂੰ ਅਕਾਦਮਿਕ ਪੱਧਰ ’ਤੇ ਸਮਝਿਆ ਜਾ ਸਕੇ। ਇਸ ਸੰਬੰਧੀ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਸ ਪੱਖ ਬਾਰੇ ਜਾਣ ਲੈਣਾ ਉਚਿਤ ਰਹੇਗਾ ਕਿ ਕਿਸੇ ਵੀ ਧਰਮ ਗ੍ਰੰਥ ਜਾਂ ਕਿਸੇ ਗੌਣ ਸ੍ਰੋਤ ਗ੍ਰੰਥ ਨੂੰ ਉਸ ਦੀ ਵਿਆਖਿਆ ਦੇ ਸੰਦਰਭ ਵਿਚ ਸਮਝਣ ਲਈ, ਵਿਆਖਿਆ ਦੀ ਖਾਸ ਵਿਧੀ ਦਾ ਗਿਆਨ ਬਹੁਤ ਜਰੂਰੀ ਹੈ। ਇਸ ਖਾਸ ਵਿਧੀ ਨੂੰ ਅਕਾਦਮਿਕ ਖੇਤਰ ਵਿਚ ਵਿਚ ਵਿਆਖਿਆ ਸ਼ਾਸਤਰ (Hermeneutics) ਦਾ ਨਾਮ ਦਿੱਤਾ ਗਿਆ ਹੈ। *ਵਿਆਖਿਆ ਸ਼ਾਸਤਰ ਇਕ ਅਜਿਹੀ ਵਿਧਾ ਹੈ, ਇਕ ਅਜਿਹੀ ਅੰਤਰਦ੍ਰਿਸ਼ਟੀ ਹੈ, ਇਕ ਅਜਿਹਾ ਗਿਆਨ*

[1] ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* -ਪੰਨਾ 61

*ਦਾ ਅਨੁਸ਼ਾਸਨ ਪ੍ਰਬੰਧ ਹੈ ਜੋ ਵਿਆਖਿਆਕਾਰ ਲਈ ਦ੍ਰਿਸਟੀ ਪ੍ਰਦਾਨ ਕਰਦਾ ਹੈ।*[2] ਧਰਮ ਗ੍ਰੰਥ ਜਾਂ ਕਿਸੇ ਗੌਣ ਸ੍ਰੋਤ ਗ੍ਰੰਥ ਨੂੰ ਸਮਝਣ ਲਈ ਇਸ ਵਿਧੀ ਦੀ ਜਾਣਕਾਰੀ ਦਾ ਅਭਾਵ, ਪਾਠਕ/ਸ੍ਰੋਤੇ/ਵਿਅਖਿਆਕਾਰ ਨੂੰ ਸੰਬੰਧਿਤ ਮੂਲ ਪਾਠ ਦੀ ਭਾਵਨਾ ਤੋਂ ਬਹੁਤ ਦੂਰ ਲੈ ਜਾਂਦਾ ਹੈ। ਵੀਹਵੀਂ ਸਦੀ ਦੇ ਦੂਸਰੇ-ਤੀਸਰੇ ਦਹਾਕੇ ਵਿਚ ਭਸੌੜੀਆਂ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੀ ਗੈਰ ਪ੍ਰਸੰਗਿਕ ਵਿਆਖਿਆ, ਅਜਿਹੀ ਵਿਧੀ ਦੀ ਨਾਸਮਝੀ ਦੇ ਸਿੱਟਿਆਂ ਦੀ ਪ੍ਰਤੱਖ ਉਦਾਹਰਣ ਹੈ। ਇਸ ਵਰਗ ਦੁਆਰਾ ਭਗਤ ਬਾਣੀ ਦਾ ਖੰਡਨ ਕਰਨ ਦੇ ਉਦੇਸ਼ ਨੂੰ ਮੁੱਖ ਰੱਖ ਕੇ ਕੀਤੀ ਵਿਆਖਿਆ ਨੇ, ਇਸ ਦੇ ਪ੍ਰਤੀਕਾਤਮਕ ਅਰਥਾਂ ਨੂੰ ਓਹਲੇ ਕਰ ਦਿੱਤਾ ਜਿਸ ਨੂੰ ਪ੍ਰੋ. ਸਾਹਿਬ ਸਿੰਘ ਨੇ ਵਿਆਖਿਆ ਸ਼ਾਸਤਰ ਦੀ ਵਿਧੀ ਰਾਹੀਂ ਵਿਆਖਿਆ ਕਰ ਕੇ ਪ੍ਰਤੱਖਮਾਨ ਕੀਤਾ। ਇਸ ਪ੍ਰਕਾਰ ਦੇ ਹੋਰ ਵੀ ਅਨੇਕਾਂ ਉਦਾਹਰਣ ਦਿੱਤੇ ਜਾ ਸਕਦੇ ਹਨ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪਾਠ ਸੰਬੰਧੀ ਪੈਦਾ ਹੋਏ ਬਹੁਤਾਤ ਸ਼ੰਕੇ ਅਤੇ ਦੁਚਿਤੀਆਂ ਦਾ ਕਾਰਨ ਇਸ ਗ੍ਰੰਥ ਦੀ ਨਿਜੀ ਸਮਝ ਦੇ ਆਧਾਰ 'ਤੇ ਹੋ ਰਹੀ ਵਿਆਖਿਆ ਹੈ। ਤਤਕਾਲੀ ਸਮੇਂ ਦੇ ਮਾਹੌਲ, ਸਥਾਨ ਦੇ ਵਾਤਾਵਰਨ, ਉਸ ਸਮੇਂ ਦੇ ਰਾਜਨੀਤਿਕ ਤੇ ਸਮਾਜਿਕ ਪ੍ਰਭਾਵ ਕਾਰਨ ਬਣੀ ਹੋਈ ਸਿੱਖ ਧਰਮ ਦੇ ਸਿਧਾਂਤਿਕ ਹਾਲਾਤ ਆਦਿ ਪੱਖਾਂ ਦੀ ਜਾਣਕਾਰੀ ਤੋਂ ਬਿਨਾਂ ਇਸ ਗ੍ਰੰਥ ਨੂੰ ਸਮਝਣ ਵਿਚ ਮੁਸ਼ਕਿਲਾਂ ਪੈਦਾ ਹੋਣੀਆਂ ਸੁਭਾਵਿਕ ਹਨ, ਜੋ ਹੋ ਰਹੀਆਂ ਹਨ; ਖਾਸ ਤੌਰ 'ਤੇ ਇਸ ਗ੍ਰੰਥ ਦੇ ਕਾਵਿਮਈ ਰੂਪ ਨੂੰ ਸੁਚੱਜੀ ਪਹੁੰਚ ਵਿਧੀ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਕਾਵਿ ਰੂਪ ਲਿਖਣ ਦੀ ਆਪਣੀ ਇਕ ਵਿਸ਼ੇਸ਼ ਸ਼ੈਲੀ ਹੁੰਦੀ ਹੈ। ਬਹੁਤਾਤ ਕਾਵਿ ਰੂਪ ਵਿਚ ਕਲਪਨਾ ਦੇ ਅੰਸ਼ ਵੀ ਹੁੰਦੇ ਹਨ ਜਿਨ੍ਹਾਂ ਦੀ ਸਮਝ ਤੋਂ ਬਿਨਾਂ ਇਸ ਦੀ ਗਲਤ ਵਿਆਖਿਆ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਕਾਵਿਕ ਰੂਪ ਵਾਲੇ ਅਤੇ ਬਿਨਾਂ ਕਾਵਿ ਵਾਲੇ ਇਤਿਹਾਸ ਵਿਚ, ਕਲਪਨਾ ਨੂੰ ਕਵਿਤਾ ਦਾ ਇਕ ਜਰੂਰੀ ਅੰਗ ਦੱਸਦੇ ਹੋਏ ਡਾ. ਕਿਰਪਾਲ ਸਿੰਘ ਹਿਸਟੋਰੀਅਨ ਲਿਖਦੇ ਹਨ- *ਕਲਪਨਾ, ਕਵਿਤਾ ਦਾ ਜ਼ਰੂਰੀ ਅੰਗ ਹੈ ਪਰ ਇਤਿਹਾਸ ਵਿਚ ਵੀ ਕਲਪਨਾ ਦੀ ਅਤਿਅੰਤ ਲੋੜ ਹੁੰਦੀ ਹੈ। ਕਲਪਨਾ ਤੋਂ ਬਿਨਾ ਇਤਿਹਾਸ ਦੀ ਬਣਤਰ ਪੂਰੀ ਨਹੀਂ ਹੁੰਦੀ ਪਰ ਫਰਕ ਕੇਵਲ ਇਹ ਹੈ ਕਿ ਇਤਿਹਾਸਕਾਰ ਦੀ ਕਲਪਨਾ ਮਨਮਾਨੀ, ਅਖਤਿਆਰੀ ਅਤੇ ਵਚਿੱਤ੍ਰ ਨਹੀਂ ਹੁੰਦੀ ਜਿਵੇਂ*

[2] *ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ,* ਸਰਬਜਿੰਦਰ ਸਿੰਘ, ਡਾ. (ਸੰਪਾ.), ਭੂਮਿਕਾ ਵਿਚੋਂ

*ਕਿ ਕਵੀ ਜਾਂ ਨਾਵਲਕਾਰ ਦੀ ਹੋ ਸਕਦੀ ਹੈ। ਇਸ ਤਰ੍ਹਾਂ ਇਕ ਸੁਘੜ ਇਤਿਹਾਸਕਾਰ ਕਿਸੇ ਮਹਾਂ-ਕਾਵਿ ਵਿਚੋਂ ਇਤਿਹਾਸਕ ਅੰਸ਼ ਨਿਖੇੜ ਲੈਂਦਾ ਹੈ ਤੇ ਆਪਣੀ ਤੁਲਨਾਤਕਮਕ ਵਿਸ਼ਲੇਸ਼ਨ ਸ਼ਕਤੀ ਨਾਲ ਕਾਵਿ-ਕਲਪਨਾ ਅਤੇ ਅੱਤਕਥਨੀ ਦਾ ਅਨੁਮਾਨ ਲਾ ਕੇ, ਕਿਸੇ ਇਤਿਹਾਸਕ ਸੱਚਾਈ ਦੀ ਤਹਿ ਤਕ ਪਹੁੰਚ ਸਕਦਾ ਹੈ।*[3] ਕਾਵਿਕ ਸ਼ੈਲੀ ਵਿਚ ਵਰਤੋਂ ਕੀਤੀ ਗਈ ਅਲੰਕ੍ਰਿਤ ਤੇ ਪ੍ਰਤੀਕਾਤਮਕ ਭਾਸ਼ਾ ਦੇ ਕੀਤੇ ਗਏ ਅੱਖਰੀ ਅਰਥ ਕਈ ਵਾਰ ਮੂਲ ਪਾਠ ਦਾ ਸਰੂਪ ਹੀ ਬਦਲ ਦਿੰਦੇ ਹਨ। ਸਦੀਆਂ ਪਹਿਲਾਂ ਰਚੇ ਗਏ ਕਿਸੇ ਧਰਮ ਗ੍ਰੰਥ/ਸ੍ਰੋਤ ਗ੍ਰੰਥ ਦੀ ਵਿਆਖਿਆ ਲਈ ਇਹ ਜਰੂਰੀ ਹੈ ਕਿ ਵਿਆਖਿਆਕਾਰ ਉਸ ਦੇ ਰਚਨਾ ਕਾਲ ਅਤੇ ਰਚਨਾਕਾਰ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਉਸ ਦੀ ਵਿਆਖਿਆ ਕਰੇ, ਨਾ ਕਿ ਆਪਣੀ ਨਿਜੀ ਵਿਚਾਰਧਾਰਾ ਰਾਹੀਂ। ਡਾ. ਗੁਰਮੇਲ ਸਿੰਘ ਦੁਆਰਾ ਵਿਆਖਿਆਕਾਰੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਆਖਿਆ ਸ਼ਾਸਤਰ ਦੇ ਨਿਯਮਾਂ ਨੂੰ ਮੁੱਖ ਰੱਖ ਕੇ 8 ਨੁਕਤੇ ਪੇਸ਼ ਕੀਤੇ ਹਨ ਜਿਨ੍ਹਾਂ ਰਾਹੀਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਵੀ ਕਾਫੀ ਹੱਦ ਤੱਕ ਸਮਝਿਆ ਜਾ ਸਕਦਾ ਹੈ। ਇਹ ਨੁਕਤੇ ਇਸ ਪ੍ਰਕਾਰ ਹਨ-

1. ਧਾਰਮਿਕ ਪਾਠ ਨੂੰ ਉਸ ਸਮੇਂ ਵਿਚ ਰੱਖ ਕੇ ਵੇਖਣਾ।
2. ਪਾਠ ਦੇ ਸਮਕਾਲੀ, ਸਮਾਜਿਕ/ਸਭਿਆਚਾਰਕ ਰੂਪਾਂ ਵਿਚੋਂ ਅਰਥ ਗ੍ਰਹਿਣ ਕਰਨੇ।
3. ਕਰਤਾ/ਲੇਖਕ ਦੀ ਉਸ ਸਮੇਂ, ਪਲ ਦੀ ਮਾਨਸਿਕ ਸਥਿਤੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ, ਜਿਸ ਸਮੇਂ ਸੰਬੰਧਿਤ ਰਚਨਾ ਰਚੀ/ਲਿਖੀ ਗਈ।
4. ਸਮਕਾਲ ਦੇ ਹੋਰਾਂ ਪਾਠਾਂ ਦੀ ਸਹਾਇਤਾ ਲੈਣਾ।
5. ਪਰੰਪਰਾਵਾਂ ਨੂੰ ਵਿਸਤ੍ਰਿਤ ਧਰਾਤਲ ਉਪਰ ਰੱਖ ਕੇ ਵਡੇਰੇ ਪ੍ਰਸੰਗਾਂ ਵਿਚ ਸਮਝਣਾ।
6. ਧਾਰਮਿਕ ਪਾਠ ਦੇ ਸਮਕਾਲੀ ਇਤਿਹਾਸਿਕ ਹਾਲਾਤਾਂ ਨੂੰ ਵਿਚਾਰਧੀਨ ਕਰਨਾ।
7. ਪਾਠ ਵਿਚ ਉਸ ਮੁਹਾਵਰੇ ਦੀ ਟੋਹ ਲਾਉਣੀ, ਜਿਸ ਕਿਸਮ, ਸਥਿਤੀ ਜਾਂ ਸੰਬੋਧਨਾਂ ਵਿਚ ਧਾਰਮਿਕ ਕਥਨ (theological statmants) ਉਚਾਰੇ ਗਏ।
8. ਕਰਤਿਆਂ ਦੀ ਭਾਵਨਾ, ਉਦੇਸ਼ ਤੇ ਪਿਛੋਕੜ ਨੂੰ ਗ੍ਰਹਿਣ ਕਰਨਾ ਤੇ ਸ਼ਾਬਦਿਕ ਅਰਥਾਂ ਦੀ ਥਾਂ

---

[3] *ਸ੍ਰੀ ਗੁਰ ਨਾਨਕ ਪ੍ਰਕਾਸ਼,* ਪੂਰਬਾਰਧ (ਭਾਗ ਪਹਿਲਾ), ਹਿਸਟੋਰੀਅਨ, ਕਿਰਪਾਲ ਸਿੰਘ (ਡਾ.), ਪੰਨਾ 14

'ਭਾਵ' ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨਾ ਆਦਿ।[4]

ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਨੂੰ ਇਨ੍ਹਾਂ ਦੇ ਸਰੂਪ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ-

1. ਪੌਰਾਣਿਕ/ਵੇਦਾਂਤਕ ਹਵਾਲੇ
2. ਸਿਧਾਂਤਿਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
3. ਇਤਿਹਾਸਿਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

1.

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਇਸ ਗ੍ਰੰਥ ਦੇ ਪੌਰਾਣਿਕ ਅਤੇ ਵੇਦਾਂਤਕ ਹਵਾਲਿਆਂ ਦੀ ਭਾਵ ਕਿ ਅਜਿਹੇ ਪ੍ਰਸੰਗ ਜਿਨ੍ਹਾਂ ਦੇ ਵਰਣਨ ਵਿਚ ਪੌਰਾਣਿਕ ਜਾਂ ਵੇਦਾਂਤਕ ਪ੍ਰਭਾਵ ਹੈ। ਇਹ ਪ੍ਰਸੰਗ ਸਿੱਧੇ ਜਾਂ ਅਸਿੱਧੇ ਰੂਪ ਵਿਚ ਹਿੰਦੂ ਪੌਰਾਣਿਕ ਕਥਾ ਕਹਾਣੀਆਂ ਅਤੇ ਨਾਲ ਜਾ ਜੁੜਦੇ ਹਨ। ਇਨ੍ਹਾਂ ਵਿਚੋਂ ਕੁੱਝ ਪ੍ਰਸੰਗਾਂ ਦਾ ਵਰਗ ਵੰਡ ਅਨੁਸਾਰ ਵੇਰਵਾ ਪ੍ਰਕਾਰ ਹੈ-

**1.1 ਗੁਰੂ ਸਾਹਿਬਾਨ ਨੂੰ ਹਿੰਦੂ ਅਵਤਾਰਾਂ ਦੇ ਰੂਪ ਵਿਚ ਦਰਸਾਉਣ ਵਾਲੇ ਪ੍ਰਸੰਗ-**

(ੳ) ਮਹਿਤਾ ਕਾਲੂ ਜੀ ਦਾ ਆਪਣੇ ਪਿਛਲੇ ਜਨਮ ਵਿਚ ਵਿਸ਼ਨੂੰ ਨੂੰ ਆਪਣੇ ਪੁੱਤਰ ਰੂਪ ਵਿਚ ਪ੍ਰਾਪਤ ਕਰਨ ਲਈ ਤਪ ਕਰਨਾ ਜਿਸ ਦੇ ਫਲਸਰੂਪ ਵਿਸ਼ਨੂੰ ਦਾ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਮਹਿਤਾ ਕਾਲੂ ਜੀ ਦੇ ਘਰ ਅਵਤਾਰ ਲੈਣਾ।[5]

(ਅ) ਗੁਰੂ ਨਾਨਕ ਦੇਵ ਜੀ ਨੇ ਕਲਯੁੱਗ ਦੇ ਅਵਤਾਰ ਦੇ ਰੂਪ ਵਿਚ ਭਾਈ ਲਾਲੋ ਦੇ ਘਰ ਪਹੁੰਚ ਕੇ ਉਸੇ ਪ੍ਰਕਾਰ ਪ੍ਰੇਮ ਨਾਲ ਭੋਜਨ ਛਕਿਆ ਜਿਸ ਪ੍ਰਕਾਰ ਤ੍ਰੇਤੇ ਯੁੱਗ ਵਿਚ ਰਾਮ ਚੰਦਰ ਨੇ ਭੀਲਣੀ ਦੇ ਬੇਰ ਖਾਧੇ, ਦੁਆਪਰ ਯੁੱਗ ਵਿਚ ਕ੍ਰਿਸ਼ਨ ਬਿਦਰ ਦੇ ਘਰ ਗਏ ਅਤੇ ਸੁਦਾਮੇ ਦੇ ਚਾਵਲ ਖਾਧੇ।[6]

---

[4] *ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ,* ਸਰਬਜਿੰਦਰ ਸਿੰਘ, ਡਾ. (ਸੰਪਾ.), ਪੰਨੇ 46-47

[5] ਅਨਿਕ ਜਨਮ ਕੀ ਇੱਛਾ ਜਾਸੁ ॥ ਵਿਸ਼ਨੁ ਸੁਤ ਹੋਇ ਗਿਆਨ ਨਿਵਾਸੁ ॥

ਰਿਦੈ ਕਰਤਿ ਸੰਕਲਪ ਪਵਿਕਲਪਾ ॥ ਭਗਤਿ ਅਧੀਨ ਰਿਝੈ ਗੁਨ ਅਲਪਾ ॥

...ਕਾਲੂ ਨਾਮ ਜਨਮ ਅਬ ਧਾਰਾ ॥ ਪੂਰਨ ਆਸਾ ਕੀਨਿ ਮੁਰਾਰਾ ॥ -ਜਿਲਦ ਦੂਜੀ, ਪੰਨੇ 148-149

(ੲ) ਕੁਰੂਕਸ਼ੇਤਰ ਵਿਖੇ ਵਿਚਾਰ ਚਰਚਾ ਤੋਂ ਬਾਅਦ ਨਾਨੂੰ ਪੰਡਿਤ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਗ੍ਰੰਥਾਂ ਵਿਚ ਕੀਤੀ ਭਵਿੱਖਬਾਣੀ ਵਾਲਾ ਪ੍ਰਭੂ ਦਾ ਅਵਤਾਰ ਕਹਿ ਕੇ ਨਮਸਕਾਰ ਕਰਨੀ।[7]

(ਸ) ਗੁਰੂ ਅਮਰਦਾਸ ਜੀ ਨੇ ਮਾਈਦਾਸ ਵੈਸ਼ਨੂੰ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਕ੍ਰਿਸ਼ਨ ਦੇ ਵਿਰਾਟ ਰੂਪ ਵਿਚ ਦਰਸ਼ਨ ਦੇਣੇ।[8]

(ਹ) ਗੁਰੂ ਅਮਰਦਾਸ ਜੀ ਦੁਆਰਾ ਕੁਰੂਕਸ਼ੇਤਰ ਯਾਤਰਾ ਦੌਰਾਨ ਸਿੱਖ ਸੰਗਤਾਂ ਨੂੰ ਮਹਾਭਾਰਤ ਅਤੇ ਗੀਤਾ ਦੀ ਸੰਖੇਪ ਕਥਾ ਸੁਣਾ ਕੇ ਕ੍ਰਿਸ਼ਨ ਭਗਵਾਨ ਨੂੰ ਆਪਣਾ ਪਿਛਲਾ ਅਵਤਾਰ ਕਹਿਣਾ।[9]

(ਕ) ਹਰਿਮੰਦਰ ਸਾਹਿਬ ਦੀ ਉਸਾਰੀ ਵੇਲੇ ਪਰਮਾਤਮਾ ਦੁਆਰਾ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਅਵਤਾਰ ਕਹਿਣਾ ਅਤੇ ਮਨੁੱਖ ਰੂਪ ਵਿਚ ਆ ਕੇ ਸਿਰ ’ਤੇ ਟੋਕਰੀ ਚੁੱਕ ਕੇ ਹਰਿਮੰਦਰ ਸਾਹਿਬ ਦੀ ਸੇਵਾ ਕਰਨੀ।[10]

---

[6] ਤ੍ਰੇਤੇ ਰਾਮਚੰਦ ਅਵਤਾਰ ॥ ਬਨ ਗਮਨੇ ਜਿਨ ਚਰਿਤ ਉਧਾਰ ॥

ਬਿਤਯੋ ਪ੍ਰਤੀਖਤਿ ਜਿਹ ਚਿਰਕਾਲਾ ॥ ਜਾਤਿ ਭੀਲਨੀ ਬਹੁਰੋ ਬਾਲਾ ॥

...ਮਨੋ ਕਾਮਨਾ ਪੂਰਨ ਕੀਨਿ ॥ ਸਭ ਤੇ ਊਚੋ ਪਦਿ ਤਿਸ ਦੀਨਿ ॥

ਪੁਨਿ ਸ਼੍ਰੀ ਕ੍ਰਿਸ਼ਨ ਬਿਦਰ ਕੇ ਗਏ ॥ ਸੋਦਾਮਾ ਕੇ ਤੰਦੁਲ ਖਏ ॥

...ਸ਼੍ਰੀ ਨਾਨਕ ਕਲਿ ਮਹਿ ਅਵਤਾਰ ॥ ਨਗਰ ਏਮਨਾਬਾਦ ਮਝਾਰ ॥

ਲਾਲੋ ਸ਼ੂਦ੍ਰ ਤਾਹਿੰ ਘਰ ਜਾਹਿੰ ॥ ਰੁਚਿ ਸੋ ਅਸਨ ਬਨਾਯੋ ਖਾਹਿ ॥ -ਜਿਲਦ ਦਸਵੀਂ, ਪੰਨਾ 4150

[7] ਜਿਲਦ ਚੌਥੀ, ਪੰਨਾ 826

[8] ਚਿਤ ਮਹਿੰ ਚਿਤਵਤ ਆਵਤਿ ਸੋਈ ॥ -ਪਾਰਬ੍ਰਹਮ ਗੁਰ ਅਮਰ ਜਿ ਹੋਈ ॥

ਮੋ ਕਹੁ ਰੂਪ ਸ਼ਯਾਮ ਦਿਖਰਾਵਹਿ ॥ ਚਤੁਰ ਭੁਜਾ ਬਨਮਾਲ ਸੁਹਾਵਹਿ ॥

...ਮੁਦਿੰਤ ਕਰੇ ਬਿਲੋਚਨ ਜਬੈ ॥ ਅੰਤਰ ਪਿਖਯੋ ਰੂਪ ਸੁ ਤਬੈ ॥

...ਸਤਿਗੁਰ ਨੇ ਨਿਜ ਰੂਪ ਬਨਾਯੋ ॥ ਬਾਂਛਤਿ ਚਿਤ ਸੁ ਤਿਸੈ ਦਿਖਾਯੋ ॥ -ਜਿਲਦ ਪੰਜਵੀਂ, ਪੰਨੇ 1551-1552

[9] ਜਿਲਦ ਪੰਜਵੀਂ, ਪੰਨੇ 1517-1522

[10] ਸੱਚ ਖੰਡ ਮਹਿੰ ਸਭਿ ਬਿਧਿ ਜਾਨੀ ॥ ਅਪਨਿ ਸਮੀਪਨਿ ਸਾਥ ਬਖਾਨੀ ॥

...ਸ਼ੀ ਨਾਨਕ ਤਨ ਕੋ ਮੈਂ ਧਾਰਯੋ ॥ ਨਰਕ ਪਰਨ ਤੇ ਨਰਨ ਉਬਾਰਯੋ ॥

(ਖ) ਵਿਸ਼ਨੂੰ ਭਗਵਾਨ ਦੁਆਰਾ ਰਾਜਾ ਇਖਵਾਕ ਨੂੰ 5000 ਸਾਲ ਬਾਅਦ ਗੁਰੂ ਨਾਨਕ ਦੇ ਰੂਪ ਵਿਚ ਅਵਤਾਰ ਲੈ ਕੇ ਪੰਜਵੇਂ ਰੂਪ ਵਿਚ ਹਰਿਮੰਦਰ ਸਾਹਿਬ ਨੂੰ ਤੀਰਥ ਵਜੋਂ ਪੁਨਰ ਸਥਾਪਿਤ ਕਰਨ ਦਾ ਬਚਨ ਕਰਨਾ।[11]

(ਗ) ਭਗਤਾਂ ਦੁਆਰਾ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਲਿਖਵਾਉਣ ਵਾਲੇ ਪ੍ਰਸੰਗ ਵਿਚ ਭਾਈ ਗੁਰਦਾਸ ਜੀ ਦੁਆਰਾ ਗੁਰੂ ਅਰਜਨ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਕਹਿ ਕੇ ਉਨ੍ਹਾਂ ਦੀ ਵਡਿਆਈ ਕਰਨੀ।[12]

(ਘ) ਗੁਰੂ ਹਰਗੋਬਿੰਦ ਸਾਹਿਬ ਦੁਆਰਾ ਕਾਸ਼ੀ ਦੇ ਪੰਡਤਾਂ ਨਾਲ ਚਰਚਾ ਕਰਨ ਸਮੇਂ ਸ੍ਰੀ ਅੰਮ੍ਰਿਤਸਰ

---

ਅਬ ਸਰੂਪ ਪੰਚਮ ਤਿਨ ਕੇਰਾ ॥ ਸ੍ਰੀ ਅਰਜਨ ਹਿਤ ਜਗਤ ਬਡੇਰਾ ॥
...ਇਮ ਕਹਿ ਕਰਿ ਮਧਸੂਦਨ ਮਾਧੋ ॥ ਬਨ ਮਜੂਰ ਤਨ ਕਟ ਪਟ ਬਾਧੋ ॥
ਕਹੀ ਕੰਧ ਖਨਿਬੇ ਹਿਤ ਧਾਰੀ ॥ ਗਹੀ ਟੋਕਰੀ ਹਾਥ ਮਝਾਰੀ ॥ -ਜਿਲਦ ਛੇਵੀਂ, ਪੰਨਾ 1850

[11] ਸ੍ਰੀ ਨਾਰਾਇਨ ਸਭਿ ਦਿਸ਼ਿ ਹੇਰਿ ॥ ਕਰੀ ਕ੍ਰਿਪਾ ਬੋਲੇ ਤਿਸ ਬੇਰਿ ॥
ਹੇ ਭੂਪਤਿ ! ਤੂੰ ਭਗਤ ਮਹਾਨਾ ॥ ਕਾਰਨ ਪਰਉਪਕਾਰ ਮਹਾਨਾ ॥
...ਮਮ ਪ੍ਰਸੰਨਤਾ ਤੇ ਸਭਿ ਹੋਇ ॥ ਤੀਰਥ ਮਹਾਂ ਲਖੈ ਸਭਿ ਕੋਇ ॥
ਲਾਖਹੁ ਬਰਸ ਬਿਦਤਿ ਅਬ ਰਹੈ ॥ ਪੁਨ ਛਪਿ ਜਾਇ ਨ ਕੋਊ ਲਹੈ ॥
ਪੰਚ ਹਜ਼ਾਰ ਬਿਤਹਿ ਕਲਿ ਕਾਲ ॥ ਤਬ ਮਮ ਹੁਇ ਅਵਤਾਰ ਬਿਸਾਲ ॥
ਸ੍ਰੀ ਨਾਨਕ ਨਿਜ ਨਾਮ ਧਰਾਵੈਂ ॥ ਭਗਤਿ ਪੰਥ ਜਗ ਮਹਿਂ ਬਿਦਤਾਵੈਂ ॥
...ਤਬ ਇਹੁ ਤੀਰਥ ਕੋ ਬਿਦਤਾਵੈਂ ॥ ਪੰਚਮ ਤਨ ਤੇ ਪੱਕ੍ਰ ਬਨਾਵੈਂ ॥
ਸਰ ਅੰਦਰ ਸਿਰਜੈਂ ਹਰਿਮੰਦਰ ॥ ਜਿਸਿ ਮਨਿੰਦ ਕਿਤ ਜੋਇ ਨ ਸੁੰਦਰ ॥ -ਜਿਲਦ ਪੰਜਵੀਂ, ਪੰਨਾ 1686

[12] ਨਿਰੰਕਾਰ ਕੇ ਤੁਮ ਆਕਾਰਾ ॥ ਸਰਗੁਨ ਰੂਪ ਬਿਸ਼ਨੁ ਤਨ ਧਾਰਾ ॥
ਸਤਿਜੁਗ ਨਹਿ ਬਾਵਨ ਬਪੁ ਪਾਵਨਿ ॥ ਮਾਪੇ ਤੀਨ ਲੋਕ ਤ੍ਰੈ ਪਾਵਨਿ ॥
ਤ੍ਰੇਤੈ ਰਘੁਬਰ ਰੂਪ ਸੁਹਾਵਨ ॥ ਘਾਇ ਅਗਿਨ ਰਾਖਸ਼ ਯੁਤ ਰਾਵਨ ॥
ਦ੍ਵਾਪਰ ਹੋਏ ਕ੍ਰਿਸ਼ਨ ਮੁਰਾਰੀ ॥ ਸ਼ੱਤ੍ਰਨ ਸੈਨ ਅਸੰਖ ਸੰਘਾਰੀ ॥
ਅਬਿ ਕਲਿਜੁਗ ਕੋ ਕਾਲ ਨਿਹਾਰਾ ॥ ਗੁਰੂ ਰੂਪ ਆਪਨਿ ਕੋ ਧਾਰਾ ॥ -ਜਿਲਦ ਛੇਵੀਂ, ਪੰਨਾ 2090

ਦੀ ਤੀਰਥ ਦੇ ਰੂਪ ਵਿਚ ਉਪਮਾ ਕਰਦੇ ਹੋਏ ਇਹ ਕਹਿਣਾ ਕਿ ਉਹ ਤ੍ਰੇਤੇ ਯੁੱਗ ਵਿਚ ਰਾਮ ਚੰਦਰ ਦੇ ਰੂਪ ਵਿਚ ਲਵ ਕੁਸ਼ ਨਾਲ ਇਸ ਸਥਾਨ ਤੇ ਆ ਚੁੱਕੇ ਹਨ।[13]

(ਘ) ਗੁਰੂ ਹਰਿਰਾਇ ਜੀ ਨੇ ਭਗਤ ਭਗਵਾਨ ਨੂੰ ਵਿਸ਼ਨੂੰ ਦੇ ਰੂਪ ਵਿਚ ਦਰਸ਼ਨ ਦੇਣੇ, ਆਦਿ।[14]

**1.2 ਗੁਰੂ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਵਿਚ ਪੌਰਾਣਿਕ ਪਾਤਰਾਂ ਅਤੇ ਹਵਾਲਿਆਂ ਦੀ ਵਰਤੋਂ-**

(ੳ) ਗੁਰੂ ਨਾਨਕ ਦੇਵ ਜੀ ਦੀ ਨਾਰਦ[15], ਪ੍ਰਹਿਲਾਦ[16] ਅਤੇ ਧਰੂ[17] ਵਰਗੇ ਪੌਰਾਣਿਕ ਪਾਤਰਾਂ ਨਾਲ ਮੁਲਾਕਾਤ ਗੱਲਬਾਤ ਵਾਲੇ ਪ੍ਰਸੰਗ।

(ਅ) ਵਰੁਨ ਦੇਵਤਾ ਦੁਆਰਾ ਬਿਆਸ ਦਰਿਆ ਵਿਚੋਂ ਗੁਰੂ ਅੰਗਦ ਦੇਵ ਜੀ ਨੂੰ ਚੰਗੀ ਕਿਸਮ ਦੀ ਮੱਛੀ ਭੇਟਾ ਕਰਨੀ।[18]

(ੲ) ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਦਾਤੂ ਦੁਆਰਾ ਲੱਤ ਮਾਰਨ

---

[13] ਤਬਿ ਤ੍ਰਿਲੋਕਪਤਿ ਬਚਨ ਬਖਾਨੇ ॥ ਉਨ ਉਪਕਾਰ ਹੇਤੁ ਮਨ ਮਾਨੇ ॥
ਤ੍ਰੇਤਾ ਮਾਂਹਿ ਹੋਹਿ ਹਮ ਰਾਮਾ ॥ ਲਵ ਕੁਸ਼ ਸਹਿਤ ਆਇ ਇਸ ਧਾਮਾ ॥
ਸੂਰ ਸਮੂਹ ਸੁ ਮੱਜਨ ਕਰਿ ਹੈਂ ॥ ਤੀਰਥਰਾਜ ਪੂਜ ਪਰਚੂਰਿ ਹੈਂ ॥ -ਜਿਲਦ ਅਠਵੀਂ, ਪੰਨਾ 3068

[14] ਸਤਿਗੁਰ ਅੰਤਰਜਾਮੀ ਜਾਨਾ ॥ ਬਨੇ ਚਤੁਰਭੁਜ ਰੂਪ ਸੁਜਾਨਾ ॥
ਸ਼ਯਾਮਲ ਅਲਸੀ ਕੁਸਮ ਮਨੋ ਹੈ ॥ ਦ੍ਰਿਗ ਬਿਸਾਲ ਦਲ ਕਮਲ ਬਨੇ ਹੈ ॥
ਸੰਖ ਗਦਾ ਧਰਿ ਪਦਮ ਚਕ੍ਰ ਕੋ ॥ ਮੁਖ ਮੰਡਲ ਸੁਠ ਭ੍ਰਿਕੁਟਿ ਬਕ੍ਰ ਕੋ ॥
ਪੀਤਾਂਬਰ ਸੋਭਤ ਬਨਮਾਲਾ ॥ ਕੋਕਵਿ ਬਰਨ ਸਕੈ ਦੁਤਿ ਜਾਲਾ ॥
...ਸਰਿਤਾਪਤਿ ਸੁੰਦਰਤਾ ਸਾਰ ॥ ਸ਼ੇਸ਼ ਸਾਰਦਾ ਪਾਇ ਨਾ ਪਾਰ ॥ -ਜਿਲਦ ਨੌਵੀਂ, ਪੰਨਾ 3573

[15] ਜਿਲਦ ਤੀਸਰੀ, ਪੰਨੇ 570-575

[16] ਉਹੀ, ਪੰਨੇ 700-733

[17] ਉਹੀ, ਪੰਨੇ 744-758

[18] ਜਿਲਦ ਪੰਜਵੀਂ, ਪੰਨੇ 1398-1400

ਵਾਲੀ ਘਟਨਾ ਨੂੰ, ਭ੍ਰਿਗੂ ਦੁਆਰਾ ਭਗਵਾਨ ਵਿਸ਼ਨੂੰ ਦੀ ਛਾਤੀ ਵਿਚ ਲੱਤ ਮਾਰਨ ਵਾਲੀ ਪੌਰਾਣਿਕ ਘਟਨਾ ਦੇ ਬਰਾਬਰ ਦਰਸਾਉਣਾ।[19]

(ਸ) ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਲਾਡ ਪਿਆਰ ਦੀ ਤੁਲਨਾ ਦਸ਼ਰਥ ਅਤੇ ਰਾਮਚੰਦਰ ਨਾਲ ਕਰਨੀ।[20]

(ਹ) 4 ਵੇਦਾਂ ਦਾ 16 ਭੱਟਾਂ ਦੇ ਰੂਪ ਵਿਚ ਅਤੇ ਬ੍ਰਹਮਾ ਦਾ ਭੱਟ ਭਿਖਾ ਦੇ ਰੂਪ ਵਿਚ ਸ਼ਰਾਪਿਤ ਹੋ ਕੇ ਜਨਮ ਲੈਣਾ ਅਤੇ ਸ਼ਰਾਪ ਮੁਕਤ ਹੋਣ ਲਈ ਸਵੱਈਆਂ ਦੇ ਰੂਪ ਵਿਚ ਗੁਰੂ ਸਾਹਿਬਾਨ ਦੀ ਉਪਮਾ ਕਰਨੀ।[21]

(ਕ) ਨਾਰਦ ਅਤੇ ਕਲਹਾ ਦਾ ਗੁਰੂ ਹਰਿਗੋਬਿੰਦ ਸਾਹਿਬ ਕੋਲ ਆਉਣਾ ਅਤੇ ਗੱਲਬਾਤ ਕਰਨੀ।[22]

(ਖ) ਸਵਰਗ ਲੋਕ ਦੀ ਗੰਧਰਵੀ ਦਾ ਬ੍ਰਿਹਿਸਪਤੀ ਦੇ ਸਰਾਪ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੁੱਧ ਪਿਆਉਣ ਵਾਲੀ ਦਾਈ ਦੇ ਰੂਪ ਵਿਚ ਆਉਣਾ ਤੇ ਗੁਰੂ ਸਾਹਿਬ ਦੁਆਰਾ ਉਸ ਦਾ ਉਧਾਰ।[23]

(ਗ) ਗੁਰੂ ਹਰਿ ਰਾਇ ਸਾਹਿਬ ਦੁਆਰਾ ਸੰਗਤਾਂ ਨੂੰ ਧੁੰਧ ਤੇ ਪਤੰਗ ਰਿਸ਼ੀ ਦੀ ਕਥਾ ਸੁਣਾਉਣ ਵਾਲੇ ਤਿੰਨ ਪ੍ਰਸੰਗ।[24]

(ਘ) ਪਟਨੇ ਵਿਚ ਗੁਰੂ ਤੇਗ ਬਹਾਦਰ ਜੀ ਦੁਆਰਾ ਸਿੱਖਾਂ ਨੂੰ ਜਰਾਸੰਧ ਦਾ ਬਿਰਤਾਂਤ ਬਿਰਤਾਂਤ ਸੁਣਾਉਣ ਵਾਲੇ ਤਿੰਨ ਪ੍ਰਸੰਗ।[25]

---

[19] ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ ॥ ਭਯੋ ਕ੍ਰੋਧ ਤੇ ਛੋਭਤਿ ਭਾਰਾ ॥

...ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ ॥ ਜਿਮ ਲਛਮੀਪਤਿ ਕੇ ਭ੍ਰਿਗੁ ਮਾਰੀ ॥ - ਜਿਲਦ ਪੰਜਵੀਂ, ਪੰਨਾ 1462

[20] ਸੁਤ ਕੋ ਲੇ ਪ੍ਰਯੰਕ ਪਰ ਬੈਸੇ ॥ ਰਾਮਚੰਦ ਕੋ ਦਸਰਥ ਜੈਸੇ ॥ -ਜਿਲਦ ਛੇਵੀਂ, ਪੰਨਾ 2075

[21] ਜਿਲਦ ਛੇਵੀਂ, ਪੰਨੇ 2122-2123

[22] ਜਿਲਦ ਅਠਵੀਂ, ਪੰਨੇ 2788-2794

[23] ਜਿਲਦ ਛੇਵੀਂ, ਪੰਨੇ 1923-1924

[24] ਜਿਲਦ ਦਸਵੀਂ, ਪੰਨੇ 3848-58

[25] ਉਹੀ, ਪੰਨੇ 4206-18

(ਙ) ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ਼ੇਰ ਦੇ ਰੂਪ ਵਿਚ ਜਨਮ ਲੈਣ ਵਾਲੇ ਪਾਂਡਵ ਕੁੱਲ ਦੇ ਵਿਅਕਤੀ ਦਾ ਸ਼ਿਕਾਰ ਦੁਆਰਾ ਉਧਾਰ ਕਰਨਾ।[26]

(ਚ) ਗੁਰੂ ਗੋਬੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਦਾ ਯੁੱਧ ਜਿੱਤ ਕੇ ਅਨੰਦਪੁਰ ਸਾਹਿਬ ਉਸੇ ਪ੍ਰਕਾਰ ਵਾਸਾ ਕੀਤਾ, ਜਿਵੇਂ ਕ੍ਰਿਸ਼ਨ ਨੇ ਮਥਰਾ ਵਿਚੋਂ ਦੁਸ਼ਮਣਾਂ 'ਤੇ ਜਿੱਤ ਪ੍ਰਾਪਤ ਕਰ ਕੇ ਦਵਾਰਕਾ ਨਗਰੀ ਵਸਾਈ; ਰਾਮਚੰਦਰ ਨੇ ਲੰਕਾ ਜਿੱਤਣ ਤੋਂ ਬਾਅਦ ਅਯੁੱਧਿਆ ਨੂੰ ਸੰਭਾਲਿਆ ਅਤੇ ਇੰਦਰ ਦੇਵਤੇ ਨੇ ਦੈਂਤ ਪੁੱਤਰਾਂ ਖਤਮ ਕਰ ਕੇ ਸੁਰਗ ਨੂੰ ਵਸਾਇਆ।[27]

(ਛ) ਗੁਰੂ ਗੋਬਿੰਦ ਸਿੰਘ ਸ਼ਸਤਰ ਸਜਾ ਕੇ ਸੰਗਤ ਵਿਚ ਬੈਠੇ ਹੋਏ ਇਸ ਤਰ੍ਹਾਂ ਸ਼ੋਭ ਰਹੇ ਹਨ ਜਿਸ ਪ੍ਰਕਾਰ ਸਭਾ ਵਿਚ ਬੈਠੇ ਰਾਮ ਚੰਦਰ।[28]

(ਜ) ਪੌਰਾਣਿਕ ਪਾਤਰ ਨਾਰਦ ਦਾ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਆ ਕੇ ਖੰਭ ਭੇਟਾ ਕਰਨੇ।[29]

(ਝ) ਖਾਲਸਾ ਸਾਜਨਾ ਦੌਰਾਨ ਅੰਮ੍ਰਿਤ ਦੀ ਤਿਆਰੀ ਸਮੇਂ ਦੇਵੀ ਦੁਆਰਾ ਭੇਟਾ ਕੀਤੀ ਕ੍ਰਿਪਾਨ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਪਵਿੱਤਰ ਜਲ ਵਿਚ ਫੇਰਨਾ।[30]

---

[26] ਜਿਲਦ ਗਿਆਰਵੀਂ, ਪੰਨੇ 4694-95

[27] ਜੈਸੇ ਸ਼ਯਾਮ ਘਨਲਰਿ ਮਥਰਾ ਮਹਿਂ ਸ਼ੱਤ੍ਰ ਹਨ, ਪਾਇ ਬਿਜੈ ਲੱਛਮੀ ਬਸਾਈ ਜਾਇ ਦ੍ਵਾਰਕਾ ॥

ਜੂਸੇ ਰਾਮਚੰਦ ਧਰਿ ਪ੍ਰਾਕ੍ਰਮ ਬਿਲੰਦ ਲੰਕ ਰਾਵਨ ਵਿਕੰਦ ਕਰਿ ਔਧ ਕੀ ਸੰਭਾਰ ਕਾ ॥

ਜੈਸੇ ਪਰਹੂਤ ਹਤਿ ਦੈਤਨ ਕੇ ਪੂਤ ਗਨਬਹੁਰੋ ਬਸਾਏ ਦੇਵਲੋਕ ਸੁਖਕਾਰਕਾ ॥

ਤੈਸੇ ਸ਼੍ਰੀ ਗੁਬਿੰਦ ਸਿੰਘ ਪਾਂਵਟਾ ਕੋ ਜੀਤਿ ਜੰਗ ਆਨਿ ਕੈ ਅਨੰਦਪੁਰਿ ਬਾਸੇਦੇਸ਼ ਚਾਰੁਕਾ ॥

-ਜਿਲਦ ਬਾਹਰਵੀਂ, ਪੰਨਾ 4846

[28] ਸਸ਼ਤ੍ਰ ਸਜਾਇ ਊਚ ਥਲ ਬੈਸੇ ॥ ਬੀਚ ਸਭਾ ਕੇ ਰਘੁਵਰ ਜੈਸੇ ॥ -ਉਹੀ, ਪੰਨਾ 4891

[29] ਜਿਲਦ ਤੇਰਵੀਂ, ਪੰਨੇ 5409-5412

[30] ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ ॥

ਤਾ ਮਹਿਂ ਫੇਰਨੇ ਲਗੇ ਸ੍ਵਾਮੀ ॥ ਬਦਨ ਬਦਤਿ ਬਾਨੀ ਅਭਿਰਾਮੀ ॥ -ਜਿਲਦ ਬਾਹਰਵੀਂ, ਪੰਨਾ 5055

(ਵ) ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਗੁਰੂ ਗੋਬਿੰਦ ਸਿੰਘ ਅਤੇ ਪੰਜ ਪਿਆਰਿਆਂ ਨੂੰ ਕ੍ਰਿਸ਼ਨ ਅਤੇ ਪੰਜ ਪਾਂਡਵਾਂ ਵਾਂਗ ਦਰਸਾਉਣਾ, ਆਦਿ।[31]

**1.3 ਵੇਦਾਂਤਕ ਪ੍ਰਭਾਵ ਵਾਲੇ ਹਵਾਲੇ/ਪ੍ਰਸੰਗ-**

(ੳ) ਵਿਸ਼ਨੂੰ ਪੂਜਾ ਨੂੰ ਉਤਸ਼ਾਹਿਤ ਕਰਨ ਵਾਲਾ ਕਾਗ ਭਸੁੰਡ ਵਾਲਾ ਪ੍ਰਸੰਗ।[32]

(ਅ) ਗੁਰੂ ਨਾਨਕ ਦੇਵ ਜੀ ਦੁਆਰਾ ਦੱਤਾਤ੍ਰੇਅ ਦੀ ਸਿਫਤ ਕਰਨੀ[33] ਅਤੇ ਉਸ ਦੀ ਬੰਦਨਾ ਕਰ ਕੇ ਸਿਰ ਨਿਵਾਉਣਾ।[34]

(ੲ) ਕੁਰੂਕਸ਼ੇਤਰ ਯਾਤਰਾ ਦੌਰਾਨ ਗੁਰੂ ਅਮਰਦਾਸ ਜੀ ਦੁਆਰਾ ਸਿੱਖ ਸੰਗਤਾਂ ਨੂੰ ਮਹਾਭਾਰਤ, ਗੀਤਾ, ਮਧ-ਕੈਟਭ ਯੁੱਧ ਅਤੇ ਜਮਨਾ ਦੀ ਕਥਾ ਸੁਣਾਉਣੀ[35] ਅਤੇ ਕਵੀ ਜੀ ਦੁਆਰਾ ਇਸ ਨੂੰ ਪਾਪ ਦੂਰ ਕਰਨ ਵਾਲੀ ਕਥਾ ਕਹਿਣਾ।[36]

(ਸ) ਗੁਰੂ ਅਮਰਦਾਸ ਜੀ ਦੁਆਰਾ ਗੰਗਾ ਨਦੀ ਦੀ ਆਰਾਧਨਾ ਕਰ ਕੇ ਸਿਫਤ ਕਰਨੀ ਅਤੇ ਦਰਸ਼ਨ ਦੇਣ ਲਈ ਕਹਿਣਾ ਤੋਂ ਬਾਅਦ ਗੰਗਾ ਦਾ ਦੇਹ ਰੂਪ ਵਿਚ ਪ੍ਰਗਟ ਹੋਣਾ।[37]

---

[31] ਪਰਮ ਪ੍ਰਸੰਨ ਭੇ ਪੰਚ ਪਰ ਅਸ ਮਨ ਉਪਮਾ ਆਇ ॥

ਪਾਂਚਹੁ ਪਾਂਡਵ ਪਰ ਮਹਾਂ ਜਿਮ ਸ੍ਰੀ ਕ੍ਰਿਸ਼ਨ ਸਹਾਇ ॥ -ਜਿਲਦ ਬਾਹਰਵੀਂ, ਪੰਨਾ 5053

[32] ਜਿਲਦ ਤੀਸਰੀ, ਪੰਨੇ 689-698

[33] ਸ੍ਰੀ ਗੁਰ ਕਹੈਂ ਸੁਨਹੁ ਮਰਦਾਨਾ ॥ ਇਹ ਹੈ ਦੱਤਾਤ੍ਰੇਯ ਮਹਾਨਾ ॥

ਜਗ ਮਹਿੰ ਭਯੋ ਵਡੋ ਅਵਧੂਤਾ ॥ ਸਦਾ ਸਥਿਰ ਜਿਹ ਮਤਿ ਪੂਤਾ ॥

ਸਦਾ ਬਿਦੇਹੀ ਰਹਿਤਿ ਅਡੋਲਾ ॥ ਪਾਯੋ ਆਤਮ ਅਨਮਦ ਅਤੋਲਾ ॥ -ਉਹੀ, ਪੰਨਾ 699

[34] ਕੇਤਿਕ ਕਾਲ ਬੈਠ ਤਿਹ ਪਾਸਾ ॥ ਚਲਿਨੇ ਤਯਾਰ ਭਏ ਸੁਖ ਰਾਸਾ ॥

ਕਰਿ ਬੰਦਨ ਕੋ ਸੀਸ ਨਿਵਾਏ ॥ ਆਗੇ ਸ੍ਰੀ ਗੁਰ ਬਹੁਰਿ ਸਿਧਾਏ ॥ -ਉਹੀ, ਪੰਨਾ 700

[35] ਜਿਲਦ ਪੰਜਵੀਂ, ਪੰਨੇ 1517-1536

[36] ਸੋ ਜਮਨਾ ਸਲਿਤਾ ਹੁਇ ਬਹੀ ॥ ਜਿਸ ਹਿਤ ਸਕਲ ਬਾਰਤਾ ਕਹੀ ॥

ਪਾਵਨ ਜਲ ਪਾਪਨ ਕੋ ਨਾਸਨਿ ॥ ਰੱਛਯਾ ਕਰਹਿ ਆਪਨੇ ਦਾਸਨਿ ॥ -ਉਹੀ, ਪੰਨਾ 1522

[37] ਪੁਨ ਸ੍ਰੀ ਗੁਰ ਸੁਰਸਰਿ ਆਰਾਧੀ ॥ 'ਹੇ ਦੇਵੀ ਬਡਿ ਜਤਨਨਿ ਲਾਧੀ ॥

(ਹ) ਭਾਈ ਸੰਤੋਖ ਸਿੰਘ ਦੁਆਰਾ ਜਮਨਾ ਦੇ ਪਾਣੀ ਨੂੰ ਪਾਪ ਕੱਟਣ ਵਾਲਾ ਦਰਸਾਉਣਾ।[38]

(ਕ) ਗੁਰੂ ਅਮਰਦਾਸ ਜੀ ਦੁਆਰਾ ਆਪਣੇ ਪੈਰ ਵਿਚ ਪਦਮ ਬਾਰੇ ਦੱਸਣ ਵਾਲੇ ਬ੍ਰਾਹਮਣ 'ਤੇ ਬਖਸ਼ਿਸ਼ ਕਰਨੀ।[39]

(ਖ) ਗੁਰੂ ਅਰਜਨ ਦੇਵ ਜੀ ਦੇ ਮੂੰਹੋਂ ਗੁਰਬਾਣੀ ਨੂੰ ਵੇਦਾਂ ਦਾ ਸਾਰ ਅਖਵਾਉਣਾ।[40]

(ਗ) ਢਿੱਲਵੀ ਪਿੰਡ ਵਿਚ ਗੁਰੂ ਤੇਗ਼ ਬਹਾਦਰ ਜੀ ਦੁਆਰਾ ਬ੍ਰਾਹਮਣਾਂ ਨੂੰ ਭੋਜਨ ਪਦਾਰਥ ਖਵਾ ਕੇ ਦਾਨ ਦਕਸ਼ਣਾ ਦੇਣਾ।[41]

(ਘ) ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਕੇਸ਼ਵਦਾਸ ਪੰਡਿਤ ਦਾ ਚੌਂਕੀ ਡਾਹ ਕੇ ਬੈਠਣ ਬਾਲਾ ਬ੍ਰਾਹਮਣ ਦੀ ਉੱਚਤਾ ਦਰਸਾਉਣ ਵਾਲਾ ਪ੍ਰਸੰਗ।[42]

---

ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ ॥ ਬਹੁਰਿ ਭਗੀਰਥ ਲਯਾਵਨਿ ਕਰੇ ॥

ਸ਼ਿਵ ਨੇ ਧਾਰ ਸੀਸ ਪਰ ਧਾਰੀ ॥ ਅਘ ਹਰਿਬੇ ਕੋ ਧਰ ਪਰ ਧਾਰੀ ॥

ਤੀਨਲੋਕ ਮਾਨੀ ਅਘ ਹਾਨੀ ॥ ਪ੍ਰਥਮ ਸੇਵ ਤੁਮਰੀ ਹਮ ਠਾਨੀ ॥

...ਦੇਹੁ ਦਰਸ਼ਨ ਬਿਦਤਹੁ ਨਿਜ ਦੇਹ ॥ ਨੇਹ ਅਛੇਹ ਮੋਹਿ ਲਖਿ ਲੇਹ ॥

ਇੱਤਯਾਦਿਕ ਨਿਜ ਸਿਫਤਿ ਸੁਨੀ ਜਬਿ ॥ ਸ੍ਰੀ ਗੰਗਾ ਜਲ ਤੇ ਪ੍ਰਗਟੀ ਤਬਿ ॥ -ਜਿਲਦ ਪੰਜਵੀਂ, ਪੰਨਾ 1536

[38] ਪਾਵਨ ਜਲ ਪਾਪਨ ਕੋ ਨਾਸਨਿ ॥ ਰੱਛਯਾ ਕਰਹਿ ਆਪਨੇ ਦਾਸਨਿ ॥ -ਉਹੀ, ਪੰਨਾ 1532

[39] ਉਹੀ, ਪੰਨੇ 1537-41

[40] ਜਿਲਦ ਛੇਵੀਂ, ਪੰਨਾ 2083

[41] ਗ੍ਰਾਮ 'ਢਿੱਲਵੀ' ਪਹੁੰਚੇ ਜਾਇ। ਡੇਰਾ ਕੀਨਿ ਹੋਰਿ ਸ਼ੁਭ ਥਾਇਂ ॥

ਏਕ ਨਿਸਾ ਬਸਿ ਕੈ ਤਿਸ ਥਾਨ। ਭਏ ਪਰਬ ਕੋ ਚਾਹਤਿ ਦਾਨ।

ਧੇਨੁ ਇਕੋਤਰ ਸੈ ਮੰਗਵਾਈ। ਬਰਨ ਵਿਖੈ ਕਪਲਾਂ ਸਮੁਦਾਈ ।।

ਦੇ ਦੇ ਦਰਬ ਮੋਲ ਅਨਵਾਈ। ਕਰੀ ਦਾਨ ਹਿਤ ਸਭਿ ਇਕਠਾਈ।

ਗੁਜਰਾਤੀ ਦਿਜ ਤਬੈ ਬੁਲਾਏ। ਲੇਹੁ ਦਾਨੁ ਧੇਨੂ ਸਮੁਦਾਏ ॥ -ਜਿਲਦ ਦਸਵੀਂ, ਪੰਨਾ 4108

[42] ਗੁਰ ਅੱਗ੍ਰ ਅਰਪਿ ਕਰਿ ਦਰਸ ਕੀਨਿ।

ਤਬਿ ਚੌਕੀ ਦਾਸ ਡਸਾਇ ਦੀਨਿ।

(ਙ) ਭਾਈ ਦਇਆ ਸਿੰਘ ਦੁਆਰਾ ਸਿੱਖਾਂ ਨੂੰ ਵੇਦਾਂਤ ਦਰਸ਼ਨ ਦਾ ਉਪਦੇਸ਼ ਦੇਣ ਸੰਬੰਧੀ ਆਉਣ ਵਾਲੇ ਲੰਮੇਰੇ ਪ੍ਰਸੰਗ[43], ਆਦਿ।

ਦੇਵੇਂਦਰ ਕੌਰ ਸਾਹਨੀ ਨੇ ਭਾਈ ਸੰਤੋਖ ਸਿੰਘ ਦੀ ਪੌਰਾਣਿਕ ਵਰਣਾਤਮਕ ਸ਼ੈਲੀ ਨੂੰ ਤਿੰਨ ਪੱਖਾਂ ਰਾਹੀਂ ਦਰਸਾਇਆ ਹੈ[44]-

1. ਭਾਈ ਸੰਤੋਖ ਸਿੰਘ ਦੁਆਰਾ ਪੁਰਾਣਕਾਰਾਂ ਵਾਂਗ ਗੁਰੂ ਸਾਹਿਬਾਨ ਨੂੰ ਦੈਵੀ ਸਰੂਪ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਚਰਿੱਤਰ ਨਾਲ ਕਰਾਮਾਤੀ ਘਟਨਾਵਾਂ ਦਾ ਸਮਾਵੇਸ਼ ਕਰਨਾ।
2. ਗੁਰੂ ਸਾਹਿਬਾਨ ਦੇ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪੌਰਾਣਿਕ ਪਾਤਰਾਂ ਅਤੇ ਘਟਨਾਵਾਂ ਨਾਲ ਜੋੜ ਕੇ ਚਿਤ੍ਰਿਤ ਕਰਨਾ।
3. ਗੁਰੂ ਸਾਹਿਬਾਨ ਦੀ ਹਿੰਦੂ ਅਵਤਾਰਾਂ ਨਾਲ ਅਭੇਦਤਾ ਦਰਸਾਉਂਦੇ ਹੋਏ ਉਨ੍ਹਾਂ ਨੂੰ ਹਿੰਦੂ ਅਵਤਾਰਾਂ ਦੇ ਰੂਪ ਵਿਚ ਦਰਸਾਉਣਾ।

ਇਸ ਗ੍ਰੰਥ ਦੇ ਪੌਰਾਣਿਕ ਪ੍ਰਸੰਗਾਂ ਨੂੰ ਪੜ੍ਹ ਕੇ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਅਜਿਹੇ ਪ੍ਰਸੰਗਾਂ ਰਾਹੀਂ ਭਾਈ ਸੰਤੋਖ ਸਿੰਘ ਦਾ ਉਦੇਸ਼ ਗੁਰੂ ਸਾਹਿਬਾਨ ਨੂੰ ਹਿੰਦੂ ਅਵਤਾਰਾਂ ਦੇ ਬਰਾਬਰ ਦਰਸਾ ਕੇ, ਗੁਰੂ ਸਾਹਿਬਾਨ ਦੀ ਵਡਿਆਈ ਕਰਨਾ ਸੀ ਕਿਉਂਕਿ ਉਸ ਸਮੇਂ ਆਮ ਜਨ ਮਾਨਸਿਕਤਾ ਵਿਚ ਇਨ੍ਹਾਂ ਅਵਤਾਰਾਂ ਦੀ ਗਹਿਰੀ ਛਾਪ ਸੀ। ਸ਼ਾਇਦ ਉਸ ਮਾਨਸਿਕਤਾ ਵਿਚ ਗੁਰੂ ਸਾਹਿਬਾਨ ਦੀ ਕੀਰਤੀ ਸਥਾਪਤ ਕਰਨ ਲਈ ਭਾਈ ਸੰਤੋਖ ਸਿੰਘ ਦੁਆਰਾ ਇਸ ਸ਼ੈਲੀ ਨੂੰ ਅਪਣਾਉਣ ਵਾਲਾ ਕਦਮ ਚੁੱਕਿਆ ਗਿਆ। ਦੂਸਰਾ, ਪੌਰਾਣਿਕ ਪਾਤਰ ਅਤੇ ਘਟਨਾਵਾਂ ਸਦੀਆਂ ਤੋਂ ਲੋਕ ਮਾਨਸਿਕਤਾ ਵਿਚ ਵਸੇ ਹੋਏ ਹੋਣ ਕਾਰਨ, ਇਨ੍ਹਾਂ ਦੇ ਹਵਾਲੇ ਨਾਲ ਕੀਤੀ ਗੱਲ ਲੋਕਾਂ ਨੂੰ ਛੇਤੀ ਸਮਝ ਆ ਜਾਂਦੀ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵੀ ਬਹੁਤ ਸਾਰੀਆਂ ਪੌਰਾਣਿਕ ਘਟਨਾਵਾਂ ਅਤੇ ਪਾਤਰਾਂ ਦਾ ਸੰਕੇਤ ਮਾਤਰ ਜ਼ਿਕਰ ਦ੍ਰਿਸ਼ਟਾਂਤ ਵਜੋਂ

---

ਬਰ ਬਿੱਪ੍ਰ ਬੈਠਿ ਅਵਿਲੋਕਿ ਰੂਪ। -ਜਿਲਦ ਬਾਹਰਵੀਂ, ਪੰਨਾ 4933

[43] ਜਿਲਦ ਤੇਰਵੀਂ, ਪੰਨੇ 5655-5704

[44] ਦੇਵੇਂਦਰ ਕੌਰ ਸਾਹਨੀ, *ਗੁਰ ਪ੍ਰਤਾਪ ਸੂਰਯ ਮੇਂ ਪੌਰਾਣਿਕ ਤੱਤਵ* (ਪੀਐਚ.ਡੀ ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਪੰਨੇ 399-400

ਕੀਤਾ ਗਿਆ ਹੈ।

19ਵੀਂ ਸਦੀ ਦੇ ਅੱਧ ਸਮੇਂ ਦੇ ਵਾਤਾਵਰਣ ਅਨੁਸਾਰ ਜੇਕਰ ਇਨ੍ਹਾਂ ਪ੍ਰਸੰਗਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸ਼ਾਇਦ ਇਹ ਵਰਤਮਾਨ ਸਮੇਂ ਦੇ ਵਾਂਗ ਸਾਨੂੰ ਸਿੱਖੀ ਵਿਚਾਰਧਾਰਾ ਦੇ ਜ਼ਿਆਦਾ ਉਲਟ ਨਾ ਜਾਪਣ। ਇਸ ਸੰਬੰਧ ਵਿਚ ਇਸ ਗ੍ਰੰਥ ਦੀ ਪ੍ਰਸਤਾਵਨਾ ਵਾਲੀ ਜਿਲਦ ਦੇ ਸ਼ਬਦ ਹਨ- *ਕਵੀ ਜੀ ਨੇ, ਅਸੀਂ ਨਿਸ਼ਚਿਤ ਨਹੀਂ ਕਹਿ ਸਕਦੇ, ਪਰ ਵਿਸ਼ੇਸ਼ ਕਰਕੇ ਇਹ ਇਹ ਸੰਭਵ ਜਾਪਦਾ ਹੈ ਕਿ, ਇਸ ਗ੍ਰੰਥ ਦੇ ਪਾਠਕ ਨੂੰ ਸੰਸਕ੍ਰਿਤ ਸ਼ਾਸਤ੍ਰਾਂ ਦੇ ਪੜ੍ਹਣ ਦੀ ਲੋੜ ਨਾ ਰਹਿ ਜਾਏ, ਭਗਤੀ, ਯੋਗ, ਵੇਦਾਂਤ ਦੇ ਪਦ ਪਦਾਰਥ ਤੇ ਵਿਸ਼ੇ ਚੰਗੀ ਤਰ੍ਹਾਂ ਦਰਸਾਏ ਹਨ। ਪੌਰਾਣਿਕ ਕਥਾ ਬੀ ਬਹੁਤ ਪਾਈਆਂ ਹਨ, ਜੋ ਕੇਵਲ ਅਸੂਲਾਂ ਦੇ ਵਰਣਨ ਵਿਚ ਦ੍ਰਿਸ਼ਟਾਂਤ ਦਾ ਕੰਮ ਦੇ ਸਕਦੀਆਂ ਹਨ, ਉਸ ਹਦ ਤਕ ਕਿ ਜਿਸ ਹਦ ਤਕ ਓਹ ਗੁਰਮਤ ਅਨੁਕੂਲ ਹਨ।*[45] ਜਦੋਂ ਅਸੀਂ ਇਤਿਹਾਸ ਵਿਚ ਇਸ ਗ੍ਰੰਥ ਦੀ ਰਚਨਾ ਦੇ ਸਮੇਂ ਦੇ ਮਾਹੌਲ ਬਾਰੇ ਪੜ੍ਹਦੇ ਹਾਂ ਤਾਂ ਇਹ ਗੱਲ ਹੋਰ ਵਧੇਰੇ ਤਰੀਕੇ ਨਾਲ ਸਪਸ਼ਟ ਹੋ ਜਾਂਦੀ ਹੈ। ਵਰਤਮਾਨ ਸਮੇਂ ਦੇ ਜਿਸ ਮਾਹੌਲ ਵਿਚ ਅਸੀਂ ਇਸ ਗ੍ਰੰਥ ਦੇ ਪੌਰਾਣਿਕ ਅਤੇ ਵੇਦਾਂਤਕ ਪ੍ਰਭਾਵ ਦੀ ਗੱਲ ਕਰ ਰਹੇ ਹਾਂ, ਇਹ ਮਾਹੌਲ ਉਸ ਸਮੇਂ ਦੇ ਸਮਕਾਲੀ ਹਾਲਾਤਾਂ ਤੋਂ ਬਾਅਦ ਸਿੰਘ ਸਭਾ ਲਹਿਰ, ਸਿੱਖ ਵਿਦਵਾਨਾਂ ਦੇ ਅਣਥੱਕ ਪ੍ਰਚਾਰ, ਮੌਜੂਦਾ ਸਮੇਂ ਦੀ ਤਕਨਾਲੋਜੀ ਅਤੇ ਗੁਰਬਾਣੀ ਵਿਆਖਿਆਕਾਰਾਂ ਦੀ ਲੰਮੇਰੇ ਸਮੇਂ ਵਾਲੀ ਅਤੇ ਸਖ਼ਤ ਮਿਹਨਤ ਦੀ ਦੇਣ ਹੈ ਜਿਸ ਦੀ ਉਸ ਸਮੇਂ ਬਿਲਕੁਲ ਅਣਹੋਂਦ ਸੀ। ਜਿਸ ਵਾਤਾਵਰਨ ਦੇ ਪੰਜ ਦਹਾਕਿਆਂ ਤੋਂ ਬਾਅਦ ਵੀ ਭਾਈ ਕਾਨ੍ਹ ਸਿੰਘ ਨਾਭਾ ਵਰਗੇ ਵਿਦਵਾਨਾਂ ਨੂੰ ਸਿੱਖਾਂ ਦੀ ਵੱਖਰੀ ਹੋਂਦ ਦਰਸਾਉਣ ਲਈ 'ਹਮ ਹਿੰਦੂ ਨਹੀਂ' ਪੁਸਤਕ ਲਿਖਣੀ ਪਈ, ਉਸ ਵਾਤਾਵਰਨ ਵਿਚ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਇਸ ਰੂਪ ਵਿਚ ਜਸ ਲਿਖ ਦੇਣਾ ਬਹੁਤ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ। ਸੋ ਇਸ ਗ੍ਰੰਥ ਦੀ ਪੌਰਾਣਿਕ ਸ਼ੈਲੀ ਦਾ ਕਾਰਨ, ਆਮ ਜਨ ਮਾਨਸਿਕਤਾ ਵਿਚ ਗੁਰੂ ਸਾਹਿਬਾਨ ਦੀ ਵਡਿਆਈ ਚਿਤ੍ਰਿਤ ਕਰਨਾ ਅਤੇ ਉਸ ਸਮੇਂ ਦੇ ਵੇਦਾਂਤਕ ਮਾਹੌਲ ਦਾ ਪ੍ਰਭਾਵ ਸੀ।

ਇਸ ਸੰਬੰਧ ਵਿਚ ਅਗਲਾ ਪ੍ਰਸ਼ਨ ਉੱਠਦਾ ਹੈ ਕਿ ਅਜਿਹੀ ਸ਼ੈਲੀ ਦੀ ਪ੍ਰੇਰਨਾ ਭਾਈ ਸੰਤੋਖ ਸਿੰਘ ਨੂੰ

[45] ਜਿਲਦ ਪਹਿਲੀ, ਪੰਨੇ 80-81

ਕਿੱਥੋਂ ਪ੍ਰਾਪਤ ਹੋਈ ਅਤੇ ਉਨ੍ਹਾਂ ਨੇ ਕਿਸ ਪ੍ਰਭਾਵ ਅਧੀਨ ਗੁਰੂ ਸਾਹਿਬਾਨ ਨੂੰ ਅਵਤਾਰਾਂ ਦੇ ਰੂਪ ਵਿਚ ਚਿਤ੍ਰਿਤ ਕੀਤਾ। ਇਸ ਪ੍ਰਸ਼ਨ ਦੇ ਉੱਤਰ ਲਈ ਇਸ ਵਿਚਾਰ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਕਿ ਭਾਈ ਸਾਹਿਬ ਨੇ ਇਸ ਸੰਬੰਧੀ ਪ੍ਰੇਰਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਸਾਹਿਬਾਨ ਦੇ ਸਵੱਈਆਂ ਤੋਂ ਲਈ ਹੋਵੇ ਜਿਨ੍ਹਾਂ ਵਿਚ ਭੱਟ ਸਾਹਿਬਾਨ ਨੇ ਗੁਰੂ ਸਾਹਿਬਾਨ ਦੀ ਵਡਿਆਈ ਕਰਦੇ ਹੋਏ ਉਨ੍ਹਾਂ ਨੂੰ ਪਿਛਲੇ ਜੁਗਾਂ ਵਿਚ ਹੋ ਚੁੱਕੀਆਂ ਅਵਤਾਰੀ ਸ਼ਕਤੀਆਂ ਦੇ ਬਰਾਬਰ ਸੰਬੋਧਨ ਕਰ ਕੇ ਰਾਮ ਕ੍ਰਿਸ਼ਨ ਵਰਗੇ ਅਵਤਾਰਾਂ ਨੂੰ ਗੁਰੂ ਸਾਹਿਬ ਦਾ ਹੀ ਰੂਪ ਦਰਸਾਇਆ ਹੈ।[46] ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼

---

[46] (ੳ) ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ -*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1390

(ਅ) ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥

ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ

ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ ॥

ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ

ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥

ਜਰਮ ਕਰਮ ਮਛ ਕਛ ਹੁਅ ਬਰਾਹ

ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ

ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ -ਉਹੀ, ਪੰਨਾ 1403

(ੲ) ਸਿਰੀ ਗੁਰੂ ਸਾਹਿਬੁ ਸਭ ਊਪਰਿ ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥

ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ ਹਸ੍ਤ ਕਮਲ ਮਾਥੇ ਪਰ ਧਰੀਅੰ ॥

ਅਲਖ ਰੂਪ ਜੀਅ ਲਖ੍ਯਾ ਨ ਜਾਈ ॥ ਸਾਧਿਕ ਸਿਧ ਸਗਲ ਸਰਣਾਈ ॥ -ਉਹੀ, ਪੰਨਾ 1401

(ਸ) ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥

ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥

ਵਿਚ ਇਹ ਗੱਲ ਨੂੰ ਪੇਸ਼ ਕੀਤਾ ਹੈ ਕਿ ਗੁਰਬਾਣੀ ’ਤੇ ਨਿਸ਼ਚਾ ਰੱਖਣ ਵਾਲੇ ਗੁਰੂ ਸਾਹਿਬਾਨ ਨੂੰ ਅਵਤਾਰਾਂ ਦੇ ਰੂਪ ਵਿਚ ਹੀ ਮੰਨਣਗੇ।[47] ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਈਆਂ ਅਤੇ ਭਾਈ ਗੁਰਦਾਸ ਜੀ 24ਵੀਂ ਵਾਰ ਦੀ 25ਵੀਂ ਪਉੜੀ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ ਹੈ। ਗੁਰੂ ਸਾਹਿਬਾਨ ਨੂੰ ਅਵਤਾਰਾਂ ਦੇ ਰੂਪ ਵਿਚ ਦਰਸਾਉਣ ਪਿੱਛੇ ਭਾਈ ਸੰਤੋਖ ਸਿੰਘ ਦੁਆਰਾ ਗੁਰੂ ਸਾਹਿਬਾਨ ਨੂੰ ਹਿੰਦੂ ਅਵਤਾਰਾਂ ਦੇ ਬਰਾਬਰ ਦਰਸਾ ਕੇ ਉਨ੍ਹਾਂ ਦੀ ਉੱਚਤਾ ਦਰਸਾਉਣ ਵਾਲੀ ਭਾਵਨਾ ਸੀ। ਭਾਵਨਾਤਮਕ ਤੌਰ ’ਤੇ ਉਨ੍ਹਾਂ ਦਾ ਪੇਸ਼ ਕੀਤਾ ਗਿਆ ਇਹ ਕਥਨ ਗੁਰਮਤਿ ਸਿਧਾਂਤਾਂ ’ਤੇ ਪੂਰਾ ਨਹੀਂ ਉਤਰਦਾ ਕਿਉਂਕਿ ਗੁਰਮਤਿ ਵਿਚ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਈਆਂ ਦਾ ਅਸਲ ਭਾਵ ਗੁਰੂ ਸਾਹਿਬਾਨ ਨੂੰ ਅਵਤਾਰੀ ਸ਼ਕਤੀਆਂ ਦੇ ਬਰਾਬਰ ਦਰਸਾ ਕੇ ਉਨ੍ਹਾਂ ਦੀ ਮਹਿਮਾ ਕਰਨਾ ਹੈ ਕਿ ਨਾ ਕਿ ਉਨ੍ਹਾਂ ਨੂੰ ਅਵਤਾਰਾਂ ਦੇ ਰੂਪ ਵਿਚ ਪੇਸ਼ ਕਰਨਾ। ਇਸ ਲਈ ਭਾਈ ਸੰਤੋਖ ਸਿੰਘ ਦਾ ਗੁਰੂ ਸਾਹਿਬਾਨ ਨੂੰ ਦ੍ਰਿੜ੍ਹਤਾ ਸਹਿਤ ਅਵਤਾਰ ਮੰਨਣ ਵਾਲਾ ਕਥਨ ਭਾਵਨਾਤਮਕ ਤੌਰ ’ਤੇ ਠੀਕ ਹੋ ਸਕਦਾ ਹੈ ਪਰ ਸਿਧਾਂਤਿਕ ਤੌਰ ’ਤੇ ਨਹੀਂ। ਇਸ ਵਿਚਾਰ ਦਾ ਸਭ ਤੋਂ ਅਹਿਮ ਪੱਖ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਗੁਰੂ ਸਾਹਿਬਾਨ ਨੂੰ ਹਿੰਦੂ ਅਵਤਾਰਾਂ ਦੇ ਤੁਲ ਦਰਸਾਉਣ ਜਾਂ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਪੌਰਾਣਿਕ ਰੰਗਤ ਦੇਣ ਦਾ ਉਦੇਸ਼ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਉਣਾ ਨਹੀਂ ਸੀ ਜਿਸ ਪ੍ਰਕਾਰ ਕਿ ਅੱਜ-ਕੱਲ੍ਹ ਕੁੱਝ ਸਿੱਖ ਵਿਰੋਧੀ ਸੰਸਥਾਵਾਂ ਵੱਲੋਂ ਸਿੱਖਾਂ ਨੂੰ ਹਿੰਦੂਆਂ ਦੇ ਅੰਗ ਵਜੋਂ ਪੇਸ਼ ਕਰ ਕੇ ਕੀਤਾ ਜਾ ਰਿਹਾ ਹੈ। ਸਗੋਂ ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ ਵਿਚ ਸਿੱਖ ਕੌਮ ਦੇ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਤੀਸਰਾ ਪੰਥ ਅਤੇ ਨਿਆਰਾ ਪੰਥ ਹੋਣ ਦੀ ਗੱਲ ਕੀਤੀ ਹੈ।[48] ਉਨ੍ਹਾਂ ਨੇ ਅਜਿਹੇ

---

-ਉਹੀ, ਪੰਨਾ 1402

[47] ਵਾਕ ਗ੍ਰੰਥ ਕੋ ਸਾਚ ਜੁ ਮਾਨਹਿ ॥ ਨਾਨਕ ਹਰਿ ਅਵਤਾਰ ਪਛਾਨਹਿ ॥ -ਜਿਲਦ ਤੀਜੀ, ਪੰਨਾ 444

[48] (ੳ) ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲ ਫਤੇ ਸੁ ਬੁਲਾਈ ਹੈ।

ਪੀਰ ਪਾਤਸ਼ਾਹ ਕਰਾਮਾਤੀ ਜੋ ਅਪਰ ਪੰਥ ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।

ਤੀਸਰਾ ਮਜਬ ਜਗ ਦੇਖਿਕੇ ਅਜਬ ਮਹਾਂ, ਬੈਰੀ ਕੇ ਗਜਬ ਪਰਯੋ ਛੀਨੈ ਠਕੁਰਾਈ ਹੈ।

ਧਰਮ ਸਥਾਪਬੇ ਕਉ ਪਾਪਨ ਕੇ ਖਾਪਬੇ ਕੋ ਗੁਰੂ ਜਾਪਬੇ ਕੌ ਨਈ ਰੀਤ ਯੌਂ ਚਲਾਈ ਹੈ।

ਹਿੰਦੂਆਂ ਨੂੰ ਬਹੁਤ ਵੱਡੇ ਅਕ੍ਰਿਤਘਣ ਕਿਹਾ ਹੈ ਜਿਹੜੇ ਗੁਰੂ ਸਹਿਬਾਨ ਦੇ ਉਪਕਾਰਾਂ ਨੂੰ ਯਾਦ ਨਾ ਰੱਖਣ।[49]

ਬੇਸ਼ੱਕ ਭਾਈ ਸੰਤੋਖ ਸਿੰਘ ਦੁਆਰਾ ਵਰਣਿਤ ਬਹੁਤ ਸਾਰੇ ਪ੍ਰਸੰਗਾਂ ਨੂੰ ਪੜ੍ਹ ਕੇ ਉਨ੍ਹਾਂ ਬਾਰੇ ਇਹ ਰਾਇ ਬਣਾ ਲਈ ਜਾਂਦੀ ਹੈ ਕਿ ਉਨ੍ਹਾਂ ਉੱਪਰ ਵੇਦਾਂਤਕ ਮਤ ਭਾਰੂ ਸੀ ਪਰੰਤੂ ਉਨ੍ਹਾਂ ਦੇ ਵਿਚਾਰਾਂ ਨੂੰ ਵੇਖ ਕੇ ਇਹ ਰਾਇ ਧੁੰਦਲੀ ਪੈ ਜਾਂਦੀ ਹੈ। ਭਾਈ ਸੰਤੋਖ ਸਿੰਘ ਇਸ ਵਿਚਾਰ ਦੇ ਧਾਰਨੀ ਹਨ ਕਿ ਗੁਰੂ ਨਾਨਕ ਦੀ ਸਿੱਖੀ ਮਾਰਗ ਦੇ ਧਾਰਨੀ, ਅਨਮਤੀਆਂ ਦੀ ਸਾਖੀਆਂ ਨੂੰ ਨਹੀਂ ਮੰਨਦੇ। ਅਜਿਹੀ ਸਾਖੀਆਂ ਨੂੰ ਮੰਨਣ ਵਾਲੇ ਸਾਕਤ, ਸਿੱਖੀ ਮਾਰਗ ਤੋਂ ਦੂਰ ਹਨ ਕਿਉਂਕਿ ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਸਾਹਿਬਾਨ ਲਈ ਸ਼ਰਧਾ ਹੈ, ਉਹ ਗੁਰੂ ਵਾਲੀਆਂ ਸਾਖੀਆਂ ਹੀ ਕਹਿੰਦੇ ਅਤੇ ਸੁਣਦੇ ਹਨ-

ਗੁਰੁ ਸ਼ਰਧਾ ਜਿਨ ਕੇ ਉਰ ਹੋਈ ॥ ਕਹਤਿ ਸੁਨਤਿ ਗੁਰੁ ਸਾਖੀ ਸੋਈ ॥
ਨਹਿਂ ਮਾਨਹਿਂ ਦੁਰਮਤਿ ਕਹਿ ਸਾਖੀ ॥ ਜੌਨ ਦਰਸ ਨਾਨਕ ਅਭਿਲਾਖੀ ॥
ਜੇ ਮਾਨਹਿਂ ਸਾਕਤ ਕੋ ਕਹਯੋ ॥ ਤਿਨ ਤੇ ਸਿੱਖੀ ਮਾਰਗ ਰਹਯੋ ॥[50]

---

-ਜਿਲਦ ਬਾਹਰਵੀਂ, ਪੰਨਾ 5058

(ਅ) ਹਿੰਦੂ ਤੁਰਕ ਦੁਹਨ ਤੇ ਨਯਾਰੀ। ਧਰਹਿ ਖਾਲਸਾ ਰਹਿਤ ਸੁਚਾਰੀ।
ਜਗਤ ਕਾਨ ਤਜ ਹੋਹਿ ਨਿਰਾਲਾ। ਗੁਰਮਤਿ ਧਾਰਹਿ ਉਦਤ ਬਿਸਾਲਾ।
ਹੁਇ ਖਾਲਸਾ ਮੇਰੋ ਰੂਪ। ਰਹਿਤ ਮ੍ਰਿਜਾਦਾ ਕਰਹਿ ਅਨੂਪ। ਉਹੀ-, ਪੰਨਾ 5043

(ੲ) ਜੇ ਸਿਖ ਹੁਕਮ ਮਾਨਿ ਚਲਿ ਆਏ। ਧਰੇ ਕੇਸ ਕਛ ਬੇਸ ਬਨਾਏ।
ਖੰਡੇ ਕੀ ਪਾਹੁਲ ਤਿਨ ਲੀਨੀ। ਆਯੁਧ ਅੰਗਨ ਮਹਿ ਧਰਿ ਲੀਨੀ।
ਪੈਰੀ ਪੈਣਾ ਕਹਿ ਤਜਿ ਮਤੇ। ਵਾਹਿਗੁਰੂ ਜੀ ਕੀ ਕਹਿ ਫਤੇ।
ਜਾਤ ਪਾਤ ਤੇ ਭਏ ਨਿਰਾਲੇ। ਰਾਜਨ ਸਮ ਹੰਕਾਰ ਬਿਸਾਲੇ।
ਜਹਿਂ ਕਹਿਂ ਬਿਸਤਰਿਯੋ ਸੁ ਬ੍ਰਿਤਾਂਤਾ। ਭਯੋ ਖਾਲਸਾ ਜਗ ਬੱਖਯਾਤਾ। -ਉਹੀ, ਪੰਨਾ 5066

[49] ਹਿੰਦੂ ਜਨਮ ਹੋਇ ਜੌਨ, ਗੁਰ ਉਪਕਾਰ ਨ ਲਖਿ ਭਜੇ।
ਅਧਮ ਕ੍ਰਿਤਘਨੀ ਕੌਨ, ਤਿਸ ਤੇ ਪਰੇ ਬਿਚਾਰੀਏ?

– *ਬਾਲਮੀਕੀ ਰਾਮਾਇਣ,* ਲੰਕਾ ਕਾਂਡ, ਸਰਗ 1 ਉਧਰਿਤ ਜਿਲਦ ਪਹਿਲੀ, ਪੰਨਾ 131

[50] ਜਿਲਦ ਚੌਥੀ, ਪੰਨਾ 1257

ਇਸ ਗ੍ਰੰਥ ਦੇ ਪੌਰਾਣਿਕ ਪ੍ਰਸੰਗਾਂ ਸੰਬੰਧੀ ਪ੍ਰਸਤਾਵਨਾ ਵਾਲੀ ਜਿਲਦ ਦੇ ਇਹ ਸ਼ਬਦ ਬਹੁਤ ਸਾਰਥਕ ਜਾਪਦੇ ਹਨ- *ਕਵੀ ਜੀ ਦੇ ਦਿੱਤੇ ਪੌਰਾਣਿਕ ਪ੍ਰਸੰਗ ਕੇਵਲ ਵਾਕਫੀ ਲਈ ਤੇ ਦ੍ਰਿਸ਼ਟਾਂਤ ਮਾਤਰ ਦਿਸ ਪੈਣਗੇ ਤੇ ਉਹ ਜਰੂਰੀ ਨਹੀਂ ਕਿ ਹਰ ਹਾਲ ਵਿਚ ਗੁਰਸਿੱਖੀ ਦੇ ਆਦਰਸ਼ ਹੋਣ।* [51]

2.

ਸਿਧਾਂਤਿਕ ਤੌਰ 'ਤੇ ਇਸ ਗ੍ਰੰਥ ਦੇ ਬਹੁਤ ਸਾਰੇ ਅਜਿਹੇ ਪੱਖ/ਪ੍ਰਸੰਗ ਹਨ ਜੋ ਗੁਰਮਤਿ ਸਿਧਾਂਤਾਂ ਦੀ ਕਸਵਟੀ 'ਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਵਿਚੋਂ ਕੁੱਝ ਇਸ ਪ੍ਰਕਾਰ ਹਨ-

**2.1 ਅਵਤਾਰਵਾਦ**, ਜਿਸ ਸੰਬੰਧੀ ਵੇਰਵੇ ਪਿਛਲੇ ਪੰਨਿਆਂ ਵਿਚ ਦਿੱਤੇ ਜਾ ਚੁੱਕੇ ਹਨ।

**2.2 ਕਰਾਮਾਤੀ ਘਟਨਾਵਾਂ ਵਾਲੇ ਪ੍ਰਸੰਗ**-

(ੳ) ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿਚ ਉਜੜਿਆ ਖੇਤ ਹਰਾ ਕਰਨਾ।[52]

(ਅ) ਫਨੀਅਰ ਸੱਪ ਨੇ ਉਨ੍ਹਾਂ ਦੇ ਸਿਰ 'ਤੇ ਛਾਂ ਕਰਨੀ।[53]

(ੲ) ਦਿੱਲੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਮਰਿਆ ਹਾਥੀ ਜਿਉਂਦਾ ਕਰਨ ਵਾਲਾ ਪ੍ਰਸੰਗ।[54]

(ਸ) ਗੁਰੂ ਅਮਰਦਾਸ ਜੀ ਨੇ ਇਕ ਵਿਰਲਾਪ ਕਰ ਰਹੀ ਮਾਈ ਦੇ ਪੁੱਤਰ ਨੂੰ ਜਿਉਂਦਾ ਕਰਨਾ।[55]

---

[51] ਜਿਲਦ ਪਹਿਲੀ, ਪੰਨਾ 4

[52] ਜਿਲਦ ਦੂਜੀ, ਪੰਨੇ 203-209

[53] ਉਹੀ, ਪੰਨੇ 209-215

[54] ਆਇਸੁ ਪਾਇ ਘਟਾ ਕਰ ਲਯੋ। ਕੁੰਚਰ ਕੇ ਸਮੀਪ ਚਲਿ ਗਯੋ।।

ਵਾਹਿਗੁਰੂ ਕਹਿ ਛਿਰਕਾ ਦੀਨੋ। ਗਜ ਸਰੀਰ ਕੋ ਭੇਵਨ ਕੀਨੋ।

ਪ੍ਰਾਨ ਪਰੇ ਜੀਵਯੋ ਤਤਕਾਲਾ। ਭਯੋ ਮਹਾਵਤ ਹਰਖ ਬਿਸ਼ਾਲਾ।।

ਬਾਰ ਬਾਰ ਪਦ ਬੇਦਨ ਕਰਿਹੀ। ਉਸਤਤਿ ਕੇ ਮੁਖ ਬਚਨ ਉਚਰਿਰੀ।

ਜਾਇ ਕਹੀ ਪਤਿਸ਼ਾਹਿ ਅਗਾਰੀ। ਮਰਯੋ ਸੁ ਜੀਵਯੋ ਕੁੰਚਰ ਭਾਰੀ।। -ਜਿਲਦ ਚੌਥੀ, ਪੰਨੇ 947-948

[55] ਸੁਨਿ ਗੁਰ ਕਹਯੋ 'ਪ੍ਰਾਤਿ ਜਬਿ ਹੋਇ। ਮਰਯੋ ਪੁੱਤ੍ਰ ਤਿਸ ਜੀਵਨ ਹੋਇ।

ਅਬਿ ਕਹਿ ਦੇਹੁ ਨ ਕਰਹਿ ਬ੍ਰਿਲਾਪ। ਬੰਧਹਿੰ ਕੈਦ ਜਿ ਤੇਈਆ ਤਾਪ'॥

(ਹ) ਭਾਈ ਸਾਵਣ ਮੱਲ ਦੁਆਰਾ ਗੁਰੂ ਅਮਰਦਾਸ ਜੀ ਦੇ ਰੁਮਾਲ ਨਾਲ ਰਾਜੇ ਦੇ ਪੁੱਤਰ ਨੂੰ ਜੀਵਿਤ ਕਰਨਾ।[56]

(ਕ) ਗੁਰੂ ਅਰਜਨ ਦੇਵ ਜੀ ਦੁਆਰਾ ਬਾਲ ਹਰਿਗੋਬਿੰਦ ਸਾਹਿਬ ਨੂੰ ਜ਼ਹਿਰ ਦੇਣ ਆਏ, ਮਰ ਚੁੱਕੇ ਬ੍ਰਾਹਮਣ ਨੂੰ ਮਾਤਾ ਗੰਗਾ ਜੀ ਦੇ ਕਹਿਣ ਤੇ ਜਿਊਂਦਾ ਕਰਨ ਤੋਂ ਬਾਅਦ ਜ਼ਹਿਰ ਦੇਣ ਦਾ ਕਾਰਨ ਪੁੱਛਣਾ।[57]

(ਖ) ਇਕ ਬ੍ਰਾਹਮਣ ਦੇ ਪੁੱਤਰ ਨੂੰ ਗੁਰੂ ਹਰਿ ਰਾਇ ਸਾਹਿਬ ਦੁਆਰਾ ਜੀਵਿਤ ਕਰਨ ਵਾਲੀ ਘਟਨਾ।[58]

(ਘ) ਗੁਰੂ ਤੇਗ ਬਹਾਦਰ ਜੀ ਦਾ ਕੈਦ ਵਿਚ ਹੁੰਦੇ ਹੋਏ ਵੀ ਸਿੱਖ ਦੇ ਘਰ ਪ੍ਰਸ਼ਾਦਾ ਛਕਣ ਲਈ ਪਹੁੰਚ ਜਾਣਾ।[59]

---

ਸੁਨਿ ਬੱਲੂ ਨੇ ਜਾਇ ਹਟਾਈ। ਭਈ ਭੋਰ ਸੁਤ ਮ੍ਰਿਤੁ ਲੈ ਆਈ।

ਉਠਿ ਸਤਿਗੁਰ ਤਿਹ ਚਰਨ ਲਗਾਯੋ। ਤੂਰਨ ਬਾਲਕ ਤਬਹਿ ਜਿਵਾਯੋ॥ -ਜਿਲਦ ਪੰਜਵੀਂ, ਪੰਨਾ 1498

[56] ਬਸਤ੍ਰ ਉਘਾਰਯੋ ਬਦਨ ਤੇ ਜਲ ਬਹੁਰ ਮੰਗਾਯੋ। ਤਿਸ ਗੁਮਾਲ ਕੀ ਖੂੰਟ ਇਕ ਧੋਈ ਕਰ ਲਾਯੋ।

ਸੋ ਜਲ ਜਬਿ ਮੁਖ ਮਹਿਂ ਪਰਯੋ ਸਤਿਨਾਮ ਬਖਾਨ। ਸੀਸ ਛੁਹਾਇ ਰੁਮਾਲ ਕੋ ਆਏ ਤਿਸ ਪ੍ਰਾਨਾ॥

ਜਥਾ ਸੰਜੀਵਨਿ ਜਲ ਘਸੀ ਲਛਮਨ ਮੁਖ ਡਾਰੀ। ਤਥਾ ਕੁਵਰ ਜੀਵਤਿ ਉਠਯੋ ਚਖ ਪਲਕ ਉਘਾਰੀ।

-ਉਹੀ, ਪੰਨਾ 1447

[57] ਜਿਲਦ ਛੇਵੀਂ, ਪੰਨੇ 1968-69

[58] ਜਿਲਦ ਦਸਵੀਂ, ਪੰਨੇ 3829-3832

[59] ਸੁਨਿ ਸਤਿਗੁਰ ਬਚ ਬਿਨ ਸੰਦੇਹ। ਹਰਖ ਭਯੋ ਸਿਖ ਬਿਸਮਯ ਲੇਹਿ।

ਅਹੈਂ ਕੈਦ ਮਹਿਂ ਚੌਂਕੀ ਪਾਸ। ਤਊ ਆਇ ਹੈਂ ਮੋਰ ਅਵਾਸ॥

ਬੰਦਨ ਕਰਿ ਉਤਲਾਵਤਿ ਗਯੋ। ਰੁਚਿਰ ਅਹਾਰ ਕਰਨਿ ਉਦਤਯੋ।

ਕਰਯੋ ਤਿਹਾਵਲ ਬਹੁ ਸੁਚ ਧਾਰੀ। ਪੁਨ ਪਾਇਸੁ ਕਰਵਇਸਿ ਤਯਾਰੀ॥

...ਇਮ ਕਰਤਯੋਂ ਭੋਜਨ ਅਭਿਰਾਮ। ਬਾਸੁਰ ਹੋਤਿ ਭਯੋ ਜਬਿ ਜਾਮ।

ਸਦਨ ਸਿੱਖਯ ਕੇ ਪ੍ਰਗਟੇ ਆਇ। ਕਹਯੋ ਛੁਧਾ ਹਮ ਕੋ ਅਧਿਕਾਇ॥

(ਙ) ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਦੇ ਕਹਿਣ 'ਤੇ ਮੀਂਹ ਪਵਾ ਕੇ[60] ਫਿਰ ਬੰਦ ਕਰ ਦੇਣਾ[61] ਅਤੇ ਕਬੂਤਰ ਜਿਉਂਦੇ ਕਰਨੇ।[62]

**2.3 ਨਸ਼ਿਆਂ ਦਾ ਸੇਵਨ ਕਰਨ ਦੇ ਪ੍ਰਸੰਗ/ਹਵਾਲੇ-**

(ੳ) ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸੁੱਖੇ ਦਾ ਸੇਵਨ ਕਰ ਕੇ ਤਿਆਰ-ਬਰ-ਤਿਆਰ ਹੋਣ ਤੋਂ ਬਾਅਦ ਘੋੜੇ 'ਤੇ ਸਵਾਰ ਹੋ ਕੇ ਬਾਹਰ ਨਿਕਲਣ ਵਾਲਾ ਬਿਰਤਾਂਤ।[63]

(ਅ) ਪਾਉਂਟਾ ਸਾਹਿਬ ਵਿਚ ਦੁਪਹਿਰ ਦੇ ਆਰਾਮ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਅਤੇ ਸਿੱਖਾਂ ਦੁਆਰਾ ਸੁੱਖੇ ਨਾਲ ਅਫੀਨ ਦਾ ਸੇਵਨ ਕਰਨਾ।[64]

(ੲ) ਅਨੰਦਪੁਰ ਸਾਹਿਬ ਜਾਣ ਤੋਂ ਬਾਅਦ ਗਿਰੀ ਬਦਾਮ ਦੀ ਸ਼ਰਦਾਈ ਨਾਲ ਤੇਜ ਨਸ਼ੇ ਵਾਲੀ ਵਿਦੇਸ਼ੀ ਅਫੀਮ ਛਕਣ ਦਾ ਪ੍ਰਸੰਗ।[65]

---

....ਜੋ ਅਹਾਰ ਤੈਂ ਤਯਾਰ ਕਰਾਇ। ਸੋ ਅਬਿ ਲਯਾਵਹੁ ਦੇਹੁ ਅਚਾਇ।

ਦੇਰਿ ਨ ਕਰਹੁ ਨੀਰ ਕੋ ਆਨਹੁ। ਬੈਠਹਿਂ ਹਮ ਕਿਸ ਥਾਨ ਬਖਾਨਹੁਂ? -ਜਿਲਦ ਗਿਆਰਵੀਂ, ਪੰਨਾ 4413

[60] ਜਿਲਦ ਚੌਦਵੀਂ, ਪੰਨੇ 6100-6105

[61] ਉਹੀ, ਪੰਨੇ 6105-6109

[62] ਰਾਵਰ ਕੋ ਪ੍ਰਤਾਪ ਨਹਿਂ ਜਾਨਾ। ਅਬਿ ਜਾਨਾ ਜਬਿ ਬਾਕ ਬਖਾਨਾ॥

ਮਰੇ ਤਬੂਤਰ ਦੇਂਹੁ ਜਿਵਾਇ। ਕਰਹਿਂ ਅਵੱਗਯਾ ਅਪਰ ਨਾ ਕਾਇ।

ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇ। ਪਾਵਹੁ ਚੋਗ ਜੀਵਿ ਹੈਂ ਸਾਰੇ॥

ਦਾਨੇ ਆਨਿ ਬਿਖੇਰਨ ਕਰੇ। ਉਠਿ ਪਾਰਾਵਤ ਜੀਵਨ ਧਰੇ।

ਬੀਨ ਬੀਨ ਚੋਗਾ ਨਿਜ ਖਾਵੈਂ। ਹੇਰਿ ਹੇਰਿ ਸਗਰੇ ਬਿਸਮਾਵੈਂ॥ -ਜਿਲਦ ਚੌਦਵੀਂ, ਪੰਨੇ 6141-6142

[63] ਸੁੱਖਾ ਛਕ ਸੁਚੇਤ ਪੁਨ ਹੋਵੈਂ। ਚਢਿ ਤੁਰੰਗ ਪਰ ਬਾਹਰ ਜੋਵੈਂ॥ -ਜਿਲਦ ਸਤਵੀਂ, ਪੰਨਾ 2411

[64] ਪੁਨ ਸਤਿਗੁਰੁ ਕੁਛ ਕਰਹਿਂ ਅਰਾਮ। ਪੌਢਹਿਂ ਬਡ ਪ੍ਰਯੰਕ ਅਭਿਰਾਮ।

ਜਾਮ ਤੀਸਰੇ ਉਠੈਂ ਗੁਸਾਈਂ। ਸੁੱਖਾ ਹੋਇ ਤਯਾਰ ਸਮੁਦਾਈ॥

ਸਹਿਤ ਹਫੀਮ ਛਕਹਿਂ ਤਿਸ ਨਾਲੇ। ਚਢਹਿਂ ਤੁਰੰਗਮ ਬਾਹਰ ਚਾਲੇ। -ਜਿਲਦ ਗਿਆਰਵੀਂ, ਪੰਨਾ 4733

[65] ਗਰੀ ਬਦਾਮਨ ਆਦਿ ਗਨ ਰਗੜੀ ਸ਼ਰਦਾਈ॥ ਬਿਜੀਆ ਆਦਿਕ ਜਿਹ ਅਧਿਕ ਤਿਸ ਬੀਚ ਘੁਟਾਈ।

(ਸ) ਭਾਈ ਬਚਿੱਤਰ ਸਿੰਘ ਨੂੰ ਪਹਾੜੀਆਂ ਦੇ ਮਸਤ ਹਾਥੀ ਦਾ ਟਾਕਰਾ ਲਈ ਭੇਜਣ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਦੁਆਰਾ ਭਾਈ ਬਚਿਤਰ ਨੂੰ ਆਪਣੀ ਰਤਨਾਂ ਨਾਲ ਜੜੀ ਹੋਈ ਨਿਜੀ ਡੱਬੀ ਵਿਚੋਂ ਵਲਾਇਤ ਤੋਂ ਮੰਗਵਾਈ ਹੋਈ ਤੇਜ ਨਸ਼ੇ ਵਾਲੀ ਅਫੀਮ ਅਤੇ ਸੁੱਖੇ ਦਾ ਸੇਵਨ ਕਰਵਾਉਣ ਤੋਂ ਬਾਅਦ ਸ਼ਸਤਰ ਦੇ ਕੇ ਜੰਗ ਨੂੰ ਤੋਰਨਾ।[66]

(ਹ) ਖਾਲਸਾ ਸਾਜਨਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਸੋਫੀਆਂ ਲਈ ਪੰਥ ਵਿਚ ਕੋਈ ਥਾਂ ਨਾ ਹੋਣ ਦਾ ਕਹਿ ਕੇ ਸਿੱਖਾਂ ਨੂੰ ਯੁੱਧ ਸਮੇਂ ਭੰਗ ਵਾਲਾ ਉੱਤਮ ਨਸ਼ਾ ਕਰਨ ਦੀ ਹਦਾਇਤ ਕਰਨੀ।[67]

(ਕ) ਮਾਛੀਵਾੜੇ ਦੇ ਜੰਗਲ ਵਿਚ ਅਫੀਮ ਖਾਣ ਦਾ ਸਮਾਂ ਹੋਣ 'ਤੇ ਗੁਰੂ ਜੀ ਨੂੰ ਉਬਾਸੀਆਂ ਆਉਣੀਆਂ।

---

ਆਨੀ ਦਾਸਨ ਤਯਾਰ ਕਰਿ ਪਿਖਿ ਹੁਕਮ ਬਖਾਨਾ। ਹੁਤੀ ਅਫੀਮ ਬਿਦੇਸ਼ ਕੀ ਜਿਸ ਅਮਲ ਮਹਾਨਾ॥

ਆਨੀ ਤੁਰਤ ਸਮੀਪ ਗੁਰ ਕਰ ਧਰੀ ਨਿਹਾਰੀ। ਦ੍ਵੈ ਰੰਚਕ ਪਰਮਾਨ ਸਮ ਅੰਗੁਰੀਨ ਸੁਧਾਰੀ।

ਕਰਿ ਗੁਲਕਾ ਕਰ ਤਰ ਧਰੀ ਲੇ ਬਹੁਰ ਕਟੋਰਾ॥ ਕਰਯੋ ਪਾਨ ਸੁੱਖਾ ਤਬੈ ਹਿਤ ਮਾਦਕ ਜੋਰਾ॥

-ਜਿਲਦ ਬਾਹਰਵੀਂ, ਪੰਨੇ 4884-4885

66 ਸੁਨਿ ਪ੍ਰਸੰਨ ਕਲਗੀਧਰ ਹ੍ਵੈ ਕੈ ਨਿਜ ਅਫੀਮ ਮੰਗਵਾਈ। ਡੱਬਾ ਚਾਮੀਕਾਰ ਕੋ ਸੁੰਦਰ ਜਟੇ ਰਤਨ ਸਮੁਦਾਈ॥

ਮਾਸੇ ਪੰਚ ਭਖਤਿ ਸੋ ਪੂਰਬ ਤਿਸ ਤੇ ਦਈ ਸਵਾਈ। ਦੂਰ ਵਲਾਇਤ ਤੇ ਜੋ ਆਵਤਿ ਅਤਿ ਮਾਦਕ ਬਡਿਆਈ॥

ਨਿਜ ਕਰ ਤੇ ਕਲਗ਼ੀਧਰ ਦੀਨੀ ਜੁਗ ਹਾਥਨਿ ਪਰ ਲੀਨੀ।

ਸਿਮਰਿ ਨਾਮ ਗੁਰੁ ਕੋ ਤਬਿ ਖਾਈ ਬਡਿ ਕੀਮਤਿ ਕੀ ਚੀਨੀ॥

ਪੁਨ ਬਿਜੀਆ ਘੁਟਵਾਇ ਮੰਗਾਈ ਸਿੰਘਨ ਪਾਨ ਕਰਾਈ।

....ਪੀਵਤਿ ਚਢਯੋ ਬਿਸਾਲ ਅਮਲ ਤਬਿ ਲਾਲੀ ਲੋਚਨ ਛਾਈ॥

ਭੌਹੇਂ ਚਢੀ ਕਮਾਨ ਮਨਿੰਦੈ ਮੂਛਨ ਪਰ ਕਰ ਫੇਰਾ।

ਖੜਗ ਸਿਪਰ ਤੇ ਕਮਰ ਕਸੀ ਦਿਢ, ਬਰਛਾ ਕਰ ਮਹਿਂ ਫੇਰਾ॥ -ਜਿਲਦ ਬਾਹਰਵੀਂ, ਪੰਨੇ 5307-5308

67 ਸੋਫੀ ਸੂੰਮ ਪੰਥ ਨਹਿਂ ਰਾਖਨ। ਕਿਯ ਕਿਸ ਦਾਰੁਨ ਕੇ ਅਭਿਲਾਖਨ॥

ਯੌਤੇ ਸ੍ਰੀ ਮੁਖ ਬਾਕ ਉਚਾਰਾ। ਹੁਇ ਸੁੱਖੇ ਕੀ ਦੇਗ਼ ਉਦਾਰਾ।

ਸਿੰਘ ਹੋਇ ਜਬਿ ਆਯੋਧ ਧਾਰੀ। ਮਾਦਕ ਚਹੀਯਤਿ ਅਨੰਦ ਮਝਾਰੀ॥

ਸਭਿ ਮਾਦਿਕ ਤੇ ਬਿਜੀਆ ਆਛੀ। ਕਯੋਂ ਕਿ ਮਹੇਸ਼ ਆਦਿ ਇਹੁ ਬਾਛੀ। -ਜਿਲਦ ਬਾਹਰਵੀਂ, ਪੰਨਾ 5066

ਉਨ੍ਹਾਂ ਕੋਲ ਅਫੀਮ ਨਾ ਹੋਣ ਕਾਰਨ ਅੱਕ ਦਾ ਦੁੱਧ ਚੋਅ ਕੇ ਪੀਣ ਤੋਂ ਬਾਅਦ ਨਸ਼ੇ ਅਤੇ ਥਕਾਵਟ ਕਾਰਨ ਜੰਗਲ ਵਿਚ ਸੌਂ ਜਾਣ ਵਾਲੀ ਘਟਨਾ।[68]

(ਖ) ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖਾਂ ਨੂੰ ਚਿੰਤਾ ਦੂਰ ਕਰਨ ਵਾਲੀ ਭੰਗ ਅਤੇ ਮਿਰਚਾਂ ਸਮੇਤ ਸੁੱਖਾ ਛਕਣ ਲਈ ਕਹਿਣਾ।[69]

### 2.4 ਫੁਟਕਲ

(ੳ) ਗੁਰੂ ਨਾਨਕ ਸਾਹਿਬ ਦੁਆਰਾ ਸਿੱਧਾ ਨਾਲ ਚਰਚਾ ਤੋਂ ਬਾਅਦ ਵਾਲੇ ਪ੍ਰਸੰਗ ਵਿਚ ਅਕਾਲ ਪੁਰਖ ਦੇ ਪੀਲੇ ਵਸਤਰ ਧਾਰਨ ਕੀਤੇ ਹੋਏ, ਚਾਰ ਬਾਹਾਂ, ਕੰਨਾਂ ਵਿਚ ਸੋਨੇ ਦੇ ਜੜਾਊ ਕੁੰਡਲ, ਹਾਥੀ ਦੇ ਸੁੰਡ ਵਰਗੀਆਂ ਬਾਹਾਂ, ਛਾਤੀ ਤੇ ਵੈਜੰਤੀ ਮਾਲਾ ਆਦਿ ਵਾਲੇ ਦੇਹਧਾਰੀ ਸਰੂਪ ਦਾ ਵਰਣਨ;[70] ਜਿਸ ਨਾਲ ਗੁਰੂ ਨਾਨਕ ਦੇਵ ਜੀ ਵਾਰਤਾਲਾਪ ਕਰਕੇ ਉਸਤਤ ਵੀ ਕਰਦੇ ਹਨ।

---

[68] ਛੱਤ੍ਰਧਾਰ ਕੋ ਸਮਾਂ ਭਯੋ ਤਬਿ ਬਾਰਿ ਬਾਰਿ ਸ੍ਰੀ ਮੁਖ ਜੰਭਾਇ।
ਦਾਸ ਖਾਸ ਡੱਬੇ ਤਬਿ ਕਿਹ ਤਾਂ ਕਹਾਂ ਅਫੀਮ ਬਿਦੇਸ਼ਨ ਆਇ।
ਚਰਨ ਪਖਾਰਨ ਸੇਵਕ ਕਿਹਠਾਂ ਕਹਾਂ ਸੇਜ ਸੁੰਦਰ ਮ੍ਰਿਦੁਲਾਇ।
ਕਹਾਂ ਤੁਰੰਗਮ ਹੇਮ ਜ਼ੀਨ ਜੁਤਿ ਰਹੇ ਇਕਾਕੀ ਗੁਰ ਗਤਿ ਦਾਇ॥
ਹੁਤੋ ਅਰਕ ਕੋ ਬੂਟ ਖਰਯੋ ਤਹਿਂ ਹਰਯੋ ਸਦਲ ਤਹਿਂ ਤੋਰਨ ਕੀਨਿ।
ਏਕ ਪੱਤ੍ਰ ਪਰ ਦੁਗਧ ਨਿਕਾਸਯੋ ਕੇਤਿਕ ਕਰਿ ਕੈ ਪੀਯ ਸੁ ਲੀਨ। -ਜਿਲਦ ਚੌਦਵੀਂ, ਪੰਨਾ 5912

[69] ਚਿਤ ਕੀ ਚਿੰਤਾ ਦੇਤਿ ਮਿਟਾਈ। ਰਿਦੈ ਸੰਤੋਸ਼ ਕਰਹਿਂ ਸੁਖਦਾਈ।
ਕਰਯੋ ਸੁਖਾ ਦੁਖ ਹਰਿਥੇ ਹੇਤੁ। ਛਕਹਿ ਖਾਲਸਾ ਮਿਰਚ ਸਮੇਤ॥
ਛੁਧਾ ਲਗਾਇ ਸਰੀਰ ਨਿਰੋਵਾ। ਕਸ਼ਟ ਸਮੂਹਨਿ ਕੋ ਇਹ ਖੋਵਾ।
ਹੋਨਿ ਲਗੀ ਤਬਿ ਦੇਗ਼ ਬਿਸਾਲਾ। ਛਕਹਿ ਸਿੰਘ ਕੋ ਇਕ ਦ੍ਵੈ ਕਾਲਾ॥ -ਜਿਲਦ ਬਾਹਰਵੀਂ, ਪੰਨਾ 5067

[70] ਪੀਤ ਬਸਨ ਤਨ ਸ਼ਯਾਮ ਸੁ ਬਰਨਾ। ਅਤਿ ਸੁੰਦਰ ਛਬਿ ਮਨ ਕੀ ਹਰਨਾ॥
ਨੀਲ ਸ਼ਿਲਾ ਪਰ ਭੌਰ ਜਿਉ ਆਤਪ ਪਰਯੋ ਸਹਾਇ। ਕੁੰਡਲ ਮੀਨਾਕਾਰ ਜੇ ਪਹਿਰੇ ਕਰਨ ਸੁਭਾਇ॥
ਚਾਰੁ ਭੁਜਾ ਭੂਖਨ ਜਿਨ ਚਾਰੁ। ਕੰਕਨ ਅੰਗਦ ਮੁੱਦ੍ਰਿਕ ਧਾਰੁ।
ਸੀਸ ਕਿਰੀਟ ਧਰੇ ਛਬਿ ਪਾਵਤਿ। ਆਦਿ ਕੁੰਤਲ ਕਚ ਮਨਹਿਂ ਚੁਰਾਵਤਿ॥ -ਜਿਲਦ ਤੀਜੀ, ਪੰਨਾ 762

(ਅ) ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਪਿਤਾ ਦਾ ਸ਼ਰਾਧ ਕਰਵਾ ਕੇ ਪੰਡਿਤਾਂ, ਸੰਨਿਆਸੀਆਂ, ਜੋਗੀਆਂ ਅਤੇ ਵੱਖ-ਵੱਖ ਭੇਖ ਵਾਲਿਆਂ ਨੂੰ ਭੋਜਨ ਛਕਾਉਣਾ।[71]

(ੲ) ਗੁਰੂ ਅੰਗਦ ਦੇਵ ਜੀ ਦੇ ਮੂੰਹੋਂ ਭਾਈ ਬਾਲਾ ਨੂੰ ਗੁਰੂ ਨਾਨਕ ਸਾਹਿਬ ਦੇ ਬਰਾਬਰ ਦਰਸਾਉਣ ਵਾਲਾ ਵਾਕ ਕਢਵਾਉਣਾ।[72]

(ਸ) ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਵਿਚ ਮਾਸ ਵਰਤਾਏ ਜਾਣ ਦਾ ਪ੍ਰਸੰਗ।[73]

(ਹ) ਵਰੁਣ ਦੇਵਤਾ ਦੀ ਭੇਟਾ ਕੀਤੀ ਚੰਗੀ ਕਿਸਮ ਦੀ ਮੱਛੀ, ਗੁਰੂ ਅੰਗਦ ਦੇਵ ਜੀ ਦੁਆਰਾ ਤਿਆਰ ਕਰਵਾ ਕੇ ਗੁਰੂ ਅਮਰਦਾਸ ਜੀ ਨੂੰ ਛਕਾਉਣਾ।[74]

(ਕ) ਗੁਰੂ ਅਰਜਨ ਦੇਵ ਜੀ ਦੁਆਰਾ ਬਾਲ ਹਰਿਗੋਬਿੰਦ ਸਾਹਿਬ ਦੀ ਸ਼ੀਤਲਾ (ਚੇਚਕ) ਠੀਕ ਕਰਨ

---

[71] ਹੁਤੀ ਸ੍ਰਾਧ ਕੀ ਬਿਧਿ ਜੋ ਸਾਰੀ। ਭਲੀ ਪ੍ਰਕਾਰ ਕੀਨਿ ਅਘਹਾਰੀ॥
ਉਠਿ ਪੁਨ ਗਮਨੇ ਦੇਗ਼ ਸਥਾਨਾ। ਸਰਬ ਬਿਲੋਕੇ ਭੋਜਨ ਨਾਨਾ।
ਠੋਰ ਠੋਰ ਨਰ ਭੇਜਿ ਬੁਲਾਏ। ਸੁਨਿ ਆਇਸੁ ਸਭਿ ਹੀ ਚਲਿ ਆਏ॥
ਪੰਡਿਤ ਸੰਨਯਾਸੀ ਬੈਰਾਗੀ। ਜੋਗੀ ਪੁਨ ਆਏ ਬਡਭਾਗੀ।
ਅਵਰ ਭੇਖ ਕੇਤਿਕ ਤਹਿਂ ਆਏ। ਸਭਿ ਪੁਗ ਪਾਂਤਹਿਪਾਂਤਿ ਬਸਾਏ॥ -ਜਿਲਦ ਚੌਥੀ, ਪੰਨਾ 1229

[72] ਸੁਨਿ ਕਥਾ ਸ੍ਰੀ ਅੰਗਦ ਜਬਿ ਹੀ। ਹਰਖਤਿ ਉਰ ਮੁਖ ਬੋਲੇ ਤਬਿ ਹੀ।
ਸੁਨਿ ਬਾਲੇ ਸ੍ਰੀ ਗੁਰ ਸਮ ਤੁਮ ਹੋ। ਧੰਨ ਧੰਨ ਪੁਨ ਧੰਨ ਜਨਮ ਹੋ॥ -ਉਹੀ, ਪੰਨਾ 1150

[73] ਜਿਲਦ ਪੰਜਵੀਂ, ਪੰਨੇ 1375-1376

[74] ਸਲਿਤਾ ਕੂਲ ਸਥਿਤ ਕੋ ਜਾਨਿ। ਜਲਪਤਿ ਪ੍ਰਾਪਤਿ ਭਾ ਤਿਸ ਥਾਨ॥
ਰੁਚਿਰ ਜਾਤ ਕੀ ਸਫਰੀ ਏਕਾ। ਆਗੇ ਧਰ ਕਰਿ ਮਸਤਕ ਟੇਕਾ।
...ਬਹੁਰ ਬਿਦਾ ਹੁਇ ਬਰਣ ਪਧਾਰਾ। ਸ੍ਰੀ ਅੰਗਦ ਤਬਿ ਬਾਕ ਉਚਾਰਾ॥
ਇਹ ਸਫਰੀ ਕਰਿ ਤਯਾਰ ਮੰਗਾਵੋ। ਤੁਰਨ ਕਰਿਕੈ ਇਹਾਂ ਲਿਆਵੋ।
ਹੁਤੋ ਦੂਰ ਇਕ ਸਿੱਖ ਬੁਲਾਯੋ। ਤਿਸਕੋ ਕੇ ਕਰਿ ਨਗਰ ਪਠਾਯੋ॥
ਲਯਾਯੋ ਤੁਰਤ ਤਯਾਰ ਕਰਿ ਸੋਈ। ਡਾਲਿ ਮਸਾਲੇ ਤਲਿਕੈ ਭੋਈ।
ਲੇ ਸ੍ਰੀ ਅਮਰ ਅਗਾਰੀ ਧਰੀ। ਸੋ ਲੇ ਕਰਿ ਗੁਰ ਖਾਵਨ ਕਰੀ॥ -ਉਹੀ, ਪੰਨੇ 1398-1400

ਲਈ ਸ਼ੀਤਲਾ ਦੇਵੀ ਦੀ ਪੂਜਾ ਕਰਨੀ।[75]

(ਖ) ਗੁਰੂ ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਗੁਰੂ ਅਰਜਨ ਦੇਵ ਜੀ ਦਾ ਬ੍ਰਾਹਮਣਾਂ ਰਾਹੀਂ ਗ੍ਰਹਿ-ਨਛੱਤਰਾਂ ਦੀ ਚਾਲ ਦੇ ਹਿਸਾਬ ਨਾਲ ਵਿਆਹ ਵਾਲਾ ਦਿਨ ਮੁਕੱਰਰ ਕਰਨਾ।[76]

(ਗ) ਗੁਰੂ ਤੇਗ ਬਹਾਦਰ ਜੀ ਦੀ ਸਗਾਈ ਸਮੇਂ ਸ਼ੁਭ ਮਹੂਰਤ ਦੀ ਵਿਚਾਰ।[77]

(ਘ) ਗੁਰੂ ਗੋਬਿੰਦ ਸਿੰਘ ਦੁਆਰਾ ਉਨ੍ਹਾਂ ਦੇ ਵਿਆਹ ਸਮੇਂ ਨੌਂ ਗ੍ਰਹਿਆਂ ਅਤੇ ਗਣੇਸ਼ ਦੀ ਪੂਜਾ ਕਰਨੀ।[78]

ਇਸ ਗ੍ਰੰਥ ਵਿਚ ਇਸ ਪ੍ਰਕਾਰ ਦੇ ਅਨੇਕਾਂ ਪ੍ਰਸੰਗ ਪ੍ਰਾਪਤ ਹੋ ਜਾਂਦੇ ਹਨ ਜਿਨ੍ਹਾਂ ਵਿਚ ਵਿਆਹ ਆਦਿ ਦੇ ਮੌਕੇ 'ਤੇ ਇਸ ਤਰ੍ਹਾਂ ਦੇ ਬ੍ਰਾਹਮਣੀ ਕਰਮ ਕਾਂਡ ਕੀਤੇ ਗਏ।

(ਙ) ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਸੰਗਤਾਂ ਦੁਆਰਾ ਹੋਲੀ ਖੇਡਣ ਦਾ ਪ੍ਰਸੰਗ।[79]

(ਚ) ਗੁਰੂ ਗੋਬਿੰਦ ਸਿੰਘ ਦੁਆਰਾ ਦੇਵੀ ਪੂਜਾ ਕਰਨ ਵਾਲਾ ਪ੍ਰਸੰਗ।[80]

ਇਸ ਪ੍ਰਕਾਰ ਦੇ ਜਿਹੜੇ ਪ੍ਰਸੰਗ ਗੁਰਮਤਿ ਸਿਧਾਂਤਾਂ ਦੀ ਕਸਵਟੀ ਤੇ ਪੂਰੇ ਨਹੀਂ ਉੱਤਰਦੇ ਉਨ੍ਹਾਂ ਸੰਬੰਧੀ ਭਾਈ ਵੀਰ ਸਿੰਘ ਨੇ ਪੈਰ ਟਿੱਪਣੀਆਂ ਦੇ ਕੇ ਇਨ੍ਹਾਂ ਨੂੰ ਸਪਸ਼ਟ ਕੀਤਾ ਹੈ ਜਿਸ ਤੋਂ ਬਾਅਦ ਸੰਕਿਆਂ

---

[75] ਜਿਲਦ ਛੇਵੀਂ, ਪੰਨੇ 1950-1957

[76] ਤਬਿ ਸ਼੍ਰੀ ਗੁਰ ਬਿੱਪ੍ਰ ਬੁਲਾਇ ਲਿਯੋ। ਨਿਜ ਪਾਸ ਬਿਠਾਇ ਸੁ ਮਾਨ ਕਿਯੋ।
ਭਰਿ ਅੱਛਤ ਥਾਰ ਧਰਯੋ ਧਨ ਕੋ। ਕਹਿ ਸੋਧਹੁ ਬਯਾਹਨਿਕੇ ਦਿਨਕੋ॥
ਸੁਨਿ ਬਿੱਪ੍ਰ ਲਯੋ ਪਤਰਾ ਕਰ ਮੈਂ। ਦਿਨ ਦੇਖਿ ਬਿਚਾਰਤਿ ਭਾ ਉਰ ਮੈਂ।
ਗ੍ਰੈਹ ਵਾਰ ਨਿਛੱਤ੍ਰਨਿ ਰਾਸਿਨਿ ਕੋ। ਦਿਨ ਜਾਨਿ ਸੁ ਬਯਾਹ ਪ੍ਰਕਾਸ਼ਨਿਕੋ॥ -ਉਹੀ, ਪੰਨਾ 2225

[77] ਤਬਿ ਭਾਈ ਨੇ ਗਣਕ ਬੁਲਾਯੋ। ਲੇ ਸਤਿਗੁਰ ਕੇ ਨਿਕਟਿ ਬਿਠਾਯੋ।
ਸੋਧਿ ਮਹੂਰਤ ਭਲੇ ਸੁਨਾਯੋ। ਆਨ ਬਿੱਪ੍ਰ ਕੋ ਤਬਹਿ ਦਿਖਾਯੋ॥ -ਜਿਲਦ ਅਠਵੀਂ, ਪੰਨਾ 3083

[78] ਪੂਜਤਿ ਨਵ ਗ੍ਰਿਹ ਗਣਪਤਿ ਸਾਥ। ਕਹੈਂ ਕ੍ਰਿੱਤ ਠਾਨਹਿਂ ਗੁਰੁ ਨਾਥ। -ਜਿਲਦ ਗਿਆਰਵੀਂ, ਪੰਨਾ 4546

[79] ਜਿਲਦ ਬਾਹਰਵੀਂ, ਪੰਨੇ 5087-5092

[80] ਉਹੀ, ਪੰਨੇ 4930-4962

ਦੀ ਗੁੰਜਾਇਸ਼ ਘੱਟ ਜਾਂਦੀ ਹੈ। ਉਦਾਹਰਣ ਵਜੋਂ ਭਾਈ ਵੀਰ ਸਿੰਘ ਨੇ ਇਸ ਗ੍ਰੰਥ ਦੀ ਬਾਰਵੀਂ ਜਿਲਦ ਵਿਚ ਆਏ ਦੇਵੀ ਪੂਜਾ ਦੇ ਪ੍ਰਸੰਗ ਬਾਰੇ ਇਸੇ ਜਿਲਦ ਦੇ ਪੰਨਾ 4969 ਤੋਂ 5027 ਤੱਕ ਇਕ ਵਿਸਤ੍ਰਿਤ ਟਿੱਪਣੀ ਕਰ ਕੇ ਦੇਵੀ ਪੂਜਾ ਬਾਰੇ ਸਿੱਖੀ ਦੇ ਵਿਚਾਰ ਨੂੰ ਸਪਸ਼ਟ ਕੀਤਾ ਹੈ।

ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ- *ਭਾਈ ਸਾਹਿਬ ਨੂੰ ਗੁਰਮਤਿ ਵਿਚ ਪੂਰੀ ਸ਼ਰਧਾ ਅਤੇ ਪ੍ਰੇਮ ਸੀ, ਪਰ ਪੰਡਿਤਾਂ ਦੀ ਸੰਗਤ ਅਰ ਪ੍ਰੇਰਨਾ ਦ੍ਵਾਰਾ ਕਿ ਜੇ ਆਪ ਗੁਰੂਆਂ ਦੀ ਕਥਾ ਨੂੰ ਪੁਰਾਣ ਰੀਤੀ ਅਨੁਸਾਰ ਅਵਤਾਰਾਂ ਜਿਹੀ ਲਿਖੋਗੇ ਅਤੇ ਸ਼ਾਸ਼ਤ੍ਰਾਂ ਤੋਂ ਵਿਰੁੱਧ ਆਪ ਦੇ ਪੁਸਤਕ ਨਹੀਂ ਹੋਣਗੇ ਤਾਂ ਉਨ੍ਹਾਂ ਦਾ ਪ੍ਰਚਾਰ ਹੋਊ ਅਤੇ ਸਭ ਆਪ ਦੀ ਰਚਨਾ ਨੂੰ ਆਦਰ ਨਾਲ ਪੜ੍ਹਣਗੇ, ਕਈ ਥਾਈਂ ਟੱਪਲਾ ਖਾ ਗਏ ਹਨ।*[81] ਪਰੰਤੂ ਭਾਈ ਕਾਨ੍ਹ ਸਿੰਘ ਨਾਭਾ ਦਾ ਇਹ ਕਥਨ ਠੀਕ ਨਹੀਂ ਜਾਪਦਾ ਕਿਉਂਕਿ ਗੁਰਮਤਿ ਵਿਚ ਪੂਰੀ ਸ਼ਰਧਾ ਰੱਖਣ ਵਾਲਾ ਵਿਅਕਤੀ ਕਦੀ ਵੀ ਆਪਣੀ ਦੁਨਿਆਵੀ ਵਡਿਆਈ ਲਈ ਕੋਈ ਵੀ ਕਾਰਜ ਅਜਿਹਾ ਨਹੀਂ ਕਰ ਸਕਦਾ ਜੋ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਹੋਵੇ। ਇਸ ਗੱਲ ਦੀ ਪ੍ਰਮਾਣਿਕਤਾ ਗੁਰਬਾਣੀ ਦੇ ਇਸ ਕਥਨ ਤੋਂ ਹੋ ਜਾਂਦੀ ਹੈ-

ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥

ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥[82]

ਜੇਕਰ ਅਵਤਾਰਵਾਦ ਦੀ ਗੱਲ ਕਰੀਏ ਤਾਂ ਸਿੱਖ ਧਰਮ ਇਸ ਨੂੰ ਪ੍ਰਵਾਨ ਨਹੀਂ ਕਰਦਾ ਪਰੰਤੂ ਇਸ ਗ੍ਰੰਥ ਵਿਚ ਵਿਚਲੇ ਅਵਤਾਰਵਾਦ ਵਾਲੇ ਪ੍ਰਸੰਗ ਕਵੀ ਜੀ ਦਾ ਆਪਣਾ ਨਿਜੀ ਵਿਸ਼ਵਾਸ ਹਨ ਜਿਨ੍ਹਾਂ ਦਾ ਕਾਰਨ ਸ਼ਾਇਦ ਭਾਈ ਸੰਤੋਖ ਸਿੰਘ ਦੁਆਰਾ ਗੁਰੂ ਸਾਹਿਬਾਨ ਨੂੰ ਅਵਤਾਰਾਂ ਦੇ ਤੁੱਲ ਦਰਸਾ ਕੇ ਉਨ੍ਹਾਂ ਦੀ ਵਡਿਆਈ ਕਰਨਾ ਹੈ। ਕਵੀ ਜੀ ਦੇ ਇਸ ਪੱਖ ਬਾਰੇ ਪਿਛਲੇ ਪੰਨਿਆਂ ਵਿਚ ਵਿਚਾਰ ਕੀਤੀ ਜਾ ਚੁੱਕੀ ਹੈ।

ਦੂਸਰਾ ਸਿਧਾਂਤਕ ਪੱਖ ਕਰਾਮਾਤੀ ਘਟਨਾਵਾਂ ਸੰਬੰਧੀ ਹੈ। ਕਰਾਮਾਤ ਨੂੰ ਗੁਰਮਤਿ ਵਿਚ ਕਹਿਰ ਦਾ ਨਾਮ ਦੇ ਕੇ ਸਪਸ਼ਟ ਤੌਰ 'ਤੇ ਅਪ੍ਰਵਾਨ ਕੀਤਾ ਗਿਆ ਹੈ। ਕਰਾਮਾਤ ਦੀ ਕਹਿਰ ਵਾਲੀ ਪਰਿਭਾਸ਼ਾ

---

[81] *ਮਹਾਨ ਕੋਸ਼,* ਪੰਨਾ 244

[82] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* , ਪੰਨਾ 444

ਵਿਚ ਜਾਦੂ ਵਰਗੇ ਅਜਿਹੇ ਕਾਰਜਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਮਨੁੱਖ ਆਪਣੇ ਲਾਭ ਜਾਂ ਵਡਿਆਈ ਦੀ ਪ੍ਰਾਪਤੀ ਲਈ ਕਰਦਾ ਹੈ। ਇਸ ਗ੍ਰੰਥ ਦੀਆਂ ਕਰਾਮਾਤੀ ਘਟਨਾਵਾਂ ਦੇ ਅਧਿਐਨ ਤੋਂ ਇਸ ਵਿਸ਼ੇ ਸੰਬੰਧੀ ਇਹ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜਿਨ੍ਹਾਂ ਘਟਨਾਵਾਂ ਨੂੰ ਮਨੁੱਖ ਆਪਣੀ ਬੁੱਧੀ ਦੇ ਪੱਧਰ ਤੇ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ ਉਨ੍ਹਾਂ ਘਟਨਾਵਾਂ ਨੂੰ ਮਨੁੱਖ ਕਰਾਮਾਤ ਜਾਂ ਚਮਤਕਾਰ ਦਾ ਨਾਮ ਦੇ ਦਿੰਦਾ ਹੈ। ਇਸ ਗੱਲ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜੀ ਘਟਨਾ ਕਿਸੇ ਇਕ ਮਨੁੱਖ ਦੀ ਬੁੱਧੀ ਨੂੰ ਕਰਾਮਾਤ ਜਾਪਦੀ ਹੋਵੇ, ਦੂਸਰਾ ਮਨੁੱਖ ਉਸ ਨੂੰ ਆਪਣੀ ਬੁੱਧੀ ਦੇ ਵਿਕਸਤ ਪੱਧਰ ਰਾਹੀਂ ਸਮਝ ਲਵੇ। ਇਸ ਗ੍ਰੰਥ ਵਿਚ ਵਰਣਿਤ ਕਰਾਮਾਤੀ ਘਟਨਾਵਾਂ ਸੰਬੰਧੀ ਭਾਈ ਵੀਰ ਸਿੰਘ ਦਾ ਵਿਚਾਰ ਹੈ- *ਇਸ ਵੀਚਾਰ ਮੂਜਬ ਕਈ ਲੋਕ ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਤ੍ਰਿਸਕਾਰ ਨਾਲ ਤੱਕਦੇ ਹਨ ਕਿ ਇਸ ਵਿੱਚ ਕਰਾਮਾਤਾਂ ਲਿਖੀਆਂ ਹਨ, ਇਸ ਕਰਕੇ ਸਾਰਾ ਹੀ ਮੰਨਣ ਯੋਗ ਨਹੀਂ। ਪਰ ਭਾਈ ਸੰਤੋਖ ਸਿੰਘ ਜੀ ਬਹੁਤ ਅਨਯਾਯ ਕਰ ਜਾਂਦੇ ਜੇਕਰ ਉਹ ਅਸੰਭਵ ਦੀ ਖਿਆਲੀ ਯੁਕਤੀ ਅੱਗੇ ਰੱਖ ਕੇ ਉਨ੍ਹਾਂ ਹਾਲਾਤਾਂ ਨੂੰ ਦਰਜ ਕਰਨੋਂ ਸੰਕੋਚ ਕਰ ਜਾਂਦੇ, ਜੋ ਉਨ੍ਹਾਂ ਨੂੰ ਕਰਾਮਾਤ ਦੇ ਨਾਮ ਹੇਠ ਆਉਣ ਵਾਲੇ ਮਿਲੇ ਸਨ। ਉਨ੍ਹਾਂ ਦੇ ਐਸਾ ਨਾ ਕਰਨੇ ਦਾ ਇਹ ਕਾਰਨ ਵੀ ਹੈ ਕਿ ਓਹ ਆਪ ਅੱਭਯਾਸੀ ਪੁਰਖ ਸਨ, ਉਨ੍ਹਾਂ ਨੂੰ 'ਏਕਾਗ੍ਰ ਚਿੱਤ' ਦੀਆਂ ਸ਼ਕਤੀਆਂ ਦਾ ਪਤਾ ਸੀ, ਉਂਜ ਬੀ ਉਨ੍ਹਾਂ ਨੂੰ ਜੋ ਹਾਲਾਤ ਮਿਲੇ ਸਨ ਉਨ੍ਹਾਂ ਨੇ ਲਿਖ ਦੇਣੇ ਸਨ। ਹੁਣ ਦੇ ਪਾਠਕਾਂ ਨੂੰ ਚਾਹੀਏ ਕਿ ਜੇ ਉਹ ਕਰਾਮਾਤ ਨੂੰ ਨਹੀਂ ਮੰਨਦੇ ਤਾਂ ਨਾ ਮੰਨਣ, ਪਰ ਕਵੀ ਜੀ ਨੂੰ ਘਾੜਤਾਂ ਘੜਣ ਦਾ ਦੋਸ਼ ਨਾ ਦੇਣ, ਕਿਉਂਕਿ ਉਨ੍ਹਾਂ ਨੂੰ ਜੋ ਹਾਲਾਤ ਮਿਲੇ ਉਨ੍ਹਾਂ ਨੇ ਲਿਖਣੇ ਸਨ। ਕੋਈ ਹਾਲਾਤ ਉਨ੍ਹਾਂ ਨੇ ਛਿਪਾਏ ਨਹੀਂ, ਕੋਈ ਪੱਲਿਓਂ ਨਹੀਂ ਪਾਏ।*[83] ਇਸ ਗ੍ਰੰਥ ਵਿਚਲੀਆਂ ਕਰਾਮਾਤੀ ਘਟਨਾਵਾਂ ਦੇ ਅਧਿਐਨ ਸਮੇਂ ਇਨ੍ਹਾਂ ਦੋਵੇਂ ਪੱਖਾਂ ਨੂੰ ਸਾਹਮਣੇ ਰੱਖਣ ਦੀ ਜਰੂਰਤ ਹੈ।

ਜੇਕਰ ਨਸ਼ਿਆਂ ਬਾਰੇ ਪ੍ਰਾਪਤ ਹੋਣ ਵਾਲੇ ਪ੍ਰਸੰਗਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਪ੍ਰਸੰਗਾਂ ਨੂੰ ਕਦੀ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬਾਨ ਵਰਗੀ ਪੈਗੰਬਰੀ ਅਜ਼ਮਤ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲਾ ਜਾਂ ਨਸ਼ੇ ਕਰਨ ਲਈ ਕਹਿਣ ਵਾਲਾ ਲਿਖਣਾ ਉਨ੍ਹਾਂ ਦੀ ਬਹੁਤ ਵੱਡੀ ਨਿਰਾਦਰੀ ਹੈ ਕਿਉਂਕਿ

---

[83] ਜਿਲਦ ਪਹਿਲੀ, ਪੰਨੇ 64-65

ਗੁਰਬਾਣੀ ਵਿਚ ਬੁੱਧੀ ਅਤੇ ਸਰੀਰ ਦਾ ਨਾਸ ਕਰਨ ਮਨ ਨੂੰ ਭਟਕਾਉਣ ਵਾਲੇ ਨਸ਼ੇ ਦੇ ਖੰਦਣ ਵਾਲੇ ਅਨੇਕਾਂ ਪ੍ਰਮਾਣ ਪ੍ਰਾਪਤ ਹੋ ਜਾਂਦੇ ਹਨ। ਅਜਿਹੇ ਪ੍ਰਸੰਗ ਇਸ ਗ੍ਰੰਥ ਦਾ ਹਿੱਸਾ ਕਿਵੇਂ ਬਣੇ? ਇਹ ਗੱਲ ਵਿਚਾਰਨਯੋਗ ਹੈ। ਭਾਈ ਵੀਰ ਸਿੰਘ ਅਨੁਸਾਰ ਕਵੀ ਜੀ ਨੇ ਭਾਈ ਸੁੱਖਾ ਸਿੰਘ ਦੀ ਰਰਨਾ ਗੁਰਬਿਲਾਸ ਤੋਂ ਅਫੀਮ ਭੰਗ ਦਾ ਖਿਆਲ ਲੈ ਕੇ ਬਿਨਾ ਖੋਜ ਕੀਤੇ ਹੀ ਆਪਣੇ ਗ੍ਰੰਥ ਵਿਚ ਲਿਖ ਦਿੱਤਾ। ਇਸ ਗੱਲ ਨੂੰ ਵੀ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਅਜਿਹੇ ਪ੍ਰਸੰਗ ਭਾਈ ਸੰਤੋਖ ਸਿੰਘ ਨੇ ਹੀ ਇਸ ਗ੍ਰੰਥ ਵਿਚ ਸ਼ਾਮਿਲ ਕੀਤੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਇਸ ਰਚਨਾ ਦੀਆ ਕਈ ਥਾਵਾਂ ’ਤੇ ਨਸ਼ਿਆਂ ਦੇ ਨੁਕਸਾਨ ਤੋਂ ਸੁਚੇਤ ਵੀ ਕੀਤਾ ਹੈ। ਉਦਾਹਰਣ ਵਜੋਂ, ਰੁਤਿ 5 ਦੇ ਅੰਸੂ 29 ਵਿਚ[84] ਤੰਬਾਕੂ ਵਾਲੇ ਖੇਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਵੇਸ਼ ਨਾ ਕਰਨ ਵਾਲੀ ਘਟਨਾ ਦੇ ਕੇ ਤੰਬਾਕੂ ਦੇ ਸਰੀਰ ਅਤੇ ਮਨ ਉਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਲਿਖਿਆ ਹੈ। ਇਸ ਗ੍ਰੰਥ ਵਿਚ ਕਈ ਥਾਵਾਂ ’ਤੇ ਮਿਲਣ ਵਾਲਾ ਅਜਿਹਾ ਵਿਰੋਧਾਭਾਸ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਕਵੀ ਜੀ ਤੋਂ ਬਾਅਦ ਗਲਤ ਭਾਵਨਾ ਵਾਲੇ ਅਨਸਰਾਂ ਵੱਲੋਂ ਇਸ ਵਿਚ ਛੇੜਛਾੜ ਕਰ ਕੇ ਮਿਲਾਵਟ ਕੀਤੀ ਗਈ ਹੈ। ਅਜਿਹੇ ਨਸ਼ਿਆਂ ਦੀ ਵਰਤੋਂ ਵਾਲੇ ਪ੍ਰਸੰਗ ਭਾਈ ਸੰਤੋਖ ਸਿੰਘ ਨੇ ਕਿਸੇ ਗ੍ਰੰਥ ਵਿਚੋਂ ਆਪਣੀ ਇਸ ਰਚਨਾ ਵਿਚ ਸ਼ਾਮਿਲ ਕੀਤੇ ਜਾਂ ਬਾਅਦ ਵਿਚ ਸ਼ਰਾਰਤ ਤਹਿਤ ਗੁਰਮਤਿ ਵਿਰੋਧੀ ਤੱਤਾਂ ਦੁਆਰਾ ਸ਼ਾਮਿਲ ਕੀਤੇ ਗਏ ਪਰ ਅਜਿਹੇ ਅਫੀਮ ਅਤੇ ਭੁੱਕੀ ਦੀ ਵਰਤੋਂ ਵਾਲੇ ਪ੍ਰਸੰਗ ਇਸ ਗ੍ਰੰਥ ’ਤੇ ਪ੍ਰਸ਼ਨ ਖੜ੍ਹੇ ਕੀਤੇ ਜਾਣ ਦਾ ਕਾਰਨ ਬਣਦੇ ਹਨ।

ਸੁਹਿਰਦ ਅਤੇ ਖੋਜੀ ਬਿਰਤੀ ਵਾਲੇ ਪਾਠਕ ਇਸ ਗ੍ਰੰਥ ਨੂੰ ਪੜ੍ਹ ਕੇ ਇਸ ਵਿਚਲੇ ਅਜਿਹੇ ਮਿਲਾਵਟੀ ਤੱਤਾਂ ਨੂੰ ਭਲੀ ਭਾਂਤ ਮਹਿਸੂਸ ਕਰ ਲੈਂਦੇ ਹਨ ਜੋ ਭਾਈ ਸੰਤੋਖ ਸਿੰਘ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ। ਅਪ੍ਰਤੱਖ ਰੂਪ ਗ੍ਰੰਥ ਦੇ ਮੂਲ ਪਾਠ ਨਾਲ ਛੇੜਛਾੜ ਕੀਤੇ ਜਾਣ ਵਾਲੇ ਅਨੇਕਾਂ ਪ੍ਰਸੰਗ ਪ੍ਰਾਪਤ ਹੋ ਸਕਦੇ ਹਨ ਜੋ ਅਪ੍ਰਤੱਖ ਰੂਪ ਵਿਚ ਹਨ ਭਾਵ ਕਿ ਜੋ ਹਵਾਲਿਆਂ ਦੇ ਰੂਪ ਵਿਚ ਸਾਹਮਣੇ ਨਹੀਂ ਆ ਸਕੇ ਪਰੰਤੂ ਪ੍ਰਤੱਖ ਰੂਪ ਵਿਚ ਮਿਲਣ ਵਾਲੇ ਕੁੱਝ ਹਵਾਲੇ ਇਸ ਗ੍ਰੰਥ ਦੇ ਪਾਠ ਨਾਲ ਕੀਤੀ ਛੇੜਛਾੜ ਨੂੰ ਦਰਸਾਉਂਦੇ ਹਨ ਜੋ ਇਸ ਪ੍ਰਕਾਰ ਹਨ-

[84] ਜਿਲਦ ਤੇਰਵੀਂ, ਪੰਨੇ 5585-5589

(ੳ) ਪਹਿਲਾ ਹਵਾਲਾ[85], ਲਾਹੌਰ ਤੋਂ ਛਪੇ ਇਸ ਗ੍ਰੰਥ ਦੀ ਰਾਸ ਪਹਿਲੀ, ਅਧਿਆਇ 20 ਦੇ ਅੰਕ 16 ਦੇ ਅੰਤ ਤੋਂ ਅੰਕ 20 ਦੀ ਦੂਸਰੀ ਲਾਈਨ ਤੱਕ ਬਦਲਿਆ ਗਿਆ ਮੂਲ ਪਾਠ। ਇਹ ਪਾਠ ਪੰਜ ਹੱਥ ਲਿਖਤ ਖਰੜਿਆਂ ਦੇ ਮੌਜੂਦ ਪਾਠ ਨਾਲੋਂ ਜਾਣ ਬੁਝ ਕੇ ਬਦਲਿਆ ਗਿਆ ਹੈ। ਛਪੇ ਹੋਏ ਇਸ ਗ੍ਰੰਥ ਦੇ ਬਦਲੇ ਹੋਏ ਪਾਠ ਦੇ ਨਾਲ ਹੀ ਕਿਸੇ ਨੇ ਲਿਖਿਆ ਹੈ 'ਜਿਨ ਪਾਠ ਹਟਾਇਆ ਹੈ ਗੁਰੂ ਕਾ ਦੇਣਦਾਰ ਹੈ'।

(ਅ) ਦੂਸਰਾ ਹਵਾਲਾ[86] ਪ੍ਰਿ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਸਿੰਘ ਨੇ ਸਾਹਮਣੇ ਲਿਆਂਦਾ ਹੈ। ਗੁਰੂ ਹਰਿ ਰਾਇ ਸਾਹਿਬ ਜੀ ਦੇ ਸੱਤ ਵਿਆਹ ਹੋਣ ਵਾਲੇ ਪ੍ਰਸੰਗ ਸੰਬੰਧੀ ਉਹ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਸੱਤ ਵਿਆਹਾਂ ਦਾ ਜ਼ਿਕਰ ਸੂਰਜ ਪ੍ਰਕਾਸ਼ ਦੇ ਕੇਵਲ ਇਕ ਹੱਥ ਲਿਖਤ ਖਰੜੇ ਵਿਚ ਹੀ ਮਿਲਦਾ ਹੈ ਜੋ ਅੰਕਾਂ ਵਾਲੇ ਪੰਨਿਆਂ ਤੋਂ ਬਿਨਾਂ ਪੱਤਰਿਆਂ ਉੱਤੇ ਲਿਖਿਆ ਹੋਇਆ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਪੱਤਰੇ ਪਿਛੋਂ ਪਾਏ ਗਏ ਹਨ। ਮੰਦੇ ਭਾਗਾਂ ਨੂੰ ਅੱਜ-ਕਲ੍ਹ ਪ੍ਰਚਲਿਤ ਰੂਪ ਦਾ ਇਹੀ ਖਰੜਾ ਆਧਾਰ ਬਣਿਆ।

(ਅ) ਤੀਸਰਾ ਹਵਾਲਾ, ਇਸ ਗ੍ਰੰਥ ਵਿਚ ਵਰਣਿਤ ਗੁਰੂ ਅਰਜਨ ਦੇਵ ਜੀ ਦੁਆਰਾ ਸ਼ੀਤਲਾ ਦੇਵੀ ਦੀ ਪੂਜਾ ਵਾਲੇ ਪ੍ਰਸੰਗ ਸੰਬੰਧੀ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਬਾਲ ਹਰਿਗੋਬਿੰਦ ਸਾਹਿਬ ਦੀ ਸੀਤਲਾ ਨੂੰ ਠੀਕ ਕਰਨ ਲਈ ਸ਼ੀਤਲਾ ਦੇਵੀ ਦੀ ਪੂਜਾ ਕਰਨ ਵਾਲੇ ਪ੍ਰਸੰਗ ਵਿਚ ਪੂਜਾ ਸਥਾਨ ਦਾ ਨਾਮ ਦੁਰਗਿਆਨਾ ਮੰਦਰ ਲਿਖਿਆ ਗਿਆ ਹੈ। ਭਾਈ ਵੀਰ ਸਿੰਘ ਅਨੁਸਾਰ[87] ਦੁਰਗਿਆਨਾ ਮੰਦਿਰ ਦੀ ਸ਼ਹਿਰ ਦੀ ਦਿਸ਼ਾ ਵਾਲੀ ਬਾਹੀ ਵੱਲ ਦੇ ਥੰਮਾਂ ਵਿਚਕਾਰ ਦੀਵਾਰ 'ਤੇ ਲਿਖੀ ਸੂਚਨਾ ਅਨੁਸਾਰ ਇਸ ਮੰਦਿਰ ਦਾ ਤਲਾਬ ਸੰਮਤ 1905 (1848 ਈ.) ਵਿਚ ਬਣਿਆ ਜਿਸ ਦੇ ਆਧਾਰ 'ਤੇ ਬਾਅਦ ਵਿਚ ਇਸ ਮੰਦਰ ਦਾ ਨਾਮ ਦੁਰਗਿਆਨਾ ਮੰਦਰ ਪ੍ਰਚੱਲਿਤ ਹੋ ਗਿਆ। ਇਹ ਮੰਦਰ ਵੀ ਸਿੱਖ ਮਿਸਲ

---

[85] ਜਿਲਦ ਪੰਜਵੀਂ, ਪੰਨਾ 1399 (ਫੁੱਟਨੋਟ)

[86] ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), *ਸਿੱਖ ਇਤਿਹਾਸ*, ਪੰਨਾ 48

[87] ਜਿਲਦ ਛੇਵੀਂ, ਪੰਨਾ 1954

ਕਾਲ ਤੋਂ ਵੱਧ ਪੁਰਾਣਾ ਨਹੀਂ। ਸੰਮਤ 1905 ਬਿਕਰਮੀ ਤੋਂ ਬਾਅਦ ਤਲਾਬ ਦੇ ਨਾਮ ਤੇ ਪ੍ਰਚੱਲਿਤ ਹੋਏ ਦੁਰਗਿਆਨਾ ਮੰਦਿਰ ਦੇ ਇਸ ਨਾਮ ਦਾ ਜ਼ਿਕਰ ਇਸ ਗ੍ਰੰਥ ਵਿਚ ਆਉਣਾ ਇਸ ਪ੍ਰਸੰਗ ਵਿਚ ਮਿਲਾਵਟ ਨੂੰ ਸਿੱਧ ਕਰਦਾ ਹੈ ਕਿਉਂਕਿ ਇਸ ਗ੍ਰੰਥ ਦੀ ਰਚਨਾ ਸੰਮਤ 1900 ਵਿਚ ਹੋ ਚੁੱਕੀ ਸੀ। ਸਪਸ਼ਟ ਹੈ ਕਿ ਦੁਰਗਿਆਨਾ ਮੰਦਰ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਸੀਤਲਾ ਦੇਵੀ ਦੀ ਪੂਜਾ ਕਰਨ ਦਾ ਪ੍ਰਸੰਗ ਸੰਮਤ 1905 ਤੋਂ ਬਾਅਦ ਵਿਚ ਪਿਆ ਹੈ।

ਦੇਵੀ ਪੂਜਾ ਅਤੇ ਬ੍ਰਾਹਮਣੀ ਕਰਮ ਕਾਂਡਾਂ ਵਾਲੇ ਪ੍ਰਸੰਗ ਬਾਬਤ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਇਸ ਗ੍ਰੰਥ ਵਿਚ ਗੁਰੂ ਉਪਮਾ ਨੂੰ ਦੂਸ਼ਿਤ ਕਰਨ ਵਾਲੀ ਮਿਲਾਵਟ ਦਾ ਸਿੱਟਾ ਹਨ। ਹੁਣ ਪ੍ਰਸ਼ਨ ਉੱਠਦਾ ਹੈ ਕਿ ਇਹ ਮਿਲਾਵਟ ਕਿਸ ਨੇ ਕੀਤੀ। ਦੇਵੀ ਪੂਜਾ ਦੇ ਪ੍ਰਸੰਗ ਬਾਰੇ ਭਾਈ ਵੀਰ ਸਿੰਘ ਦਾ ਵਿਚਾਰ[88] ਹੈ ਕਿ ਇਹ ਪ੍ਰਸੰਗ ਭਾਈ ਸੰਤੋਖ ਸਿੰਘ ਦੇ ਦੇਵੀ ਪੂਜਕ ਪੁੱਤਰ ਅਜੈ ਸਿੰਘ ਨੇ ਪਾਇਆ ਹੈ। ਇਹ ਵਿਚਾਰ ਡੂੰਘੇ ਅਧਿਐਨ ਕਰਨ ਤੋਂ ਬਾਅਦ ਠੀਕ ਵੀ ਜਾਪਦਾ ਹੈ ਕਿਉਂਕਿ ਉਨ੍ਹਾਂ ਦੀ ਰਚਨਾ ਵਿਚ ਅਜਿਹੇ ਹਵਾਲੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਦੇਵੀ ਨੂੰ ਗੁਰੂ ਸਾਹਿਬਾਨ ਦੇ ਮੁਕਾਬਲੇ ਛੋਟੀ ਸ਼ਕਤੀ ਵਜੋਂ ਦਰਸਾਇਆ ਗਿਆ ਹੈ, ਜਿਵੇਂ-

(ੳ) ਭਾਈ ਭਗੀਰਥ ਨੂੰ ਚੰਡਿਕਾ ਦੇਵੀ ਨੇ ਸੁਪਨੇ ਵਿਚ ਆ ਕੇ ਮੁਕਤੀ ਦੇਣ ਤੋਂ ਅਸਮਰੱਥਾ ਪ੍ਰਗਟ ਕਰਨੀ ਅਤੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਤੋਂ ਉੱਚਾ ਦੱਸ ਕੇ ਮੁਕਤੀ ਦਾ ਦਾਤਾ ਕਹਿਣਾ।[89]

(ਅ) ਅਸਾਮ ਵਾਲੀ ਮੁਹਿੰਮ ਦੌਰਾਨ ਦੇਵੀ ਦਾ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਆਪਣੀ

---

[88] ਜਿਲਦ ਪਹਿਲੀ, ਪੰਨੇ 147 ਅਤੇ 169

[89] ਅਰਧ ਨਿਸਾ ਬੀਤੀ ਅਲਸਾਵਾ ॥ ਤਬਹਿ ਚੰਡਿਕਾ ਸੁਪਨ ਦਿਖਾਵਾ ॥

...ਪਰਾਬਲਧ ਹੈ ਤਨ ਕੀ ਜੌ ਲੈ ॥ ਸੇਵਹੁ ਸ੍ਰੀ ਨਾਨਕ ਪਗ ਤੌ ਲੈ ॥

ਪੁਰਿ ਸੁਲਤਾਨਹਿ ਕੀਨਿ ਦੁਕਾਨਾ ॥ ਦੁਰਯੋ ਰਹਿਤ ਹੈ ਜਾਇ ਨ ਜਾਨਾ ॥

ਸ੍ਰੀ ਕਰਤਾਰ ਰੂਪ ਅਵਤਾਰਾ ॥ ਕਲਿ ਨਰ ਤਾਰਨ ਕੋ ਤਨ ਧਾਰਾ ॥

ਧਰਿ ਸ਼ਰਧਾ ਦਰਸ਼ਨ ਦੁਖ ਦਾਹੁ ॥ ਜਗ ਜੀਵਨ ਕੋ ਲੇਵਹੁ ਲਾਹੁ ॥ -ਜਿਲਦ ਦੂਜੀ, ਪੰਨੇ 353-354

ਅਸਮਰੱਥਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੂੰ ਤਿੰਨ ਲੋਕਾਂ ਦਾ ਅਵਤਾਰ ਮੰਨਣਾ ਅਤੇ ਰਾਜੇ ਸਮੇਤ ਸਮੂਹ ਪਰਜਾ ਨੂੰ ਗੁਰੂ ਜੀ ਦੀ ਸ਼ਰਨ ਵਿਚ ਜਾਣ ਲਈ ਕਹਿਣਾ।[90]

ਅਨੰਦਘਨ ਦੁਆਰਾ ਗੁਰੂ ਨਾਨਕ ਸਾਹਿਬ ਦਾ ਗੁਰੂ, ਦੇਵੀ ਨੂੰ ਲਿਖਣ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਪੂਜਕ ਕਹਿਣ 'ਤੇ ਉਸ ਦਾ ਸਖ਼ਤ ਸ਼ਬਦਾਂ ਵਿਚ[91] ਉੱਤਰ ਦੇ ਕੇ ਦੇਵੀ ਪੂਜਾ ਦਾ ਖੰਡਨ ਕਰਨ ਵਾਲੇ ਭਾਈ ਸੰਤੋਖ ਸਿੰਘ, ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਪੂਜਕ ਕਿਸ ਪ੍ਰਕਾਰ ਲਿਖ ਸਕਦੇ ਹਨ। ਇਹ ਆਪਾ ਵਿਰੋਧੀ ਵਿਚਾਰ ਭਾਈ ਸੰਤੋਖ਼ ਸਿੰਘ ਦੀ ਸ਼ਖ਼ਸੀਅਤ ਨਾਲ ਮੇਲ ਨਹੀਂ ਖਾਂਦੇ। ਭਾਈ ਵੀਰ ਸਿੰਘ ਨੇ ਅਜੈ ਸਿੰਘ ਬਾਬਤ ਇਹ ਵਿਚਾਰ[92] ਵੀ ਦਿੱਤਾ ਹੈ ਕਿ ਉਹ ਚੰਗਾ ਵਿਦਵਾਨ, ਸੰਸਕ੍ਰਿਤ ਦਾ ਵੇਤਾ ਅਤੇ ਕਵੀ ਹੋਣ ਦੇ ਨਾਲ-ਨਾਲ ਦੇਵੀ ਪੂਜਕ ਵੀ ਸੀ ਜੋ ਕਵੀ ਜੀ ਦੇ ਚਲਾਣੇ ਤੋਂ ਬਾਅਦ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ

---

[90] ਤਬਹਿ ਭਵਨ ਤੇ ਬਾਨੀ ਭਈ ॥ ਸੁਨਿ ਰਾਨੀ! ਨਿਸ ਮਹਿ ਜਿਮ ਥਈ ॥
ਤੀਨ ਲੋਕ ਪਤਿ ਕੋ ਅਵਤਾਰਾ ॥ ਸ੍ਰੀ ਨਾਨਕ ਜਸੁ ਜਗਤ ਮਝਾਰ ॥
ਤਿਸ ਗਾਦੀ ਗੁਰ ਤੇਗ ਬਹਾਦਰ ॥ ਜਹਾਂ ਸਿਮਰੀਅਹਿ ਤਿਸ ਥਲ ਹਾਦਰ ॥
...ਜੋ ਸ਼ਰਧਾ ਧਰਿ ਸ਼ਰਨੀ ਪਰੈ ॥ ਤਿਹ ਸਹਾਇਤਾ ਸਭਿ ਥਲ ਕਰੈ ॥
...ਤੁਮ ਭੀ ਤਿਸ ਕੀ ਸ਼ਰਨਿ ਸਿਧਾਰੋ ॥ ਮਿਲ ਕਰਿ ਅਪਨੇ ਕਾਜ ਸੁਧਾਰੋ ॥
ਰਾਜ ਅਟਲ ਨਹਿ ਮਿਟਹਿ ਤੁਮਾਰੋ ॥ ਮੇਰੋ ਕਹਿਯੋ ਸਾਚ ਨਿਰਧਾਰੋ ॥
...ਰਾਜਾ ਰਾਨੀ ਸਭਿ ਪਰਿਵਾਰ ॥ ਤੂੰ ਭੀ ਜਾਹੁ ਸੰਗ ਤਿਨ ਧਾਰਿ ॥ -ਜਿਲਦ ਦਸਵੀਂ, ਪੰਨਾ 4257

[91] 'ਗੁਰੁ ਈਸਰੁ ਗੁਰੁ ਗੋਰਖੁ' ਇਸ ਤੁਕ ਕੇ ਅਰਥ ਮੈਂ ਅਨੰਦਘਨ ਅਧਿਕ ਨੀਰ ਮਥਯੋ ਹੈ। ਜਿਤਨੇ ਕਹਯੋ ਹੈ ਸੋ ਸਭੁ ਅਪਨੇ ਅਨਜਾਨਪਨੇ ਹਸਤਾਮਲ ਕਰ ਦਿਖਾਯੋ ਹੈ।...ਐਸੇ ਮਤਵਾਰਯੋਂ ਕੇ ਕਹਨ ਕਰਿ ਸੁਨਨਵਾਰੋ ਕਿਸ ਪਰ ਨਿਸਚਾ ਕਰੈ?....ਮਨ ਕੀ ਮਤਿ ਕਰਿ ਜੋ ਅਨੰਦਘਨ ਲਿਖ ਗਯੋ ਹੈ ਤਿਸ ਤੇ ਕਿਸੀ ਨੇ ਮਾਨ ਕਰਿ ਅੰਗੀਕਾਰ ਭੀ ਨਹੀ ਕਰਿ ਲਯੋ ਹੈ।.... ਅਰੁ ਦੇਵੀ ਜੋ ਪ੍ਰਤਖ ਕਰੀ ਕਹਿਤੇ ਹੈ, ਸੁ ਕੈਸੇ? ਜੋ ਅਨੇਕ ਸਥਾਨ ਬਿਖੈ ਅਪਨੀ ਬਾਣੀ ਮੈਂ ਉਸਤੁਤਿ ਚੰਡਕਾ ਕੀ ਕਰੀ ਹੈ, ਤਿਸ ਕੋ ਸੁਨਿਕੈ ਪਿਛੈ ਤੇ ਲੋਗ ਅਨੰਦਘਨ ਜੈਸੇ ਕਹਿਤੇ ਹੈਂ ਜੋ ਦਸਵੀਂ ਪਾਤਸ਼ਾਹੀ ਕੋ ਗੁਰੂ ਦੇਵੀ ਹੈ। ਤਹਾਂ ਭੀ ਨਿਰਨੈ ਕਰ ਗਏ ਹੈਂ। ਪ੍ਰਮਾਣ- ਆਦਿ ਅੰਤ ਏਕੈ ਅਵਤਾਰਾ।। ਸੋਈ ਗੁਰੂ ਸਮਝਿਅਹੁ ਹਮਾਰਾ।।

-ਸੰਤੋਖ ਸਿੰਘ, ਭਾਈ, *ਸ੍ਰੀ ਜਪੁ ਸਾਹਿਬ ਸਟੀਕ ਗਰਬ ਗੰਜਨੀ ਟੀਕਾ,* ਪੰਨੇ 51-53

[92] ਜਿਲਦ ਪਹਿਲੀ, ਪੰਨਾ 169

ਇਕ ਪੋਥੀ ਆਪਣੇ ਨਾਲ ਅਨੰਦਪੁਰ ਸਾਹਿਬ ਲੈ ਗਿਆ ਅਤੇ ਉੱਥੇ ਇਸ ਦੀ ਕਥਾ ਕਰਦਾ ਰਿਹਾ। ਇਹ ਵੀ ਹੋ ਸਕਦਾ ਹੈ ਕਿ ਇਸ ਸਮੇਂ ਦੌਰਾਨ ਅਜੈ ਸਿੰਘ ਨੇ ਗ੍ਰੰਥ ਵਿਚ ਕੁੱਝ ਵਾਧੇ ਘਾਟੇ ਕੀਤੇ ਹੋਣ ਅਤੇ ਉਸ ਦੀ ਕਾਵਿਕ ਸ਼ੈਲੀ[93] ਕੁੱਝ ਹੱਦ ਤੱਕ ਕਵੀ ਜੀ ਨਾਲ ਮਿਲਦੀ ਜੁਲਦੀ ਹੋਣ ਕਰਕੇ ਇਨ੍ਹਾਂ ਵਾਧੇ ਘਾਟਿਆਂ ਨੂੰ ਭਾਈ ਸੰਤੋਖ ਸਿੰਘ ਦੀ ਹੀ ਰਚਨਾ ਮੰਨ ਲਿਆ ਗਿਆ।

ਗੁਰੂ ਜਸ ਵਿਚ ਬਿਘਨ ਪਾਉਣ ਵਾਲੇ ਬਿਘਨਕਾਰੀਆਂ ਸੰਬੰਧੀ ਕਵੀ ਜੀ ਨੇ ਆਪਣੀ ਰਚਨਾ ਵਿਚ ਨਿੰਦਕ, ਮੂਰਖ ਅਤੇ ਈਰਖਾ ਵਾਲੇ ਕਹਿ ਕੇ ਅਜਿਹੇ ਚਾਰ ਵਿਅਕਤੀਆਂ ਵੱਲ ਗਧੇ, ਝੋਟੇ, ਸੂਰ ਅਤੇ ਕੁੱਤੇ ਦੀ ਸੰਗਯਾ ਦੇ ਕੇ ਇਸ਼ਾਰਾ ਵਿਚ ਕੀਤਾ ਹੈ ਜੋ ਗੁਰੂ ਇਤਿਹਾਸ ਰੂਪੀ ਗੰਗਾ ਨੂੰ ਗੰਦਾ ਕਰਨ ਦਾ ਯਤਨ ਕਰਦੇ ਸਨ-

ਨਿੰਦਕ ਮੂਰਖ ਮਤਸਰ ਧਾਰੀ । ਰਾਸ਼ਭ, ਮਹਿਖ, ਕੋਲ ਸਮ ਭਾਰੀ।
ਖੌਰੂ ਪਾਇ ਕੁਬਚ ਕੋ ਭਾਖੈ। ਦੂਖਤਿ ਕਰਨ ਗਾਂਦਲੀ ਕਾਂਖੈ।[94]
ਮਹਿਖ, ਕੋਲ, ਖਰ, ਸ੍ਵਾਨ ਮਿਲ ਚਹੈਂ ਮਲਿਨ ਕਰਿ ਗੰਗ।
ਤਿਮ ਬਾਦੀ ਗੁਰ ਕਥਾ ਕੋ ਚਲੈ ਨ ਬਸਿ ਕੁਛ ਸੰਗ।[95]

ਹੋ ਸਕਦਾ ਹੈ ਕਿ ਇਹ ਇਸ਼ਾਰਾ ਉਨ੍ਹਾਂ ਚਾਰ ਲਿਖਾਰੀਆਂ ਵੱਲੋਂ ਹੋਵੇ ਜਿਨ੍ਹਾਂ ਬਾਰੇ ਭਾਈ ਵੀਰ ਸਿੰਘ ਲਿਖਦੇ ਹਨ[96] ਕਿ ਭਾਈ ਸੰਤੋਖ ਸਿੰਘ 'ਤੇ ਚਾਰ ਕੁ ਹੋਰ ਵਿਦਵਾਨਾਂ ਦਾ ਕੁੰਡਾ ਲੱਗਿਆ ਹੋਇਆ ਸੀ ਜੋ ਕਵੀ ਜੀ ਦੀ ਸਹਾਇਤਾ ਲਈ ਲਗਾਏ ਗਏ ਸਨ ਪਰ ਇਨ੍ਹਾਂ ਦਾ ਪ੍ਰਭਾਵ ਅਤੇ ਕਾਰਜ ਕੁੰਡੇ ਵਾਲਾ ਸੀ। ਕਈ ਵਾਰ ਇਨ੍ਹਾਂ ਤੋਂ ਤੰਗ ਹੋ ਕੇ ਕਵੀ ਜੀ ਕੈਥਲ ਛੱਡ ਕੇ ਵੀ ਚਲੇ ਜਾਂਦੇ ਸਨ ਅਤੇ ਹਰ ਵਾਰ ਭਾਈ ਉਦੈ ਸਿੰਘ ਉਨ੍ਹਾਂ ਨੂੰ ਮਨਾ ਕੇ ਵਾਪਸ ਲੈ ਆਉਂਦੇ। ਕਈ ਵਾਰ ਭਾਈ ਸੰਤੋਖ ਸਿੰਘ ਗ੍ਰੰਥ ਸੰਪੂਰਨਤਾ ਦੀ ਮਜਬੂਰੀ ਕਾਰਨ

---

[93] ਭਾਈ ਵੀਰ ਸਿੰਘ ਨੇ ਪੋਥੀ ਪਹਿਲੀ ਵਾਲੀ ਜਿਲਦ ਦੇ ਪੰਨੇ 173-174 'ਤੇ ਅਜੈ ਸਿੰਘ ਦੁਆਰਾ ਰਚਿਤ ਕੁੱਝ ਛੰਦਾਂ ਦਾ ਵੇਰਵਾ ਪ੍ਰਦਾਨ ਕੀਤਾ ਹੈ ਜਿਸ ਤੋਂ ਉਸ ਦੀ ਕਾਵਿਕ ਸ਼ੈਲੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

[94] ਜਿਲਦ ਗਿਆਰਵੀਂ, ਪੰਨਾ 4395

[95] ਉਹੀ, ਪੰਨਾ 4500

[96] ਜਿਲਦ ਪਹਿਲੀ, ਪੰਨਾ 148

ਇਨ੍ਹਾਂ ਨਾਲ ਛੋਟੇ ਪੱਧਰ ਦਾ ਸਮਝੌਤਾ ਵੀ ਕਰ ਲੈਂਦੇ ਅਤੇ ਬਾਅਦ ਵਿਚ ਉਸ ਦਾ ਸਮਾਧਾਨ ਕਰਦੇ। ਇਸ ਗ੍ਰੰਥ ਵਿਚਲੇ ਬਹੁਤ ਸਾਰੇ ਗੁਰਮਤਿ ਵਿਰੋਧੀ ਪ੍ਰਸੰਗ ਅਜਿਹੇ ਸਮਝੌਤਿਆਂ ਦਾ ਹੀ ਸਿੱਟਾ ਹਨ ਜਿਨ੍ਹਾਂ ਦਾ ਸਮਾਧਾਨ ਭਾਈ ਸੰਤੋਖ ਸਿੰਘ ਦੁਆਰਾ ਕਿਸੇ ਕਾਰਨ ਕਰਕੇ ਕੀਤਾ ਨਹੀਂ ਜਾ ਸਕਿਆ। ਅਜਿਹੇ ਸਮਝੌਤਾਵਾਦੀ ਵਰਤਾਰੇ ਦਾ ਕਾਰਨ, ਭਾਈ ਸੰਤੋਖ ਸਿੰਘ ਦੇ ਮਨ ਵਿਚ ਇਸ ਗ੍ਰੰਥ ਦੀ ਸੰਪੂਰਨਤਾ ਸੰਬੰਧੀ ਪੈਦਾ ਹੋਇਆ ਖ਼ਦਸਾ ਸੀ ਕਿ ਜੇਕਰ ਗ੍ਰੰਥ ਦੀ ਰਚਨਾ ਵਿਚ ਇਨ੍ਹਾਂ ਦੋਖੀਆਂ ਕਾਰਨ ਰੁਕਾਵਟ ਪੈ ਗਈ ਤਾਂ ਦੁਬਾਰਾ ਇਕ ਥਾਂ 'ਤੇ ਅਜਿਹੀ ਸਮੱਗਰੀ ਅਤੇ ਰਾਜਸੀ ਆਸਰਾ ਮਿਲਣਾ ਮੁਸ਼ਕਲ ਹੋ ਜਾਵੇਗਾ।

3.

ਜੇਕਰ ਇਤਿਹਾਸਿਕ ਪੱਖ ਤੋਂ ਇਸ ਗ੍ਰੰਥ ਦੀ ਗੱਲ ਕਰੀਏ ਤਾਂ ਸਾਨੂੰ ਇਸ ਵਿੱਚੋਂ ਅਜਿਹੇ ਪ੍ਰਸੰਗ ਅਤੇ ਘਟਨਾਵਾਂ ਵੀ ਪ੍ਰਾਪਤ ਹੋ ਜਾਣਗੀਆਂ ਜੋ ਇਤਿਹਾਸਿਕ ਪੱਖ ਤੋਂ ਕਮਜ਼ੋਰ ਹਨ। ਅਸਲ ਵਿਚ ਇਹ ਗ੍ਰੰਥ ਨਾ ਤਾਂ ਨਿਰੋਲ ਇਤਿਹਾਸਿਕ ਗ੍ਰੰਥ ਹੈ ਅਤੇ ਨਾ ਹੀ ਇਸ ਉਦੇਸ਼ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਇਸ ਗ੍ਰੰਥ ਨੂੰ ਅਸੀਂ ਇਤਿਹਾਸਿਕ ਕਾਵਿ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਸਕਦੇ ਹਾਂ ਜਿਸ ਦੀ ਰਚਨਾ ਭਾਈ ਸੰਤੋਖ ਸਿੰਘ ਨੇ ਗੁਰੂ ਜਸ ਕਰਨ ਦੇ ਉਦੇਸ਼ ਨਾਲ ਕੀਤੀ ਹੈ। ਇਤਿਹਾਸਿਕ ਕਾਵਿ ਵਿਚ ਕਾਵਿਕ ਤਰੀਕੇ ਨਾਲ ਵਰਣਿਤ ਇਤਿਹਾਸ ਹੁੰਦਾ ਹੈ ਜਿਸ ਵਿਚ ਕਵੀ ਦੀਆਂ ਆਪਣੀਆਂ ਕਾਵਿਕ ਉਡਾਰੀਆਂ ਅਤੇ ਅਲੰਕ੍ਰਿਤ ਭਾਸ਼ਾ ਸ਼ਾਮਿਲ ਹੁੰਦੀਆਂ ਹਨ। ਇਸ ਵਿਚਾਰ ਦੀ ਪੁਸ਼ਟੀ ਜੈ ਭਗਵਾਨ ਗੋਇਲ ਦੇ ਇਸ ਕਥਨ ਦੁਆਰਾ ਹੋ ਜਾਂਦੀ ਹੈ-*ਇਹ ਇੱਕ ਇਤਿਹਾਸਿਕ ਕਾਵਿ ਹੈ, ਇਤਿਹਾਸ ਗ੍ਰੰਥ ਨਹੀਂ। ਇਸ ਲਈ, ਕਵੀ ਨੂੰ ਆਪਣੀ ਪ੍ਰੇਰਨਾ, ਅਨੁਭੂਤੀ ਅਤੇ ਉਦੇਸ਼ ਦੇ ਅਨੁਸਾਰ ਇਤਿਹਾਸ-ਕਥਾ ਨੂੰ ਪੇਸ਼ ਕਰਨ ਦੀ ਸੁਤੰਤਰਤਾ ਨਹੀਂ ਹੈ।* [97]

ਭਾਈ ਵੀਰ ਸਿੰਘ ਨੇ ਇਸ ਗ੍ਰੰਥ ਦੇ ਇਤਿਹਾਸ ਨੂੰ 'ਕੋਮਲ ਉਨਰੀ ਇਤਿਹਾਸ' ਦੀ ਸ਼੍ਰੇਣੀ ਵਿਚ ਸ਼ਾਮਿਲ ਕਰਦੇ ਹੋਏ ਇਸ ਨੂੰ ਵਿਗਿਆਨਿਕ ਇਤਿਹਾਸ ਦੇ ਨੇੜੇ ਦੱਸਿਆ ਹੈ।[98] ਉਨਰੀ ਇਤਿਹਾਸ ਤੋਂ ਭਾਵ ਹੈ ਅਜਿਹਾ ਇਤਿਹਾਸ, ਜਿਸ ਵਿਚ ਬਿਰਤਾਂਤ ਵਾਲੇ ਪੱਖ ਨਾਲੋਂ ਸਾਹਿਤਕ ਅਤੇ ਅਧਿਆਤਮਕ ਪੱਖ ਵਧੇਰੇ

---

[97] ਜੈ ਭਗਵਾਨ ਗੋਇਲ (ਡਾ.), *ਮਹਾਂਕਵੀ ਸੰਤੋਖ ਸਿੰਘ: ਜੀਵਨ ਤੇ ਰਚਨਾ*, ਪੰਨਾ 46

[98] ਜਿਲਦ ਪਹਿਲੀ, ਪੰਨੇ 61-63

ਪ੍ਰਬਲ ਹੁੰਦੇ ਹਨ। ਇਨ੍ਹਾਂ ਨੂੰ ਪੜ੍ਹ ਸੁਣ ਕੇ ਪਾਠਕ ਅਤੇ ਆਮ ਲੋਕਾਈ ਦਾ ਮਨ ਅਧਿਆਤਮਿਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਪ੍ਰਤੀ ਹਾਂ ਪੱਖੀ ਪ੍ਰੇਰਨਾ ਪ੍ਰਾਪਤ ਕਰਦਾ ਹੈ। ਇਸ ਗ੍ਰੰਥ ਦੇ ਕਾਵਿ ਸ਼ੈਲੀ ਵਿਚ ਲਿਖੇ ਗੁਰ ਇਤਿਹਾਸ ਸੰਬੰਧੀ ਪਿਆਰਾ ਸਿੰਘ ਪਦਮ ਲਿਖਦੇ ਹਨ- *ਬਹੁਤ ਡੂੰਘੀ ਛਾਣਬੀਣ ਤੋਂ ਬਾਅਦ ਉਨ੍ਹਾਂ ਇਸ ਮਸਲੇ ਨੂੰ ਜਿਸ ਕਾਵਿ ਕੌਸ਼ਲਤਾ ਨਾਲ ਗੁੰਦਿਆ, ਉਹ ਆਪ ਦਾ ਹੀ ਕੰਮ ਸੀ। ਇਸ ਤਰ੍ਹਾਂ ਉਨ੍ਹਾਂ ਇਤਿਹਾਸ ਜਿਹੇ ਖ਼ੁਸ਼ਕ ਵਿਸ਼ੇ ਨੂੰ ਕਲਾ ਦੀ ਰੰਗਣ ਨਾਲ ਅਜਿਹਾ ਰਸੀਲਾ ਅਤੇ ਛਬੀਲਾ ਬਣਾ ਦਿੱਤਾ ਕਿ ਇਹ ਇਤਿਹਾਸ ਦੇ ਨਾਤੇ ਹੀ ਨਹੀਂ ਬਲਕਿ ਮਹਾਨ-ਕਾਵਿ ਦੇ ਨਾਤੇ ਵੀ ਵਡਮੁੱਲੀ ਰਚਨਾ ਬਣ ਗਈ।*[99]

ਇਤਿਹਾਸਿਕ ਪੱਖ ਤੋਂ ਕਮਜ਼ੋਰ ਪੱਖ ਵਾਲੇ ਪ੍ਰਸੰਗਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਭਗਤ ਸਾਹਿਬਾਨ ਦੁਆਰਾ ਸਰੀਰਕ ਰੂਪ ਵਿਚ ਆ ਕੇ ਆਪਣੀ ਬਾਣੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਕਰਨ ਦਾ ਬਿਰਤਾਂਤ, ਬੀਬੀ ਕੌਲਾਂ ਦਾ ਬਿਰਤਾਂਤ, ਗੁਰੂ ਹਰਿ ਰਾਇ ਸਾਹਿਬ ਦੇ ਵਿਆਹ, ਗੁਰੂ ਤੇਗ਼ ਬਹਾਦਰ ਜੀ ਦੀ ਦਿੱਲੀ ਵਿਚ ਕੈਦ ਦੇ ਅਰਸੇ ਦੌਰਾਨ ਵਾਪਰੀਆਂ ਘਟਨਾਵਾਂ, ਖ਼ਾਲਸਾ ਪੰਥ ਦੀ ਸਾਜਣਾ, ਚਾਰ ਸਾਹਿਬਜ਼ਾਦਿਆਂ ਦੇ ਨਾਵਾਂ ਦਾ ਕ੍ਰਮ, ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਯਾਤਰਾ ਦੌਰਾਨ ਵਿਆਹ, ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਨ੍ਹਾਂ ਦਾ ਕਾਰਨ ਉਸ ਇਤਿਹਾਸਿਕ ਸਮੱਗਰੀ ਨੂੰ ਵੀ ਮੰਨਿਆ ਜਾ ਸਕਦਾ ਹੈ ਜੋ ਭਾਈ ਸੰਤੋਖ ਸਿੰਘ ਨੂੰ ਉਸ ਸਮੇਂ ਪ੍ਰਾਪਤ ਹੋਈ। ਇਸ ਸਮੱਗਰੀ ਦੀ ਸੁਧਾਈ ਪੱਖੋਂ ਕਵੀ ਜੀ ਵੱਡੇ ਪੱਧਰ 'ਤੇ ਚੇਤੰਨ ਵੀ ਸਨ ਜਿਸ ਸੰਬੰਧੀ ਉਨ੍ਹਾਂ ਦੀ ਰਚਨਾ ਵਿੱਚੋਂ ਸੰਕੇਤ ਪ੍ਰਾਪਤ ਹੋ ਜਾਂਦੇ ਹਨ, ਜਿਵੇਂ ਕਿ ਉਨ੍ਹਾਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਸੰਬੰਧੀ ਲਿਖਿਆ[100] ਹੈ ਕਿ ਅਸਲੀ ਜਨਮਸਾਖੀ ਹੰਦਾਲੀਆਂ ਨੇ ਬਿਆਸ ਦਰਿਆ ਵਿਚ ਪ੍ਰਵਾਹ ਕਰ ਦਿੱਤੀ ਸੀ ਪਰੰਤੂ ਜਾਪਦਾ ਹੈ ਕਿ ਸਰੋਤਾਂ ਦੀ ਘਾਟ ਦੀ ਮਜਬੂਰੀ ਕਾਰਨ ਭਾਈ ਸੰਤੋਖ ਸਿੰਘ ਨੂੰ ਇਸ ਮਿਲਾਵਟੀ ਜਨਮ ਸਾਖੀ ਦਾ ਵੀ ਸਹਾਰਾ ਲੈਣਾ ਪਿਆ।

ਉਨ੍ਹਾਂ ਦੀਆਂ ਵੱਖ ਵੱਖ ਗੁਰ ਅਸਥਾਨਾਂ ਦੀਆਂ ਕੀਤੀਆਂ ਯਾਤਰਾਵਾਂ, ਜੋ ਉਨ੍ਹਾਂ ਨੇ ਸੰਬੰਧਿਤ ਸਥਾਨ

---

[99] ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨਾ 33

[100] ਪੂਰਬ ਪੋਥੀ ਹੁਤੀ ਜੁ ਸੋਈ। ਦਈ ਬਿਪਾਸਾ ਬੀਚ ਡਬੋਈ।

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰ ਅੰਗਦ ਲਿਖਵਾਈ। - *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਗ ਤੀਜਾ, ਪੰਨਾ 438

ਦਾ ਇਤਿਹਾਸ ਲਿਖਣ ਲਈ ਕੀਤੀਆਂ, ਇਸ ਗੱਲ ਦਾ ਪ੍ਰਤੀਕ ਹਨ ਕਿ ਉਨ੍ਹਾਂ ਨੇ ਇਸ ਗ੍ਰੰਥ ਦੇ ਇਤਿਹਾਸਿਕ ਪੱਖ ਨੂੰ ਸਹੀ ਢੰਗ ਨਾਲ ਲਿਖਣ ਦੀ ਪੂਰੀ ਕੋਸ਼ਿਸ਼ ਕੀਤੀ। ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ *ਭਾਈ ਸੰਤੋਖ ਸਿੰਘ ਦੇ ਸਾਹਮਣੇ ਗੁਰੂ ਸਾਹਿਬਾਨ ਦਾ ਕੋਈ ਵਿਗਿਆਨਕ ਇਤਿਹਾਸ ਵੀ ਨਹੀਂ ਸੀ, ਜਿਹੋ ਜਿਹੇ ਅੱਜ ਸਾਡੇ ਕੋਲ ਹੈ। ਉਸ ਸਮੇਂ ਇਤਿਹਾਸ 'ਤੇ ਆਧਾਰਿਤ ਕਾਵਿ ਗ੍ਰੰਥ ਲਿਖੇ ਜਾਂਦੇ ਸਨ ਜਾਂ ਪੁਰਾਣ ਲਿਖੇ ਜਾਂਦੇ ਸਨ। ਅਜਿਹੇ ਗ੍ਰੰਥਾਂ ਵਿਚ ਇਹ ਗੱਲ ਜ਼ਰੂਰੀ ਨਹੀਂ ਸੀ ਕਿ ਉਹ ਆਪਣੇ ਗ੍ਰੰਥ ਵਿਚ ਲਿਖੇ ਜਾਣ ਵਾਲੇ ਤੱਥਾਂ ਦੀ ਇਤਿਹਾਸਿਕ ਦ੍ਰਿਸ਼ਟੀ ਨਾਲ ਪੜਤਾਲ ਕਰੇ।*[101]

ਭਾਈ ਸੰਤੋਖ ਸਿੰਘ ਦੁਆਰਾ ਆਪਣੀ ਕਮਜ਼ੋਰ ਸਰੀਰਕ ਹਾਲਤ ਅਤੇ ਸਮੇਂ ਦੀ ਘਾਟ ਕਾਰਨ ਇਸ ਗ੍ਰੰਥ ਦੀ ਸੁਧਾਈ ਨਾ ਕਰ ਪਾਉਣਾ, ਇਸ ਗ੍ਰੰਥ ਦੇ ਅਜਿਹੇ ਪ੍ਰਸੰਗਾਂ ਦਾ ਇਕ ਬਹੁਤ ਵੱਡਾ ਕਾਰਨ ਹੈ। ਅਕਾਦਮਿਕ ਕਾਰਜ ਕਰਨ ਵਾਲੇ ਇਸ ਗੱਲ ਨੂੰ ਭਲੀ ਭਾਂਤ ਸਮਝ ਸਕਦੇ ਹਨ ਕਿ ਕਿਸੇ ਲਿਖਤ ਦੀ ਸੁਧਾਈ (Proof Reading) ਦੀ ਅਣਹੋਂਦ, ਉਸ ਲਿਖਤ ਨੂੰ ਉਸ ਦੇ ਮੌਲਿਕ ਸਰੂਪ ਅਤੇ ਮੂਲ ਭਾਵਨਾ ਤੋਂ ਬਹੁਤ ਦੂਰ ਲੈ ਜਾਂਦੀ ਹੈ। ਇਹੀ ਤ੍ਰਾਸਦੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਹੀ ਹੈ। ਕਵੀ ਜੀ ਦੁਆਰਾ ਇਸ ਗ੍ਰੰਥ ਦੀ ਸੁਧਾਈ ਨਾ ਹੋ ਸਕਣ ਦੀ ਪੁਸ਼ਟੀ ਭਾਈ ਵੀਰ ਸਿੰਘ ਦੇ ਇਸ ਵੇਰਵੇ ਤੋਂ ਹੋ ਜਾਂਦੀ ਹੈ- *ਕਵੀ ਜੀ ਦੇ ਸਮੇਂ ਇਕ ਗਿਆਨੀ ਹੋਏ ਹਨ, ਭਾਈ ਸਰੂਪ ਸਿੰਘ। ਆਪ ਗਿਆਨੀ, ਰਾਗੀ ਤੇ ਕਵੀ ਤ੍ਰੈਏ ਸਨ, ਆਪ ਚਿਰਕਾਲ ਸ੍ਰੀ ਅੰਮ੍ਰਿਤਸਰ ਵੀ ਰਹੇ। ਗੁਰਸਿੱਖੀ ਪ੍ਰਚਾਰ ਤੇ ਵਿਦਿਆ ਪੜ੍ਹਣ ਪੜ੍ਹਾਣ ਦਾ ਸ਼ੌਕ ਬਹੁਤ ਰੱਖਦੇ ਸੇ। ਆਪ ਕੈਂਥਲ ਗਏ ਸੁਣੀਦੇ ਹਨ, ਕਵੀ ਜੀ ਦੇ ਜਿਉਂਦਿਆਂ ਨਹੀਂ ਪਰ ਕੁਛ ਸਮਾਂ ਮਗਰੋਂ। ਉੱਥੇ ਜਾਕੇ ਆਪ ਨੇ ਅਸਲੀ ਕਾਪੀ ਗੁਰ ਪ੍ਰਤਾਪ ਦੀ ਦੇਖਣ ਲਈ ਯਤਨ ਕੀਤਾ। ਕਵੀ ਜੀ ਦੇ ਸੰਚੇ ਵਿਚ ਆਪ ਨੂੰ ਯਤਨ ਕਰਦਿਆਂ ਉਸਦੇ ਦਰਸ਼ਨ ਹੋ ਗਏ। ਉਸ ਵਿਚ ਆਪ ਨੇ ਕੀ ਡਿੱਠਾ ਕਿ ਕਈ ਪ੍ਰਸੰਗ ਤੇ ਸਤਰਾਂ ਪਰ ਜਗਾ ਜਗਾ ਗੇਰੂ ਨਾਲ ਲਾਲ ਲੀਕਾਂ ਦੇ ਨਿਸ਼ਾਨ ਦਿੱਤੇ ਹਨ। ਪਤਾ ਕਰਨ ਤੋਂ ਥਹੁ ਲੱਗਾ ਕਿ ਏਹ ਨਿਸ਼ਾਨ ਕਵੀ ਜੀ ਨੇ ਉਨ੍ਹਾਂ ਟਿਕਾਣਿਆਂ 'ਤੇ ਕੀਤੇ ਸਨ ਜਿਨ੍ਹਾਂ ਨੂੰ ਆਪ ਸੋਧਣਾ ਅਵੱਸ਼ਯਕ ਸਮਝਦੇ ਸਨ। ਅਨੁਮਾਨ*

[101] *ਮਹਾਂਕਵੀ ਭਾਈ ਸੰਤੋਖ ਸਿੰਘ ਦਾ ਰਚਨਾ ਸੰਸਾਰ*, ਹਰਮੀਤ ਸਿੰਘ, ਡਾ. (ਸੰਪਾ.), ਪੰਨੇ 24-25

*ਕੀਤਾ ਗਿਆ ਕਿ ਲਗ ਭਗ ਇਤ੍ਰਾਜ਼ਾਂ ਵਾਲੇ ਥਾਂ ਲਾਲ ਲੀਕ ਨਾਲ ਅੰਕਿਤ ਸਨ।* [102] ਜੇਕਰ ਭਾਈ ਸੰਤੋਖ ਸਿੰਘ ਦੁਆਰਾ ਇਨ੍ਹਾਂ ਪ੍ਰਸੰਗਾਂ ਅਤੇ ਸਤਰਾਂ ਦੀ ਸੁਧਾਈ ਕਰਨ ਤੋਂ ਬਾਅਦ ਇਸ ਦੇ ਕੁੱਝ ਉਤਾਰੇ ਕਰਵਾ ਦਿੱਤੇ ਜਾਂਦੇ (ਜੋ ਕਿ ਸਿਹਤ ਅਤੇ ਸਮੇਂ ਦੀ ਮਜਬੂਰੀ ਕਾਰਨ ਸੰਭਵ ਨਾ ਹੋ ਸਕਿਆ) ਤਾਂ ਇਸ ਗ੍ਰੰਥ ਦਾ ਮੌਜੂਦਾ ਸਰੂਪ ਕੁੱਝ ਹੋਰ ਹੋਣਾ ਸੀ।

ਇਸ ਵਿਸ਼ੇ ਸੰਬੰਧੀ ਸਭ ਤੋ ਅਹਿਮ ਪੱਖ ਹੈ ਭਾਈ ਸੰਤੋਖ ਸਿੰਘ ਦੁਆਰਾ ਇਸ ਗ੍ਰੰਥ ਦੀ ਪਹਿਲੀ ਰੁੱਤ ਦੇ ਮੰਗਲਾਂ ਵਿਚ ਚੌਪਈ ਰੂਪ ਕਾਵਿ ਬੰਦ, ਜਿਸ ਵਿਚ ਉਨ੍ਹਾਂ ਨੇ ਆਪਣੀ ਥੋੜ੍ਹੀ ਮੱਤ ਕਾਰਨ ਹੋਈਆਂ ਭੁੱਲਾਂ ਚੁੱਕਾਂ ਲਈ ਬੁੱਧੀਮਾਨ ਪ੍ਰੇਮੀ ਗੁਰਸਿੱਖਾਂ ਅਤੇ ਸੰਗਤ ਤੋਂ ਖਿਮਾਂ ਮੰਗੀ ਹੈ-

> ਸੁਮਤਿਵੰਤਿ ਪ੍ਰੇਮੀ ਸਤਿ ਸੰਗਤਿ। ਜੇ ਸੁਨਿ ਹੈ ਗੁਰ ਜਸ ਕਰ ਪੰਗਤ।
> ਸਭ ਕੇ ਚਰਨ ਬੰਦਨਾ ਕਰੌਂ। ਮਤ ਥੋਰੀ ਤੇ ਪੁਨਪੁਨ ਡਰੌਂ।
> ਭੂਲ ਚੂਕ ਹੋਇ ਹੁਇ ਦੂਖਨ ਸਮਾ। ਸੁਨਿ ਨਹਿ ਤਰਕਹਿ ਕੀਜਹਿ ਖਿਮਾ।
> ਇਸ ਹਿਤ ਬਿਨਯ ਕਰੌਂ ਕਰ ਜੋਰ। ਸਭਿ ਸ਼੍ਰੋਤਨ ਕੇ ਚਰਨ ਨਿਹੋਰਿ।[103]

ਮੰਗਲਾਂ ਦੇ ਅੰਤ ਵਿਚ ਇਹ ਬੇਨਤੀ ਵੀ ਕੀਤੀ ਹੈ ਕਿ ਜੋ ਵੀ ਪ੍ਰੇਮੀ ਸਿੱਖ ਵਰਤਮਾਨ ਜਾਂ ਭਵਿੱਖ ਵਿਚ ਇਸ ਗ੍ਰੰਥ ਨੂੰ ਪੜ੍ਹੇ, ਉਹ ਨਾਂਹ ਪੱਖੀ ਵਰਤਾਰਿਆਂ ਅਤੇ ਵਿਚਾਰਾਂ ਨੂੰ ਛੱਡ ਕੇ ਪਵਿੱਤਰ ਗੁਣਾਂ ਦੇ ਸਮੂਹ ਨੂੰ ਹੀ ਮਨ ਵਿਚ ਧਾਰਨ ਕਰੇ-

> ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਯ। ਪਠਹਿ ਸੁਨਹਿ ਅਬਿ ਕਿਧੌਂ ਭਵਿੱਖਯ।
> ਨਹਿ ਦੂਖਨ ਕੁਛ ਰਿਦੈ ਬਿਚਾਰੋ। ਪਾਵਨ ਗੁਨ ਗਨ ਕੋ ਮਨ ਧਾਰੋ।[104]

ਉਨ੍ਹਾਂ ਨੇ ਆਪਣੀਆਂ ਹੋਣ ਵਾਲੀਆਂ ਭੁੱਲਾਂ ਲਈ ਸਿੱਖਾਂ ਨੂੰ ਅਜਿਹੀਆਂ ਭੁਲਾਂ ਗਲਤੀਆਂ ਪੜ੍ਹ ਸੁਣ ਕੇ ਰੋਸ ਨਾ ਕਰਨ ਦੀ ਬੇਨਤੀ ਕੀਤੀ ਹੈ ਅਤੇ ਸਿੱਖ ਪੰਥ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਪੰਥ ਨੂੰ ਜਿਵੇਂ ਉਚਿਤ ਲੱਗੇ, ਇਸ ਨੂੰ ਸੋਧ ਸਕਦਾ ਹੈ-

---

[102] ਜਿਲਦ ਪਹਿਲੀ, ਪੰਨਾ 175

[103] ਜਿਲਦ ਗਿਆਰਵੀਂ, ਪੰਨਾ 4496

[104] ਉਹੀ, ਪੰਨਾ 4500

ਜਹਾ ਭੂਲ ਮੁਝ ਤੇ ਕੁਛ ਹੋਈ ॥ ਸੁਨਿ ਪਠਿ ਕਰੋ ਰੋਸ ਨਹਿੰ ਕੋਈ ॥

ਕ੍ਰਿਪਾ ਧਾਰਿ ਸੋ ਲੇਹੁ ਬਨਾਏ ॥ ਜਿਉਂ ਸਤਿਗੁਰ ਸਿੱਖਨ ਮਨ ਭਾਏ ॥

ਇਸ ਸੰਬੰਧ ਵਿਚ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਇਸ ਗ੍ਰੰਥ ਦੇ ਪ੍ਰਸੰਗ ਇਲਾਹੀ ਬਾਣੀ ਨਹੀਂ ਹਨ ਜਿਨ੍ਹਾਂ ਵਿਚ ਸੁਧਾਈ ਨਹੀਂ ਕੀਤੀ ਜਾ ਸਕਦੀ ਜਾਂ ਜਿਨ੍ਹਾਂ ਦੇ ਅੱਖਰ-ਅੱਖਰ ਨੂੰ ਮੰਨਣਾ ਪਾਠਕ ਲਈ ਜ਼ਰੂਰੀ ਹੈ। ਇਨ੍ਹਾਂ ਪ੍ਰਸੰਗਾਂ ਨੂੰ ਪ੍ਰਵਾਨ ਜਾਂ ਅਪ੍ਰਵਾਨ ਕਰਨਾ ਪਾਠਕਾਂ ਦੀ ਆਪਣੀ ਇੱਛਾ ਅਤੇ ਨਿਰਭਰ ਕਰਦਾ ਹੈ।

ਸਮੁੱਚੀ ਵਿਚਾਰ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਇਸ ਗ੍ਰੰਥ ਵਿਚ ਉਕਾਈਆਂ ਜਾਪਣ ਵਾਲੇ ਤੱਤਾਂ ਦਾ ਮੂਲ ਕਾਰਨ- ਤਤਕਾਲੀ ਸਮੇਂ ਦਾ ਪ੍ਰਭਾਵ, ਗ੍ਰੰਥ ਰਚਨਾ ਤੋਂ ਬਾਅਦ ਇਸ ਦੇ ਮੂਲ ਪਾਠ ਵਿਚ ਛੇੜਛਾੜ ਕਰ ਕੇ ਕੀਤੀਆਂ ਗਈਆਂ ਮਿਲਾਵਟਾਂ ਅਤੇ ਇਸ ਗ੍ਰੰਥ ਦੀ ਸ੍ਰੋਤ ਸਮੱਗਰੀ ਦਾ ਅਸਰ ਹੈ ਜਿਸ ਦੀ ਸੁਧਾਈ ਖਾਲਸਾ ਪੰਥ ਦੁਆਰਾ ਗੁਰਬਾਣੀ ਦੀ ਸੇਧ ਵਿਚ ਕੀਤੀ ਜਾ ਸਕਦੀ ਹੈ। ਇਹ ਸੁਧਾਈ ਜ਼ਰੂਰੀ ਵੀ ਹੈ ਕਿਉਂਕਿ ਜੇਕਰ ਅਸੀਂ ਅਜਿਹੇ ਤੱਤਾਂ ਕਾਰਨ ਇਸ ਗ੍ਰੰਥ ਨੂੰ ਨਕਾਰ ਦੇਈਏ ਤਾਂ ਇਸ ਦੇ ਬਰਾਬਰ ਦਾ ਕੋਈ ਵੀ ਸਿੱਖ ਗੌਣ ਸ੍ਰੋਤ ਨਹੀਂ ਰਹਿ ਜਾਂਦਾ ਜੋ ਇੰਨੀ ਮਿਹਨਤ ਅਤੇ ਭਾਵਨਾ ਨਾਲ ਤਿਆਰ ਕੀਤਾ ਗਿਆ ਹੋਵੇ। ਇਸ ਗ੍ਰੰਥ ਦੀਆਂ ਸਮਕਾਲ ਵਾਲੀਆਂ ਪ੍ਰਸਥਿਤੀਆਂ ਨੂੰ ਸਮਝਣ ਤੋਂ ਬਾਅਦ ਇਸ ਗ੍ਰੰਥ ਅਤੇ ਗ੍ਰੰਥ ਦੇ ਰਚਨਾਕਾਰ ਦੇ ਕਈ ਅਹਿਮ ਪੱਖਾਂ ਤੋਂ ਜਾਣੂੰ ਹੋਇਆ ਜਾ ਸਕਦਾ ਹੈ। ਅਜਿਹੇ ਅਹਿਮ ਪੱਖ, ਜੋ ਸਾਡੇ ਮਨ ਦੇ ਅੰਦਰੂਨੀ ਧਰਾਤਲ ਤੋਂ ਸਾਨੂੰ ਗੁਰੂ ਉਪਮਾ ਨਾਲ ਭਰਪੂਰ ਕਾਵਿਕ ਲੈਅ ਵਾਲੇ ਇਤਿਹਾਸ ਨਾਲ ਜੋੜਣ ਵਿਚ ਸਹਾਈ ਹੋਣਗੇ।

## ਸਾਰ ਅਤੇ ਸਥਾਪਨਾਵਾਂ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸਿੱਖ ਧਰਮ ਦੇ ਗੌਣ ਸ੍ਰੋਤ ਗ੍ਰੰਥਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ ਜਿਸ ਵਿਚ ਗੁਰ ਇਤਿਹਾਸ ਨੂੰ ਕਾਵਿਕ ਢੰਗ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਗੁਰ ਇਤਿਹਾਸ ਦੇ ਨਾਲ-ਨਾਲ ਇਸ ਵਿਚੋਂ ਸਾਹਿਤਿਕ ਅਤੇ ਸਿੱਖ ਧਰਮ ਦੇ ਸਿਧਾਂਤਕ ਪੱਖ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸ ਗ੍ਰੰਥ ਵਿਚ ਵਰਣਿਤ ਸਿੱਖ ਸਿਧਾਂਤਾਂ ਨਾਲ ਸੰਬੰਧਿਤ ਇਹ ਪਹਿਲਾ ਖੋਜ ਕਾਰਜ ਹੈ ਜਿਸ ਦੇ ਪੰਜ ਅਧਿਆਇ ਹਨ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਪ੍ਰਾਪਤ ਖੋਜ ਕਾਰਜਾਂ ਦਾ ਸਰਵੇਖਣ ਤੇ ਮੁਲੰਕਣ**' ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 'ਤੇ ਹੋ ਚੁੱਕੇ ਖੋਜ ਕਾਰਜਾਂ ਦੇ ਸਰਵੇਖਣ ਤੇ ਮੁਲੰਕਣ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਇਸ ਗ੍ਰੰਥ ਉੱਪਰ, 1966 ਈ. ਦੇ ਡਾ. ਜੈ ਭਗਵਾਨ ਗੋਇਲ ਦੇ ਖੋਜ-ਪ੍ਰਬੰਧ (ਪ੍ਰਕਾਸ਼ਿਤ ਪੁਸਤਕ ਰੂਪ) ਤੋਂ ਲੈ ਕੇ ਦਰਸ਼ਨ ਕੌਰ ਦੁਆਰਾ 2015 ਈ. ਵਿਚ ਕੀਤੇ ਖੋਜ ਕਾਰਜ ਤੱਕ ਦੇ ਸਮੁੱਚੇ 11 ਖੋਜ ਪ੍ਰਬੰਧ (04 ਪੰਜਾਬੀ, 04 ਹਿੰਦੀ ਅਤੇ 03 ਅੰਗਰੇਜ਼ੀ ਭਾਸ਼ਾਈ) ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਵਿਚੋਂ 04 ਪੰਜਾਬੀ ਯੂਨੀਵਰਸਿਟੀ, ਪਟਿਆਲਾ; 04 ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 01 ਪੰਜਾਬ ਯੂਨੀਵਰਿਸਟੀ, ਚੰਡੀਗੜ੍ਹ ਅਤੇ 02 ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਨਾਲ ਸੰਬੰਧਿਤ ਹਨ। ਹਰ ਖੋਜ ਪ੍ਰਬੰਧ ਦੇ ਆਰੰਭ ਵਿਚ ਉਸ ਦੇ ਖੋਜਾਰਥੀ, ਨਿਗਰਾਨ, ਪੂਰਾ ਹੋਣ ਦਾ ਸਾਲ ਅਤੇ ਸੰਬੰਧਿਤ ਯੂਨੀਵਰਸਿਟੀ ਬਾਰੇ ਜਾਣਕਾਰੀ ਦੇ ਕੇ ਇਸ ਦੇ ਅਧਿਆਇ ਕ੍ਰਮ ਦੀ ਸਮੱਗਰੀ ਅਨੁਸਾਰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਵਿਸ਼ੇਸ਼ ਨੁਕਤਿਆਂ ਨੂੰ ਫੁੱਟ ਨੋਟ ਦੇ ਰੂਪ ਵਿਚ ਪੰਨਾ ਨੰਬਰ ਲਗਾ ਕੇ ਦਰਸਾਇਆ ਗਿਆ ਹੈ ਅਤੇ ਜ਼ਰੂਰਤ ਅਨੁਸਾਰ ਟਿੱਪਣੀ ਵੀ ਕੀਤੀ ਗਈ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਕੀਤੇ 11 ਖੋਜ ਕਾਰਜ, ਇਸ ਗ੍ਰੰਥ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦੇ ਹਨ। ਇਨ੍ਹਾਂ ਕਾਰਜਾਂ ਵਿਚ ਇਸ ਗ੍ਰੰਥ ਦੇ ਪੌਰਾਣਿਕ, ਸੰਸਕ੍ਰਿਤਿਕ, ਇਤਿਹਾਸਿਕ, ਕਾਵਿਕ ਅਤੇ ਕੁੱਝ ਹੱਦ ਤੱਕ ਦਾਰਸ਼ਨਿਕ (ਇਕੱਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ) ਪੱਖ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿਚ ਵੱਡੇ ਪੱਧਰ 'ਤੇ ਖੋਜਕਾਰ ਸਫਲ ਵੀ ਹੋਏ ਹਨ।

ਦੂਸਰੇ ਅਧਿਆਇ '**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ: ਇਕ ਮੁੱਢਲੀ ਜਾਣ-ਪਛਾਣ**' ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਮੁੱਢਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਗ੍ਰੰਥ ਲਿਖਣ ਦਾ ਕਾਰਨ, ਭਾਈ ਸੰਤੋਖ ਸਿੰਘ ਦੇ ਗੁਰੂ ਜੱਸ ਲਿਖਣ ਦੀ ਇੱਛਾ ਸੀ ਜਿਸ ਨੂੰ ਉਨ੍ਹਾਂ ਨੇ ਸਖ਼ਤ ਮਿਹਨਤ ਰਾਹੀਂ ਸਾਕਾਰ ਕੀਤਾ। ਕੈਥਲ ਰਿਆਸਤ ਦੇ ਜਿਸ ਮਾਹੌਲ ਵਿਚ ਇਹ ਗ੍ਰੰਥ ਲਿਖਿਆ ਗਿਆ, ਉਹ ਵੇਦਾਂਤਕ ਪ੍ਰਭਾਵ ਵਾਲਾ ਸੀ। ਅਧਿਆਇ ਵਿਚ ਇਸ ਗ੍ਰੰਥ ਨੂੰ ਲਿਖਣ ਦੀ ਪ੍ਰਕਿਰਿਆ ਦੇ ਨਾਲ-ਨਾਲ, ਇਸ ਸੰਗ੍ਰਹਿਤ ਗ੍ਰੰਥ ਦੀਆਂ ਦੋ ਰਚਨਾਵਾਂ- ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਲਈ ਵਰਤੀ ਗਈ ਸ੍ਰੋਤ ਸਮੱਗਰੀ ਦੀ ਵੱਖਰੇ-ਵੱਖਰੇ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੈ। ਇਸ ਗ੍ਰੰਥ ਨੂੰ ਸੰਪੂਰਨ ਕਰਨ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਇਸ ਨੂੰ 1843 ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਪੰਥ ਨੂੰ ਸਮਰਪਿਤ ਕੀਤਾ। ਇਸ ਗ੍ਰੰਥ ਵਿੱਚੋਂ ਪ੍ਰਗਟ ਹੋਣ ਵਾਲੇ ਵਿਭਿੰਨ ਪੱਖਾਂ ਨੂੰ ਗ੍ਰੰਥ ਦੇ ਹਵਾਲਿਆਂ ਰਾਹੀਂ ਪੇਸ਼ ਕੀਤਾ ਗਿਆ ਹੈ। ਅਧਿਆਇ ਦੇ ਅੰਤ ਵਿਚ ਪ੍ਰਮੁੱਖ ਸ਼ਖਸੀਅਤਾਂ ਦੇ ਇਸ ਗ੍ਰੰਥ ਬਾਰੇ ਵਿਚਾਰ ਰੂਪ ਟਿੱਪਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ।

ਖੋਜ ਕਾਰਜ ਦਾ ਤੀਸਰਾ ਅਧਿਆਇ '**ਭਾਈ ਸੰਤੋਖ ਸਿੰਘ ਦਾ ਜੀਵਨ, ਸਾਹਿਤ ਤੇ ਸ਼ਖ਼ਸੀਅਤ**'ਇਸ ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਸਿੰਘ ਦੇ ਜੀਵਨ ਰਚਨਾਵਾਂ ਅਤੇ ਸ਼ਖਸੀਅਤ ਬਾਰੇ ਹੈ ਜਿਸ ਵਿਚ ਉਨ੍ਹਾਂ ਦੇ ਜੀਵਨ ਬਾਰੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਵਿਦਵਾਨਾਂ ਦੇ ਵਖਰੇਵੇਂ ਵਾਲੇ ਹਵਾਲਿਆਂ ਨੂੰ ਸ਼ਾਮਿਲ ਕਰਦੇ ਹੋਏ ਸਹੀ ਤੱਥ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਪੱਖਾਂ ਵਿਚ ਭਾਈ ਸੰਤੋਖ ਸਿੰਘ ਦਾ ਜਨਮ ਸਾਲ, ਜਨਮ ਸਥਾਨ, ਵਿੱਦਿਅਕ ਗੁਰੂ, ਬੂੜੀਆ ਨਿਵਾਸ ਅਤੇ ਪਟਿਆਲਾ ਨਿਵਾਸ ਨਾਲ ਸੰਬੰਧਿਤ ਹਵਾਲੇ ਸ਼ਾਮਿਲ ਹਨ ਜਿਨ੍ਹਾਂ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਪ੍ਰਾਪਤ ਹੁੰਦੇ ਹਨ।

ਕਵੀ ਜੀ ਦੀਆਂ ਰਚਨਾਵਾਂ ਦੀ ਗਿਣਤੀ ਪ੍ਰਮਾਣਿਕ ਰੂਪ ਵਿਚ ਛੇ ਪ੍ਰਾਪਤ ਹੁੰਦੀ ਹੈ- ਨਾਮ ਕੋਸ਼, ਸ੍ਰੀ ਗੁਰ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ। ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਵਰਣਿਤ 'ਪੰਜਾਬੀ ਸੀਹਰਫ਼ੀ' ਨੂੰ ਇਸ ਦੀ ਭਾਸ਼ਾ, ਸ਼ੈਲੀ, ਲਿਖਣ ਦੇ ਢੰਗ, ਵਿਸ਼ੇ ਆਦਿ ਨੂੰ ਵੇਖਦੇ ਹੋਏ ਭਾਈ ਸੰਤੋਖ ਸਿੰਘ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ।

ਇਸ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾਵਾਂ ਵਿੱਚੋਂ ਉੱਭਰ ਕੇ ਸਾਹਮਣੇ ਆਉਣ ਵਾਲੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਇਸ ਗ੍ਰੰਥ ਦੀ ਰਚਨਾ ਦੇ ਰਚਨਾਕਾਰ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਪੇਸ਼ ਕਰਦੇ ਹਨ।

ਚੌਥਾ ਅਧਿਆਇ '**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅਭਿਵਿਅਕਤ ਸਿੱਖ ਸਿਧਾਂਤ**' ਇਸ ਗ੍ਰੰਥ ਵਿੱਚੋਂ ਪ੍ਰਗਟ ਹੋਣ ਵਾਲੇ ਸਿੱਖ ਸਿਧਾਂਤਾਂ ਬਾਰੇ ਹੈ। ਸਿਧਾਂਤ ਦਾ ਅਰਥ ਹੈ- ਕਿਸੇ ਵਿਚਾਰ ਦਾ ਨਿਚੋੜ ਅੰਤਿਮ ਨਿਰਣਾ। ਸਿਧਾਂਤ, ਸੰਕਲਪ ਅਤੇ ਸੰਸਥਾ ਤੋਂ ਵੱਖਰਾ ਹੁੰਦਾ ਹੋਇਆ ਵੀ ਇਨ੍ਹਾਂ ਨਾਲ ਸਹਿ-ਸੰਬੰਧਿਤ ਹੈ। ਇਸ ਗ੍ਰੰਥ ਵਿਚਲੇ ਸਿਧਾਂਤਾਂ ਨੂੰ ਵਿਸ਼ੇ ਕ੍ਰਮ ਅਨੁਸਾਰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ-

(ੳ) ਦਾਰਸ਼ਨਿਕ ਸਿਧਾਂਤ- ਪਰਮ ਸੱਤਾ, ਜੀਵ, ਸ੍ਰਿਸ਼ਟੀ

(ਅ) ਧਾਰਮਿਕ ਸਿਧਾਂਤ- ਗੁਰੂ, ਨਾਮ. ਸ਼ਬਦ, ਸਾਧ ਸੰਗਤ, ਹੁਕਮ, ਹਉਮੈ, ਮਨ, ਮਾਇਆ, ਮੁਕਤੀ, ਕਰਮ।

(ੲ) ਸਿੱਖ ਸੰਸਥਾਵਾਂ ਦਾ ਸਿਧਾਂਤਕ ਪੱਖ- ਧਰਮਸਾਲ/ਗੁਰਦੁਆਰਾ, ਮੀਰੀ ਪੀਰੀ, ਪੰਜ ਪਿਆਰੇ।

(ਸ) ਨੈਤਿਕ ਸਿਧਾਂਤ

ਇਨ੍ਹਾਂ ਵਰਣਿਤ ਸਿਧਾਂਤਕ ਪੱਖਾਂ ਨੂੰ ਵਿਸ਼ੇ ਕ੍ਰਮ ਅਨੁਸਾਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਰਾਹੀਂ ਦਰਸਾਇਆ ਗਿਆ ਹੈ। ਵਿਸ਼ੇ ਦੀ ਸਪਸ਼ਟਤਾ ਦੇ ਉਦੇਸ਼ ਨਾਲ, ਸੰਬੰਧਿਤ ਵਿਸ਼ੇ ਤੋਂ ਪਹਿਲਾਂ ਇਸ ਨਾਲ ਸੰਬੰਧਿਤ ਸਿੱਖ ਧਰਮ ਅਤੇ ਦੂਸਰੇ ਧਰਮਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਹਵਾਲਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚੋਂ ਪ੍ਰਾਪਤ ਹੋਣ ਵਾਲੇ ਸਿੱਖ ਸਿਧਾਂਤਾਂ ਉੱਪਰ ਕੁੱਝ ਥਾਂਵਾਂ ’ਤੇ ਵੇਦਾਂਤਕ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਇਸ ਗ੍ਰੰਥ ਵਿਚ ਸੁਚੱਜੇ ਢੰਗ ਨਾਲ ਵਿਸਥਾਰਤ ਤੇ ਦ੍ਰਿਸ਼ਟਾਂਤਿਕ ਸ਼ੈਲੀ ਵਿਚ ਕੀਤੀ ਸਿਧਾਂਤਾਂ ਦੀ ਪੇਸ਼ਕਾਰੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਪੰਜਵੇਂ ਅਤੇ ਅਖ਼ੀਰਲੇ ਅਧਿਆਇ '**ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਬਾਹਰੀ ਤੱਤਾਂ ਅਤੇ ਵਿਭਿੰਨ ਪ੍ਰਭਾਵਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ**' ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਭਿੰਨ ਤੱਤਾਂ ਅਤੇ ਬਾਹਰੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਨ੍ਹਾਂ ਨੇ ਇਸ ਗ੍ਰੰਥ ਨੂੰ ਪ੍ਰਭਾਵਿਤ ਕੀਤਾ। ਅਜਿਹੇ ਕਾਵਿ ਅਤੇ ਪ੍ਰਤੀਕਾਤਮਕ ਸ਼ੈਲੀ ਵਾਲੇ ਗ੍ਰੰਥਾਂ ਨੂੰ ਸਮਝਣ ਲਈ ਵਿਆਖਿਆ ਸ਼ਾਸਤਰ ਦੀ ਵਿਧੀ ਦਾ

ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਵਿਧੀ ਦੇ ਗਿਆਨ ਦੇ ਅਭਾਵ ਦੀ ਸੂਰਤ ਵਿਚ ਨਿਜੀ ਵਿਚਾਰ, ਗ੍ਰੰਥ ਦੀ ਸਮਝ 'ਤੇ ਭਾਰੂ ਹੋ ਜਾਂਦਾ ਹੈ।

ਇਸ ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਵਿਭਿੰਨ ਤੱਤਾਂ ਅਤੇ ਬਾਹਰੀ ਪ੍ਰਭਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ-

(ੳ) ਪੌਰਾਣਿਕ/ਵੇਦਾਂਤਕ ਹਵਾਲੇ

(ਅ) ਸਿਧਾਂਤਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

(ੲ) ਇਤਿਹਾਸਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

ਗ੍ਰੰਥ ਵਿਚ ਮੌਜੂਦ ਅਜਿਹੇ ਹਵਾਲਿਆਂ ਨੂੰ ਉਪਰੋਕਤ ਵਿਸ਼ੇ ਵੰਡ ਅਨੁਸਾਰ ਪ੍ਰਸਤੁਤ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਹ ਹਵਾਲੇ ਉਸ ਸਮੇਂ ਦੇ ਵੇਦਾਂਤਕ ਪ੍ਰਭਾਵ, ਗ੍ਰੰਥ ਦੀ ਸੁਧਾਈ ਨਾ ਹੋ ਸਕਣ ਅਤੇ ਇਸ ਗ੍ਰੰਥ ਵਿਚ ਬਾਅਦ ਵਿਚ ਕੀਤੀਆਂ ਗਈਆਂ ਮਿਲਾਵਟਾਂ ਦਾ ਸਿੱਟਾ ਹਨ। ਇਸ ਗ੍ਰੰਥ ਵਿਚ ਮਿਲਣ ਵਾਲੇ ਬਹੁਤ ਸਾਰੇ ਸਿਧਾਂਤਕ ਵਿਰੋਧਾਭਾਸ ਹੀ ਇਸ ਗੱਲ ਨੂੰ ਸਪਸ਼ਟ ਕਰ ਦਿੰਦੇ ਹਨ ਕਿ ਇਨ੍ਹਾਂ ਪ੍ਰਸੰਗਾਂ ਵਿਚ ਰਚਨਾ ਤੋਂ ਬਾਅਦ ਮਿਲਾਵਟ ਹੋਈ ਹੈ। ਗ੍ਰੰਥ ਵਿਚ ਮਿਲਾਵਟ ਹੋਣ ਦੇ ਤਿੰਨ ਪ੍ਰਮਾਣ ਵੀ ਇਸ ਅਧਿਆਇ ਵਿਚ ਪੇਸ਼ ਕੀਤੇ ਗਏ ਹਨ। ਇਸ ਸੰਬੰਧੀ ਸਭ ਤੋਂ ਅਹਿਮ ਹੈ- ਭਾਈ ਸੰਤੋਖ ਸਿੰਘ ਦੁਆਰਾ ਇਸ ਗ੍ਰੰਥ ਵਿਚ ਹੋਈਆਂ ਗਲਤੀਆਂ ਲਈ ਸਮੁੱਚੇ ਪੰਥ ਤੋਂ ਮੰਗੀ ਗਈ ਮੁਆਫ਼ੀ ਅਤੇ ਪੰਥ ਨੂੰ ਸੁਧਾਈ ਕਰਨ ਦਾ ਅਧਿਕਾਰ ਦੇਣਾ। ਇਹ ਸੁਧਾਈ ਮੌਜੂਦਾ ਸਮੇਂ ਦੇ ਹਾਲਾਤਾਂ ਅਨੁਸਾਰ ਜ਼ਰੂਰੀ ਵੀ ਹੈ।

**ਸਥਾਪਨਾਵਾਂ**

- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਅਤੇ ਵਿਸ਼ੇ ਸਮੱਗਰੀ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਅਕਾਦਮਿਕ ਪੱਖ 'ਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।
- ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਦੇ ਜੀਵਨ ਨਾਲ ਸੰਬਧਿਤ ਵੱਖ-ਵੱਖ ਵਿਦਵਾਨਾਂ ਦੇ ਹਵਾਲਿਆਂ ਰਾਹੀਂ ਇਸ ਨੂੰ ਇਕ ਜਗ੍ਹਾ 'ਤੇ ਇਕੱਠਾ ਕਰ ਕੇ ਤੁਲਨਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

- ਇਸ ਗ੍ਰੰਥ ਵਿਚੋਂ ਸਿੱਖ ਸਿਧਾਂਤਾਂ ਨੂੰ ਪ੍ਰਗਟ ਕਰਨ ਵਾਲੇ ਹਵਾਲਿਆਂ ਦੇ ਇਕ ਥਾਂ ਸੰਗ੍ਰਹਿਤ ਹੋਣ ਨਾਲ, ਗੌਣ ਸ੍ਰੋਤਾਂ ਦੇ ਅਨੁਸਾਰ ਸਿੱਖ ਚਿੰਤਨ ਦੇ ਅਧਿਐਨ ਲਈ ਵੀ ਇਹ ਮਦਦਗਾਰ ਸਿੱਧ ਹੋਣਗੇ।
- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਬੰਧੀ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ, ਇਸ ਗ੍ਰੰਥ ਨਾਲ ਸੰਬੰਧਿਤ ਭਵਿੱਖ ਦੇ ਖੋਜਾਰਥੀਆਂ ਲਈ ਸਹਾਈ ਹੋਵੇਗਾ।
- ਇਸ ਗ੍ਰੰਥ ਸੰਬੰਧੀ ਮੌਜੂਦਾ ਸਮੇਂ ਵਿਚ ਪੈਦਾ ਕੀਤੀਆਂ ਜਾ ਰਹੀਆਂ ਸ਼ੰਕਾਵਾਂ ਅਤੇ ਦੁਬਿਧਾਵਾਂ ਨੂੰ ਦੂਰ ਕਰਨ ਵਿਚ ਪ੍ਰਸਤੁਤ ਖੋਜ ਕਾਰਜ ਮਦਦਗਾਰ ਸਿੱਧ ਹੋਵੇਗਾ।
- ਇਸ ਖੋਜ ਕਾਰਜ ਰਾਹੀਂ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕ ਥਾਂ ਇਕੱਠੀ ਹੋ ਗਈ ਹੈ।
- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸਿੱਖ ਸਿਧਾਂਤਾਂ ਨਾਲ ਸੰਬੰਧਿਤ ਇਹ ਖੋਜ ਕਾਰਜ, ਭਵਿੱਖ ਦੇ ਖੋਜਾਰਥੀਆਂ ਨੂੰ ਇਸ ਗ੍ਰੰਥ ਦੇ ਚਿੰਤਨ ਵਾਲੇ ਅਤੇ ਦੂਸਰੇ ਪੱਖਾਂ ਸੰਬੰਧੀ ਖੋਜ ਕਰਨ ਲਈ ਉਤਸ਼ਾਹ ਪ੍ਰਦਾਨ ਕਰੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ ਕਾਰਜ ਸਿੱਖ ਚਿੰਤਨ, ਵਿਆਖਿਆਕਾਰੀ ਅਤੇ ਇਤਿਹਾਸਕਾਰੀ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋਵੇਗਾ ਅਤੇ ਅਕਾਦਮਿਕਤਾ ਵਿਚ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।

## ਪੁਸਤਕ-ਸੂਚੀ


- ਆਹਲੂਵਾਲੀਆ, ਜਸਬੀਰ ਸਿੰਘ (ਡਾ.), *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਰਘਵੀਰ ਪ੍ਰਕਾਸ਼ਨ, ਅੰਮ੍ਰਿਤਸਰ, 1976.
- ________________, *ਸਿੱਖ ਚਿੰਤਨ: ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ (ਪ੍ਰਗਟਿ ਅਕਾਲ ਖਾਲਸਾ ਦੇਹਾ)*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1999.
- ਔਲਖ, ਅਜੀਤ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ*, ਜਿਲਦ 1-11, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2007.
- *ਈਸ਼ਾਦਿ ਨੌਂ ਉਪਨਿਸ਼ਦ* (ਸੰਸਕ੍ਰਿਤ-ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2015.
- ਸਾਹਨੀ, ਦੇਵਿੰਦਰ ਕੌਰ, *ਗੁਰ ਪ੍ਰਤਾਪ ਸੂਰਯ ਮੇਂ ਪੌਰਾਣਿਕ ਤੱਤਵ* (ਹਿੰਦੀ), ਪੀਐਚ. ਡੀ. ਖੋਜ-ਪ੍ਰਬੰਧ, ਹਿੰਦੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.
- *ਸਾਹਿਤ ਗਗਨ ਦੇ ਸੂਰਜ ਮਹਾਂਕਵੀ ਭਾਈ ਸੰਤੋਖ ਸਿੰਘ ਜੀਵਨ ਤੇ ਰਚਨਾ*, ਇੰਜੀ. ਕਰਮਜੀਤ ਸਿੰਘ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.
- *ਸਿੱਖ ਅਧਿਐਨ,* ਬਲਕਾਰ ਸਿੰਘ, ਡਾ. (ਸੰਪਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
- *ਸ੍ਰੀਮਦਭਗਵਤਗੀਤਾ* (ਸੰਸਕ੍ਰਿਤ-ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2016.
- ਸੰਤੋਖ ਸਿੰਘ (ਭਾਈ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਜਿਲਦ 1-14, ਭਾਸ਼ਾ ਵਿਭਾਗ, ਪੰਜਾਬ, 2011.
- ________________, *ਸ੍ਰੀ ਜਪੁ ਜੀ ਸਾਹਿਬ ਗਰਬ ਗੰਜਨੀ ਟੀਕਾ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 2006.

- ਹਰੀ ਸਿੰਘ, *ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਸਾਹਿਤ ਦਾ ਆਲੋਚਨਾਤਮਕ ਅਧਿਐਨ* (ਪੀਐਚ.ਡੀ. ਖੋਜ-ਪ੍ਰਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- *ਕਬਿੱਤ ਸਵੈਯੇ ਭਾਈ ਗੁਰਦਾਸ ਜੀ ਅਨੁਕ੍ਰਮਣਿਕਾ ਤੇ ਕੋਸ਼*, ਓਅੰਕਾਰ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.
- ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.
- ਕਾਹਲੋਂ, ਰੂਪਿੰਦਰ ਕੌਰ, *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ਕਿਰਪਾਲ ਸਿੰਘ (ਡਾ.), *ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰ ਨਾਨਕ ਪ੍ਰਕਾਸ਼: ਇਤਿਹਾਸਕ ਪਰਿਪੇਖ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.*
- ________________, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਗੁਰੂ ਸਾਹਿਬਾਨ ਦਾ ਜੀਵਨ-ਬਿਰਤਾਂਤ, ਜਿਲਦ 1-18, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.
- *ਕੁਰਆਨ ਮਜੀਦ*, ਸਯੱਦ ਅਬੁਲ ਆਲਾ ਮੌਦੂਦੀ (ਟੀਕਾਕਾਰ), ਰਮਜ਼ਾਨ ਸਈਦ (ਅਨੁ.), ਦਿੱਲੀ ਅਲ-ਕੁਰਆਨ ਇੰਸਟੀਚਿਊਟ, ਦਿੱਲੀ, 2015.
- ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ*, ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਨਵੀਂ ਦਿੱਲੀ, 1966.
- ਗੋਇਲ, ਜੈ ਭਗਵਾਨ (ਡਾ.), *ਕਾਵਯ-ਸੌਰਭ ਮਹਾਕਵਿ ਸੰਤੋਖ ਸਿੰਘ* (ਹਿੰਦੀ), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀਹੀਣ।
- ________________, *ਗੁਰ ਪ੍ਰਤਾਪ ਸੂਰਜ (ਸੰਖਿਪਤ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

- ________________, *ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ* (ਹਿੰਦੀ), ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ, 1966.
- ________________, *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ* (ਹਿੰਦੀ), ਹਿੰਦੀ ਸਾਹਿਤਯ ਸੰਸਾਰ, ਦਿੱਲੀ, 1970.
- ________________, *ਮਹਾਂਕਵੀ ਸੰਤੋਖ ਸਿੰਘ: ਜੀਵਨ ਤੇ ਰਚਨਾ*, ਪਬਲੀਕਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.
- *ਚੋਣਵੀਆਂ ਸਿੱਖ ਜੀਵਨੀਆਂ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, 2009.
- *ਛਾਂਦੋਗਯ ਉਪਨਿਸ਼ਦ* (ਸੰਸਕ੍ਰਿਤ-ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2015.
- ਜਸਪਾਲ ਸਿੰਘ (ਡਾ.), *ਸਿੱਖ ਵਿਰਾਸਤ: ਸਿਧਾਂਤ ਤੇ ਵਿਵਹਾਰ*, ਸਿੱਖ ਵਿਰਾਸਤ: ਸਿਧਾਂਤ ਤੇ ਵਿਹਾਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
- ਜਸਵਿੰਦਰ ਕੌਰ, *ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰ ਪ੍ਰਤਾਪ ਸੂਰਜ ਦਾ ਇਤਿਹਾਸਿਕ ਅਧਿਐਨ* (ਪੀਐੱਚ.ਡੀ. ਖੋਜ ਪ੍ਰਬੰਧ), ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.
- ਜੋਧ ਸਿੰਘ (ਡਾ.), *ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.
- ਜੋਧ ਸਿੰਘ (ਭਾਈ), *ਗੁਰਮਤਿ ਨਿਰਣਯ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.
- ਤਾਰਨ ਸਿੰਘ (ਡਾ.), *ਸਿੱਖ ਸਿੱਖੀ ਅਤੇ ਸਿਧਾਂਤ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.
- ________________, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.
- ________________, *ਜਪੁ: ਦਰਸ਼ਨ ਦੀਦਾਰ,* ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969.
- ________________, *ਨੇਮ ਤੇ ਪ੍ਰੇਮ,* ਨਵਚੇਤਨ ਪਬਲੀਸ਼ਰਜ, ਅੰਮ੍ਰਿਤਸਰ, 1969.

- ________________, *ਭਗਤੀ ਤੇ ਸ਼ਕਤੀ,* ਭਾਈ ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962.
- ਤੇਜਾ ਸਿੰਘ, ਗੰਡਾ ਸਿੰਘ (ਡਾ.), *ਸਿੱਖ ਇਤਿਹਾਸ,* ਪਬਲੀਕਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003
- ਦਰਸ਼ਨ ਕੌਰ, *ਸ੍ਰੀ ਗੁਰ ਨਾਨਕ ਪ੍ਰਕਾਸ਼: ਇਕ ਧਰਮ ਸ਼ਾਸਤਰੀ ਅਧਿਐਨ* (ਪੀਐੱਚ.ਡੀ. ਖੋਜ ਪ੍ਰਬੰਧ), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.
- ਦੀਵਾਨ ਸਿੰਘ (ਡਾ.), *ਗੁਰਮਤਿ ਸਿਧਾਂਤ,* ਪੰਜਾਬੀ ਰਾਈਟਰਜ਼ ਕੋਆਪਰੇਟਿਪ ਸੋਸਾਇਟੀ ਲਿਮਟਿਡ, ਲੁਧਿਆਣਾ, 1988.
- ਨਈਅਰ, ਗੁਰਬਚਨ ਸਿੰਘ, *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ (1469-1849): ਅਧਿਐਨ ਤੇ ਮੁਲਾਂਕਣ,* ਪਬਲੀਕਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਨਾਭਾ, ਕਾਨ੍ਹ ਸਿੰਘ (ਭਾਈ), *ਗੁਰਮਤਿ ਮਾਰਤੰਡ (ਭਾਗ ਪਹਿਲਾ ਅਤੇ ਦੂਜਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
- ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ,* ਕਲਮ ਮੰਦਿਰ ਲੋਅਰ ਮਾਲ, ਪਟਿਆਲਾ, 1990.
- ________________, *ਗੁਰੂ ਗ੍ਰੰਥ ਵਿਚਾਰ ਕੋਸ਼,* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.
- *ਪਵਿੱਤਰ ਬਾਈਬਲ,* ਬਾਈਬਲ ਸੋਸਾਇਟੀ ਆਫ ਇੰਡੀਆ, ਬੰਗਲੋਰ, 1981.
- ਪ੍ਰੀਤਮ ਸਿੰਘ (ਪ੍ਰੋ.), *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997.

- ਬਲਕਾਰ ਸਿੰਘ, (ਡਾ.), *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
- *ਮਹਾਂਕਵੀ ਸੰਤੋਖ ਸਿੰਘ,* ਹਰਮੀਤ ਸਿੰਘ, ਡਾ. (ਸੰਪਾ.), ਪੰਜਾਬੀ ਅਕਾਦਮੀ, ਦਿੱਲੀ, 1991.
- *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ*, ਹਰਮੀਤ ਸਿੰਘ, ਡਾ. (ਸੰਪਾ.), ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2003.
- *ਯਜੁਰਵੇਦ ਸੰਹਿਤਾ* (ਸੰਸਕ੍ਰਿਤ-ਹਿੰਦੀ), ਵੇਦਮੂਰਤੀ ਤਪੋਨਿਸ਼ਠ ਪੰ. ਸ਼ੀਰਾਮ ਸ਼ਰਮਾ ਆਚਾਰਯ (ਸੰਪਾ.), ਬ੍ਰਹਮਵਚਰਸ, ਸ਼ਾਂਤੀਕੁੰਜ, ਹਰਿਦਆਰ, 2004.
- *ਰਿਗਵੇਦ* (ਸੰਸਕ੍ਰਿਤ-ਹਿੰਦੀ), ਗੰਗਾ ਸਹਾਇ ਸ਼ਰਮਾ, ਡਾ.(ਟੀਕਾਕਾਰ), ਸੰਸਕ੍ਰਿਤ ਸਾਹਿਤਯ ਪ੍ਰਕਾਸ਼ਨ, ਨਵੀਂ ਦਿੱਲੀ, 2014.
- ਰੂਪਿੰਦਰ ਕੌਰ, *ਭਾਈ ਸੰਤੋਖ ਸਿੰਘ ਕ੍ਰਿਤ ਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (14 ਜਿਲਦਾਂ) ਦਾ ਸੰਬੰਧ- ਸੂਚਕ ਤਤਕਰਾ ਸਣੇ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾ ਅਤੇ ਭਾਈ ਵੀਰ ਸਿੰਘ ਦੇ ਸਟਿੱਪਣ ਸੰਪਾਦਨ ਮੁਲੰਕਣ ਦੇ* (ਪੀਐੱਚ.ਡੀ. ਖੋਜ ਪ੍ਰਬੰਧ), ਫੈਕਲਟੀ ਆਫ਼ ਹਿਉਮੈਨਿਟੀਜ ਐਂਡ ਰਿਲੀਜਸ ਸਟੱਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
- ਵਜ਼ੀਰ ਸਿੰਘ (ਡਾ.), *ਸਿੱਖ ਦਰਸ਼ਨਧਾਰਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ________________, *ਧਰਮ ਦਾ ਦਾਰਸ਼ਨਿਕ ਪੱਖ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
- *ਵਾਰਾਂ ਭਾਈ ਗੁਰਦਾਸ ਜੀ,* ਚਾਕਰ, ਅਮਰ ਸਿੰਘ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.
- *ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ,* ਸਰਬਜਿੰਦਰ ਸਿੰਘ, ਡਾ. (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.

- *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਸਰਬਜਿੰਦਰ ਸਿੰਘ, ਡਾ. (ਸੰਪਾ.), ਭਾਗ ਦੂਜਾ ਅਤੇ ਚੌਥਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ਵੀਰ ਸਿੰਘ (ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995.
- ਵੋਹਰਾ, ਆਸ਼ਾ ਨੰਦ, *ਗੁਰੂ ਪ੍ਰਤਾਪ ਸੂਰਜ ਕਾ ਏਤਿਹਾਸਿਕ ਏਵਮ ਸਾਂਸਕ੍ਰਿਤਿਕ ਅਧਿਐਨ* (ਹਿੰਦੀ), ਪੀਐੱਚ.ਡੀ. ਖੋਜ ਪ੍ਰਬੰਧ, ਹਿੰਦੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ 1-4),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002.
- ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.
- ਸ਼ਰਮਾ, ਸ਼ੁਭਾਸ਼ ਚੰਦਰ, *ਭਾਈ ਸੰਤੋਖ ਸਿੰਘ ਕੀ ਭਗਤੀ ਭਾਵਨਾ: 'ਗੁਰ ਪ੍ਰਤਾਪ ਸੂਰਜ' ਔਰ 'ਗੁਰੂ ਨਾਨਕ ਪ੍ਰਕਾਸ਼' ਕੇ ਸੰਦਰਭ ਮੇਂ* (ਹਿੰਦੀ), ਪੀਐੱਚ.ਡੀ. ਖੋਜ ਪ੍ਰਬੰਧ, ਹਿੰਦੀ ਵਿਭਾਗ, ਕੁਰੁਕਸ਼ੇਤਰਾ ਯੂਨੀਵਰਸਿਟੀ, ਕੁਰੁਕਸ਼ੇਤਰਾ, 1991.

**ਅੰਗਰੇਜੀ**

- Avtar Singh (Dr.), *Philosophical Perspectives Of Sikhism*, Punjabi University, Patiala, 1998.
- Farida Khanam (Dr.), A Study of World's Major Religions, Chaus Publishing Company, Aurangabad, 2014.
- Goyal, Jaibhagwan (Dr.), *Life-Sketch of the Poet-Bhai Santokh Singh,* Shiromani Gurdwara Parbandhak Committee, Sri Amritsar, Dateless.

- Harpinder jeet Kaur, *The Idea of Sikh Rahit in Sri Gurpartap Suraj Granth By Santokh Singh* (Ph.d Thesis), History Department, Guru Nanak Dev University, Amritsar, 1996.
- Inner Dynamics of Guru Granth Sahib, S.P. Singh, Dr. (Edit.), Guru Nanak Dev University, Amritsar, 2004.
- Max Arthur Macauliffe, *The Sikh Religion*, Part I&II, Satvic Media Pvt. Ltd, Amritsar, 2009.
- Sagar, Sabinderjit Singh**,** *Historical Analysis of Nanak Parkash by Bhai Santokh Singh* (Ph.d Thesis), History Department, Guru Nanak Dev University, Amritsar, 1985.
- Sandhu, Jatinder Kaur, *Bhai vir Singh Editing of Suraj Parkash Granth By Santokh Singh* (Ph.d Thesis), History Department, Guru Nanak Dev University, Amritsar, 1998.
- Talib, Gurbachan Singh, *An Introduction to Sri Guru Granth Sahib*, Publication Bureau, Punjabi University, Patiala, 1991.

**ਕੋਸ਼**

- ਜੋਧ ਸਿੰਘ, ਡਾ. (ਸੰਪਾ.), *ਸਿੱਖ ਪੰਥ ਵਿਸ਼ਵ ਕੋਸ਼*, ਪਹਿਲੀ ਸੈਂਚੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ*, ਗੁਰ ਰਤਨ ਪਬਲਿਸ਼ਰਜ, ਪਟਿਆਲਾ, 2005.

➢ ________________, *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ* ਅਤੇ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

➢ ਨਾਭਾ, ਕਾਨ੍ਹ ਸਿੰਘ (ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, 2011.

➢ *ਪੰਜਾਬੀ ਕੋਸ਼,* ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, 1990.

➢ *ਪੰਜਾਬੀ ਵਿਸ਼ਵ ਕੋਸ਼,* ਜਿਲਦ ਪੰਜਵੀਂ, ਭਾਸ਼ਾ ਵਿਭਾਗ, ਪੰਜਾਬ, 1986.

➢ *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼,* ਹਰਕੀਰਤ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

**ਪੱਤ੍ਰਿਕਾਵਾਂ/ਮੈਗਜ਼ੀਨ**

➢ *ਸਿੰਘ ਸਭਾ ਪੱਤ੍ਰਿਕਾ,* ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ, ਮਾਰਚ 1983.

➢ *ਨਾਨਕ ਪ੍ਰਕਾਸ਼ ਪੱਤ੍ਰਿਕਾ,* ਤਾਰਨ ਸਿੰਘ, ਡਾ. (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1975.

➢ ________________, ਬਲਕਾਰ ਸਿੰਘ, ਡਾ. (ਸੰਪਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ, 1991.

➢ ________________, ਸਰਬਜਿੰਦਰ ਸਿੰਘ, ਡਾ. (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2007, ਜੂਨ 2008.

➢ *Study In Sikhism And Comparative Religion*, Vol. III, No. 1, Mohinder Singh (Edit.), Guru Nanak Dev Foundation, New Delhi, April 1984.

**ਨਿਜੀ ਮੁਲਾਕਾਤਾਂ**

➢ ਸ੍ਰੀ ਮਤੀ ਕੋਮਲ ਗੋਇਲ (ਭਾਈ ਸੰਤੋਖ ਸਿੰਘ ਦੀ ਹਵੇਲੀ ਦੇ ਪੰਜ ਹਿੱਸੇਦਾਰਾਂ ਵਿਚੋਂ ਇਕ), 30 ਦਿਸੰਬਰ, 2018, ਕੈਥਲ।

➢ ਡਾ. ਕਿਰਪਾਲ ਸਿੰਘ ਹਿਸਟੋਰੀਅਨ, 17 ਨਵੰਬਰ, 2018, ਚੰਡੀਗੜ੍ਹ।

- ________________, 20 ਮਾਰਚ 2019, ਚੰਡੀਗੜ੍ਹ।
- ਡਾ. ਜੈ ਭਗਵਾਨ ਗੋਇਲ, 08 ਜਨਵਰੀ, 2019, ਕੁਰੂਕਸ਼ੇਤਰ।
- ਸ੍ਰੀ ਜੋਗ ਧਯਾਨ ਗੋਇਲ (ਭਾਈ ਸੰਤੋਖ ਸਿੰਘ ਦੀ ਹਵੇਲੀ ਦੇ ਪੰਜ ਹਿੱਸੇਦਾਰਾਂ ਵਿਚੋਂ ਇਕ), 11 ਅਪ੍ਰੈਲ, 2019
- ਡਾ. ਜੈ ਭਗਵਾਨ ਗੋਇਲ, 21 ਮਈ, 2019, ਕੁਰੂਕਸ਼ੇਤਰ।


**ਵੈਬਸਾਈਟਾਂ/ਇੰਟਰਨੈਟ ਲਿੰਕਸ**


- http://punjabipedia.org/topic.aspx?txt=%E0%A8%89%E0%A8%A6%E0%A9%88%20%E0%A8%B8%E0%A8%BF%E0%A9%B0%E0%A8%98,%20%E0%A8%AD%E0%A8%BE%E0%A8%88
- http://www.dushtdaman.panthic.org/article/74
- https://pa.wikipedia.org/wiki/%E0%A8%85%E0%A8%B2%E0%A9%B0%E0%A8%95%E0%A8%BE%E0%A8%B0_(%E0%A8%B8%E0%A8%BE%E0%A8%B9%E0%A8%BF%E0%A8%A4)
- http://www.themodernreligion.com/ugly/ugly_ego.htm
- https://en.m.wikipedia.org/wiki/Maya_(religion)

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਦੀ ਅਭਿਵਿਅਕਤੀ

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ**

**ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ**

**ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ**

**ਖੋਜ-ਪ੍ਰਬੰਧ**

**(2020)**


**ਨਿਗਰਾਨ**

ਡਾ. ਮੁਹੰਮਦ ਹਬੀਬ

ਮੁਖੀ,

ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਹਿ ਨਿਗਰਾਨ:**

ਡਾ. ਗੁਰਨਾਇਬ ਸਿੰਘ

ਪ੍ਰੋਫ਼ੈਸਰ (ਰਿਟਾ),

ਪੰਜਾਬੀ ਸਾਹਿਤ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ**

ਸੰਦੀਪ ਸਿੰਘ

## ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

## ਪੰਜਾਬੀ ਯੂਨੀਵਰਸਿਟੀ, ਪਟਿਆਲਾ।


Scanned with CamScanner

## ਸਾਰ ਅਤੇ ਸਥਾਪਨਾਵਾਂ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸਿੱਖ ਧਰਮ ਦੇ ਗੌਣ ਸ੍ਰੋਤ ਗ੍ਰੰਥਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ ਜਿਸ ਵਿਚ ਗੁਰ ਇਤਿਹਾਸ ਨੂੰ ਕਾਵਿਕ ਢੰਗ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਗੁਰ ਇਤਿਹਾਸ ਦੇ ਨਾਲ-ਨਾਲ ਇਸ ਵਿਚੋਂ ਸਾਹਿਤਿਕ ਅਤੇ ਸਿੱਖ ਧਰਮ ਦੇ ਸਿਧਾਂਤਕ ਪੱਖ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸ ਗ੍ਰੰਥ ਵਿਚ ਵਰਣਿਤ ਸਿੱਖ ਸਿਧਾਂਤਾਂ ਨਾਲ ਸੰਬੰਧਿਤ ਇਹ ਪਹਿਲਾ ਖੋਜ ਕਾਰਜ ਹੈ ਜਿਸ ਦੇ ਪੰਜ ਅਧਿਆਇ ਹਨ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਪ੍ਰਾਪਤ ਖੋਜ ਕਾਰਜਾਂ ਦਾ ਸਰਵੇਖਣ ਤੇ ਮੁਲੰਕਣ**' ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 'ਤੇ ਹੋ ਚੁੱਕੇ ਖੋਜ ਕਾਰਜਾਂ ਦੇ ਸਰਵੇਖਣ ਤੇ ਮੁਲੰਕਣ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਇਸ ਗ੍ਰੰਥ ਉੱਪਰ, 1966 ਈ. ਦੇ ਡਾ. ਜੈ ਭਗਵਾਨ ਗੋਇਲ ਦੇ ਖੋਜ-ਪ੍ਰਬੰਧ (ਪ੍ਰਕਾਸ਼ਿਤ ਪੁਸਤਕ ਰੂਪ) ਤੋਂ ਲੈ ਕੇ ਦਰਸ਼ਨ ਕੌਰ ਦੁਆਰਾ 2015 ਈ. ਵਿਚ ਕੀਤੇ ਖੋਜ ਕਾਰਜ ਤੱਕ ਦੇ ਸਮੁੱਚੇ 11 ਖੋਜ ਪ੍ਰਬੰਧ (04 ਪੰਜਾਬੀ, 04 ਹਿੰਦੀ ਅਤੇ 03 ਅੰਗਰੇਜ਼ੀ ਭਾਸ਼ਾਈ) ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਵਿਚੋਂ 04 ਪੰਜਾਬੀ ਯੂਨੀਵਰਸਿਟੀ, ਪਟਿਆਲਾ; 04 ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 01 ਪੰਜਾਬ ਯੂਨੀਵਰਿਸਟੀ, ਚੰਡੀਗੜ੍ਹ ਅਤੇ 02 ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਨਾਲ ਸੰਬੰਧਿਤ ਹਨ। ਹਰ ਖੋਜ ਪ੍ਰਬੰਧ ਦੇ ਆਰੰਭ ਵਿਚ ਉਸ ਦੇ ਖੋਜਾਰਥੀ, ਨਿਗਰਾਨ, ਪੂਰਾ ਹੋਣ ਦਾ ਸਾਲ ਅਤੇ ਸੰਬੰਧਿਤ ਯੂਨੀਵਰਸਿਟੀ ਬਾਰੇ ਜਾਣਕਾਰੀ ਦੇ ਕੇ ਇਸ ਦੇ ਅਧਿਆਇ ਕ੍ਰਮ ਦੀ ਸਮੱਗਰੀ ਅਨੁਸਾਰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਵਿਸ਼ੇਸ਼ ਨੁਕਤਿਆਂ ਨੂੰ ਫੁੱਟ ਨੋਟ ਦੇ ਰੂਪ ਵਿਚ ਪੰਨਾ ਨੰਬਰ ਲਗਾ ਕੇ ਦਰਸਾਇਆ ਗਿਆ ਹੈ ਅਤੇ ਜ਼ਰੂਰਤ ਅਨੁਸਾਰ ਟਿੱਪਣੀ ਵੀ ਕੀਤੀ ਗਈ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ ਕੀਤੇ 11 ਖੋਜ ਕਾਰਜ, ਇਸ ਗ੍ਰੰਥ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦੇ ਹਨ। ਇਨ੍ਹਾਂ ਕਾਰਜਾਂ ਵਿਚ ਇਸ ਗ੍ਰੰਥ ਦੇ ਪੌਰਾਣਿਕ, ਸੰਸਕ੍ਰਿਤਿਕ, ਇਤਿਹਾਸਿਕ, ਕਾਵਿਕ ਅਤੇ ਕੁੱਝ ਹੱਦ ਤੱਕ ਦਾਰਸ਼ਨਿਕ (ਇਕੱਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ) ਪੱਖ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿਚ ਵੱਡੇ ਪੱਧਰ 'ਤੇ ਖੋਜਕਾਰ ਸਫਲ ਵੀ ਹੋਏ ਹਨ।

ਦੂਸਰੇ ਅਧਿਆਇ '**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ: ਇਕ ਮੁੱਢਲੀ ਜਾਣ-ਪਛਾਣ**' ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਮੁੱਢਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਗ੍ਰੰਥ ਲਿਖਣ ਦਾ ਕਾਰਨ, ਭਾਈ ਸੰਤੋਖ ਸਿੰਘ ਦੇ ਗੁਰੂ ਜੱਸ ਲਿਖਣ ਦੀ ਇੱਛਾ ਸੀ ਜਿਸ ਨੂੰ ਉਨ੍ਹਾਂ ਨੇ ਸਖ਼ਤ ਮਿਹਨਤ ਰਾਹੀਂ ਸਾਕਾਰ ਕੀਤਾ। ਕੈਥਲ ਰਿਆਸਤ ਦੇ ਜਿਸ ਮਾਹੌਲ ਵਿਚ ਇਹ ਗ੍ਰੰਥ ਲਿਖਿਆ ਗਿਆ, ਉਹ ਵੇਦਾਂਤਕ ਪ੍ਰਭਾਵ ਵਾਲਾ ਸੀ। ਅਧਿਆਇ ਵਿਚ ਇਸ ਗ੍ਰੰਥ ਨੂੰ ਲਿਖਣ ਦੀ ਪ੍ਰਕਿਰਿਆ ਦੇ ਨਾਲ-ਨਾਲ, ਇਸ ਸੰਗ੍ਰਹਿਤ ਗ੍ਰੰਥ ਦੀਆਂ ਦੋ ਰਚਨਾਵਾਂ- ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਲਈ ਵਰਤੀ ਗਈ ਸ੍ਰੋਤ ਸਮੱਗਰੀ ਦੀ ਵੱਖਰੇ-ਵੱਖਰੇ ਰੂਪ ਵਿਚ ਜਾਣਕਾਰੀ ਦਿੱਤੀ ਗਈ ਹੈ। ਇਸ ਗ੍ਰੰਥ ਨੂੰ ਸੰਪੂਰਨ ਕਰਨ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਇਸ ਨੂੰ 1843 ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਪੰਥ ਨੂੰ ਸਮਰਪਿਤ ਕੀਤਾ। ਇਸ ਗ੍ਰੰਥ ਵਿੱਚੋਂ ਪ੍ਰਗਟ ਹੋਣ ਵਾਲੇ ਵਿਭਿੰਨ ਪੱਖਾਂ ਨੂੰ ਗ੍ਰੰਥ ਦੇ ਹਵਾਲਿਆਂ ਰਾਹੀਂ ਪੇਸ਼ ਕੀਤਾ ਗਿਆ ਹੈ। ਅਧਿਆਇ ਦੇ ਅੰਤ ਵਿਚ ਪ੍ਰਮੁੱਖ ਸ਼ਖਸੀਅਤਾਂ ਦੇ ਇਸ ਗ੍ਰੰਥ ਬਾਰੇ ਵਿਚਾਰ ਰੂਪ ਟਿੱਪਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ।

ਖੋਜ ਕਾਰਜ ਦਾ ਤੀਸਰਾ ਅਧਿਆਇ '**ਭਾਈ ਸੰਤੋਖ ਸਿੰਘ ਦਾ ਜੀਵਨ, ਸਾਹਿਤ ਤੇ ਸ਼ਖ਼ਸੀਅਤ**'ਇਸ ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਸਿੰਘ ਦੇ ਜੀਵਨ ਰਚਨਾਵਾਂ ਅਤੇ ਸ਼ਖਸੀਅਤ ਬਾਰੇ ਹੈ ਜਿਸ ਵਿਚ ਉਨ੍ਹਾਂ ਦੇ ਜੀਵਨ ਬਾਰੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਵਿਦਵਾਨਾਂ ਦੇ ਵਖਰੇਵੇਂ ਵਾਲੇ ਹਵਾਲਿਆਂ ਨੂੰ ਸ਼ਾਮਿਲ ਕਰਦੇ ਹੋਏ ਸਹੀ ਤੱਥ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਪੱਖਾਂ ਵਿਚ ਭਾਈ ਸੰਤੋਖ ਸਿੰਘ ਦਾ ਜਨਮ ਸਾਲ, ਜਨਮ ਸਥਾਨ, ਵਿੱਦਿਅਕ ਗੁਰੂ, ਬੂੜੀਆ ਨਿਵਾਸ ਅਤੇ ਪਟਿਆਲਾ ਨਿਵਾਸ ਨਾਲ ਸੰਬੰਧਿਤ ਹਵਾਲੇ ਸ਼ਾਮਿਲ ਹਨ ਜਿਨ੍ਹਾਂ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਪ੍ਰਾਪਤ ਹੁੰਦੇ ਹਨ।

ਕਵੀ ਜੀ ਦੀਆਂ ਰਚਨਾਵਾਂ ਦੀ ਗਿਣਤੀ ਪ੍ਰਮਾਣਿਕ ਰੂਪ ਵਿਚ ਛੇ ਪ੍ਰਾਪਤ ਹੁੰਦੀ ਹੈ- ਨਾਮ ਕੋਸ਼, ਸ੍ਰੀ ਗੁਰ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ। ਪ੍ਰੋ. ਪਿਆਰਾ ਸਿੰਘ ਪਦਮ ਦੁਆਰਾ ਵਰਣਿਤ 'ਪੰਜਾਬੀ ਸੀਹਰਫ਼ੀ' ਨੂੰ ਇਸ ਦੀ ਭਾਸ਼ਾ, ਸ਼ੈਲੀ, ਲਿਖਣ ਦੇ ਢੰਗ, ਵਿਸ਼ੇ ਆਦਿ ਨੂੰ ਵੇਖਦੇ ਹੋਏ ਭਾਈ ਸੰਤੋਖ ਸਿੰਘ ਦੀ ਰਚਨਾ ਨਹੀਂ ਮੰਨਿਆ ਜਾ ਸਕਦਾ।

ਇਸ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾਵਾਂ ਵਿੱਚੋਂ ਉੱਭਰ ਕੇ ਸਾਹਮਣੇ ਆਉਣ ਵਾਲੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਇਸ ਗ੍ਰੰਥ ਦੀ ਰਚਨਾ ਦੇ ਰਚਨਾਕਾਰ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਪੇਸ਼ ਕਰਦੇ ਹਨ।

ਚੌਥਾ ਅਧਿਆਇ '**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅਭਿਵਿਅਕਤ ਸਿੱਖ ਸਿਧਾਂਤ**' ਇਸ ਗ੍ਰੰਥ ਵਿੱਚੋਂ ਪ੍ਰਗਟ ਹੋਣ ਵਾਲੇ ਸਿੱਖ ਸਿਧਾਂਤਾਂ ਬਾਰੇ ਹੈ। ਸਿਧਾਂਤ ਦਾ ਅਰਥ ਹੈ- ਕਿਸੇ ਵਿਚਾਰ ਦਾ ਨਿਚੋੜ ਅੰਤਿਮ ਨਿਰਣਾ। ਸਿਧਾਂਤ, ਸੰਕਲਪ ਅਤੇ ਸੰਸਥਾ ਤੋਂ ਵੱਖਰਾ ਹੁੰਦਾ ਹੋਇਆ ਵੀ ਇਨ੍ਹਾਂ ਨਾਲ ਸਹਿ-ਸੰਬੰਧਿਤ ਹੈ। ਇਸ ਗ੍ਰੰਥ ਵਿਚਲੇ ਸਿਧਾਂਤਾਂ ਨੂੰ ਵਿਸ਼ੇ ਕ੍ਰਮ ਅਨੁਸਾਰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ-

(ੳ) ਦਾਰਸ਼ਨਿਕ ਸਿਧਾਂਤ- ਪਰਮ ਸੱਤਾ, ਜੀਵ, ਸ੍ਰਿਸ਼ਟੀ

(ਅ) ਧਾਰਮਿਕ ਸਿਧਾਂਤ- ਗੁਰੂ, ਨਾਮ. ਸ਼ਬਦ, ਸਾਧ ਸੰਗਤ, ਹੁਕਮ, ਹਉਮੈ, ਮਨ, ਮਾਇਆ, ਮੁਕਤੀ, ਕਰਮ।

(ੲ) ਸਿੱਖ ਸੰਸਥਾਵਾਂ ਦਾ ਸਿਧਾਂਤਕ ਪੱਖ- ਧਰਮਸਾਲ/ਗੁਰਦੁਆਰਾ, ਮੀਰੀ ਪੀਰੀ, ਪੰਜ ਪਿਆਰੇ।

(ਸ) ਨੈਤਿਕ ਸਿਧਾਂਤ

ਇਨ੍ਹਾਂ ਵਰਣਿਤ ਸਿਧਾਂਤਕ ਪੱਖਾਂ ਨੂੰ ਵਿਸ਼ੇ ਕ੍ਰਮ ਅਨੁਸਾਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਰਾਹੀਂ ਦਰਸਾਇਆ ਗਿਆ ਹੈ। ਵਿਸ਼ੇ ਦੀ ਸਪਸ਼ਟਤਾ ਦੇ ਉਦੇਸ਼ ਨਾਲ, ਸੰਬੰਧਿਤ ਵਿਸ਼ੇ ਤੋਂ ਪਹਿਲਾਂ ਇਸ ਨਾਲ ਸੰਬੰਧਿਤ ਸਿੱਖ ਧਰਮ ਅਤੇ ਦੂਸਰੇ ਧਰਮਾਂ ਵਿੱਚੋਂ ਪ੍ਰਾਪਤ ਹੋਣ ਵਾਲੇ ਹਵਾਲਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚੋਂ ਪ੍ਰਾਪਤ ਹੋਣ ਵਾਲੇ ਸਿੱਖ ਸਿਧਾਂਤਾਂ ਉੱਪਰ ਕੁੱਝ ਥਾਂਵਾਂ 'ਤੇ ਵੇਦਾਂਤਕ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਇਸ ਗ੍ਰੰਥ ਵਿਚ ਸੁਚੱਜੇ ਢੰਗ ਨਾਲ ਵਿਸਥਾਰਤ ਤੇ ਦ੍ਰਿਸ਼ਟਾਂਤਿਕ ਸ਼ੈਲੀ ਵਿਚ ਕੀਤੀ ਸਿਧਾਂਤਾਂ ਦੀ ਪੇਸ਼ਕਾਰੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਪੰਜਵੇਂ ਅਤੇ ਅਖ਼ੀਰਲੇ ਅਧਿਆਇ '**ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਬਾਹਰੀ ਤੱਤਾਂ ਅਤੇ ਵਿਭਿੰਨ ਪ੍ਰਭਾਵਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ**' ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਭਿੰਨ ਤੱਤਾਂ ਅਤੇ ਬਾਹਰੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਨ੍ਹਾਂ ਨੇ ਇਸ ਗ੍ਰੰਥ ਨੂੰ ਪ੍ਰਭਾਵਿਤ ਕੀਤਾ। ਅਜਿਹੇ ਕਾਵਿ ਅਤੇ ਪ੍ਰਤੀਕਾਤਮਕ ਸ਼ੈਲੀ ਵਾਲੇ ਗ੍ਰੰਥਾਂ ਨੂੰ ਸਮਝਣ ਲਈ ਵਿਆਖਿਆ ਸ਼ਾਸਤਰ ਦੀ ਵਿਧੀ ਦਾ

ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਵਿਧੀ ਦੇ ਗਿਆਨ ਦੇ ਅਭਾਵ ਦੀ ਸੂਰਤ ਵਿਚ ਨਿਜੀ ਵਿਚਾਰ, ਗ੍ਰੰਥ ਦੀ ਸਮਝ 'ਤੇ ਭਾਰੂ ਹੋ ਜਾਂਦਾ ਹੈ।

ਇਸ ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਵਿਭਿੰਨ ਤੱਤਾਂ ਅਤੇ ਬਾਹਰੀ ਪ੍ਰਭਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ-

(ੳ) ਪੌਰਾਣਿਕ/ਵੇਦਾਂਤਕ ਹਵਾਲੇ

(ਅ) ਸਿਧਾਂਤਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

(ੲ) ਇਤਿਹਾਸਕ ਪੱਖ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

ਗ੍ਰੰਥ ਵਿਚ ਮੌਜੂਦ ਅਜਿਹੇ ਹਵਾਲਿਆਂ ਨੂੰ ਉਪਰੋਕਤ ਵਿਸ਼ੇ ਵੰਡ ਅਨੁਸਾਰ ਪ੍ਰਸਤੁਤ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਹ ਹਵਾਲੇ ਉਸ ਸਮੇਂ ਦੇ ਵੇਦਾਂਤਕ ਪ੍ਰਭਾਵ, ਗ੍ਰੰਥ ਦੀ ਸੁਧਾਈ ਨਾ ਹੋ ਸਕਣ ਅਤੇ ਇਸ ਗ੍ਰੰਥ ਵਿਚ ਬਾਅਦ ਵਿਚ ਕੀਤੀਆਂ ਗਈਆਂ ਮਿਲਾਵਟਾਂ ਦਾ ਸਿੱਟਾ ਹਨ। ਇਸ ਗ੍ਰੰਥ ਵਿਚ ਮਿਲਣ ਵਾਲੇ ਬਹੁਤ ਸਾਰੇ ਸਿਧਾਂਤਕ ਵਿਰੋਧਾਭਾਸ ਹੀ ਇਸ ਗੱਲ ਨੂੰ ਸਪਸ਼ਟ ਕਰ ਦਿੰਦੇ ਹਨ ਕਿ ਇਨ੍ਹਾਂ ਪ੍ਰਸੰਗਾਂ ਵਿਚ ਰਚਨਾ ਤੋਂ ਬਾਅਦ ਮਿਲਾਵਟ ਹੋਈ ਹੈ। ਗ੍ਰੰਥ ਵਿਚ ਮਿਲਾਵਟ ਹੋਣ ਦੇ ਤਿੰਨ ਪ੍ਰਮਾਣ ਵੀ ਇਸ ਅਧਿਆਇ ਵਿਚ ਪੇਸ਼ ਕੀਤੇ ਗਏ ਹਨ। ਇਸ ਸੰਬੰਧੀ ਸਭ ਤੋਂ ਅਹਿਮ ਹੈ- ਭਾਈ ਸੰਤੋਖ ਸਿੰਘ ਦੁਆਰਾ ਇਸ ਗ੍ਰੰਥ ਵਿਚ ਹੋਈਆਂ ਗਲਤੀਆਂ ਲਈ ਸਮੁੱਚੇ ਪੰਥ ਤੋਂ ਮੰਗੀ ਗਈ ਮੁਆਫ਼ੀ ਅਤੇ ਪੰਥ ਨੂੰ ਸੁਧਾਈ ਕਰਨ ਦਾ ਅਧਿਕਾਰ ਦੇਣਾ। ਇਹ ਸੁਧਾਈ ਮੌਜੂਦਾ ਸਮੇਂ ਦੇ ਹਾਲਾਤਾਂ ਅਨੁਸਾਰ ਜ਼ਰੂਰੀ ਵੀ ਹੈ।

**ਸਥਾਪਨਾਵਾਂ**

- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਅਤੇ ਵਿਸ਼ੇ ਸਮੱਗਰੀ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਅਕਾਦਮਿਕ ਪੱਖ 'ਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।
- ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਦੇ ਜੀਵਨ ਨਾਲ ਸੰਬਧਿਤ ਵੱਖ-ਵੱਖ ਵਿਦਵਾਨਾਂ ਦੇ ਹਵਾਲਿਆਂ ਰਾਹੀਂ ਇਸ ਨੂੰ ਇਕ ਜਗ੍ਹਾ 'ਤੇ ਇਕੱਠਾ ਕਰ ਕੇ ਤੁਲਨਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

- ਇਸ ਗ੍ਰੰਥ ਵਿਚੋਂ ਸਿੱਖ ਸਿਧਾਂਤਾਂ ਨੂੰ ਪ੍ਰਗਟ ਕਰਨ ਵਾਲੇ ਹਵਾਲਿਆਂ ਦੇ ਇਕ ਥਾਂ ਸੰਗ੍ਰਹਿਤ ਹੋਣ ਨਾਲ, ਗੌਣ ਸ੍ਰੋਤਾਂ ਦੇ ਅਨੁਸਾਰ ਸਿੱਖ ਚਿੰਤਨ ਦੇ ਅਧਿਐਨ ਲਈ ਵੀ ਇਹ ਮਦਦਗਾਰ ਸਿੱਧ ਹੋਣਗੇ।
- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਬੰਧੀ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ, ਇਸ ਗ੍ਰੰਥ ਨਾਲ ਸੰਬੰਧਿਤ ਭਵਿੱਖ ਦੇ ਖੋਜਾਰਥੀਆਂ ਲਈ ਸਹਾਈ ਹੋਵੇਗਾ।
- ਇਸ ਗ੍ਰੰਥ ਸੰਬੰਧੀ ਮੌਜੂਦਾ ਸਮੇਂ ਵਿਚ ਪੈਦਾ ਕੀਤੀਆਂ ਜਾ ਰਹੀਆਂ ਸ਼ੰਕਾਵਾਂ ਅਤੇ ਦੁਬਿਧਾਵਾਂ ਨੂੰ ਦੂਰ ਕਰਨ ਵਿਚ ਪ੍ਰਸਤੁਤ ਖੋਜ ਕਾਰਜ ਮਦਦਗਾਰ ਸਿੱਧ ਹੋਵੇਗਾ।
- ਇਸ ਖੋਜ ਕਾਰਜ ਰਾਹੀਂ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕ ਥਾਂ ਇਕੱਠੀ ਹੋ ਗਈ ਹੈ।
- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸਿੱਖ ਸਿਧਾਂਤਾਂ ਨਾਲ ਸੰਬੰਧਿਤ ਇਹ ਖੋਜ ਕਾਰਜ, ਭਵਿੱਖ ਦੇ ਖੋਜਾਰਥੀਆਂ ਨੂੰ ਇਸ ਗ੍ਰੰਥ ਦੇ ਚਿੰਤਨ ਵਾਲੇ ਅਤੇ ਦੂਸਰੇ ਪੱਖਾਂ ਸੰਬੰਧੀ ਖੋਜ ਕਰਨ ਲਈ ਉਤਸ਼ਾਹ ਪ੍ਰਦਾਨ ਕਰੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ ਕਾਰਜ ਸਿੱਖ ਚਿੰਤਨ, ਵਿਆਖਿਆਕਾਰੀ ਅਤੇ ਇਤਿਹਾਸਕਾਰੀ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋਵੇਗਾ ਅਤੇ ਅਕਾਦਮਿਕਤਾ ਵਿਚ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੰਦੀਪ ਸਿੰਘ ਦੇ ਹੇਠ ਲਿਖੇ ਅਨੁਸਾਰ ਵੱਖ-ਵੱਖ ਪਤ੍ਰਿਕਾਵਾਂ/ਮੈਗਜੀਨਾਂ ਵਿਚ ਰਿਸਰਚ ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ-

1. JOURNEL OF SRI GURU GRANTH SAHIB STUDIES, *ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਪ੍ਰਤੀਕ ਅਭਿਵਿਅੰਜਨਾ,* ISSN 2321-0796, ਅਕਤੂਬਰ 2015, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ
2. ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ, *ਡਾ. ਤਾਰਨ ਸਿੰਘ ਦੀਆਂ ਰਚਨਾਵਾਂ ਵਿਚ ਸਿੱਖ ਦਰਸ਼ਨ ਦੀ ਅਭਿਵਿਅਕਤੀ,* ISBN 97-81-302-0416-2017, 2017, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

| **ਨਿਗਰਾਨ** | **ਸਹਿ ਨਿਗਰਾਨ:** | **ਖੋਜਾਰਥੀ** |
|---|---|---|
| ਡਾ. ਮੁਹੰਮਦ ਹਬੀਬ | ਡਾ. ਗੁਰਨਾਇਬ ਸਿੰਘ | ਸੰਦੀਪ ਸਿੰਘ |

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ **"ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਦੀ ਅਭਿਵਿਅਕਤੀ"** ਵਿਸ਼ੇ 'ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫ਼ਿਕੇਟ ਦਿਤਾ ਗਿਆ ਹੋਵੇ।

| | | |
|---|---|---|
| ਨਿਗਰਾਨ | ਸਹਿ-ਨਿਗਰਾਨ | ਖੋਜਾਰਥੀ |
| ਡਾ. ਮੁਹੰਮਦ ਹਬੀਬ | ਡਾ. ਗੁਰਨਾਇਬ ਸਿੰਘ | ਸੰਦੀਪ ਸਿੰਘ |

Scanned with CamScanner

# ਭੂਮਿਕਾ

Scanned with CamScanner

# ਭੂਮਿਕਾ

ਧਾਰਮਿਕ ਰਹਿਨੁਮਾ ਦੇ ਦੈਵੀ ਸੰਦੇਸ਼ ਨੂੰ ਸਾਧਾਰਨ ਬੌਧਿਕਤਾ ਦੇ ਪੱਧਰ ਤੱਕ ਪਹੁੰਚਾਉਣ ਵਿਚ 'ਧਰਮ ਗ੍ਰੰਥ' ਪ੍ਰਮੁੱਖ ਆਧਾਰ ਦਾ ਕਾਰਜ ਕਰਦਾ ਹੈ ਜੋ ਪੈਗੰਬਰੀ ਬੋਲਾਂ ਨੂੰ ਸਦੀਵੀ ਸਮੇਂ ਤੱਕ ਸੁਰੱਖਿਅਤ ਰੱਖਦਾ ਹੈ। ਮੁੱਖ ਰੂਪ ਵਿਚ, ਰੂਹਾਨੀ ਸ਼ਖ਼ਸੀਅਤਾਂ ਦਾ ਸੰਦੇਸ਼ 'ਧਰਮ ਗ੍ਰੰਥ' ਵਿਚ ਹੁੰਦਾ ਹੈ ਅਤੇ ਉਨ੍ਹਾਂ ਦਾ ਜੀਵਨ 'ਗ੍ਰੰਥ' ਵਿਚ। ਇਹ ਜੀਵਨ ਵੀ ਜਗਿਆਸੂਆਂ ਲਈ ਇਕ ਵਿਚਾਰਧਾਰਕ ਦਰਪਣ ਵਾਂਗ ਹੁੰਦਾ ਹੈ ਜਿਸ ਤੋਂ ਉਹ ਸੇਧ ਪ੍ਰਾਪਤ ਕਰਦੇ ਹਨ। ਕਿਸੇ ਵੀ ਧਰਮ ਲਈ 'ਧਰਮ ਗ੍ਰੰਥ' ਮੂਲ ਹੁੰਦਾ ਹੈ ਅਤੇ 'ਗ੍ਰੰਥ' ਗੌਣ। 'ਧਰਮ ਗ੍ਰੰਥ' ਦੈਵੀ ਕ੍ਰਿਤ ਹੋਣ ਕਾਰਨ ਕਿੰਤੂ ਮੁਕਤ ਹੁੰਦਾ ਹੈ ਪ੍ਰੰਤੂ 'ਗ੍ਰੰਥ' ਮਨੁੱਖੀ ਕ੍ਰਿਤ ਹੋਣ ਕਾਰਨ ਕਿੰਤੂ ਮੁਕਤ ਨਹੀਂ ਹੋ ਸਕਦਾ।

ਸਿੱਖ ਧਰਮ ਵਿਚ 'ਧਰਮ ਗ੍ਰੰਥ' ਦਾ ਦਰਜਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਪ੍ਰਾਪਤ ਹੈ ਜਿਸ ਵਿਚ 'ਖਸਮ ਕੀ ਬਾਣੀ' ਦਾ ਇਲਾਹੀ ਸੰਦੇਸ਼ ਮੌਜੂਦ ਹੈ। 'ਗ੍ਰੰਥ' ਵਾਲੇ ਵਰਗ ਵਿਚ ਸਾਖੀ ਸਾਹਿਤ, ਬਿਲਾਸ ਸਾਹਿਤ, ਪ੍ਰਕਾਸ਼ ਸਾਹਿਤ ਆਦਿ ਵਾਲੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ। ਅਜਿਹੇ ਗ੍ਰੰਥਾਂ ਵਿਚ ਗੁਰੂ ਸਾਹਿਬਾਨ ਦਾ ਇਤਿਹਾਸ, ਉਨ੍ਹਾਂ ਦੀ ਉੱਚਤਾ ਅਤੇ ਵਡਿਆਈ ਦਾ ਵਰਣਨ ਕਰਨ ਦੇ ਉਦੇਸ਼ ਨਾਲ ਸ਼ਰਧਾ ਭਰਪੂਰ ਨਜ਼ਰੀਏ ਤੋਂ ਲਿਖਿਆ ਗਿਆ ਹੈ।

ਇਨ੍ਹਾਂ ਸ੍ਰੋਤ ਗ੍ਰੰਥਾਂ ਵਿਚ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਆਪਣੇ ਵਿਸ਼ਾਲ ਆਕਾਰ ਅਤੇ ਕਾਵਿਮਈ ਵਰਣਾਤਮਕ ਸ਼ੈਲੀ ਕਾਰਨ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਗ੍ਰੰਥ, ਚੂੜਾਮਣੀ ਮਹਾਂਕਵੀ ਭਾਈ ਸੰਤੋਖ ਸਿੰਘ ਦੀਆਂ ਦੋ ਰਚਨਾਵਾਂ- ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਮਿਲਵਾਂ ਸੰਗ੍ਰਹਿ ਹੈ ਜਿਨ੍ਹਾਂ ਨੂੰ ਭਾਈ ਵੀਰ ਸਿੰਘ ਨੇ ਇਕ ਗ੍ਰੰਥ ਦੇ ਰੂਪ ਵਿਚ ਸੰਪਾਦਿਤ ਕੀਤਾ ਕਿਉਂਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਦੂਸਰੇ ਗੁਰੂ ਤੋਂ ਦਸਵੇਂ ਗੁਰੂ ਤੱਕ ਦਾ ਇਤਿਹਾਸ, ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਵਰਣਿਤ ਗੁਰੂ ਨਾਨਕ ਦੇਵ ਜੀ ਤੋਂ ਅਗਲੇਰੀ ਇਤਿਹਾਸਿਕ ਨਿਰੰਤਰਤਾ ਦੀ ਲੜੀ ਜੋੜਨ ਵਾਲੀ ਰਚਨਾ ਹੈ। ਲਗ-ਪਗ 30 ਸ੍ਰੋਤ ਗ੍ਰੰਥਾਂ ਦੇ ਅਧਿਐਨ ਅਤੇ ਤਕਰੀਬਨ 25 ਸਾਲਾਂ ਦੀ ਸਖ਼ਤ ਮਿਹਨਤ ਤੇ ਲਗਨ ਨਾਲ



Scanned with CamScanner

ਤਿਆਰ ਕੀਤੇ ਇਸ ਗ੍ਰੰਥ ਦੀਆਂ, ਅਧਿਆਇ ਵੰਡ ਦੇ ਰੂਪ ਵਿਚ ਕੁਦਰਤ ਦੀ ਗਤੀ ਦੇ ਅਨੁਸਾਰ 12 ਰਾਸਾਂ, 6 ਰੁੱਤਾਂ ਤੇ 2 ਆਇਨ ਹਨ। ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਸੁੰਦਰ ਛੰਦਾਬੰਦੀ ਨਾਲ ਬ੍ਰਜ ਭਾਸ਼ਾ ਵਿਚ, ਵਿਭਿੰਨ ਰਸਾਂ ਅਤੇ ਅਲੰਕਾਰਾਂ ਸਮੇਤ ਲਿਖਿਆ ਗਿਆ ਹੈ। ਇਸ ਗ੍ਰੰਥ ਦੀ ਸ਼ਾਮ ਵੇਲੇ ਗੁਰਧਾਮਾਂ ਵਿਚ ਹੋਣ ਵਾਲੀ ਕਥਾ, ਸਿੱਖ ਸੰਗਤਾਂ ਵਿਚ ਇਸ ਦੇ ਸਥਾਨ ਤੇ ਮਹੱਤਵ ਨੂੰ ਦਰਸਾਉਂਦੇ ਹਨ। ਇਸ ਦੀ ਸ਼ੈਲੀ ਅਤੇ ਸਰੂਪ ਕਾਰਨ, ਇਸ ਨੂੰ ਇਤਿਹਾਸਕ ਗ੍ਰੰਥ ਕਹਿਣ ਦੀ ਥਾਂ ਇਤਿਹਾਸਕ ਕਾਵਿ ਗ੍ਰੰਥ ਕਹਿਣਾ ਜ਼ਿਆਦਾ ਉੱਚਿਤ ਹੈ। ਭਾਈ ਸੰਤੋਖ ਸਿੰਘ ਅਨੁਸਾਰ ਇਹ ਗ੍ਰੰਥ ਗੁਰੂ ਉਪਮਾ ਕਰਨ ਦੇ ਉਦੇਸ਼ ਨੂੰ ਪੂਰਾ ਕਰਨ ਲਈ ਲਿਖਿਆ ਗਿਆ ਹੈ ਜੋ 1843 ਈ. ਵਿਚ ਸੰਪੂਰਨ ਹੋਇਆ। ਇਸ ਗ੍ਰੰਥ ਦੀ ਸਭ ਤੋਂ ਪੁਰਾਣੀ ਲਿਖਤ ਸੰਬੰਧੀ ਸੰਮਤ 1918 (1861 ਈ.) ਦੇ ਵੇਰਵੇ ਪ੍ਰਾਪਤ ਹੁੰਦੇ ਹਨ ਜਿਸ ਦੀ ਭਾਈ ਵੀਰ ਸਿੰਘ ਨੇ, ਇਸ ਗ੍ਰੰਥ ਦੀ ਸੰਪਾਦਨਾ ਲਈ ਵਰਤੋਂ ਕੀਤੀ। ਉਨ੍ਹਾਂ ਨੇ ਉਸ ਸਮੇਂ ਪ੍ਰਾਪਤ 5 ਹੱਥ ਲਿਖਤਾਂ ਨੂੰ ਇਸ ਗ੍ਰੰਥ ਦੇ ਪਾਠ ਨਿਰਧਾਰਨ ਲਈ ਵਰਤਿਆ ਜਿਸ ਦੇ ਸੰਪਾਦਿਤ ਰੂਪ ਨੂੰ ਮੌਜੂਦਾ ਸਮੇਂ ਵਿਚ ਭਾਸ਼ਾ ਵਿਭਾਗ ਪੰਜਾਬ ਦੁਆਰਾ 14 ਜਿਲਦਾਂ ਵਿਚ ਛਾਪਿਆ ਗਿਆ ਹੈ।

ਕਾਵਿਕ ਰੂਪ ਇਹ ਗ੍ਰੰਥ ਜਿੱਥੇ ਧਾਰਮਿਕ ਪੱਖੋਂ ਸਿੱਖ ਸੰਗਤਾਂ ਵਿਚ ਲੋਕ ਪ੍ਰਿਯ ਹੈ, ਉੱਥੇ ਇਹ ਸਾਹਿਤ ਜਗਤ ਵਿਚ ਵੀ ਆਪਣੀਆਂ ਸਾਹਿਤਿਕ ਵਿਸ਼ੇਸ਼ਤਾਈਆਂ ਕਾਰਨ ਵਿਸ਼ੇਸ਼ ਸਥਾਨ ਰੱਖਦਾ ਹੈ। ਭਾਵੇਂ ਇਹ ਗ੍ਰੰਥ ਮੌਜੂਦਾ ਸਮੇਂ ਦੀ ਅਕਾਦਮਿਕ-ਇਤਿਹਾਸਿਕ ਵਿਧੀ ਨਾਲ ਨਹੀਂ ਲਿਖਿਆ ਗਿਆ ਪਰੰਤੂ ਫਿਰ ਵੀ ਇਹ ਗ੍ਰੰਥ ਮੌਜੂਦਾ ਸਮੇਂ ਦੇ ਇਤਿਹਾਸਕਾਰਾਂ ਲਈ ਇਕ ਸ੍ਰੋਤ ਗ੍ਰੰਥ ਦਾ ਕਾਰਜ ਕਰਦਾ ਹੈ। ਇਹ ਗ੍ਰੰਥ, ਆਪਣੀ ਰਚਨਾ ਦੇ ਸਮੇਂ ਤੋਂ ਹੀ ਲੋਕ ਪ੍ਰਿਯ ਰਿਹਾ ਹੈ ਜਿਸ ਨੂੰ ਸਿੱਖ ਪ੍ਰਚਾਰਕਾਂ ਦੁਆਰਾ ਕਥਾ ਦੇ ਰੂਪ ਵਿਚ ਸਿੱਖ ਸੰਗਤਾਂ ਤਕ ਪਹੁੰਚਾਇਆ ਜਾਂਦਾ ਰਿਹਾ ਹੈ ਪਰੰਤੂ ਇਸ ਗ੍ਰੰਥ ਸੰਬੰਧੀ ਪਹਿਲੀ ਵਾਰ ਅਕਾਦਮਿਕ ਕਾਰਜ ਕਰਨ ਦਾ ਸਿਹਰਾ ਭਾਈ ਵੀਰ ਸਿੰਘ ਨੂੰ ਜਾਂਦਾ ਹੈ। ਉਨ੍ਹਾਂ ਨੇ 9 ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਪੈਰ ਟਿੱਪਣੀਆਂ ਸਮੇਤ ਇਸ ਗ੍ਰੰਥ ਨੂੰ ਸੰਪਾਦਿਤ ਕੀਤਾ ਅਤੇ ਜ਼ਰੂਰਤ ਅਨੁਸਾਰ ਵੱਖ-ਵੱਖ ਪ੍ਰਸੰਗਾਂ ਸੰਬੰਧੀ ਵਿਸਤਰਿਤ ਪੈਰ ਟਿੱਪਣੀ ਵੀ ਕੀਤੀਆਂ, ਜਿਵੇਂ- ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੁਰਗਾ ਪੂਜਾ ਕਰਨ ਦੇ ਸੰਬੰਧ ਵਿਚ ਪੰਨਾ ਨੰ. 4069 ਤੋਂ 5027 ਤੱਕ 59 ਪੰਨਿਆਂ ਦੀ ਲੇਖ ਰੂਪ ਪੈਰ ਟਿੱਪਣੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਕੀ ਤੋਂ ਇਲਾਵਾ ਭਾਈ ਵੀਰ ਸਿੰਘ ਨੇ ਇਸ ਗ੍ਰੰਥ ਦੇ ਰਚਨਾਕਾਰ ਭਾਈ



Scanned with CamScanner

ਸੰਤੋਖ ਸਿੰਘ ਦਾ ਜੀਵਨ ਅਤੇ ਜੀਵਨ ਨਾਲ ਸੰਬੰਧਿਤ ਥਾਵਾਂ ਦੀ ਖੋਜ ਕੀਤੀ ਜਿਸ ਨੂੰ ਇਸ ਗ੍ਰੰਥ ਦੀ ਪਹਿਲੀ ਜਿਲਦ ਦੇ ਰੂਪ ਵਿਚ ਛਾਪਿਆ ਗਿਆ। ਭਾਈ ਵੀਰ ਸਿੰਘ ਤੋਂ ਬਾਅਦ ਇਸ ਗ੍ਰੰਥ ਦੇ ਕਦਰਦਾਨਾਂ ਵਿਚ ਗਿਆਨੀ ਖ਼ਜਾਨ ਸਿੰਘ, ਪਿਆਰਾ ਸਿੰਘ ਪਦਮ, ਡਾ. ਜੈ ਭਗਵਾਨ ਗੋਇਲ, ਸ. ਰਣਜੀਤ ਸਿੰਘ ਖੜਗ, ਡਾ. ਹਰਮੀਤ ਸਿੰਘ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਡਾ. ਜੈ ਭਗਵਾਨ ਗੋਇਲ ਨੂੰ ਇਸ ਗ੍ਰੰਥ ਸੰਬੰਧੀ ਪਹਿਲਾ ਖੋਜ ਕਾਰਜ ਕਰਨ ਦਾ ਮਾਣ ਪ੍ਰਾਪਤ ਹੈ ਜੋ ਇਸ ਗ੍ਰੰਥ ਦੇ ਕਾਵਿਕ ਪੱਖ 'ਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰਾ ਤੋਂ ਕੀਤਾ ਗਿਆ। ਡਾ. ਗੋਇਲ ਨੇ ਨਾ ਸਿਰਫ ਆਪ ਇਸ ਗ੍ਰੰਥ ਸੰਬੰਧੀ ਖੋਜ ਕਾਰਜ ਕੀਤਾ ਸਗੋਂ ਹੋਰ ਕਈ ਖੋਜਾਰਥੀਆਂ ਨੂੰ ਵੀ ਇਸ ਗ੍ਰੰਥ 'ਤੇਪੀਐੱਚ.ਡੀ. ਕਰਵਾਈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਤਿਹਾਸ ਦੇ ਨਾਲ-ਨਾਲ, ਸਿੱਖ ਧਰਮ ਦੇ ਚਿੰਤਨ ਵਾਲੇ ਪੱਖ ਵੀ ਮੌਜੂਦ ਹਨ। ਇਸ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਨੇ ਸਿੱਖ ਸਿਧਾਂਤਾਂ ਦੀ ਸੁੰਦਰ ਢੰਗ ਨਾਲ ਪੇਸ਼ਕਾਰੀ ਕੀਤੀ ਹੈ ਭਾਵੇਂ ਕਈ ਥਾਂਵਾਂ 'ਤੇ ਇਸ ਵਿਚ ਵੇਦਾਂਤਕ ਪ੍ਰਭਾਵ ਵੀ ਵਿਖਾਈ ਦਿੰਦਾ ਹੈ। ਗ੍ਰੰਥ ਰਚਨਾ ਦੇ ਮਾਹੌਲ ਅਨੁਸਾਰ ਇਹ ਪ੍ਰਭਾਵ ਉਸ ਸਮੇਂ ਹੋਣਾ ਕੁਦਰਤੀ ਸੀ ਕਿਉਂਕਿ ਉਸ ਸਮੇਂ ਦੇ ਵਾਤਾਵਰਨ ਵਿਚ ਸਿੱਖ ਧਰਮ 'ਤੇ ਵੇਦਾਂਤ ਦਾ ਗਹਿਰਾ ਪ੍ਰਭਾਵ ਸੀ ਜੋ ਬਾਅਦ ਵਿਚ ਸਿੰਘ ਸਭਾ ਲਹਿਰ ਦੇ ਉਭਾਰ ਦੇ ਕਾਰਨਾਂ ਵਿਚੋਂ ਇਕ ਪ੍ਰਮੁੱਖ ਕਾਰਨ ਬਣਿਆ। ਗੁਰਮਤਿ ਸਿਧਾਂਤ ਨਾਲ ਸੰਬੰਧਿਤ ਵਿਸ਼ਿਆਂ ਨੂੰ ਇਸ ਗ੍ਰੰਥ ਵਿਚ ਦ੍ਰਿਸ਼ਟਾਂਤਿਕ ਸ਼ੈਲੀ ਰਾਹੀਂ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਦੁਆਰਾ ਕਿਸੇ ਧਾਰਮਿਕ ਆਗੂ ਨਾਲ ਸੰਵਾਦ ਵਾਲੀ ਘਟਨਾ ਨੂੰ, ਸੰਵਾਦ ਸ਼ੈਲੀ ਵਿਚ ਹੀ ਪੇਸ਼ ਕੀਤਾ ਗਿਆ ਹੈ। ਦਾਰਸ਼ਨਿਕ ਵਿਸ਼ਿਆਂ ਨੂੰ ਇਸ ਸੰਵਾਦ ਰਾਹੀਂ ਵੀ ਸੁਚੱਜੇ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਹੱਥਲਾ ਖੋਜ ਕਾਰਜ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਿੱਖ ਸਿਧਾਂਤਾਂ ਦੀ ਅਭਿਵਿਅਕਤੀ ਨਾਲ ਸੰਬੰਧਿਤ ਹੈ। ਅਭਿਵਿਅਕਤੀ ਤੋਂ ਭਾਵ ਹੈ- ਪ੍ਰਗਟਾਅ ਕਰਨ ਦੀ ਕਿਰਿਆ। ਖੋਜ ਕਾਰਜ ਰਾਹੀਂ ਇਸ ਗ੍ਰੰਥ ਵਿਚੋਂ ਪ੍ਰਗਟ ਹੋਣ ਵਾਲੇ ਸਿੱਖ ਸਿਧਾਂਤਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਖੋਜ ਕਾਰਜ ਲਈ ਇਸ ਗ੍ਰੰਥ ਦਾ ਅਧਿਐਨ ਕਰਦੇ ਹੋਏ, ਦਿਲਚਸਪ ਅਤੇ ਜਾਣਕਾਰੀ ਭਰਪੂਰ ਅਕਾਦਮਿਕ ਸਫਰ ਦੌਰਾਨ ਬਹੁਤ ਸਾਰੇ ਅਜਿਹੇ ਪ੍ਰਸੰਗ ਪ੍ਰਾਪਤ ਹੋਏ ਜਿਨ੍ਹਾਂ ਦੇ ਤੱਥਾਂ ਅਤੇ ਹਵਾਲਿਆਂ ਨੇ ਇਤਿਹਾਸ, ਸਾਹਿਤ, ਚਿੰਤਨ ਅਤੇ ਰੂਹਾਨੀ ਪੱਖ ਤੋਂ ਮੇਰੇ ਗਿਆਨ ਵਿਚ ਵਾਧਾ ਕੀਤਾ। ਕਈ ਵਾਰ ਕੁਝ



Scanned with CamScanner

ਪ੍ਰਸੰਗਾਂ ਨੂੰ ਪੜ੍ਹ ਕੇ ਮਨ ਉਚਾਟ ਵੀ ਹੋ ਜਾਂਦਾ ਪਰੰਤੂ ਜ਼ਿਆਦਾਤਰ ਪ੍ਰਸੰਗਾਂ ਵਿੱਚੋਂ ਭਾਈ ਸੰਤੋਖ ਸਿੰਘ ਦੇ ਸਿੱਖੀ ਪਿਆਰ ਦੀ ਝਲਕ ਪ੍ਰਾਪਤ ਹੁੰਦੀ ਰਹੀ। ਭਾਈ ਵੀਰ ਸਿੰਘ ਦੀਆਂ ਪੈਰ ਟਿੱਪਣੀਆਂ ਨੇ ਇਸ ਗ੍ਰੰਥ ਨੂੰ ਸਮਝਣ ਵਿਚ ਬਹੁਤ ਸਹਾਇਤਾ ਪ੍ਰਦਾਨ ਕੀਤੀ। ਕਈ ਵਾਰ ਕੁੱਝ ਸ਼ਬਦਾਂ ਦੀ ਸਪਸ਼ਟਤਾ ਲਈ ਸ਼ਬਦ, ਅਰਥ ਕੋਸ਼ਾਂ ਦਾ ਵੀ ਸਹਾਰਾ ਲਿਆ। ਸਿੱਖ ਧਰਮ ਦੇ ਕਥਾ ਵਾਚਕਾਂ ਅਤੇ ਵਿਦਵਾਨਾਂ ਦੀ ਸਮੇਂ-ਸਮੇਂ 'ਤੇ ਮਦਦ ਲੈ ਕੇ ਇਸ ਵੱਡ ਅਕਾਰੀ ਗ੍ਰੰਥ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ।

ਲਗ-ਪਗ ਦੋ ਸਾਲਾਂ ਦੇ ਅਰਸੇ ਵਿਚ ਇਸ ਗ੍ਰੰਥ ਦਾ ਅਧਿਐਨ ਕਰਨ ਤੋਂ ਬਾਅਦ, ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਗ੍ਰੰਥ ਸੰਬੰਧੀ ਹੋ ਚੁੱਕੇ ਖੋਜ ਕਾਰਜਾਂ ਦੇ ਸਰਵੇਖਣ ਲਈ ਵੱਖ-ਵੱਖ ਯੂਨੀਵਰਸਿਟੀਆਂ ਅਤੇ ਥਾਂਵਾਂ 'ਤੇ ਜਾ ਕੇ ਖੋਜ ਕਾਰਜ ਦੇ ਇਸ ਹਿੱਸੇ ਦੀ ਪੂਰਤੀ ਕੀਤੀ ਗਈ। ਇਸ ਖੋਜ ਕਾਰਜ ਦੌਰਾਨ ਆਪਣੇ ਰਿਹਾਇਸ਼ੀ ਸਥਾਨ, ਪਿੰਡ ਧਮਤਾਨ ਸਾਹਿਬ (ਜ਼ਿਲ੍ਹਾ ਜੀਂਦ, ਹਰਿਆਣਾ) ਦੇ ਗੁਰਦੁਆਰਾ ਪਾਤਸ਼ਾਹੀ ਨੌਂਵੀਂ ਦੇ ਸੰਗ੍ਰਹਿ ਵਿੱਚੋਂ, 1883 ਈ. ਦੇ ਲਾਹੌਰ ਤੋਂ ਛਪੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪੱਥਰ ਛਾਪੇ ਵਾਲੇ ਖਰੜੇ ਦੇ ਦਰਸ਼ਨ ਕਰਨ ਦਾ ਵੀ ਮੌਕਾ ਪ੍ਰਾਪਤ ਹੋਇਆ।

ਖੋਜ ਕਾਰਜ ਦੇ ਸੰਬੰਧ ਵਿਚ, ਭਾਈ ਸੰਤੋਖ ਸਿੰਘ ਦੇ ਜੀਵਨ ਸੰਬੰਧੀ ਉਨ੍ਹਾਂ ਦੇ ਜਨਮ ਦਿਹਾੜੇ 'ਤੇ 22 ਸਤੰਬਰ, 2018 ਨੂੰ ਅਜੀਤ (ਪੰਜਾਬੀ ਅਖ਼ਬਾਰ) ਵਿਚ ਲੇਖ ਪ੍ਰਕਾਸ਼ਿਤ ਕਰਵਾਇਆ; ਡਾ. ਕਿਰਪਾਲ ਸਿੰਘ ਹਿਸਟੋਰੀਅਨ, ਡਾ. ਜੈ ਭਗਵਾਨ ਗੋਇਲ ਵਰਗੇ ਉੱਘੇ ਵਿਦਵਾਨਾਂ ਨਾਲ ਮੁਲਾਕਾਤਾਂ ਕੀਤੀਆਂ। ਇਸ ਸੰਬੰਧ ਵਿਚ ਸਭ ਤੋਂ ਤ੍ਰਾਸਦੀ ਵਾਲਾ ਪਹਿਲੂ ਹੈ- ਭਾਈ ਸੰਤੋਖ ਸਿੰਘ ਦੀ ਉਹ ਇਤਿਹਾਸਕ ਹਵੇਲੀ, ਜਿੱਥੇ ਰਹਿ ਕੇ ਉਨ੍ਹਾਂ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਦੂਸਰੀਆਂ ਰਚਨਾਵਾਂ ਨੂੰ ਸੰਪੂਰਨ ਕੀਤਾ। ਹਵੇਲੀ ਦੀ ਖੰਡਰ ਹਾਲਤ ਅਤੇ ਗੰਦਗੀ ਵਾਲਾ ਮਾਹੌਲ ਵੇਖ ਕੇ ਇਹ ਵਿਸ਼ਵਾਸ ਕਰਨਾ ਮੁਸ਼ਕਿਲ ਸੀ ਕਿ ਇਹ ਭਾਈ ਵੀਰ ਸਿੰਘ ਦੁਆਰਾ ਵਰਣਿਤ ਸ਼ਾਨੋ ਸ਼ੌਕਤ ਵਾਲੀ ਹਵੇਲੀ ਹੈ। ਸਿੱਖ ਕੌਮ ਦੀ ਇਸ ਵਿਰਾਸਤ ਪ੍ਰਤੀ ਅਣਗਹਿਲੀ ਵਾਲੇ ਪੱਖ ਸੰਬੰਧੀ ਮਿਤੀ 30 ਜਨਵਰੀ, 2019 ਨੂੰ ਪੰਜਾਬੀ ਟ੍ਰਿਬਿਊਨ ਵਿਚ ਲੇਖ ਵੀ ਪ੍ਰਕਾਸ਼ਿਤ ਕਰਵਾਇਆ ਗਿਆ ਜਿਸ ਦੇ ਕੁਝ ਹਾਂ ਪੱਖੀ ਸਿੱਟੇ ਪ੍ਰਾਪਤ ਹੋਏ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸਬੰਧਿਤ ਇਸ ਖੋਜ ਕਾਰਜ ਦੇ ਪੰਜ ਅਧਿਆਇ ਹਨ। ਪਹਿਲਾ ਅਧਿਆਇ, ਵੱਖ-ਵੱਖ ਯੂਨੀਵਰਸਿਟੀਆਂ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨਾਲ ਸੰਬੰਧਿਤ,



Scanned with CamScanner

ਪੀਐੱਚ.ਡੀ. ਅਤੇ ਐਮ.ਫਿਲ ਪੱਧਰ 'ਤੇ ਹੋ ਚੁੱਕੇ ਖੋਜ ਕਾਰਜਾਂ ਦੇ ਸਰਵੇਖਣ ਅਤੇ ਮੁਲੰਕਣ ਬਾਰੇ ਹੈ। ਇਨ੍ਹਾਂ ਖੋਜ ਕਾਰਜਾਂ ਦੀ ਕੁੱਲ ਗਿਣਤੀ 11 ਹੈ ਜਿਨ੍ਹਾਂ ਵਿਚੋਂ 04 ਪੰਜਾਬੀ, 04 ਹਿੰਦੀ ਅਤੇ 03 ਅੰਗਰੇਜੀ ਭਾਸ਼ਾ ਨਾਲ ਸੰਬੰਧਿਤ ਹਨ।

ਦੂਸਰੇ ਅਧਿਆਇ ਵਿਚ ਇਸ ਗ੍ਰੰਥ ਦੇ ਵੱਖ-ਵੱਖ ਪੱਖਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਗ੍ਰੰਥ ਦੀ ਰਚਨਾ ਦਾ ਕਾਰਨ, ਰਚਨਾ ਸਮੇਂ ਦਾ ਮਾਹੌਲ, ਇਸ ਗ੍ਰੰਥ ਦੀ ਭਾਸ਼ਾ, ਸਾਹਿਤਿਕ ਵਿਸ਼ੇਸ਼ਤਾਈਆਂ ਆਦਿ ਪੱਖ ਸ਼ਾਮਿਲ ਹਨ। ਇਸ ਅਧਿਆਇ ਵਿਚ ਗ੍ਰੰਥ ਬਾਰੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਸ਼ਖਸੀਅਤਾਂ ਦੇ ਵਿਚਾਰਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਤੀਸਰਾ ਅਧਿਅਇ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਭਾਈ ਸੰਤੋਖ ਸਿੰਘ ਦੇ ਜੀਵਨ, ਰਚਨਾਵਾਂ ਅਤੇ ਸ਼ਖ਼ਸੀਅਤ ਨਾਲ ਸੰਬੰਧਿਤ ਹੈ। ਖੋਜ ਪ੍ਰਬੰਧ ਦੇ ਚੌਥੇ ਅਧਿਆਇ ਵਿਚ ਇਸ ਗ੍ਰੰਥ ਵਿਚੋਂ ਪ੍ਰਗਟ ਹੋਣ ਵਾਲੇ ਸਿੱਖ ਸਿਧਾਂਤਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਖੋਜ ਕਾਰਜ ਦੇ ਅੰਤਿਮ ਸਮੇਂ ਦੌਰਾਨ ਇਸ ਗ੍ਰੰਥ ਸੰਬੰਧੀ ਵਿਵਾਦਾਂ ਨੂੰ ਵੇਖਦੇ ਹੋਏ, ਇਨ੍ਹਾਂ ਸੰਬੰਧੀ ਸੰਖੇਪ ਵਿਚਾਰਾਂ ਨੂੰ ਇਸ ਖੋਜ ਕਾਰਜ ਦੇ ਪੰਜਵੇਂ ਅਧਿਆਇ ਦੇ ਰੂਪ ਵਿਚ ਸ਼ਾਮਿਲ ਕੀਤਾ ਗਿਆ। ਇਨ੍ਹਾਂ ਵਿਵਾਦਾਂ ਸੰਬੰਧੀ ਇਹ ਨੁਕਤਾ ਵਿਚਾਰਨਯੋਗ ਹੈ ਕਿ ਇਹ ਗ੍ਰੰਥ ਕੋਈ ਦੈਵੀ ਕ੍ਰਿਤ ਨਾ ਹੋ ਕੇ ਮਨੁੱਖੀ ਕ੍ਰਿਤ ਹੋਣ ਕਾਰਨ ਪੂਰੀ ਤਰ੍ਹਾਂ ਕਿੰਤੂ ਮੁਕਤ ਨਹੀਂ ਹੋ ਸਕਦਾ। ਨਾ ਹੀ ਇਸ ਗ੍ਰੰਥ ਦੀ ਸੁਧਾਈ ਨਾ ਹੋ ਸਕਣ ਅਤੇ ਇਸ ਦੇ ਅੱਖਰ ਅੱਖਰ ਨੂੰ ਸੱਚ ਕਰਕੇ ਮੰਨਣ ਵਾਲਾ ਕੋਈ ਅਟੱਲ ਨਿਯਮ ਹੈ।

ਅਜਿਹੇ ਵਿਵਾਦਾਂ ਨੂੰ ਆਧਾਰ ਬਣਾ ਕੇ ਇਸ ਗ੍ਰੰਥ ਨੂੰ ਨਕਾਰਣ ਦੀ ਥਾਂ, ਇਸ ਗ੍ਰੰਥ ਨੂੰ ਗੁਰਬਾਣੀ ਦੀ ਸਿਧਾਂਤਕ ਕਸਵੱਟੀ ਦੇ ਆਧਾਰ 'ਤੇ ਗੈਰ ਸਿਧਾਂਤਕ ਪ੍ਰਸੰਗਾਂ ਦੀ ਸੁਧਾਈ ਕਰਨ ਦੀ ਜ਼ਰੂਰਤ ਹੈ ਅਤੇ ਇਸ ਦੇ ਗੁਰਮਤਿ ਅਨੁਕੂਲ ਪ੍ਰਸੰਗਾਂ ਨੂੰ ਸਿੱਖ ਪ੍ਰਚਾਰ ਅਤੇ ਅਕਾਦਮਿਕਤਾ ਲਈ ਵਰਤਿਆ ਜਾਣਾ ਹੀ ਮੌਜੂਦਾ ਸਮੇਂ ਵਿਚ ਪ੍ਰਸੰਗਿਕ ਹੈ। ਇਸ ਗ੍ਰੰਥ ਵਿਚ ਬਹੁਤ ਸਾਰੇ ਪ੍ਰਸੰਗ ਅਜਿਹੇ ਵੀ ਹਨ ਜੋ ਇਸ ਗ੍ਰੰਥ ਨਾਲ ਛੇੜਛਾੜ ਕਰਕੇ ਬਾਅਦ ਵਿਚ ਸ਼ਾਮਿਲ ਕੀਤੇ ਗਏ। ਇਸ ਗ੍ਰੰਥ ਦੇ ਨਿਰਪੱਖ ਅਧਿਐਨ ਤੋਂ ਬਾਅਦ ਸੂਝਵਾਨ ਪਾਠਕ ਇਨ੍ਹਾਂ ਮਿਲਾਵਟਾਂ ਨੂੰ ਸਹਿਜੇ ਹੀ ਮਹਿਸੂਸ ਕਰ ਲੈਂਦੇ ਹਨ।



Scanned with CamScanner

ਖੋਜ ਕਾਰਜ ਲਈ ਮੁੱਖ ਆਧਾਰ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਅਤੇ ਭਾਸ਼ਾ ਵਿਭਾਗ ਪੰਜਾਬ ਦੁਆਰਾ ਪ੍ਰਕਾਸ਼ਿਤ ਇਸ ਗ੍ਰੰਥ ਦੇ 14 ਜਿਲਦਾਂ ਵਾਲੇ ਰੂਪ ਨੂੰ ਬਣਾਇਆ ਗਿਆ ਹੈ। ਹੋਰ ਵਧੇਰੇ ਸਪਸ਼ਟਤਾ ਲਈ ਡਾ. ਕਿਰਪਾਲ ਸਿੰਘ ਹਿਸਟੋਰੀਅਨ ਦੁਆਰਾ ਸੰਪਾਦਿਤ, ਇਸ ਗ੍ਰੰਥ ਦੇ ਇਤਿਹਾਸਕ ਵਿਸ਼ਲੇਸ਼ਣ ਨਾਲ ਸੰਬੰਧਿਤ ਜੀਵਨ ਬਿਰਤਾਂਤ ਵਾਲੀਆਂ ਪੋਥੀਆਂ ਅਤੇ ਡਾ. ਅਜੀਤ ਸਿੰਘ ਔਲਖ ਦੇ ਸਟੀਕ ਦੀ ਵੀ ਵਰਤੋਂ ਕੀਤੀ ਗਈ ਹੈ। ਅਧਿਆਇ ਦੇ ਫੁੱਟ ਨੋਟ ਵਿਚ ਗ੍ਰੰਥ ਦਾ ਹਵਾਲਾ ਦੇਣ ਲਈ ਭਾਈ ਵੀਰ ਸਿੰਘ ਵਾਲੀ ਗ੍ਰੰਥਾਵਲੀ ਦੀ ਜਿਲਦ ਅਤੇ ਪੰਨਾ ਨੰਬਰ ਲਿਖ ਕੇ ਦਰਸਾਇਆ ਗਿਆ ਹੈ। ਪੰਜਾਬੀ ਦੇ ਸ਼ਬਦ ਜੋੜਾਂ ਸੰਬੰਧੀ ਪ੍ਰਾਪਤ ਹੋਣ ਵਾਲੇ ਵੱਖਰੇਵਿਆਂ ਦੇ ਸਰੂਪ ਦੇ ਨਿਰਧਾਰਨ ਲਈ ਮੁੱਖ ਰੂਪ ਵਿਚ ਡਾ. ਹਰਕੀਰਤ ਸਿੰਘ ਵਾਲੇ 'ਪੰਜਾਬੀ ਸ਼ਬਦ ਰੂਪ ਤੇ ਸ਼ਬਦ ਜੋੜ ਕੋਸ਼' ਨੂੰ ਆਧਾਰ ਬਣਾਇਆ ਗਿਆ ਹੈ। ਖੋਜ ਕਾਰਜ ਵਿਚ ਬਹੁਤਾਤ ਥਾਂਵਾਂ 'ਤੇ ਭਾਈ ਸੰਤੋਖ ਸਿੰਘ ਦੇ ਸੰਖੇਪ ਨਾਮ ਲਈ 'ਕਵੀ ਜੀ' ਅਤੇ 'ਭਾਈ ਸਾਹਿਬ' ਵਾਲੇ ਸਤਿਕਾਰਤ ਰੂਪ ਵਰਤੇ ਗਏ ਹਨ।

ਇਸ ਖੋਜ ਕਾਰਜ ਦੌਰਾਨ ਮੈਨੂੰ ਇਸ ਗ੍ਰੰਥ ਵਿਚ ਵਰਣਿਤ ਗੁਰੂ ਉਪਮਾ ਵਾਲੇ ਇਤਿਹਾਸਿਕ ਪ੍ਰਸੰਗਾਂ ਅਤੇ ਸਿੱਖ ਚਿੰਤਨ ਦੇ ਵਿਭਿੰਨ ਪੱਖਾਂ ਨੂੰ ਜਾਣਨ ਦਾ ਸੁਨਹਿਰੀ ਅਕਾਦਮਿਕ ਅਵਸਰ ਪ੍ਰਾਪਤ ਹੋਇਆ ਜਿਸ ਨੇ ਮੇਰੇ ਨਿਜੀ ਜੀਵਨ ਨੂੰ ਵੀ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕੀਤਾ।

ਮੈਂ ਅਕਾਲ ਪੁਰਖ ਦਾ ਕੋਟਾਨਿ ਕੋਟਿ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਦੀ ਕਿਰਪਾ ਸਦਕਾ ਮੈਂ ਇਹ ਅਕਾਦਮਿਕ ਕਾਰਜ ਕਰਨ ਵਿਚ ਸਫਲ ਹੋਇਆਂ ਹਾਂ। ਆਪਣੇ ਨਿਗਰਾਨ, ਡਾ. ਮੁਹੰਮਦ ਹਬੀਬ ਅਤੇ ਸਹਿ-ਨਿਗਰਾਨ, ਡਾ. ਗੁਰਨਾਇਬ ਸਿੰਘ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ ਜਿਨ੍ਹਾਂ ਨੇ ਮੇਰੀਆਂ ਭੁੱਲਾਂ ਅਤੇ ਅਕਾਦਮਿਕ ਕਮਜ਼ੋਰੀਆਂ ਨੂੰ ਨਜ਼ਰਅੰਦਾਜ ਕਰਦੇ ਹੋਏ ਹਮੇਸ਼ਾ ਮੇਰਾ ਮਾਰਗ ਦਰਸ਼ਨ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ, ਡਾ. ਸਰਬਜਿੰਦਰ ਸਿੰਘ ਦੁਆਰਾ ਪ੍ਰਦਾਨ ਕੀਤੀ ਸੇਧ ਅਤੇ ਹੌਂਸਲੇ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਅਤੇ ਸਮੂਹ ਵਿਭਾਗੀ ਪਰਿਵਾਰ ਦਾ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ।

ਡਾ. ਮਲਕਿੰਦਰ ਕੌਰ ਅਤੇ ਡਾ. ਦਿਲਵਰ ਸਿੰਘ ਦੁਆਰਾ ਇਸ ਖੋਜ ਕਾਰਜ ਲਈ ਪ੍ਰਦਾਨ ਕੀਤੇ ਗਏ ਉਨ੍ਹਾਂ ਦੇ ਕੀਮਤੀ ਸਮੇਂ ਲਈ ਮੈਂ ਹਮੇਸ਼ਾ ਉਨ੍ਹਾਂ ਦਾ ਰਿਣੀ ਰਹਾਂਗਾ। ਮੈਂ ਆਪਣੇ ਅਧਿਆਪਨ ਸਥਾਨ,



Scanned with CamScanner

ਮਾਤਾ ਸੁੰਦਰੀ ਖਾਲਸਾ ਗਰਲਜ਼ ਕਾਲਜ, ਨੀਸਿੰਗ (ਕਰਨਾਲ) ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਮਾਨ ਅਤੇ ਸਮੂਹ ਸਟਾਫ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਜਿਨ੍ਹਾਂ ਨੇ ਮੈਨੂੰ ਹਰ ਪੱਖੋਂ ਸਹਿਯੋਗ ਪ੍ਰਦਾਨ ਕੀਤਾ।

ਅੰਤ ਵਿਚ ਮੈਂ ਆਪਣੇ ਪਰਿਵਾਰ ਦੇ ਸਮੂਹ ਮੈਂਬਰਾਂ, ਆਪਣੇ ਸੱਜਣਾਂ-ਮਿਤਰਾਂ ਅਤੇ ਇਸ ਖੋਜ ਕਾਰਜ ਲਈ ਸਹਿਯੋਗ ਪ੍ਰਦਾਨ ਕਰਨ ਵਾਲੀ ਹਰ ਇਕ ਸ਼ਖ਼ਸੀਅਤ ਦਾ ਧੰਨਵਾਦ ਕਰਦਾ ਹਾਂ। ਮੈਂ ਇਸ ਕਾਰਜ ਦੇ ਹਰ ਪੱਖੋਂ ਸੰਪੂਰਨ ਦਾਅਵਾ ਨਹੀਂ ਕਰਦਾ ਕਿਉਂਕਿ ਭੁੱਲਾਂ ਚੁੱਕਾਂ ਹੋਣੀਆਂ ਸੁਭਾਵਕ ਤੌਰ 'ਤੇ ਮਨੁੱਖੀ ਪ੍ਰਵਿਰਤੀ ਦਾ ਹਿੱਸਾ ਹਨ ਪਰੰਤੂ ਆਪਣੀ ਇਸ ਕੋਸ਼ਿਸ਼ ਰਾਹੀਂ ਉਮੀਦ ਕਰਦਾ ਹਾਂ ਕਿ ਇਹ ਖੋਜ ਕਾਰਜ ਅਕਾਦਮਿਕ ਮਾਪਦੰਡਾਂ 'ਤੇ ਪੂਰਾ ਉਤਰ ਕੇ ਭਵਿੱਖ ਲਈ ਲਾਹੇਵੰਦ ਸਿੱਧ ਹੋਵੇਗਾ।

Scanned with CamScanner

## ਤਤਕਰਾ


ਭੂਮਿਕਾ I-VII

ਪਹਿਲਾ ਅਧਿਆਇ

ਪ੍ਰਾਪਤ ਖੋਜ ਕਾਰਜਾਂ ਦਾ ਸਰਵੇਖਣ ਤੇ ਮੁਲੰਕਣ 1-49

ਦੂਜਾ ਅਧਿਆਇ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ: ਇਕ ਮੁੱਢਲੀ ਜਾਣ-ਪਛਾਣ 50-98

ਤੀਜਾ ਅਧਿਆਇ

ਭਾਈ ਸੰਤੋਖ ਸਿੰਘ ਦਾ ਜੀਵਨ, ਸਾਹਿਤ ਤੇ ਸ਼ਖ਼ਸੀਅਤ 99-148

ਚੌਥਾ ਅਧਿਆਇ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅਭਿਵਿਅਕਤ ਸਿੱਖ ਸਿਧਾਂਤ 49-201

ਪੰਜਵਾਂ ਅਧਿਆਇ

ਗ੍ਰੰਥ ਨੂੰ ਪ੍ਰਭਾਵਿਤ ਕਰਨ ਵਾਲੇ ਬਾਹਰੀ ਤੱਤਾਂ ਅਤੇ ਵਿਭਿੰਨ
ਪ੍ਰਭਾਵਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ 202-236

ਸਾਰ ਤੇ ਸਥਾਪਨਾਵਾਂ 237-241

ਪੁਸਤਕ-ਸੂਚੀ 242-250

ਖੋਜ-ਪ੍ਰਬੰਧ ਵਿਚ ਮੌਜੂਦ ਚਿੱਤਰਾਂ ਦਾ ਵੇਰਵਾ

1. ਭਾਈ ਸੰਤੋਖ ਸਿੰਘ ਦਾ ਚਿੱਤਰ i (ੳ)
2. ਭਾਈ ਸੰਤੋਖ ਸਿੰਘ ਦੀ ਹੱਥ ਲਿਖਤ ਦਾ ਨਮੂਨਾ 62 (ੳ)
3. ਕੈਥਲ ਸਥਿਤ ਭਾਈ ਸੰਤੋਖ ਸਿੰਘ ਦੀ ਹਵੇਲੀ ਅਤੇ ਕੈਥਲਪਤੀ ਭਾਈ ਉਦੈ ਸਿੰਘ ਦਾ ਕਿਲਾ 113 (ੳ)
4. ਭਾਈ ਸੰਤੋਖ ਸਿੰਘ ਨੂੰ ਇਨਾਮ ਵਿਚ ਪ੍ਰਾਪਤ ਹੋਣ ਵਾਲੇ ਮੋਰਥਲੀ ਪਿੰਡ ਦੀ ਸਨਦ 131 (ੳ)
5. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪੱਥਰ ਛਾਪੇ ਵਾਲੇ ਖਰੜੇ ਦਾ ਚਿੱਤਰ 133 (ੳ)


Scanned with CamScanner